**Reo-Bankowned Properties**
From San Jose to Sacramento
JASSI GILL *Broker/Owner*
Ph:510-304-9292
**Refinance Now**
@ZERO COST
Call Sukhi Gill:510-207-9067
CA DRE Lic.#01180969


*Jassi Gill*
CA DRE# 00966763



COVERED CALIFORNIA
**ਓਬਾਮਾ ਕੇਅਰ**
ਦੀ ਐਪਲੀਕੇਸ਼ਨ ਖੁਲ੍ਹ ਗਈ ਹੈ
November 1 to January 31
ਐਪਲੀਕੇਸ਼ਨ ਭਰਨ ਲਈ ਮਿਲੋ
ਗੁਰਚਰਨ ਸਿੰਘ ਮਾਨ
ਫੋਨ: 510-797-7989
Email: duabba1@gmail.com

License# OC70672
Certified Agent
ਐਪਲੀਕੇਸ਼ਨ ਦੀ ਕੋਈ ਫੀਸ ਨਹੀਂ



**Jay Grewal** Serving Entire Bay Area

Jay Grewal
CalBre # 01978624
For All Your Real Estate Needs
Commercial or Residential
ਅਸੀਂ ਲੋਨ ਲੈਣ ਵਿਚ ਤੁਹਾਡੀ ਮਦਦ ਕਰਦੇ ਹਾਂ
Call Today For Free Consultation!
Ph: 408-805-2760
jgrewal@kw.com



Sixteenth Year of Publication | ਕੈਲੀਫੋਰਨੀਆ ਐਡੀਸ਼ਨ | Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 17, Issue 22, May 28, 2016 | 20451 N Plum Grove Rd., Palatine, IL 60074 | Ph:847-359-0746, Fax:847-705-9388


# ਟਕਰਾਅ ਦੇ ਰਾਹ ਪਈਆਂ ਸਿੱਖ ਜਥੇਬੰਦੀਆਂ

## ਢੱਡਰੀਆਂ ਵਾਲੇ 'ਤੇ ਹਮਲੇ ਪਿੱਛੋਂ ਬਣੇ ਨਮੋਸ਼ੀ ਵਾਲੇ ਹਾਲਾਤ

**ਚੰਡੀਗੜ੍ਹ (ਗੁਰਵਿੰਦਰ ਸਿੰਘ ਵਿਰਕ):** ਸੰਤ ਰਣਜੀਤ ਸਿੰਘ ਢੱਡਰੀਆਂ ਵਾਲੇ ਦੇ ਕਾਫਲੇ ਉਪਰ ਲੁਧਿਆਣਾ ਵਿਚ ਹੋਏ ਹਮਲੇ ਦਾ ਮਾਮਲਾ ਭਖਦਾ ਜਾ ਰਿਹਾ ਹੈ। ਦਮਦਮੀ ਟਕਸਾਲ ਨਾਲ ਸਬੰਧਤ ਵਿਅਕਤੀਆਂ ਵੱਲੋਂ ਇਸ ਹਮਲੇ ਦੀ ਜ਼ਿੰਮੇਵਾਰੀ ਚੁੱਕਣ ਪਿੱਛੋਂ ਸਿੱਖ ਧਿਰਾਂ ਵਿਚ ਟਕਰਾਅ ਵਧ ਗਿਆ ਹੈ। ਢੱਡਰੀਆਂ ਵਾਲਾ ਕਾਂਡ ਤੋਂ ਬਾਅਦ ਹਰਨਾਮ ਸਿੰਘ ਧੁੰਮਾ ਦੇ ਵਿਰੋਧੀ ਪੰਥਕ ਧੜੇ ਇਕ ਮੰਚ 'ਤੇ ਇਕੱਠੇ ਹੋ ਰਹੇ ਹਨ।

ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਧੁੰਮਾ ਦਾ ਦਾਅਵਾ ਹੈ ਕਿ ਢੱਡਰੀਆਂ ਵਾਲੇ ਉਤੇ ਹਮਲਾ ਦਮਦਮੀ ਟਕਸਾਲ ਦੀ ਦਸਤਾਰ ਪ੍ਰਤੀ ਵਰਤੀ ਜਾ ਰਹੀ ਸ਼ਬਦਾਵਲੀ ਅਤੇ ਕੂੜ ਪ੍ਰਚਾਰ ਦਾ ਸਿੱਟਾ ਹੈ। ਦੋਵਾਂ ਧਿਰਾਂ ਦੇ ਆਹਮੋ-ਸਾਹਮਣੇ ਹੋਣ ਪਿਛੋਂ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਸੰਜਮ ਵਰਤਣ ਦੀ ਸਲਾਹ ਦਿੱਤੀ ਹੈ। ਉਧਰ, ਬਾਬਾ ਹਰਨਾਮ ਸਿੰਘ ਧੁੰਮਾ ਵਿਰੁੱਧ ਕਾਰਵਾਈ ਨਾ ਕਰਨ ਉਤੇ ਸਿੱਖ ਜਥੇਬੰਦੀਆਂ ਨੇ ਮੋਰਚਾ ਸੰਭਾਲ ਲਿਆ ਹੈ। ਦਲ ਖਾਲਸਾ ਨੇ ਕਿਹਾ ਕਿ ਪੰਜਾਬ ਪੁਲਿਸ ਤੇ ਸਰਕਾਰ ਸਚਾਈ ਛੁਪਾ ਰਹੀ ਹੈ। ਯਾਦ ਰਹੇ ਕਿ ਪਿਛਲੇ ਹਫਤੇ ਵੱਡੀ ਗਿਣਤੀ ਹਥਿਆਰਬੰਦ ਬੰਦਿਆਂ ਨੇ ਸੰਤ ਢੱਡਰੀਆਂ ਵਾਲੇ ਦੇ ਕਾਫਲੇ 'ਤੇ ਹਮਲਾ ਕਰ ਦਿੱਤਾ ਸੀ, ਜਿਸ ਵਿਚ ਬਾਬਾ ਭੁਪਿੰਦਰ ਸਿੰਘ ਖਾਸੀ ਕਲਾਂ ਦੀ ਮੌਤ ਹੋ ਗਈ ਸੀ। ਹਮਲਾਵਰ ਮੌਕੇ ਤੋਂ

*(ਬਾਕੀ ਸਫਾ 6 'ਤੇ)*





### ਬਾਦਲ ਸਰਕਾਰ ਨੂੰ ਘੇਰਨ ਦੀ ਤਿਆਰੀ

**ਚੰਡੀਗੜ੍ਹ:** ਪੰਜਾਬ ਸਰਕਾਰ ਵੱਲੋਂ ਸੰਤ ਰਣਜੀਤ ਸਿੰਘ ਢੱਡਰੀਆਂ ਵਾਲੇ 'ਤੇ ਹਮਲੇ ਨੂੰ ਦੋ ਧਾਰਮਿਕ ਸ਼ਖ਼ਸੀਅਤਾਂ ਦਾ ਟਕਰਾਅ ਮੰਨ ਕੇ ਦਮਦਮੀ ਟਕਸਾਲ ਦੇ ਮੁਖੀ ਬਾਬਾ ਹਰਨਾਮ ਸਿੰਘ ਧੁੰਮਾ ਵਿਰੁੱਧ ਕਾਰਵਾਈ ਕਰਨ ਤੋਂ ਟਾਲਾ ਵੱਟਿਆ ਜਾ ਰਿਹਾ ਹੈ। ਟਕਸਾਲ ਮੁਖੀ ਦੀ ਨੇੜਤਾ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨਾਲ ਕਿਸੇ ਤੋਂ ਲੁਕੀ ਨਹੀਂ। ਇਸੇ ਕਰ ਕੇ ਬਾਬਾ ਧੁੰਮਾ ਅਤੇ ਸਰਕਾਰ, ਵਿਰੋਧੀ ਪਾਰਟੀਆਂ ਦੇ ਨਿਸ਼ਾਨੇ 'ਤੇ ਹਨ। ਸ਼੍ਰੋਮਣੀ ਅਕਾਲੀ ਦਲ ਦੀ ਕੋਰ ਕਮੇਟੀ ਦੇ ਬਹੁਗਿਣਤੀ ਮੈਂਬਰ ਵੀ ਢੱਡਰੀਆਂ ਵਾਲੇ 'ਤੇ ਹਮਲਾ ਕਰਨ ਵਾਲਿਆਂ ਖਿਲਾਫ਼ ਸਖਤੀ ਵਰਤਣ ਦੇ ਰੌਂਅ ਵਿਚ ਹਨ। ਪੰਜਾਬ ਵਿਧਾਨ ਸਭਾ ਚੋਣਾਂ ਨਜ਼ਦੀਕ ਹੋਣ ਕਾਰਨ ਇਹ ਮਾਮਲਾ ਸਿਆਸੀ ਰੰਗਤ ਲੈਂਦਾ ਜਾ ਰਿਹਾ ਹੈ। ਕਾਂਗਰਸ ਅਤੇ ਆਮ ਆਦਮੀ ਪਾਰਟੀ (ਆਪ) ਖੁੱਲ੍ਹ ਕੇ ਸੰਤ ਢੱਡਰੀਆਂ ਵਾਲੇ ਦੇ ਪੱਖ 'ਚ ਨਿੱਤਰ ਆਏ ਹਨ।

# ਭਾਰਤ ਅਤੇ ਇਰਾਨ ਦੇ ਸਬੰਧਾਂ ਨੇ ਕੱਟਿਆ ਇਤਿਹਾਸਕ ਮੋੜ

**ਤਹਿਰਾਨ:** ਭਾਰਤ ਅਤੇ ਇਰਾਨ ਨੇ ਆਪਣੇ ਰਵਾਇਤੀ ਸਬੰਧਾਂ ਨੂੰ ਹੋਰ ਵਧੇਰੇ ਵਿਸਥਾਰ ਦੇਣ ਦਾ ਫੈਸਲਾ ਕੀਤਾ ਹੈ। ਦੋਵਾਂ ਦੇਸ਼ਾਂ ਨੇ ਅਤਿਵਾਦ ਤੇ ਕੱਟੜਤਾ ਵਿਰੁੱਧ ਮਿਲ ਕੇ ਟਾਕਰੇ ਦਾ ਅਹਿਦ ਲਿਆ ਅਤੇ ਚਾਬਹਾਰ ਬੰਦਰਗਾਹ ਨੂੰ ਵਿਕਸਤ ਕਰਨ ਸਮੇਤ 12 ਸਮਝੌਤਿਆਂ ਉਤੇ ਦਸਤਖ਼ਤ ਕੀਤੇ ਹਨ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਤਹਿਰਾਨ ਯਾਤਰਾ ਦੌਰਾਨ ਹੋਏ ਇਨ੍ਹਾਂ ਸਮਝੌਤਿਆਂ ਨਾਲ ਭਾਰਤ ਅਤੇ ਇਰਾਨ ਵਿਚਕਾਰ ਆਰਥਿਕ ਭਾਈਵਾਲੀ ਨੂੰ ਹੋਰ ਹੁੰਗਾਰਾ ਮਿਲਿਆ ਹੈ। ਪ੍ਰਧਾਨ ਮੰਤਰੀ ਨੇ ਆਪਣੇ ਇਰਾਨ ਦੌਰੇ ਦੀ ਸ਼ੁਰੂਆਤ ਰਾਜਧਾਨੀ ਤਹਿਰਾਨ ਵਿਚ ਸਥਿਤ ਭਾਈ ਗੰਗਾ ਸਿੰਘ ਸਭਾ ਗੁਰਦੁਆਰਾ ਸਾਹਿਬ ਵਿਚ ਸ਼ਰਧਾ ਦੇ ਫੁੱਲ ਭੇਟ ਕਰ ਕੇ ਕੀਤੀ ਅਤੇ ਨੇ ਇਰਾਨ ਵਿਚ ਰਹਿੰਦੇ ਸਿੱਖ ਭਾਈਚਾਰੇ ਦੇ ਲੋਕਾਂ ਨਾਲ ਵੀ ਗੱਲਬਾਤ ਕੀਤੀ ਸੀ।



ਪ੍ਰਧਾਨ ਮੰਤਰੀ ਦੇ ਦੌਰੇ ਵਿਚ ਦੋਵਾਂ ਦੇਸ਼ਾਂ ਦੇ ਦਰਮਿਆਨ ਅਹਿਮ 12 ਸਮਝੌਤੇ ਹੋਏ ਹਨ। ਇਨ੍ਹਾਂ ਵਿਚੋਂ ਸਭ ਤੋਂ ਅਹਿਮ ਸਮਝੌਤਾ ਭਾਰਤ ਵੱਲੋਂ ਇਰਾਨ ਦੇ ਦੱਖਣੀ ਤੱਟ 'ਤੇ ਚਾਬਹਾਰ ਬੰਦਰਗਾਹ ਨੂੰ ਵਿਕਸਤ ਕਰਨ ਬਾਰੇ ਹੈ। ਇਸ ਬਾਰੇ ਮੁਢਲੀ ਸਹਿਮਤੀ 2003 ਵਿਚ ਹੋਈ ਸੀ, ਪਰ ਪੱਛਮੀ ਦੇਸ਼ਾਂ ਵੱਲੋਂ ਇਰਾਨ ਦੇ ਪਰਮਾਣੂ ਪ੍ਰੋਗਰਾਮ ਨੂੰ ਲੈ ਕੇ ਉਸ 'ਤੇ ਵਪਾਰਕ ਰੋਕਾਂ ਲਗਵਾਈਆਂ ਜਾਣ ਕਾਰਨ ਇਸ ਖੇਤਰ ਵਿਚ ਬਹੁਤੀ ਪ੍ਰਗਤੀ ਨਹੀਂ ਸੀ ਹੋ ਸਕੀ।

ਹੁਣ ਜਦੋਂ ਕਿ ਅਜਿਹੀਆਂ ਰੋਕਾਂ ਨੂੰ ਹਟਾਇਆਂ ਚਾਰ ਕੁ ਮਹੀਨੇ ਹੋ ਗਏ ਹਨ, ਤਾਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਇਰਾਨ ਦਾ ਦੌਰਾ ਕਰ ਕੇ ਦੁਵੱਲੇ ਸਬੰਧਾਂ ਨੂੰ ਅੱਗੇ ਵਧਾਉਣ ਲਈ ਇਕ ਵੱਡੀ ਪਹਿਲਕਦਮੀ ਕੀਤੀ ਹੈ। ਚਾਬਹਾਰ ਬੰਦਰਗਾਹ ਦੇ ਇਸ ਵੱਡੇ ਪ੍ਰਾਜੈਕਟ 'ਤੇ ਭਾਰਤ ਵੱਲੋਂ 500 ਮਿਲੀਅਨ ਡਾਲਰ ਦਾ ਨਿਵੇਸ਼ ਕੀਤਾ ਜਾਵੇਗਾ।

ਇਸ ਦੇ ਨਾਲ ਹੀ ਭਾਰਤ ਵੱਲੋਂ ਚਾਬਹਾਰ ਤੋਂ ਇਰਾਨ ਦੇ ਸ਼ਹਿਰ ਜ਼ਹਿਦਾਨ ਤੱਕ ਰੇਲਵੇ ਲਾਈਨ ਵੀ ਬਣਾਈ ਜਾਏਗੀ। ਇਸ ਰੇਲਵੇ ਲਾਈਨ ਨਾਲ ਚਾਬਹਾਰ ਬੰਦਰਗਾਹ ਕੇਂਦਰੀ ਏਸ਼ੀਆ ਦੇ ਦੇਸ਼ਾਂ ਨਾਲ ਵੀ ਜੁੜ ਜਾਏਗੀ। ਇਸ ਤੋਂ ਇਲਾਵਾ ਦੋਵਾਂ ਦੇਸ਼ਾਂ ਦਰਮਿਆਨ ਸਾਇੰਸ, ਤਕਨਾਲੋਜੀ, ਤੇਲ, ਗੈਸ, ਸੱਭਿਆਚਾਰਕ ਅਦਾਨ-ਪ੍ਰਦਾਨ, ਵਿਦੇਸ਼ੀ ਵਪਾਰ ਅਤੇ ਪੂੰਜੀ ਨਿਵੇਸ਼ ਨੂੰ ਉਤਸ਼ਾਹਿਤ ਕਰਨ, ਐਲੂਮੀਨੀਅਮ ਬਣਾਉਣ ਬਾਰੇ ਆਪਸੀ ਸਹਿਯੋਗ, ਪੁਰਾਤਤਵ ਅਤੇ ਇਤਿਹਾਸਕ ਮਹੱਤਵ ਦੀ ਜਾਣਕਾਰੀ ਦਾ ਅਦਾਨ-ਪ੍ਰਦਾਨ ਕਰਨ ਆਦਿ ਖੇਤਰਾਂ ਵਿਚ ਹੋਰ ਮਹੱਤਵਪੂਰਨ ਸਮਝੌਤੇ ਹੋਏ ਹਨ। ਦੋਵੇਂ ਦੇਸ਼

*(ਬਾਕੀ ਸਫਾ 6 'ਤੇ)*


**We Do Real Estate in Bay Area & Central Valley**
We do loans anywhere in California

Cell: 408-816-0408
Tel: 209-918-6464
Fax: 866-594-4680
email:
realtoramanhundal@gmail.com
AMAN S. HUNDAL
Broker/Realtor/MBA
BRE# 01839828
NMLS# 162808
Alltime REALTY & MORTGAGE
16 Corning Ave, Ste. 230, Milpitas, CA 92035
3819 Northern Oak Dr., Ceres, CA 95307
CDPE, SFR *LAR 2010, 2011, 2012 Masters Club
Masters Emerald Award 2010, 2011



Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Follow us on:
Raja™ SWEETS & CATERING®
AUTHORIZED CATERER FOR MAJOR 5-STAR HOTELS
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Call Makhan Bains or Ravinder Singh for your next Party 1-866-FOR RAJA www.RajaSweets.com



**Law Office of Manpreet S. Gahra**
>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ
Criminal Defense (DUI, simple battery, domestic violence, immigration post-conviction relief)

Manpreet S. Gahra
*Attorny At Law*
Berkeley Office
2161 Shattuck Ave., 304, Berkeley
Ph:510-841-4582 Fax:510-217-6847
Sacramento Office
Call For Appointment
Ph:916-970-5611
Email: manpreet@gahralaw.com

ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

## Real Estate and Loans Under One Roof

ਪਿਛਲੇ 29 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

# Reo/Short Sale Specialist

## We can sell your house in short sale at no cost to you.

**Selling Homes from Gilroy to Sacramento, CA**

**Call us before visiting any model homes to save big time.**

## JUST SOLD

1. 4356 Queen Anne Dr., Union City, CA 94587
2. 10786 Willow Brook Way, Cupertino, CA 95014
3. 3222 Pumpherston Way, San Jose, CA 95148
4. 4261 Solar Circle Union City, CA 94587
5. 3236 Ormande Ct., Tracy, CA 95377
6. 29058 Sebring Ct., Hayward, CA 94545
7. 3136 Ormonde Dr., Tracy CA 95377
8. 1492 Christina Ct., Hayward, CA94545
9. 4123 Lunar Way Union City, CA 94587
10. 4709 Valencia Way, Union City, CA 94587
11. 3313 Oak Bluff Ct., Dublin, CA 94568
12. 32526 Endeavour Way, Union City, CA 94587
13. 916 Brook Way, Gilroy, CA 95020
14. 557 W. Corazon Way Mountain House, CA 95391
15. 4205 Lunar Way, Union City, CA 94587
16. 4124 Polaris Ave., Union City, CA 94587
17. 4105 Pluto Way, Union City, CA 94587

## Purchase Loan and Refinance

15 & 30 Yr Fixed Rates Are Still Better!!!
5/1, 7/1 ARM are also attractive Refinance Now At Zero Cost

Call Sukhi Gill DHMS, Loan Broker **Ph: 510-207-9067** CA BRE Lic.#01180969 NMLS# 352095

Selling new and old Homes from San Jose to Sacramento

Fremont Office:
86 Pilgrim Loop
Fremont CA 94539
Tel:510-440-9292, Fax:510-656-8941

**Cell: 510-304-9292**
**Cell:408-666-8279**



**Jaswinder Gill** M.Sc (PAU)
CA BRE# 00966763
Broker/Owner/Notary

Pinnacle Award Winner 2015
Grand Master Award Winner 2012, 2013 & 2014

**Sacramento Office**
Sam Chahal
9912 Kapalua Ln., Elk Grove, CA 95624
Tel:916-612-5773, Fax:916-393-2586

E-mail: jassi@jassigill.com or
Visit us @ www.jassigill.com
for hot listings

**Follow us on zillow.com and trulia.com**

Market is hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.

# Anu Attorney
## Professional Law Group, PLLC.

*More than 25 years of experience *Internationally Awarded-Extraordinary ability *Served as Legal Advisor to Govt. of India, Embassy of India, Washington, DC



Anu Peshawaria
*Attorney at Law*

*Licensed to practice Immigration in all 50 states.*
More than 20 year experience in US immigration & Indian law

ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ

### US IMMIGRATION
*Green Cards (Investor, Employment)
*E-2 investor Visa, L1 (Intra Company)
*Family Green Card, Fiancee Visa
*Deportation Defense, VAWA, U Visa
*Asylum, Appeals, Ninth Circuit Court
*H1B, Computer Engineers, Cooks, Teachers, Students, Doctors, Nurses, Physical Therapist

ਹੁਣ ਸਿਆਟਲ ਵਿਚ ਵੀ ਦਫਤਰ ਖੁਲ੍ਹ ਚੁਕਾ ਹੈ

### FAMILY LAW *(Only In WA)*
*Divorce *Annulment
*International Custody

### INCORPORATIONS *(Only In WA)*
*International Contracts, Mergers
*Attorney Supreme Court of India

Contact numbers:
Seattle, WA
Ph: 206-774-0907
Fremont, California
Ph: 510-353-0102
Cell Phone 510-299-1907
Toll free: 1-866-586-6297
anu@anuattorney.com
www.anuattorney.com

46560 Fremont Blvd., STE#205, Fremont, CA 94538
801 Pine Street, Suite 7H, Seattle, WA 98101
Offices: Seattle, WA *Fremont, CA *UK *Canada *India

Evening Appointments Available



ONE | REALTYONEGROUP AMERICAN

ਕਿਰਾਏ ਵਿਚ ਅਜਾਈਂ ਜਾ ਰਹੇ ਹਜ਼ਾਰਾਂ ਡਾਲਰਾਂ ਨੂੰ ਆਪਣੇ ਘਰ ਦੀ ਕਿਸ਼ਤ ਵਿਚ ਲਾਉ
ਵਿਆਜ ਦੀਆਂ ਦਰਾਂ ਸਸਤੀਆਂ ਹੋਣ ਕਾਰਨ ਆਪਣਾ ਘਰ ਲੈਣ ਲਈ ਢੁਕਵਾਂ ਸਮਾਂ

ਆਪਣਾ ਘਰ ਖਰੀਦਣ ਜਾਂ ਵੇਚਣ ਵਾਸਤੇ ਸਲਾਹ ਲਈ ਇੱਕ ਵਾਰ ਸੰਪਰਕ ਕਰੋ

ਪਹਿਲਾਂ ਘਰ ਲੀਜ਼ 'ਤੇ ਲਓ ਤੇ ਫਿਰ ਖਰੀਦੋ

Duplex, Four Plax ਅਤੇ Apartment Building ਵਿਚ Investment ਲਈ ਕਾਲ ਕਰੋ ਜੀ



ਜਗਦੇਵ ਸਿੰਘ
ਫੋਨ: 510-689-4625

REALTOR EQUAL HOUSING OPPORTUNITY

JAGDEV SINGH
*Realtor*
CalBre #01423409
42820 Albrae, St.,
Fremont, CA 94538



STATEN SOLAR
AFFORDABLE ENERGY FOR EVERYONE

# Zero Down, Big Savings

## Commercial and Utility Solar Solutions



Southern California



Simran Deol
*Sales*
661-412-4728

## Best Quality & Price Guaranteed!

*Professional Installation, Monitoring & Free 20 Year Maintenance.
*20 Year Performance Guarantee & 25 Year Panel Warranty.
*Freedom From Increasing Utility Rates.

*www.statensolar.com 844-4-STATEN*

Northern California



Balwinder Garcha
*Sales*
510-468-9525

# ਅਕਾਲੀ ਦਲ ਵਲੋਂ 'ਆਪ' ਨੂੰ ਅਦਾਲਤੀ ਗੇੜ ਵਿਚ ਫਸਾਉਣ ਲਈ ਰਣਨੀਤੀ

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਨੂੰ ਘੇਰਨ ਲਈ ਅਕਾਲੀ ਦਲ ਅਦਾਲਤਾਂ ਦਾ ਸਹਾਰਾ ਲੈ ਰਿਹਾ ਹੈ। ਬਿਕਰਮ ਸਿੰਘ ਮਜੀਠੀਆ ਨੇ 'ਆਪ' ਦੇ ਕਨਵੀਨਰ ਅਰਵਿੰਦ ਕੇਜਰੀਵਾਲ, ਪੰਜਾਬ ਇੰਚਾਰਜ ਸੰਜੇ ਸਿੰਘ ਤੇ ਅਸ਼ੀਸ਼ ਖੇਤਾਨ ਉਤੇ ਮਾਣਹਾਨੀ ਦਾ ਕੇਸ ਦਾਇਰ ਕੀਤਾ ਹੈ। ਮਜੀਠੀਆ ਨੇ ਇਸ ਤੋਂ ਪਹਿਲਾਂ ਵੀ ਲੁਧਿਆਣਾ ਵਿਚ ਸੰਜੇ ਸਿੰਘ ਤੇ ਹੋਰ 'ਆਪ' ਲੀਡਰਾਂ ਖਿਲਾਫ ਕੇਸ ਦਾਇਰ ਕਰਵਾਇਆ ਹੋਇਆ ਹੈ। ਮਜੀਠੀਆ ਦਾ ਕਹਿਣਾ ਹੈ ਕਿ 'ਆਪ' ਲੀਡਰਾਂ ਨੇ ਉਨ੍ਹਾਂ ਦਾ ਨਾਂ ਨਸ਼ਾ ਤਸਕਰੀ ਵਿਚ ਘਸੀਟ ਕੇ ਉਨ੍ਹਾਂ ਦਾ ਅਕਸ ਖਰਾਬ ਕੀਤਾ ਹੈ।

ਹੈਰਾਨੀ ਦੀ ਗੱਲ ਹੈ ਕਿ ਕਾਂਗਰਸ ਸਣੇ ਹੋਰ ਸਿਆਸੀ ਪਾਰਟੀਆਂ ਦੇ ਲੀਡਰ ਵੀ ਮਜੀਠੀਆ ਉਤੇ ਇਸ ਤਰ੍ਹਾਂ ਦੇ ਇਲਜ਼ਾਮ ਲਾਉਂਦੇ ਆ ਹਨ, ਪਰ ਉਹ ਸਿਰਫ 'ਆਪ' ਲੀਡਰਾਂ ਨੂੰ ਨਿਸ਼ਾਨਾ ਬਣਾ ਰਹੇ ਹਨ। ਇਸ ਲਈ ਚਰਚਾ ਹੈ ਕਿ ਹੁਣ 'ਆਪ' ਨੂੰ ਘੇਰਨ ਲਈ ਅਕਾਲੀ ਦਲ ਅਦਾਲਤਾਂ ਦਾ ਸਹਾਰਾ ਲੈ ਰਿਹਾ ਹੈ। 'ਆਪ' ਦੇ ਸੰਗਰੂਰ ਤੋਂ ਸੰਸਦ ਮੈਂਬਰ ਭਗਵੰਤ ਮਾਨ ਦਾ ਕਹਿਣਾ ਹੈ ਕਿ ਮਜੀਠੀਆ ਬਾਰੇ ਤਾਂ ਸਾਰਾ ਪੰਜਾਬ ਬੋਲ ਰਿਹਾ ਹੈ। ਇਸ ਲਈ ਮਜੀਠੀਆ ਸਾਰੇ ਪੰਜਾਬ ਵਾਸੀਆਂ ਖਿਲਾਫ ਕੇਸ ਦਰਜ ਕਰਵਾਉਣਗੇ। ਉਨ੍ਹਾਂ ਕਿਹਾ ਕਿ ਮਜੀਠੀਆ ਉਨ੍ਹਾਂ ਖਿਲਾਫ ਕੇਸ ਦਰਜ ਕਰਨ, ਉਹ ਸਬੂਤ ਲੈ ਕੇ ਅਦਾਲਤ ਪਹੁੰਚਣਗੇ। ਕਾਬਲੇਗੌਰ ਹੈ ਕਿ 6000 ਕਰੋੜ ਰੁਪਏ ਦਾ ਡਰੱਗ ਤਸਕਰੀ ਦਾ ਮਾਮਲਾ ਸਾਹਮਣੇ ਆਉਣ ਤੋਂ ਬਾਅਦ ਇਸ ਵਿਚ ਮਾਲ ਮੰਤਰੀ ਬਿਕਰਮ ਮਜੀਠੀਆ 'ਤੇ ਵੀ ਸਵਾਲ ਉਠੇ ਸਨ। ਇਨਫੋਰਸਮੈਂਟ ਡਾਇਰੈਕਟੋਰੇਟ ਨੇ ਉਨ੍ਹਾਂ ਪੁੱਛ ਪੜਤਾਲ ਵੀ ਕੀਤੀ ਸੀ। ਮੀਡੀਆ ਰਿਪੋਰਟਾਂ ਮੁਤਾਬਕ ਇਸ ਕੇਸ ਵਿਚੋਂ ਮਜੀਠੀਆ ਦਾ ਨਾਂ ਕੇਂਦਰ ਸਰਕਾਰ ਦੀ ਦਖਲ ਨਾਲ ਕੱਢਿਆ ਗਿਆ ਹੈ। ਇਸ ਮਾਮਲੇ ਨੂੰ ਲੈ ਕੇ ਕਾਂਗਰਸ ਨੇ ਵੀ ਮਜੀਠੀਆ ਖਿਲਾਫ ਸੰਘਰਸ਼ ਵਿੱਢਿਆ ਸੀ। 'ਆਪ' ਲੀਡਰ ਵੀ ਆਪਣੀਆਂ ਰੈਲੀਆਂ ਵਿਚ ਮਜੀਠੀਆ ਉਤੇ ਨਿਸ਼ਾਨਾ ਸਾਧਦੇ ਹਨ। ਹੈਰਾਨੀ ਇਸੇ ਗੱਲ ਦੀ ਹੈ ਕਿ ਮਜੀਠੀਆ ਨੇ ਕਿਸੇ ਕਾਂਗਰਸੀ ਖਿਲਾਫ ਕੋਈ ਕੇਸ ਦਰਜ ਨਹੀਂ ਕਰਵਾਇਆ।

ਇਸ ਤੋਂ ਪਹਿਲਾਂ ਮਜੀਠੀਆ ਨੇ ਸੰਜੇ ਸਿੰਘ ਖਿਲਾਫ ਲੁਧਿਆਣਾ ਅਦਾਲਤ 'ਚ ਵੀ ਮਾਣਹਾਨੀ ਦਾ ਕੇਸ ਦਾਇਰ ਕੀਤਾ ਹੋਇਆ ਹੈ। ਸੰਜੇ ਸਿੰਘ ਖਿਲਾਫ ਲੁਧਿਆਣਾ 'ਚ ਦਾਇਰ ਕੀਤੇ ਕੇਸ ਵਿਚ ਮਜੀਠੀਆ ਨੇ ਕਿਹਾ ਹੈ ਕਿ ਉਹ ਬਿਨਾਂ ਸਬੂਤ ਡਰੱਗ ਤਸਕਰਾਂ ਨਾਲ ਸਬੰਧਾਂ ਨੂੰ ਲੈ ਕੇ ਬਦਨਾਮ ਕਰ ਰਹੇ ਹਨ। ਇਸ ਮਾਮਲੇ 'ਚ ਸੰਜੇ ਸਿੰਘ ਨੂੰ ਲੁਧਿਆਣਾ ਕੋਰਟ ਤੋਂ ਜ਼ਮਾਨਤ ਮਿਲ ਚੁੱਕੀ ਹੈ।



### ਭਗਵੰਤ ਮਾਨ ਨੇ ਮਜੀਠੀਆ ਨੂੰ ਵੰਗਾਰਿਆ

**ਚੰਡੀਗੜ੍ਹ:** ਸੰਗਰੂਰ ਤੋਂ 'ਆਪ' ਦੇ ਸੰਸਦ ਮੈਂਬਰ ਭਗਵੰਤ ਮਾਨ ਨੇ ਪੰਜਾਬ ਦੇ ਕੈਬਨਿਟ ਮੰਤਰੀ ਤੇ ਉਪ ਮੁੱਖ ਮੰਤਰੀ ਦੇ ਸਾਲੇ ਬਿਕਰਮ ਮਜੀਠੀਆ ਨੂੰ ਵੰਗਾਰਦਿਆਂ ਕਿਹਾ ਹੈ ਕਿ ਸਿਰਫ ਆਮ ਆਦਮੀ ਪਾਰਟੀ ਦੇ ਲੀਡਰਾਂ 'ਤੇ ਹੀ ਕਿਉਂ ਪੂਰੇ ਪੰਜਾਬ ਉਤੇ ਵੀ ਕੇਸ ਦਾਇਰ ਕਰੇ ਕਿਉਂਕਿ ਨਸ਼ੇ ਨੂੰ ਲੈ ਕੇ ਜੋ ਵੀ 'ਆਪ' ਲੀਡਰ ਕਹਿ ਰਹੇ ਹਨ, ਉਹ ਤਾਂ ਪੂਰੇ ਪੰਜਾਬ ਦੀ ਜ਼ੁਬਾਨ ਉਤੇ ਹੈ। ਸ. ਮਾਨ ਨੇ ਕਿਹਾ ਕਿ ਮਜੀਠੀਆ ਵਿਚ ਦਮ ਹੈ ਤਾਂ ਮੇਰੇ 'ਤੇ ਕੇਸ ਕਰ ਕੇ ਦਿਖਾਏ ਕਿਉਂਕਿ ਮੈਂ ਤਾਂ ਮਜੀਠੀਆ 'ਤੇ ਡਰੱਗਜ਼ ਤਸਕਰਾਂ ਨਾਲ ਸਬੰਧ ਰੱਖਣ ਦੇ ਇਲਜ਼ਾਮ ਲੋਕ ਸਭਾ ਚੋਣਾਂ ਤੋਂ ਲੈ ਕੇ ਲਾ ਰਿਹਾ ਹਾਂ। ਮਜੀਠੀਆ ਜਦੋਂ ਵੀ ਕੇਸ ਦਾਇਰ ਕਰਨਗੇ, ਉਸੇ ਅਦਾਲਤ ਵਿਚ ਮਜੀਠੀਆ ਦੇ ਕੈਨੇਡਾ ਰਹਿੰਦੇ ਡਰੱਗ ਸਮਗਲਰਾਂ ਨਾਲ ਸਬੰਧਾਂ ਦੇ ਸਬੂਤ ਦਿੱਤੇ ਜਾਣਗੇ।



# 22 ਕਰੋੜ ਦੀ ਆਈਸ ਡਰੱਗ ਸਮੇਤ ਤਿੰਨ ਗ੍ਰਿਫ਼ਤਾਰ

**ਲੁਧਿਆਣਾ:** ਬਾਹਰੀ ਸੂਬਿਆਂ ਤੋਂ ਨਸ਼ੀਲਾ ਪਦਾਰਥ ਲਿਆ ਕੇ ਸਪਲਾਈ ਕਰਨ ਵਾਲੇ ਹਰਿਆਣਾ ਦੇ ਤਿੰਨ ਤਸਕਰਾਂ ਨੂੰ ਐਂਟੀ ਨਾਰਕੋਟਿਕਸ ਸੈੱਲ ਦੀ ਪੁਲਿਸ ਨੇ ਇਥੋਂ ਕਾਬੂ ਕੀਤਾ ਹੈ। ਪੁਲਿਸ ਨੇ ਮੁਲਜ਼ਮਾਂ ਦੇ ਕਬਜ਼ੇ ਵਿਚੋਂ ਦੋ ਕਿਲੋ ਦੋ ਸੌ ਗ੍ਰਾਮ ਆਈਸ ਬਰਾਮਦ ਕੀਤੀ ਹੈ, ਜਿਸ ਦੀ ਅੰਤਰਰਾਸ਼ਟਰੀ ਬਾਜ਼ਾਰ ਵਿਚ ਕੀਮਤ 22 ਕਰੋੜ ਰੁਪਏ ਹੈ। ਪੁਲਿਸ ਨੇ ਮੁਲਜ਼ਮਾਂ ਨੂੰ ਚੰਡੀਗੜ੍ਹ ਰੋਡ ਸਥਿਤ ਵਰਧਮਾਨ ਕੋਲੋਂ ਨਾਕਾਬੰਦੀ ਦੌਰਾਨ ਗ੍ਰਿਫਤਾਰ ਕੀਤਾ। ਮੁਲਜ਼ਮਾਂ ਦੇ ਕਬਜ਼ੇ 'ਚੋਂ ਇਕ ਕਾਰ ਵੀ ਬਰਾਮਦ ਹੋਈ ਹੈ। ਇਸ ਮਾਮਲੇ ਵਿਚ ਪੁਲਿਸ ਨੇ ਹਰਿਆਣਾ ਦੇ ਜ਼ਿਲ੍ਹਾ ਅੰਬਾਲਾ ਦੇ ਪਿੰਡ ਸੰਭਾਲ ਖਾਂ ਵਾਸੀ ਦਿਗਵਿਜੈ ਸਿੰਘ, ਅੰਬਾਲਾ ਕੈਂਟ ਦੀ ਡਿਫੈਂਸ ਕਲੋਨੀ ਵਾਸੀ ਜਤਿੰਦਰ ਸਿੰਘ ਅਤੇ ਅੰਬਾਲਾ ਵਾਸੀ ਮਹਿੰਦਰ ਸਿੰਘ ਖ਼ਿਲਾਫ਼ ਥਾਣਾ ਡਿਵੀਜ਼ਨ ਨੰਬਰ 7 ਵਿਚ ਐਨ.ਡੀ.ਪੀ.ਐਸ. ਐਕਟ ਤਹਿਤ ਕੇਸ ਦਰਜ ਕੀਤਾ ਹੈ।

ਪੁਲਿਸ ਨੇ ਤਿੰਨੇ ਮੁਲਜ਼ਮਾਂ ਨੂੰ ਅਦਾਲਤ 'ਚ ਪੇਸ਼ ਕੀਤਾ, ਜਿਥੋਂ ਉਨ੍ਹਾਂ ਨੂੰ ਦੋ ਦਿਨ ਦੇ ਪੁਲਿਸ ਰਿਮਾਂਡ ਉਤੇ ਭੇਜ ਦਿੱਤਾ ਗਿਆ। ਪੁਲਿਸ ਮੁਲਜ਼ਮਾਂ ਤੋਂ ਪੁੱਛ ਪੜਤਾਲ ਕਰ ਰਹੀ ਹੈ। ਐਂਟੀ ਨਾਰਕੋਟਿਕਸ ਸੈੱਲ-1 ਦੇ ਇੰਚਾਰਜ ਸਬ ਇੰਸਪੈਕਟਰ ਰਾਜੇਸ਼ ਕੁਮਾਰ ਨੇ ਕਿਹਾ ਕਿ ਪੁਲਿਸ ਪਾਰਟੀ ਨੇ ਚੰਡੀਗੜ੍ਹ ਸਥਿਤ ਵਰਧਮਾਨ ਕੋਲ ਨਾਕਾ ਲਾਇਆ ਹੋਇਆ ਸੀ। ਇਸੇ ਦੌਰਾਨ ਤਿੰਨੇ ਮੁਲਜ਼ਮ ਉਥੋਂ ਕਾਰ 'ਤੇ ਲੰਘ ਰਹੇ ਸਨ। ਪੁਲਿਸ ਨੇ ਉਨ੍ਹਾਂ ਨੂੰ ਕਾਰ ਰੋਕਣ ਦਾ ਇਸ਼ਾਰਾ ਕੀਤਾ ਤਾਂ ਉਨ੍ਹਾਂ ਨੇ ਕਾਰ ਭਜਾਉਣੀ ਚਾਹੀ। ਪੁਲਿਸ ਨੇ ਕਾਰ ਨੂੰ ਕਾਬੂ ਕਰ ਲਿਆ ਅਤੇ ਤਲਾਸ਼ੀ ਲੈਣ ਉਤੇ ਉਸ 'ਚੋਂ ਆਈਸ ਬਰਾਮਦ ਹੋਈ। ਪੁੱਛ-ਪੜਤਾਲ ਦੌਰਾਨ ਮੁਲਜ਼ਮ ਦਿਗਵਿਜੈ ਸਿੰਘ ਨੇ ਕਿਹਾ ਕਿ ਉਹ ਲੱਕੜੀ ਦਾ ਕੰਮ ਕਰਦਾ ਹੈ, ਜਦੋਂਕਿ ਹੋਰ ਦੋਹਾਂ ਮੁਲਜ਼ਮਾਂ ਦਾ ਵੀ ਆਪਣਾ ਬਿਜ਼ਨਸ ਹੈ। ਤਿੰਨੇ ਯਮੁਨਾਨਗਰ ਤੋਂ ਆਈਸ ਲਿਆਏ ਸਨ ਅਤੇ ਉਨ੍ਹਾਂ ਨੇ ਪੰਜਾਬ ਦੇ ਵੱਖ-ਵੱਖ ਇਲਾਕਿਆਂ ਵਿਚ ਸਪਲਾਈ ਕਰਨੀ ਸੀ।

# ਬਸਪਾ ਨੇ ਨਰਿੰਦਰ ਕਸ਼ਯਪ ਤੇ ਉਨ੍ਹਾਂ ਦੇ ਕੁੜਮ ਨੂੰ ਪਾਰਟੀ 'ਚੋਂ ਕੱਢਿਆ

**ਚੰਡੀਗੜ੍ਹ:** ਬਹੁਜਨ ਸਮਾਜ ਪਾਰਟੀ ਨੇ ਰਾਜ ਸਭਾ ਦੇ ਮੈਂਬਰ ਨਰਿੰਦਰ ਕਸ਼ਯਪ ਤੇ ਉਨ੍ਹਾਂ ਦੇ ਕੁੜਮ ਹੀਰਾ ਲਾਲ ਕਸ਼ਯਪ ਨੂੰ ਪਾਰਟੀ ਵਿਚੋਂ ਕੱਢ ਦਿੱਤਾ ਹੈ। ਪਾਰਟੀ ਦਾ ਮੰਨਣਾ ਹੈ ਕਿ ਇਹ ਦੋਵਾਂ ਦੇ ਆਪਸੀ ਝਗੜੇ ਨਾਲ ਪਾਰਟੀ ਨੂੰ ਨੁਕਸਾਨ ਹੋ ਰਿਹਾ ਹੈ। ਗਾਜ਼ੀਆਬਾਦ ਵਿਚ ਆਪਣੀ ਨੂੰਹ ਦੀ ਸ਼ੱਕੀ ਹਾਲਾਤ ਵਿਚ ਮੌਤ ਦੇ ਬਾਅਦ ਜੇਲ੍ਹ ਵਿਚ ਬੰਦ ਰਾਜ ਸਭਾ ਮੈਂਬਰ ਨਰਿੰਦਰ ਕੁਮਾਰ ਕਸ਼ਯਪ ਅਤੇ ਉਨ੍ਹਾਂ ਦੇ ਕੁੜਮ ਹੀਰਾ ਲਾਲ ਵਿਚਕਾਰ ਝਗੜਾ ਚੱਲ ਰਿਹਾ ਸੀ। ਨਰਿੰਦਰ ਦੀ ਨੂੰਹ ਹੀਰਾ ਲਾਲ ਦੀ ਲੜਕੀ ਸੀ ਤੇ ਹੀਰਾ ਲਾਲ ਨੇ ਆਪਣੀ ਲੜਕੀ ਦੀ ਹੱਤਿਆ ਕਰਨ ਦਾ ਦੋਸ਼ ਨਰਿੰਦਰ ਕਸ਼ਯਪ ਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ 'ਤੇ ਲਾਇਆ ਸੀ। ਉਨ੍ਹਾਂ ਦੇ ਆਪਸੀ ਝਗੜੇ ਕਾਰਨ ਹੀ ਉਨ੍ਹਾਂ ਨੂੰ ਪਾਰਟੀ ਵਿਚੋਂ ਕੱਢਿਆ ਗਿਆ ਹੈ। ਇਨ੍ਹਾਂ ਦੋਵੇਂ ਨੇਤਾਵਾਂ ਨੂੰ ਪਾਰਟੀ ਵਿਚੋਂ ਕੱਢਣ ਦਾ ਫੈਸਲਾ ਖ਼ੁਦ ਬਸਪਾ ਮੁਖੀ ਮਾਇਆਵਤੀ ਨੇ ਲਿਆ।

## ਤਾਲਿਬਾਨ ਮੁਖੀ ਮਨਸੂਰ ਡਰੋਨ ਹਮਲੇ ਵਿਚ ਹਲਾਕ

**ਵਾਸ਼ਿੰਗਟਨ:** ਅਫਗਾਨ ਤਾਲਿਬਾਨ ਸੁਪਰੀਮੋ ਮੁੱਲ੍ਹਾ ਅਖ਼ਤਰ ਮਨਸੂਰ ਪਾਕਿਸਤਾਨ ਦੇ ਸੂਬਾ ਬਲੋਚਿਸਤਾਨ ਵਿਚ ਅਮਰੀਕੀ ਡਰੋਨ ਹਮਲੇ 'ਚ ਮਾਰਿਆ ਗਿਆ।

ਅਫ਼ਗਾਨਿਸਤਾਨ ਨੇ ਇਸ ਦਾ ਐਲਾਨ ਕਰਦਿਆਂ ਕਿਹਾ ਕਿ ਦਹਿਸ਼ਤਗਰਦਾਂ ਨੂੰ ਇਹ ਵੱਡਾ ਝਟਕਾ ਲੱਗਿਆ ਹੈ ਅਤੇ ਸ਼ਾਂਤੀ ਪ੍ਰਕਿਰਿਆ 'ਚ ਅੜਿੱਕਾ ਬਣ ਰਹੇ ਮਨਸੂਰ ਦਾ ਖ਼ਾਤਮਾ ਹੋ ਗਿਆ ਹੈ। ਅਮਰੀਕੀ ਅਧਿਕਾਰੀਆਂ ਨੇ ਦੱਸਿਆ ਕਿ ਮੁੱਲ੍ਹਾ ਅਤੇ ਇਕ ਹੋਰ ਦਹਿਸ਼ਤਗਰਦ ਜਦੋਂ ਬਲੋਚਿਸਤਾਨ ਦੇ ਅਹਿਮਦ ਵਾਲ ਕਸਬੇ ਨੇੜਲੇ ਇਲਾਕੇ 'ਚ ਇਕ ਵਾਹਨ ਵਿਚ ਜਾ ਰਹੇ ਸਨ ਤਾਂ ਅਮਰੀਕਾ ਦੇ ਡਰੋਨਾਂ ਵੱਲੋਂ ਨਿਸ਼ਾਨਾ ਬਣਾ ਕੇ ਹਮਲਾ ਕੀਤਾ ਗਿਆ।

# ਬੁੱਢਾ ਦਲ ਦੇ ਜਥੇਦਾਰਾਂ ਦੀਆਂ ਤਸਵੀਰਾਂ ਅਜਾਇਬਘਰ 'ਚ ਲਾਈਆਂ

**ਅੰਮ੍ਰਿਤਸਰ:** ਨਿਹੰਗ ਸਿੰਘ ਜਥੇਬੰਦੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਰਹਿ ਚੁੱਕੇ ਨੌਂ ਮੁਖੀਆਂ ਦੀਆਂ ਤਸਵੀਰਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਕੇਂਦਰੀ ਸਿੱਖ ਅਜਾਇਬ ਘਰ ਵਿਖੇ ਸੁਸ਼ੋਭਿਤ ਕੀਤੀਆਂ ਗਈਆਂ। ਇਨ੍ਹਾਂ ਵਿਚ ਬਾਬਾ ਬਿਨੋਦ ਸਿੰਘ, ਬਾਬਾ ਦੀਵਾਨ ਦਰਬਾਰਾ ਸਿੰਘ, ਬਾਬਾ ਨੈਣਾ ਸਿੰਘ, ਬਾਬਾ ਹਨੂਮਾਨ ਸਿੰਘ, ਬਾਬਾ ਪ੍ਰਹਿਲਾਦ ਸਿੰਘ, ਬਾਬਾ ਗਿਆਨ ਸਿੰਘ, ਬਾਬਾ ਤੇਜਾ ਸਿੰਘ, ਬਾਬਾ ਸਾਹਿਬ ਸਿੰਘ ਅਤੇ ਬਾਬਾ ਚੇਤ ਸਿੰਘ ਦੀਆਂ ਤਸਵੀਰਾਂ ਸ਼ਾਮਲ ਹਨ।



ਤਸਵੀਰਾਂ ਤੋਂ ਪਰਦਾ ਹਟਾਉਣ ਦੀ ਰਸਮ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ, ਗਿਆਨੀ ਜਗਤਾਰ ਸਿੰਘ ਹੈੱਡ ਗ੍ਰੰਥੀ, ਗਿਆਨੀ ਜਗਤਾਰ ਸਿੰਘ ਵਧੀਕ ਹੈੱਡ ਗ੍ਰੰਥੀ ਤੇ ਬਾਬਾ ਬਲਬੀਰ ਸਿੰਘ ਮੁਖੀ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਵੱਲੋਂ ਸਾਂਝੇ ਤੌਰ 'ਤੇ ਕੀਤੀ ਗਈ। ਇਸ ਤੋਂ ਪਹਿਲਾਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਜਗਤਾਰ ਸਿੰਘ ਨੇ ਗੁਰਬਾਣੀ ਦਾ ਕੀਰਤਨ ਕੀਤਾ ਅਤੇ ਭਾਈ ਰਾਜਦੀਪ ਸਿੰਘ ਨੇ ਅਰਦਾਸ ਕੀਤੀ। ਵਧੀਕ ਸਕੱਤਰ ਦਿਲਜੀਤ ਸਿੰਘ ਬੇਦੀ ਨੇ ਇਸ ਮੌਕੇ ਉਨ੍ਹਾਂ ਸ਼ਖ਼ਸੀਅਤਾਂ ਬਾਰੇ ਜਾਣਕਾਰੀ ਦਿੱਤੀ, ਜਿਨ੍ਹਾਂ ਦੀਆਂ ਤਸਵੀਰਾਂ ਅਜਾਇਬ ਘਰ ਵਿਚ ਸਥਾਪਤ ਕੀਤੀਆਂ ਹਨ।

ਪ੍ਰਧਾਨ ਅਵਤਾਰ ਸਿੰਘ ਨੇ ਕਿਹਾ ਕਿ ਕੇਂਦਰੀ ਸਿੱਖ ਅਜਾਇਬ ਘਰ ਸਿੱਖ ਇਤਿਹਾਸ ਅਤੇ ਸਿੱਖ ਵਿਰਾਸਤ ਨੂੰ ਰੂਪਮਾਨ ਕਰਦਾ ਹੈ ਅਤੇ ਸਿੱਖੀ ਦੀ ਚੜ੍ਹਦੀ ਕਲਾ ਲਈ ਅਹਿਮ ਯੋਗਦਾਨ ਪਾਉਣ ਵਾਲੇ ਗੁਰਸਿੱਖਾਂ ਦੀਆਂ ਤਸਵੀਰਾਂ ਲਾਈਆਂ ਹਨ, ਜਿਸ ਤਹਿਤ ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਨੌਂ ਜਥੇਦਾਰਾਂ ਦੀਆਂ ਤਸਵੀਰਾਂ ਲਗਾਈਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਬੁੱਢਾ ਦਲ ਦੇ ਤਿੰਨ ਜਥੇਦਾਰਾਂ ਜਥੇਦਾਰ ਨਵਾਬ ਕਪੂਰ ਸਿੰਘ, ਜਥੇਦਾਰ ਜੱਸਾ ਸਿੰਘ ਆਹਲੂਵਾਲੀਆ ਤੇ ਜਥੇਦਾਰ ਅਕਾਲੀ ਬਾਬਾ ਫੂਲਾ ਸਿੰਘ ਦੀਆਂ ਤਸਵੀਰਾਂ ਪਹਿਲਾਂ ਹੀ ਸਿੱਖ ਅਜਾਇਬ ਘਰ ਵਿਚ ਸੁਸ਼ੋਭਿਤ ਹਨ।

ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਦੇ ਮੁਖੀ ਜਥੇਦਾਰ ਬਾਬਾ ਬਲਬੀਰ ਸਿੰਘ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਦਾ ਧੰਨਵਾਦ ਕਰਦਿਆਂ ਕਿਹਾ ਕਿ ਬੁੱਢਾ ਦਲ ਦੇ ਮੁਖੀਆਂ ਦੀਆਂ ਤਸਵੀਰਾਂ ਅਜਾਇਬ ਘਰ ਵਿਚ ਲਾ ਕੇ ਨਿਹੰਗ ਜਥੇਬੰਦੀ ਨੂੰ ਵੱਡਾ ਮਾਣ ਦਿੱਤਾ ਹੈ।

# ਦਲ ਖਾਲਸਾ ਤੇ ਅਕਾਲੀ ਦਲ ਪੰਚ ਪ੍ਰਧਾਨੀ ਵੱਲੋਂ ਰਲੇਵੇਂ ਦਾ ਐਲਾਨ

**ਚੰਡੀਗੜ੍ਹ:** ਦਲ ਖਾਲਸਾ ਅਤੇ ਅਕਾਲੀ ਦਲ ਪੰਚ ਪ੍ਰਧਾਨੀ ਨੇ ਇਕ ਇਕੱਠ ਦੌਰਾਨ ਦੋਵਾਂ ਪਾਰਟੀਆਂ ਦਾ ਰਲੇਵਾਂ ਕਰ ਕੇ ਖ਼ਾਲਿਸਤਾਨ ਦੀ ਮੰਗ ਲਈ ਜੱਦੋ ਜਹਿਦ ਕਰਨ ਦਾ ਫੈਸਲਾ ਕੀਤਾ ਹੈ। ਇਸ ਮੌਕੇ ਦੋਵਾਂ ਜਥੇਬੰਦੀਆਂ ਦਾ ਰਲੇਵਾਂ ਕਰ ਕੇ ਨਵੀਂ ਪਾਰਟੀ ਦਾ ਨਾਂ 'ਦਲ ਖਾਲਸਾ' ਹੀ ਰੱਖਦਿਆਂ ਸੰਤ ਜਰਨੈਲ ਸਿੰਘ ਭਿੰਡਰਾਂਵਾਲਾ ਦੇ ਕਥਨ ਅਨੁਸਾਰ ਇਹ ਸੰਸਥਾ ਭਾਰਤੀ ਸੰਵਿਧਾਨ ਵਿਚ ਮਹਿਜ਼ ਚੋਣਾਂ ਦੀ ਰਾਜਨੀਤੀ ਕਰਨ ਦੀ ਥਾਂ ਨਿਰੋਲ ਖ਼ਾਲਿਸਤਾਨ ਦੀ ਲੜਾਈ ਲੜੇਗੀ। ਦੋਵਾਂ ਪਾਰਟੀਆਂ ਦੇ ਡੈਲੀਗੇਟਾਂ ਨੇ ਸਰਬਸੰਮਤੀ ਨਾਲ ਵਕੀਲ ਹਰਪਾਲ ਸਿੰਘ ਚੀਮਾ ਨੂੰ ਦਲ ਖਾਲਸਾ ਦਾ ਕਾਰਜਕਾਰੀ ਪ੍ਰਧਾਨ ਨਿਯੁਕਤ ਕਰਦਿਆਂ ਸਮੁੱਚੇ ਢਾਂਚੇ ਦਾ ਐਲਾਨ ਛੇ ਅਗਸਤ ਨੂੰ ਕਰਨ ਦਾ ਫੈਸਲਾ ਲਿਆ ਹੈ।

ਦਲ ਖਾਲਸਾ ਦੇ ਗਜਿੰਦਰ ਸਿੰਘ ਪਹਿਲਾਂ ਵਾਂਗ ਸਰਪ੍ਰਸਤ ਬਣੇ ਰਹਿਣਗੇ ਅਤੇ ਪੰਚ ਪ੍ਰਧਾਨੀ ਦੇ ਪ੍ਰਧਾਨ ਦਲਜੀਤ ਸਿੰਘ ਬਿੱਟੂ ਨੂੰ ਸਲਾਹਕਾਰ ਨਿਯੁਕਤ ਕੀਤਾ ਗਿਆ ਹੈ। ਡੈਲੀਗੇਟ ਇਜਲਾਸ ਦੌਰਾਨ ਸੀਨੀਅਰ ਵਕੀਲ ਅਮਰ ਸਿੰਘ ਚਾਹਲ ਨੇ ਜੇਲ੍ਹ ਵਿਚ ਨਜ਼ਰਬੰਦ ਸਰਬੱਤ ਖ਼ਾਲਸਾ ਵੱਲੋਂ ਜਥੇਦਾਰ ਥਾਪੇ ਗਏ ਭਾਈ ਜਗਤਾਰ ਸਿੰਘ ਹਵਾਰਾ ਵੱਲੋਂ ਸ੍ਰੀ ਚੀਮਾ ਨੂੰ ਸਿਰੋਪਾ ਭੇਟ ਕੀਤਾ। ਇਸ ਮੌਕੇ ਦਲ ਖ਼ਾਲਸਾ ਦੇ ਮੌਜੂਦਾ ਮੁਖੀ ਹਰਚਰਨਜੀਤ ਸਿੰਘ ਧਾਮੀ ਨੇ ਆਪਣੇ ਅਹੁਦੇ ਤੋਂ ਅਸਤੀਫ਼ਾ ਦਿੱਤਾ।

ਦਲ ਖ਼ਾਲਸਾ ਦੇ ਬੁਲਾਰੇ ਕੰਵਰਪਾਲ ਸਿੰਘ ਨੇ ਸਪੱਸ਼ਟ ਕੀਤਾ ਕਿ ਜੇਲ੍ਹ ਵਿਚ ਬੰਦ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਜਥੇਦਾਰ ਕੁਲਬੀਰ ਸਿੰਘ ਬੜਾਪਿੰਡ ਨੂੰ ਰਿਹਾਈ ਮਗਰੋਂ ਜਥੇਬੰਦੀ ਵਿਚ ਅਹਿਮ ਸਥਾਨ ਦਿੱਤਾ ਜਾਵੇਗਾ। ਮਤਾ ਪਾਸ ਕਰਕੇ ਦੋਸ਼ ਲਾਇਆ ਕਿ ਸਰਕਾਰੀ ਮਸ਼ੀਨਰੀ ਨੇ ਸਿੱਖ ਸੰਘਰਸ਼ ਅਤੇ ਸੰਤ ਭਿੰਡਰਾਂਵਾਲਿਆਂ ਵਰਗੇ ਨਾਇਕਾਂ ਨੂੰ ਕੌਮਾਂਤਰੀ ਅਤੇ ਕੌਮੀ ਪੱਧਰ 'ਤੇ ਝੂਠੇ ਪ੍ਰਚਾਰ ਰਾਹੀਂ ਅਤਿਵਾਦੀ ਦਰਸਾਉਣ ਦੀਆਂ ਕੁਚਾਲਾਂ ਚੱਲੀਆਂ ਹਨ। ਉਹ ਭਾਰਤੀ ਨਿਜ਼ਾਮ ਅਧੀਨ ਪਾਰਲੀਮੈਂਟ ਅਤੇ ਵਿਧਾਨ ਸਭਾ ਚੋਣਾਂ ਵਿਚ ਹਿੱਸਾ ਨਹੀਂ ਲੈਣਗੇ ਸਗੋਂ ਕੌਮ ਨੂੰ ਹਿੰਦੋਸਤਾਨੀ ਜਕੜ ਤੋਂ ਆਜ਼ਾਦ ਕਰਵਾਇਆ ਜਾਵੇਗਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਲੜਨ ਦਾ ਫ਼ੈਸਲਾ ਲੈਂਦਿਆਂ ਬੁਲਾਰਿਆਂ ਨੇ ਦੋਸ਼ ਲਾਇਆ ਕਿ ਸੱਤਾਧਾਰੀ ਬਾਦਲ ਦਲ ਹਿੰਦੋਸਤਾਨ ਦੇ ਹੁਕਮਰਾਨਾਂ ਦਾ ਚਹੇਤਾ ਬਣ ਕੇ ਪੰਜਾਬ ਵਿਚ ਭਾਜਪਾ ਅਤੇ ਆਰ.ਐਸ.ਐਸ. ਦਾ ਫਿਰਕੂ ਏਜੰਡਾ ਕਾਇਮ ਕਰਕੇ ਪੰਥ ਨਾਲ ਧ੍ਰੋਹ ਕਮਾ ਰਿਹਾ ਹੈ।

ਸ੍ਰੀ ਚੀਮਾ ਨੇ ਕਿਹਾ ਕਿ ਹੁਕਮਰਾਨਾਂ ਨੇ ਖ਼ਾਲਿਸਤਾਨ ਦੀ ਲਹਿਰ ਨੂੰ ਅਪਰਾਧੀਆਂ ਨਾਲ ਜੋੜ ਕੇ ਇਕ ਹਊਏ ਵਜੋਂ ਪੇਸ਼ ਕੀਤਾ ਹੈ ਅਤੇ ਉਹ ਇਸ ਲਹਿਰ ਨਾਲੋਂ ਅਜਿਹੀਆਂ ਬੁਰਾਈਆਂ ਨੂੰ ਦੂਰ ਕਰਕੇ ਲੋਕ ਲਹਿਰ ਪੈਦਾ ਕਰਨਗੇ। ਉਨ੍ਹਾਂ ਕਿਹਾ ਕਿ ਭਾਵੇਂ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦਾ ਵੀ ਏਜੰਡਾ ਖ਼ਾਲਿਸਤਾਨ ਹੈ ਪਰ ਉਹ ਹਿੰਦੋਸਤਾਨ ਦੇ ਸੰਵਿਧਾਨ ਅਧੀਨ ਚੋਣਾਂ ਲੜਨ ਦੇ ਹਾਮੀ ਹਨ, ਪਰ ਉਹ ਚੋਣ ਸਿਆਸਤ ਦੇ ਵਿਰੋਧੀ ਹਨ।

### ਖਾਲਿਸਤਾਨ ਦੀ ਮੰਗ ਲਈ ਜੱਦੋ ਜਹਿਦ ਕਰਨ ਦਾ ਫੈਸਲਾ




# ਸਾਕਾ ਕਾਮਾਗਾਟਾ ਮਾਰੂ: ਇਕ ਸਦੀ ਦਾ ਨਾਸੂਰ ਪਿਘਲਿਆ



**ਟੋਰਾਂਟੋ:** ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਆਪਣੇ ਦੇਸ਼ ਦੀ ਤਤਕਾਲੀ ਸਰਕਾਰ ਦੇ ਕਾਨੂੰਨ ਰਾਹੀਂ ਇਕ ਸਦੀ ਪਹਿਲਾਂ ਕਾਮਾਗਾਟਾ ਮਾਰੂ ਜਹਾਜ਼ ਵਿਚ ਸਵਾਰ ਪੰਜਾਬੀਆਂ ਨਾਲ ਕੀਤੀ ਬੇਇਨਸਾਫ਼ੀ ਲਈ ਮੁਆਫੀ ਮੰਗ ਲਈ ਹੈ। ਆਪਣੇ ਇਸ ਫੈਸਲੇ ਨਾਲ ਪ੍ਰਧਾਨ ਮੰਤਰੀ ਨੇ ਕੁਝ ਲੋਕਾਂ ਦੀ ਨਾਰਾਜ਼ਗੀ ਸਹੇੜਨ ਦਾ ਜੋਖ਼ਮ ਵੀ ਉਠਾਇਆ ਹੈ। ਹਾਲਾਂਕਿ ਮੁਆਫੀ ਤਾਂ 2008 ਵਿਚ ਕੈਨੇਡਾ ਦੇ ਉਸ ਵਕਤ ਦੇ ਪ੍ਰਧਾਨ ਮੰਤਰੀ ਸਟੀਫ਼ਨ ਹਾਰਪਰ ਨੇ ਵੀ ਮੰਗ ਲਈ ਸੀ, ਪਰ ਉਹ ਸੰਸਦ ਅੰਦਰ ਨਹੀਂ ਬਲਕਿ ਪੰਜਾਬੀਆਂ ਦੇ ਇਕ ਸਮਾਜਿਕ ਇਕੱਠ ਵਿਚ ਮੰਗੀ ਸੀ। ਟਰੂਡੋ ਨੇ ਹਾਊਸ ਆਫ ਕਾਮਨਜ਼ ਵਿਚ ਮੁਆਫੀ ਮੰਗ ਕੇ ਇਕ ਇਤਿਹਾਸਕ ਕਦਮ ਉਠਾਇਆ ਹੈ। ਟਰੂਡੋ ਦੀ ਇਸ ਮੁਆਫੀ ਦਾ ਸਬੰਧ ਕੈਨੇਡਾ ਅੰਦਰ ਇਸ ਮੌਕੇ ਪੰਜਾਬੀਆਂ ਦੇ ਵਧ ਰਹੇ ਸਿਆਸੀ ਪ੍ਰਭਾਵ ਨਾਲ ਵੀ ਜੋੜ ਕੇ ਵੇਖਿਆ ਜਾ ਰਿਹਾ ਹੈ।

ਮੌਜੂਦਾ ਸਮੇਂ ਕੈਨੇਡਾ ਵਿਚ ਪੰਜਾਬੀਆਂ ਦੀ ਆਬਾਦੀ ਤਕਰੀਬਨ ਪੰਜ ਲੱਖ ਤੱਕ ਪੁੱਜ ਗਈ ਹੈ। ਸਭ ਤੋਂ ਜ਼ਿਆਦਾ ਸਿੱਖ ਵੀ ਕੈਨੇਡਾ ਦੀ ਸੰਸਦ ਵਿਚ ਹਨ। ਇਹ ਪਹਿਲਾ ਮੌਕਾ ਨਹੀਂ ਹੈ ਕਿ ਕਿਸੇ ਦੇਸ਼ ਦੇ ਪ੍ਰਧਾਨ ਮੰਤਰੀ ਨੇ ਇਤਿਹਾਸਕ ਬੇਇਨਸਾਫ਼ੀ ਖਿਲਾਫ਼ ਮੁਆਫੀ ਮੰਗੀ ਹੈ। ਮੁਆਫੀ ਤੋਂ ਬਾਅਦ ਕਈ ਪਰਵਾਸੀ ਪੰਜਾਬੀ ਆਗੂਆਂ ਨੇ ਇਹ ਨੁਕਤਾ ਵੀ ਉਠਾਇਆ ਹੈ ਕਿ ਮੁਆਫੀ ਤੋਂ ਵੀ ਵੱਡਾ ਕੰਮ ਅਜੇ ਵੀ ਵਿਕਸਿਤ ਦੇਸ਼ਾਂ ਵਿਚ ਜਾਰੀ ਨਸਲੀ ਵਿਤਕਰਿਆਂ ਨੂੰ ਪੂਰੀ ਤਰ੍ਹਾਂ ਰੋਕਣ ਨਾਲ ਜੁੜਿਆ ਹੋਇਆ ਹੈ, ਪਰ ਇਸ ਮੰਗ ਨਾਲ ਵੀ ਮੁਆਫੀ ਦੀ ਅਹਿਮੀਅਤ ਘਟ ਨਹੀਂ ਜਾਂਦੀ ਕਿਉਂਕਿ ਇਸ ਨਾਲ ਵਿਤਕਰਾ ਘਟਾਉਣ ਵਿਚ ਮਦਦ ਮਿਲੇਗੀ। ਚੀਨੀ ਨਾਗਰਿਕਾਂ 'ਤੇ ਭਾਰਤੀਆਂ ਤੋਂ ਪਹਿਲਾਂ 500 ਡਾਲਰ ਦੇ ਦਾਖਲਾ ਟੈਕਸ ਲਗਾ ਕੇ ਰੋਕੇ ਦਾਖਲੇ ਲਈ ਕੈਨੇਡਾ ਦੇ ਤਤਕਾਲੀ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਨੇ ਮੁਆਫੀ ਮੰਗੀ ਸੀ। ਜਾਪਾਨ ਸਰਕਾਰ ਦੂਜੀ ਸੰਸਾਰ ਜੰਗ ਲਈ ਅਤੇ ਦੱਖਣੀ ਅਫ਼ਰੀਕਾ ਦਾ ਤਤਕਾਲੀ ਰਾਸ਼ਟਰਪਤੀ ਡੀ.ਕਲਾਰਕ ਨੇ ਟਰੁੱਥ ਕਮਿਸ਼ਨ ਸਾਹਮਣੇ ਸਿਆਹਫ਼ਾਮ ਲੋਕਾਂ 'ਤੇ ਕੀਤੀਆਂ ਜ਼ਿਆਦਤੀਆਂ ਲਈ ਮੁਆਫੀ ਮੰਗੀ ਸੀ।

## ਇੰਜ ਵਾਪਸੀ ਸੀ ਕਾਮਾਗਾਟਾ ਮਾਰੂ ਘਟਨਾ...

ਤਕਰੀਬਨ 102 ਸਾਲ ਪਹਿਲਾਂ ਬਾਬਾ ਗੁਰਦਿੱਤ ਸਿੰਘ ਨੇ ਕਾਮਾਗਾਟਾ ਮਾਰੂ ਜਹਾਜ਼ ਰਾਹੀਂ 376 ਯਾਤਰੀਆਂ ਨੂੰ ਲੈ ਕੇ ਵੈਨਕੂਵਰ ਦੀ ਬੰਦਰਗਾਹ ਉੱਤੇ ਕੈਨੇਡਾ ਸਰਕਾਰ ਦੇ ਉਸ ਵਕਤ ਦੇ ਉਸ ਕਾਨੂੰਨ ਨੂੰ ਚੁਣੌਤੀ ਦਿੱਤੀ ਸੀ ਜਿਸ ਰਾਹੀਂ ਭਾਰਤੀਆਂ ਦੇ ਦਾਖਲੇ ਉੱਤੇ ਰੋਕ ਲਗਾਉਣ ਦਾ ਬੰਦੋਬਸਤ ਕੀਤਾ ਗਿਆ ਸੀ। ਕਿਸੇ ਵੀ ਅਜਿਹੇ ਵਿਅਕਤੀ ਜੋ ਆਪਣੇ ਦੇਸ਼ ਤੋਂ ਸਿੱਧਾ ਕੈਨੇਡਾ ਨਾ ਆਇਆ ਹੋਵੇ ਅਤੇ ਦਾਖਲੇ ਸਮੇਂ ਉਸ ਦੀ ਜੇਬ ਵਿਚ 200 ਡਾਲਰ ਨਾ ਹੋਣ ਤਾਂ ਉਸ ਦਾ ਦਾਖਲਾ ਵਰਜ਼ਿਤ ਸੀ। ਇਹ ਉਹ ਵਕਤ ਸੀ ਜਦੋਂ ਕਿਸੇ ਭਾਰਤੀ ਨੂੰ ਪੂਰਾ ਦਿਨ ਕੰਮ ਕਰ ਕੇ ਔਸਤਨ 10 ਸੈਂਟ ਉਜਰਤ ਮਿਲਦੀ ਸੀ। ਭਾਰਤ ਉਸ ਸਮੇਂ ਅੰਗਰੇਜ਼ਾਂ ਦਾ ਗ਼ੁਲਾਮ ਸੀ। ਇਸ ਤਰ੍ਹਾਂ ਭਾਰਤੀ ਇਕ ਤਰ੍ਹਾਂ ਨਾਲ ਬਰਤਾਨਵੀ ਨਾਗਰਿਕ ਸਨ। ਬਾਬਾ ਗੁਰਦਿੱਤ ਸਿੰਘ ਦੀ ਦਲੀਲ ਸੀ ਕਿ ਬਤੌਰ ਬਰਤਾਨਵੀ ਨਾਗਰਿਕ ਭਾਰਤੀਆਂ ਨੂੰ ਦੂਜੇ ਕਾਮਨਵੈਲਥ ਦੇਸ਼ ਕੈਨੇਡਾ ਵਿਚ ਆਜ਼ਾਦੀ ਨਾਲ ਜਾਣ ਅਤੇ ਕੰਮ ਕਰਨ ਦਾ ਹੱਕ ਹੋਣਾ ਚਾਹੀਦਾ ਹੈ। ਦੋ ਮਹੀਨੇ ਦੀ ਇਸ ਜੱਦੋ-ਜਹਿਦ ਤੋਂ ਬਾਅਦ ਜਹਾਜ਼ ਨੂੰ ਕਲਕੱਤੇ ਦੀ ਬਜਬਜ ਘਾਟ ਉਤੇ ਲਿਆਂਦਾ ਗਿਆ। ਜਿਥੇ ਅੰਗਰੇਜ਼ ਸਰਕਾਰ ਦੇ ਹੁਕਮ ਉੱਤੇ ਹੋਈ ਗੋਲੀਬਾਰੀ ਵਿਚ 19 ਦੀ ਮੌਤ ਹੋ ਗਈ, ਕੁਝ ਬਚ ਕੇ ਨਿਕਲਣ ਵਿਚ ਕਾਮਯਾਬ ਰਹੇ ਅਤੇ ਬਾਕੀ ਨੂੰ ਪਹਿਲੀ ਸੰਸਾਰ ਜੰਗ ਦੇ ਖ਼ਤਮ ਹੋਣ ਤਕ ਨਜ਼ਰਬੰਦ ਰੱਖਿਆ ਗਿਆ।

## ਟਰੂਡੋ ਲਈ ਚੜ੍ਹਿਆ ਮੁਆਫ਼ੀਆਂ ਦਾ ਦਿਨ

**ਟੋਰਾਂਟੋ:** ਕਾਮਾਗਾਟਾ ਮਾਰੂ ਦੁਖਾਂਤ ਦੀ ਮੁਆਫੀ ਮੰਗਣ ਕਰ ਕੇ ਮੁਲਕ ਦੇ ਸਿੱਖਾਂ ਲਈ ਬੇਸ਼ੱਕ ਬਹੁਤ ਖੁਸ਼ੀ ਭਰਪੂਰ ਤੇ ਇਤਿਹਾਸਕ ਦਿਨ ਸੀ, ਪਰ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਲਈ ਬਹੁਤਾ ਸੁਖਾਵਾਂ ਨਹੀਂ ਰਿਹਾ।

ਸ੍ਰੀ ਟਰੂਡੋ ਨੂੰ ਸੰਸਦ ਵਿਚ ਅਚਨਚੇਤ ਵਾਪਰੀਆਂ ਦੋ ਹੋਰ ਘਟਨਾਵਾਂ ਨਾਲ ਦੋ ਚਾਰ ਹੋਣ ਕਾਰਨ ਕਈ ਮੁਆਫੀਆਂ ਮੰਗਣੀਆਂ ਪਈਆਂ। ਉਨ੍ਹਾਂ 'ਤੇ ਵਿਰੋਧੀ ਧਿਰ ਕੰਜ਼ਰਵੇਟਿਵ ਦੇ ਵ੍ਹਿਪ ਗੋਰਡ ਬਰਾਊਨ ਨਾਲ ਹੱਥੋਪਾਈ ਅਤੇ ਡੈਮੋਕ੍ਰੇਟਿਕ ਮਹਿਲਾ ਸੰਸਦ ਦੇ ਕੂਹਣੀ ਮਾਰਨ ਕਰ ਕੇ ਵਾਵੇਲਾ ਉੱਠ ਖੜ੍ਹਾ ਹੋਇਆ।

## ਕਾਮਾਗਾਟਾ ਮਾਰੂ ਦੁਖਾਂਤ ਨੂੰ ਪਾਠਕ੍ਰਮ ਦਾ ਹਿੱਸਾ ਬਣਾਉਣ ਦੀ ਮੰਗ

**ਟੋਰਾਂਟੋ:** ਕਾਮਾਗਾਟਾ ਮਾਰੂ ਦੁਖਾਂਤ ਲਈ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਸੰਸਦ ਵਿਚ ਸਿੱਖਾਂ ਤੋਂ ਮੁਆਫੀ ਮੰਗੇ ਜਾਣ ਦਾ ਕੈਨੇਡੀਅਨ ਸਿੱਖਾਂ ਨੇ ਸਵਾਗਤ ਕਰਦਿਆਂ ਕਿਹਾ ਹੈ ਕਿ 1914 ਦੇ ਦੁਖਾਂਤ ਨੂੰ ਕੈਨੇਡਾ ਦੇ ਸਕੂਲੀ ਪਾਠਕ੍ਰਮ ਦਾ ਹਿੱਸਾ ਬਣਾਇਆ ਜਾਵੇ।

ਵਿਸ਼ਵ ਸਿੱਖ ਸੰਸਥਾ ਨੇ ਕੈਨੇਡਾ ਦੇ ਸੂਬਾਈ ਮੰਤਰੀਆਂ ਨੂੰ ਪੱਤਰ ਲਿਖ ਕੇ ਇਸ ਬਾਰੇ ਆਪਣੀ ਮੰਗ ਤੋਂ ਜਾਣੂ ਕਰਾ ਦਿੱਤਾ ਹੈ। ਜਥੇਬੰਦੀ ਦੇ ਪ੍ਰਧਾਨ ਮੁਖਬੀਰ ਸਿੰਘ ਨੇ ਕਿਹਾ ਕਿ ਪ੍ਰਧਾਨ ਮੰਤਰੀ ਟਰੂਡੋ ਵੱਲੋਂ ਹਾਊਸ ਆਫ਼ ਕਾਮਨਜ਼ 'ਚ ਮੁਆਫੀ ਮੰਗਣਾ ਕੈਨੇਡੀਅਨ ਸਿੱਖਾਂ ਲਈ ਇਤਿਹਾਸਕ ਪਲ ਹੈ ਅਤੇ ਉਨ੍ਹਾਂ ਕਬੂਲ ਕੀਤਾ ਹੈ ਕਿ ਕੋਮਾਗਾਟਾ ਮਾਰੂ ਦੁਖਾਂਤ ਕੈਨੇਡਾ ਦੇ ਇਤਿਹਾਸ ਦਾ ਕਾਲਾ ਅਧਿਆਏ ਸੀ। ਉਨ੍ਹਾਂ ਮੰਤਰੀਆਂ ਨੂੰ ਪੇਸ਼ਕਸ਼ ਕੀਤੀ ਕਿ ਉਹ ਕਾਮਾਗਾਟਾ ਮਾਰੂ ਨੂੰ ਸਕੂਲੀ ਕਿਤਾਬਾਂ ਦਾ ਹਿੱਸਾ ਬਣਾਉਣ ਵਿਚ ਉਨ੍ਹਾਂ ਦੀ ਸਹਾਇਤਾ ਕਰ ਸਕਦੇ ਹਨ।

## ਕੈਨੇਡਾ ਦੀ ਮੁਆਫੀ ਪਿਛੋਂ ਮੋਦੀ ਸਰਕਾਰ ਨੂੰ ਘੇਰਾ

### ਸਾਕਾ ਨੀਲਾ ਤਾਰਾ ਤੇ ਕਤਲੇਆਮ-84 ਬਾਰੇ ਮੁਆਫੀ ਲਈ ਦਬਾਅ

**ਅੰਮ੍ਰਿਤਸਰ:** ਕੈਨੇਡਾ ਸਰਕਾਰ ਵੱਲੋਂ ਕਾਮਾਗਾਟਾ ਮਾਰੂ ਘਟਨਾ ਲਈ ਮੁਆਫੀ ਮੰਗਣ ਤੋਂ ਬਾਅਦ ਸਿੱਖ ਜਥੇਬੰਦੀਆਂ ਨੇ ਮੋਦੀ ਸਰਕਾਰ ਨੂੰ ਘੇਰਿਆ ਹੈ। ਸਿੱਖ ਜਥੇਬੰਦੀਆਂ ਮੋਦੀ ਸਰਕਾਰ ਉਤੇ ਸਿੱਖ ਕਤਲੇਆਮ ਲਈ ਮੁਆਫੀ ਮੰਗਣ ਦਾ ਦਬਾਅ ਪਾ ਰਹੀਆਂ ਹਨ। ਜਥੇਬੰਦੀਆਂ ਨੇ ਭਾਰਤ ਸਰਕਾਰ ਨੂੰ ਕੋਸਦਿਆਂ ਕਿਹਾ ਕਿ ਇਕ ਪਾਸੇ ਕੈਨੇਡਾ ਸਰਕਾਰ 102 ਸਾਲ ਪੁਰਾਣੇ ਕਾਂਡ ਲਈ ਮੁਆਫੀ ਮੰਗ ਰਹੀ ਹੈ, ਪਰ ਭਾਰਤ ਸਰਕਾਰ 32 ਸਾਲ ਪਹਿਲਾਂ ਹੋਏ ਦਰਬਾਰ ਸਾਹਿਬ ਤੇ ਅਕਾਲ ਤਖਤ ਸਾਹਿਬ ਉਤੇ ਹਮਲਿਆਂ ਲਈ ਮੁਆਫੀ ਮੰਗਣ ਨੂੰ ਤਿਆਰ ਨਹੀਂ। ਕਾਬਲੇਗੌਰ ਹੈ ਕਿ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਾਮਾਗਾਟਾ ਮਾਰੂ ਘਟਨਾ ਲਈ ਹਾਊਸ ਆਫ ਕਾਮਨਜ਼ ਵਿਚ ਮੁਆਫੀ ਮੰਗੀ ਹੈ। ਦਮਦਮੀ ਟਕਸਾਲ (ਸੰਗਰਾਵਾਂ) ਦੇ ਮੁਖੀ ਬਾਬਾ ਰਾਮ ਸਿੰਘ ਨੇ ਕੈਨੇਡਾ ਸਰਕਾਰ ਦੀ ਇਸ ਕਾਰਵਾਈ ਨੂੰ ਸ਼ਲਾਘਾਯੋਗ ਕਰਾਰ ਦਿੰਦਿਆਂ ਕਿਹਾ ਕਿ ਕੈਨੇਡਾ ਅਜਿਹਾ ਮੁਲਕ ਹੈ, ਜਿਥੇ ਸਿੱਖ ਆਪਣੇ ਆਪ ਨੂੰ ਆਜ਼ਾਦ ਮਹਿਸੂਸ ਕਰਦੇ ਹਨ। ਉਹ ਹਰ ਸਾਲ ਕੈਨੇਡਾ ਜਾਂਦੇ ਹਨ ਤੇ ਉਨ੍ਹਾਂ ਨੂੰ ਉਥੇ ਜਾ ਕੇ ਇਹ ਮਹਿਸੂਸ ਹੁੰਦਾ ਹੈ ਕਿ ਸਿੱਖ ਭਾਰਤ ਨਾਲੋਂ ਵੱਧ ਕੈਨੇਡਾ ਵਿਚ ਮਹਿਫੂਜ਼ ਹੈ ਤੇ ਆਜ਼ਾਦੀ ਨਾਲ ਹਰ ਥਾਂ ਵਿਚਰ ਸਕਦਾ ਹੈ।

ਉਧਰ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜੀਤ ਸਿੰਘ ਜੀ.ਕੇ. ਨੇ ਨਰੇਂਦਰ ਮੋਦੀ ਨੂੰ 1984 ਦੇ ਸਿੱਖ ਕਤਲੇਆਮ ਲਈ ਕੌਮ ਤੋਂ ਮੁਆਫੀ ਮੰਗਣ ਦੀ ਸਲਾਹ ਦਿੱਤੀ ਹੈ। ਦਿੱਲੀ ਕਮੇਟੀ ਵੱਲੋਂ ਪ੍ਰਧਾਨ ਮੰਤਰੀ ਨੂੰ ਚਿੱਠੀ ਵੀ ਲਿਖੀ ਗਈ ਹੈ। ਪ੍ਰਧਾਨ ਮੰਤਰੀ ਨੂੰ ਲਿਖੇ ਪੱਤਰ ਵਿਚ ਜੀ.ਕੇ. ਨੇ ਆਖਿਆ ਹੈ ਕਿ ਜੇਕਰ 102 ਸਾਲ ਪੁਰਾਣੀ ਘਟਨਾ ਲਈ ਕੈਨੇਡਾ ਦੇ ਪ੍ਰਧਾਨ ਮੰਤਰੀ ਮੁਆਫੀ ਮੰਗ ਸਕਦੇ ਹਨ ਤਾਂ 1984 ਕਤਲੇਆਮ ਲਈ ਸ੍ਰੀ ਮੋਦੀ ਨੂੰ ਸਿੱਖ ਕੌਮ ਕੋਲੋਂ ਮੁਆਫੀ ਮੰਗਣੀ ਚਾਹੀਦੀ ਹੈ। ਪੱਤਰ ਵਿਚ ਸਨ 2000 ਵਿਚ ਜਰਮਨ ਦੇ ਰਾਸ਼ਟਰਪਤੀ ਵੱਲੋਂ ਦੂਜੇ ਵਿਸ਼ਵ ਯੁੱਧ ਦੌਰਾਨ 60 ਲੱਖ ਯਹੂਦੀਆਂ ਨੂੰ ਨਾਜ਼ੀਆਂ ਵੱਲੋਂ ਮਾਰਨ ਦੇ ਪ੍ਰਤੀਕ ਹੋਲੋਕਾਸਟ ਕਤਲੇਆਮ ਦੀ ਮੁਆਫੀ ਮੰਗਣ ਦਾ ਵੀ ਚੇਤਾ ਕਰਾਇਆ ਹੈ। ਜੀ.ਕੇ. ਨੇ ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਵੱਲੋਂ ਪੰਜ ਅਗਸਤ, 2012 ਨੂੰ ਮਿਲਵਾਕੀ ਦੇ ਗੁਰਦੁਆਰਾ ਸਾਹਿਬ 'ਤੇ ਹੋਏ ਹਮਲੇ ਦੌਰਾਨ ਮਾਰੇ ਗਏ ਛੇ ਸਿੱਖਾਂ ਦੀ ਮੌਤ ਲਈ ਮੁਆਫੀ ਮੰਗਦੇ ਹੋਏ ਫੈਡਰਲ ਬਿਲਡਿੰਗ 'ਤੇ ਲੱਗੇ ਕੌਮੀ ਝੰਡੇ ਨੂੰ 10 ਅਗਸਤ, 2012 ਤੱਕ ਮਾਰੇ ਗਏ ਲੋਕਾਂ ਦੇ ਦੁੱਖ ਵਿਚ ਝੁਕਾਉਣ ਦੇ ਲਏ ਗਏ ਫੈਸਲੇ ਦੀ ਵੀ ਪ੍ਰਧਾਨ ਮੰਤਰੀ ਨੂੰ ਜਾਣਕਾਰੀ ਦਿੱਤੀ ਹੈ।



## ਬੇਇਨਸਾਫ਼ੀ ਲਈ ਮੁਆਫ਼ੀ

### ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਤਕਰੀਰ

ਮੈਂ ਆਪਣੀ ਗੱਲ ਆਪਣੇ ਕਈ ਸਾਥੀਆਂ ਵੱਲੋਂ ਕੀਤੀ ਗਈ ਮਿਹਨਤ ਲਈ ਉਨ੍ਹਾਂ ਦੀ ਸ਼ਲਾਘਾ ਤੋਂ ਸ਼ੁਰੂ ਕਰਾਂਗਾ। ਮੈਂ ਸਰੀ-ਨਿਊਟਨ ਅਤੇ ਵਿਨੀਪੈਗ ਨੌਰਥ ਤੋਂ ਆਪਣੀ ਪਾਰਟੀ ਦੇ ਮੈਂਬਰਾਂ ਵੱਲੋਂ ਕੀਤੀ ਗਈ ਹਮਾਇਤ ਲਈ ਉਨ੍ਹਾਂ ਦਾ ਸ਼ੁਕਰਗੁਜ਼ਾਰ ਹਾਂ। ਉਹ ਕਈ ਸਾਲ ਕੈਨੇਡੀਅਨ ਸਰਕਾਰ ਨੂੰ ਕਾਮਾਗਾਟਾ ਮਾਰੂ ਕਾਂਡ ਦੀ ਮੁਆਫ਼ੀ ਮੰਗਣ ਲਈ ਦਰਖ਼ਾਸਤਾਂ ਦਿੰਦੇ ਰਹੇ ਹਨ ਜੋ ਅੱਜ ਮੰਗੀ ਜਾਵੇਗੀ। ਇਸ ਕਾਰਜ ਲਈ ਪ੍ਰਤੀਬੱਧਤਾ ਵਾਸਤੇ ਮੈਂ ਉਨ੍ਹਾਂ ਦਾ ਧੰਨਵਾਦ ਕਰਦਾ ਹਾਂ।



ਵਿਰੋਧੀ ਧਿਰ ਵਿਚੋਂ ਕੈਲਗਰੀ ਹੈਰੀਟੇਜ, ਕੈਲਗਰੀ ਮਿਦਨਾਪੋਰੇ ਤੋਂ ਸੰਸਦ ਮੈਂਬਰ ਅਤੇ ਸਰੀ ਨੌਰਥ ਦੇ ਸਾਬਕਾ ਸੰਸਦ ਮੈਂਬਰ ਦਾ ਖ਼ਾਸ ਜ਼ਿਕਰ ਕਰਨਾ ਬਣਦਾ ਹੈ। ਪੀੜਤਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਦੀ ਖ਼ਾਤਰ ਸੰਸਦ ਵਿਚ ਮਤਾ ਪੇਸ਼ ਕਰਨ ਲਈ ਕੀਤੇ ਗਏ ਕੰਮ ਕਰ ਕੇ ਇਹ ਸਾਰੇ ਸ਼ਲਾਘਾ ਦੇ ਪਾਤਰ ਹਨ। ਇਸੇ ਮਤੇ ਲਈ ਬੇਨਤੀ ਕਰਨ ਵਾਲੀਆਂ ਸਾਰੀਆਂ ਸੰਸਥਾਵਾਂ ਦੀ ਵੀ ਪ੍ਰਸ਼ੰਸਾ ਕਰਨੀ ਬਣਦੀ ਹੈ, ਖ਼ਾਸਕਰ ਪ੍ਰੋਫ਼ੈਸਰ ਮੋਹਨ ਸਿੰਘ ਮੈਮੋਰੀਅਲ ਫਾਊਂਡੇਸ਼ਨ ਦੀ।

ਅੱਜ ਮੈਂ ਕਾਮਾਗਾਟਾ ਮਾਰੂ ਕਾਂਡ ਦੌਰਾਨ ਕੈਨੇਡੀਅਨ ਸਰਕਾਰ ਦੀ ਭੂਮਿਕਾ ਲਈ ਮੁਆਫ਼ੀ ਮੰਗਣ ਲਈ ਸੰਸਦ ਵਿਚ ਖੜ੍ਹਾ ਹਾਂ। ਇਕ ਸਦੀ ਤੋਂ ਜ਼ਿਆਦਾ ਸਮਾਂ ਪਹਿਲਾਂ ਸਾਡੇ ਕੋਲੋਂ ਬਹੁਤ ਬੇਇਨਸਾਫ਼ੀ ਹੋਈ ਸੀ। 23 ਮਈ 1914 ਨੂੰ ਇਕ ਸਮੁੰਦਰੀ ਜਹਾਜ਼ ਵੈਨਕੂਵਰ ਦੇ ਤੱਟ 'ਤੇ ਪੁੱਜਿਆ। ਇਸ ਵਿਚ ਸਿੱਖ, ਮੁਸਲਿਮ ਅਤੇ ਹਿੰਦੂ ਮੂਲ ਦੇ 376 ਯਾਤਰੀ ਸਵਾਰ ਸਨ। ਉਦੋਂ ਤੋਂ ਲੈ ਕੇ ਹੁਣ ਤਕ ਕੈਨੇਡਾ ਆਏ ਲੱਖਾਂ ਆਵਾਸੀਆਂ ਵਾਂਗ ਉਹ ਯਾਤਰੀ ਵੀ ਆਪੋ-ਆਪਣੇ ਪਰਿਵਾਰਾਂ ਲਈ ਬਿਹਤਰ ਜ਼ਿੰਦਗੀ ਅਤੇ ਵਧੇਰੇ ਮੌਕਿਆਂ ਦੀ ਆਸ ਵਿਚ ਇਥੇ ਆਏ ਸਨ। ਉਨ੍ਹਾਂ ਲਈ ਇਹ ਆਪਣੇ ਨਵੇਂ ਮੁਲਕ (ਕੈਨੇਡਾ) ਦੀ ਤਰੱਕੀ ਵਿਚ ਯੋਗਦਾਨ ਪਾਉਣ ਦਾ ਵੀ ਮੌਕਾ ਸੀ।

ਇਸ ਸਭ ਲਈ ਉਨ੍ਹਾਂ ਮੁਸਾਫ਼ਿਰਾਂ ਨੇ ਕੈਨੇਡਾ ਨੂੰ ਚੁਣਿਆ ਅਤੇ ਜਦੋਂ ਉਹ ਇਥੇ ਪੁੱਜੇ ਤਾਂ ਉਨ੍ਹਾਂ ਨੂੰ ਇਥੋਂ ਬੇਰੰਗ ਵਾਪਸ ਭੇਜ ਦਿੱਤਾ ਗਿਆ। ਕਾਮਾਗਾਟਾ ਮਾਰੂ ਅਤੇ ਇਸ ਦੇ ਮੁਸਾਫ਼ਿਰਾਂ ਨਾਲ ਵਾਪਰੀ ਹਰ ਦੁਖਦਾਈ ਘਟਨਾ ਲਈ ਇਕੱਲੇ ਕੈਨੇਡਾ ਸਿਰ ਇਲਜ਼ਾਮ ਨਹੀਂ ਧਰਿਆ ਜਾ ਸਕਦਾ, ਪਰ ਕੈਨੇਡਾ ਦੀ ਸਰਕਾਰ ਅਜਿਹੇ ਕਾਨੂੰਨਾਂ ਲਈ ਜ਼ਰੂਰ ਜ਼ਿੰਮੇਵਾਰ ਸੀ ਜਿਨ੍ਹਾਂ ਕਾਰਨ ਉਹ ਮੁਸਾਫ਼ਿਰ ਇਥੇ ਸ਼ਾਂਤੀਪੂਰਵਕ ਅਤੇ ਸੁਰੱਖਿਅਤ ਢੰਗ ਨਾਲ ਦਾਖ਼ਲ ਹੋਣ ਤੋਂ ਰੋਕ ਦਿੱਤੇ ਗਏ। ਇਸ ਘਟਨਾ ਅਤੇ ਇਸ ਦੇ ਸਿੱਟੇ ਵਜੋਂ ਵਾਪਰੀ ਹਰ ਅਫ਼ਸੋਸਨਾਕ ਘਟਨਾ ਲਈ ਸਾਨੂੰ ਅਫ਼ਸੋਸ ਹੈ। ਸਭ ਤੋਂ ਪਹਿਲਾਂ ਮੈਂ ਇਸ ਕਾਂਡ ਦੇ ਪੀੜਤਾਂ ਤੋਂ ਮੁਆਫ਼ੀ ਮੰਗਦਾ ਹਾਂ। ਉਨ੍ਹਾਂ ਵੱਲੋਂ ਝੱਲੇ ਦਰਦ ਤੇ ਸੰਤਾਪ ਨੂੰ ਸ਼ਬਦਾਂ ਨਾਲ ਮਿਟਾਇਆ ਨਹੀਂ ਜਾ ਸਕਦਾ। ਅਫ਼ਸੋਸ ਦੀ ਗੱਲ ਇਹ ਹੈ ਕਿ ਇੰਨਾ ਸਮਾਂ ਬੀਤਣ ਕਾਰਨ ਅੱਜ ਸਾਡੇ ਵੱਲੋਂ ਮੰਗੀ ਜਾ ਰਹੀ ਮੁਆਫ਼ੀ ਦੇ ਸ਼ਬਦ ਸੁਣਨ ਲਈ ਉਨ੍ਹਾਂ ਵਿਚੋਂ ਕੋਈ ਵੀ ਜਿਉਂਦਾ ਨਹੀਂ ਹੈ। ਫਿਰ ਵੀ ਅਸੀਂ ਤਹਿ ਦਿਲੋਂ ਮੁਆਫ਼ੀ ਮੰਗਦੇ ਹਾਂ। ਤੁਹਾਡੀ ਫਰਿਆਦ 'ਤੇ ਕੰਨ ਨਾ ਧਰਨ, ਬੇਰਹਿਮੀ ਨਾਲ ਤੁਹਾਡੇ ਖ਼ਿਲਾਫ਼ ਭੁਗਤਣ ਵਾਲੇ ਕਾਨੂੰਨ ਅਤੇ ਰਸਮੀ ਤੌਰ 'ਤੇ ਛੇਤੀ ਮੁਆਫ਼ੀ ਨਾ ਮੰਗਣ ਲਈ... ਇਨ੍ਹਾਂ ਸਾਰੀਆਂ ਗੱਲਾਂ ਲਈ ਸਾਨੂੰ ਬਹੁਤ ਅਫ਼ਸੋਸ ਹੈ।

ਮੈਂ ਕਾਮਾਗਾਟਾ ਮਾਰੂ ਦੇ ਮੁਸਾਫ਼ਿਰਾਂ ਦੇ ਸਾਰੇ ਵੰਸ਼ਜਾਂ, ਉਨ੍ਹਾਂ ਸਮੇਤ ਜੋ ਅੱਜ ਇਥੇ ਸਾਡੇ ਨਾਲ ਹਨ, ਤੋਂ ਵੀ ਮੁਆਫ਼ੀ ਮੰਗਦਾ ਹਾਂ। ਅਸੀਂ ਇਹ ਕਿਆਸ ਤਕ ਨਹੀਂ ਕਰ ਸਕਦੇ ਕਿ ਤੁਹਾਡੇ ਰਿਸ਼ਤੇਦਾਰਾਂ ਦਾ ਕੈਨੇਡਾ ਵਿਚ ਸੁਆਗਤ ਕੀਤਾ ਗਿਆ ਹੁੰਦਾ ਤਾਂ ਤੁਹਾਡੀਆਂ ਜ਼ਿੰਦਗੀਆਂ ਕਿਹੋ ਜਿਹੀਆਂ ਹੋਣੀਆਂ ਸਨ। ਜੇ ਉਨ੍ਹਾਂ ਨੂੰ ਇਥੇ ਆਉਣ ਦਿੱਤਾ ਜਾਂਦਾ ਤਾਂ ਤੁਹਾਡਾ ਜੀਵਨ ਕਿੰਨਾ ਅਲੱਗ ਤੇ ਕੈਨੇਡਾ ਕਿੰਨਾ ਵਧੇਰੇ ਸੰਪੰਨ ਹੋਣਾ ਸੀ। ਇਹ ਸਾਰੀਆਂ ਸੰਭਾਵਨਾਵਾਂ ਇਤਿਹਾਸ ਵਿਚ ਹੋਈ ਇਕ ਘਟਨਾ ਕਾਰਨ ਖੀਣ ਹੋ ਗਈਆਂ। ਇਸ ਲਈ ਅਸੀਂ ਤੁਹਾਥੋਂ ਮੁਆਫ਼ੀ ਮੰਗਦੇ ਹਾਂ। ਜਿਸ ਤਰ੍ਹਾਂ ਅਸੀਂ ਅਤੀਤ ਵਿਚ ਹੋਈਆਂ ਭੁੱਲਾਂ ਬਖਸ਼ਾ ਰਹੇ ਹਾਂ ਤਾਂ ਸਾਨੂੰ ਹਾਂ-ਪੱਖੀ ਕਾਰਵਾਈ ਕਰਦਿਆਂ ਪਿਛਲੀਆਂ ਭੁੱਲਾਂ ਤੋਂ ਸਬਕ ਲੈਣਾ ਪਵੇਗਾ। ਸਾਨੂੰ ਇਹ ਯਕੀਨੀ ਬਣਾਉਣਾ ਹੋਵੇਗਾ ਕਿ ਉਹ ਗ਼ਲਤੀਆਂ ਕਦੇ ਵੀ ਦੁਹਰਾਈਆਂ ਨਾ ਜਾਣ। ਇਹ ਕੈਨੇਡਾ ਦਾ ਵਿਲੱਖਣ ਵਾਅਦਾ ਅਤੇ ਸਮਰੱਥਾ ਹੈ।

**ਹਰਜੀਤ ਸੱਜਣ ਦੀ ਸ਼ਲਾਘਾ:** ਆਪਣੀ ਗੱਲ ਮੁਕਾਉਣ ਤੋਂ ਪਹਿਲਾਂ ਮੈਂ ਕਾਮਾਗਾਟਾ ਮਾਰੂ ਘਟਨਾ ਨੂੰ ਕੌਮੀ ਪੱਧਰ 'ਤੇ ਧਿਆਨ ਵਿਚ ਲਿਆਉਣ ਵਾਲੇ ਜਿਸ ਸ਼ਖ਼ਸ ਦਾ ਧੰਨਵਾਦ ਕਰਨਾ ਚਾਹਾਂਗਾ, ਉਹ ਹਨ ਸਾਡੇ ਰੱਖਿਆ ਮੰਤਰੀ ਹਰਜੀਤ ਸੱਜਣ। ਸਿਆਸਤ ਵਿਚ ਆਉਣ ਤੋਂ ਪਹਿਲਾਂ ਉਹ ਬ੍ਰਿਟਿਸ਼ ਕੋਲੰਬੀਆ ਰੈਜੀਮੈਂਟ ਡਿਊਕ ਆਫ਼ ਕਨੌਟ'ਜ਼ ਓਨ ਦੇ ਕਮਾਂਡਿੰਗ ਅਫ਼ਸਰ ਸਨ। ਇਹ ਉਹੀ ਰੈਜੀਮੈਂਟ ਹੈ ਜਿਸ ਨੇ ਕਦੇ ਕਾਮਾਗਾਟਾ ਮਾਰੂ ਜਹਾਜ਼ ਦੇ ਮੁਸਾਫ਼ਿਰਾਂ ਨੂੰ ਕੈਨੇਡਾ ਤੋਂ ਵਾਪਸ ਜਾਣ ਲਈ ਮਜਬੂਰ ਕੀਤਾ ਸੀ। ਇਕ ਸਦੀ ਪਹਿਲਾਂ ਸ਼ਾਇਦ ਰੱਖਿਆ ਮੰਤਰੀ ਦੇ ਪਰਿਵਾਰਕ ਮੈਂਬਰਾਂ ਨੂੰ ਵੀ ਕੈਨੇਡਾ ਦਾਖ਼ਲ ਨਾ ਹੋਣ ਦਿੱਤਾ ਜਾਂਦਾ। ਅੱਜ ਰੱਖਿਆ ਮੰਤਰੀ ਸਦਨ ਵਿਚ ਸਾਡੇ ਨਾਲ ਬੈਠੇ ਹਨ। ਉਸ ਸਦਨ ਵਿਚ, ਕਈ ਆਵਾਸੀ ਜਿਸ ਦੇ ਮੈਂਬਰ ਹਨ। ਆਵਾਸੀਆਂ ਦੇ ਧੀਆਂ-ਪੁੱਤ, ਪੋਤੇ-ਪੋਤੀਆਂ ਜਿਸ ਦੇ ਮੈਂਬਰ ਹਨ। ਇਸ ਸਦਨ ਦਾ ਢਾਂਚਾ ਸਾਨੂੰ ਚੇਤੇ ਕਰਵਾਉਂਦਾ ਹੈ ਕਿ ਲੋੜਵੰਦਾਂ ਲਈ ਬਾਹਾਂ ਖੋਲ੍ਹਣ ਜਾਂ ਦਿਲ ਦੇ ਬੂਹੇ ਬੰਦ ਕਰਨ ਵਿਚੋਂ ਜੇ ਅਸੀਂ ਇਕ ਰਸਤਾ ਚੁਣਨਾ ਹੋਵੇ ਤਾਂ ਹਮੇਸ਼ਾ ਰਹਿਮਦਿਲੀ ਵਾਲਾ ਵਤੀਰਾ ਹੀ ਅਪਨਾਉਣਾ ਚਾਹੀਦਾ ਹੈ। ਜਦੋਂ ਵੀ ਅਸੀਂ ਬੇਇਨਸਾਫ਼ੀ ਦੇਖੀਏ ਤਾਂ ਇਸ ਖ਼ਿਲਾਫ਼ ਆਵਾਜ਼ ਬੁਲੰਦ ਕਰਦਿਆਂ ਸਭ ਕੁਝ ਸਹੀ ਕਰਵਾਉਣ ਦੀ ਕੋਸ਼ਿਸ਼ ਕਰੀਏ। ਜਦੋਂ ਵੀ ਅਸੀਂ ਗ਼ਲਤੀ ਕਰੀਏ ਤਾਂ ਮੁਆਫ਼ੀ ਮੰਗਣ ਤੋਂ ਕਦੇ ਨਾ ਝਿਜਕੀਏ ਅਤੇ ਬਿਹਤਰ ਕਾਰਜ ਕਰਨ ਲਈ ਪ੍ਰਤੀਬੱਧਤਾ ਦੁਹਰਾਈਏ।

ਕੈਨੇਡਾ ਹੋਰ ਮੁਲਕਾਂ ਵਰਗਾ ਨਹੀਂ ਹੈ। ਅਸੀਂ ਖੁਸ਼ਕਿਸਮਤ ਹਾਂ ਕਿ ਅਸੀਂ ਇਥੋਂ ਦੇ ਬਾਸ਼ਿੰਦੇ ਹਾਂ। ਸਾਨੂੰ ਹਮੇਸ਼ਾ ਬਿਹਤਰ ਕਰਨ ਅਤੇ ਬਿਹਤਰ ਬਣਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਕਾਮਾਗਾਟਾ ਮਾਰੂ ਕਾਂਡ ਦੇ ਪੀੜਤਾਂ ਅਤੇ ਪਰਿਵਾਰ ਤੇ ਮੁਲਕ ਛੱਡ ਕੇ ਇਥੇ ਆਉਣ ਵਾਲੇ ਬੁਲੰਦ ਹੌਸਲੇ ਵਾਲੇ ਹਰ ਸ਼ਖ਼ਸ ਦੇ ਸਤਿਕਾਰ ਵਜੋਂ ਸਾਨੂੰ ਇਹ ਸਭ ਕੁਝ ਕਰਨਾ ਚਾਹੀਦਾ ਹੈ।

**ਵਿਸ਼ੇਸ਼ ਨੋਟ:** ਇਸ ਭਾਸ਼ਨ ਦੀ ਜਿਥੇ ਭਰਵੀਂ ਪ੍ਰਸ਼ੰਸਾ ਹੋਈ ਹੈ, ਉਥੇ ਕੈਨੇਡਾ ਦੇ ਗੋਰੇ ਬਾਸ਼ਿੰਦਿਆਂ ਨੇ ਤਿੱਖੀ ਨੁਕਤਾਚੀਨੀ ਵੀ ਕੀਤੀ ਹੈ। 'ਵਾਸ਼ਿੰਗਟਨ ਪੋਸਟ' ਦੀ ਵੈੱਬਸਾਈਟ ਉਤੇ ਜਸਟਿਨ ਟਰੂਡੋ ਦੇ ਭਾਸ਼ਨ ਬਾਰੇ ਨਸ਼ਰ ਕਈ ਸੌ ਟਿੱਪਣੀਆਂ ਵਿਚੋਂ ਬਹੁਤੀਆਂ ਵਿਚ ਟਰੂਡੋ ਨੂੰ ਨਿੰਦਿਆ ਗਿਆ ਹੈ ਅਤੇ ਉਸ ਦੇ ਕਦਮ ਨੂੰ ਵੋਟ ਰਾਜਨੀਤੀ ਦਾ ਅੰਗ ਦੱਸਿਆ ਗਿਆ ਹੈ। ਬਹੁਤੀਆਂ ਟਿੱਪਣੀਆਂ ਨਸਲੀ ਕਿਸਮ ਦੀਆਂ ਹਨ।

**Punjab Times**

**Established in 2000**
**17th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

Email:punjabtimes1@gmail.com
www.punjabtimesusa.com
**Editor:**
Amolak Singh Jammu
**Astt. Editors:**
Jaspreet Kaur
Kuljeet Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 100 ਡਾਲਰ**
**ਪੰਜ ਸਾਲ ਲਈ: 450 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਸਰਕਾਰੀ ਵਿਭਾਗ ਬਿਜਲੀ ਬਿੱਲਾਂ 'ਚ ਡਿਫਾਲਟਰ



**ਚੰਡੀਗੜ੍ਹ:** ਪੰਜਾਬ ਸਿਰ ਲਗਾਤਾਰ ਵੱਧ ਰਹੇ ਕਰਜ਼ਿਆਂ ਦੇ ਬੋਝ ਤੋਂ ਬੁੱਧੀਜੀਵੀ ਵਰਗ ਪਹਿਲਾਂ ਹੀ ਬੇਹੱਦ ਚਿੰਤਤ ਹੈ, ਦੂਜੇ ਪਾਸੇ ਸੱਤਾਧਾਰੀ ਧਿਰ ਦੇ ਆਗੂ ਇਸ ਕਰਜ਼ੇ ਨੂੰ ਉਲਟਾ ਸੂਬੇ ਦੀ ਅਮੀਰੀ ਦੀ ਨਿਸ਼ਾਨੀ ਦੱਸ ਰਹੇ ਹਨ, ਪਰ ਆਰ.ਟੀ.ਆਈ 'ਚ ਹੋਇਆ ਖੁਲਾਸਾ ਸਰਕਾਰੀ ਅਦਾਰਿਆਂ ਦੀ ਹਾਲਤ ਦੀ ਹੋਰ ਹੀ ਤਸਵੀਰ ਪੇਸ਼ ਕਰ ਰਿਹਾ ਹੈ। ਰਿਪੋਰਟ ਅਨੁਸਾਰ ਬਹੁਤੇ ਵਿਭਾਗ ਆਪਣੇ ਬਿਜਲੀ ਦੇ ਬਿੱਲ ਭਰਨ ਤੋਂ ਵੀ ਅਸਮਰਥ ਹਨ।

ਆਰ.ਟੀ.ਆਈ ਵਿਚ ਮਿਲੀ ਸੂਚਨਾ ਅਨੁਸਾਰ, ਪਬਲਿਕ ਹੈਲਥ ਵਿਭਾਗ ਸਿਰ 252 ਕਰੋੜ ਰੁਪਏ, ਪੰਜਾਬ ਪੁਲਿਸ 9 ਕਰੋੜ, ਮਿਊਂਸਿਪਲ ਕਾਸਲ ਵਾਟਰ ਵਰਕਸ 65 ਕਰੋੜ, ਸਰਕਾਰੀ ਹਸਪਤਾਲ ਤੇ ਡਿਸਪੈਂਸਰੀਆਂ 23 ਕਰੋੜ ਰੁਪਏ, ਸਿੰਜਾਈ ਵਿਭਾਗ 77 ਕਰੋੜ ਰੁਪਏ, ਸਰਕਾਰੀ ਸਕੂਲ, ਕਾਲਜ ਤੇ ਆਈ ਟੀ ਆਈ 2 ਕਰੋੜ ਰੁਪਏ, ਤਹਿਸੀਲ ਕੰਪਲੈਕਸਾਂ ਦੇ 3 ਕਰੋੜ ਰੁਪਏ, ਸਥਾਨਕ ਸਰਕਾਰਾਂ ਵਿਭਾਗ 34 ਕਰੋੜ ਰੁਪਏ, ਪੰਚਾਇਤੀ ਰਾਜ ਵਿਭਾਗ ਦੇ 8 ਕਰੋੜ ਰੁਪਏ ਦੇ ਬਿਜਲੀ ਦੇ ਬਿਲ ਬਕਾਇਆ ਖੜ੍ਹੇ ਹਨ ਅਤੇ ਇਹ ਵਿਭਾਗ ਪਾਵਰਕਾਮ ਦੇ ਡਿਫਾਲਟਰ ਹਨ। ਆਮ ਆਦਮੀ ਪਾਰਟੀ ਪੰਜਾਬ ਦੀ ਆਰ.ਟੀ.ਆਈ. ਟੀਮ ਦੇ ਇੰਚਾਰਜ ਵਕੀਲ ਦਿਨੇਸ਼ ਚੱਢਾ ਅਤੇ ਪਟਿਆਲਾ ਜ਼ੋਨ ਤੋਂ ਟੀਮ ਮੈਂਬਰ ਜੇ. ਪੀ. ਸਿੰਘ ਨੇ ਇਹ ਖ਼ੁਲਾਸਾ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਦੇ ਵਿਭਾਗ ਆਪਣਾ ਬਿਜਲੀ ਦਾ ਬਿਲ ਚੁਕਾਉਣ ਤੋਂ ਵੀ ਔਖੇ ਹਨ ਅਤੇ ਟੀਮ ਦੁਆਰਾ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਡ ਪਟਿਆਲਾ ਦੇ ਉਪ ਮੁੱਖ ਲੇਖਾ ਅਫ਼ਸਰ ਤੋਂ ਸੂਚਨਾ ਅਧਿਕਾਰ ਕਾਨੂੰਨ ਤਹਿਤ ਪ੍ਰਾਪਤ ਕੀਤੀ ਗਈ ਹੈਰਾਨੀਜਨਕ ਜਾਣਕਾਰੀ ਅਨੁਸਾਰ, ਮਾਰਚ 2016 ਤੱਕ ਸਰਕਾਰੀ ਵਿਭਾਗ ਪਾਵਰ ਕਾਰਪੋਰੇਸ਼ਨ ਦੇ 530 ਕਰੋੜ ਰੁਪਏ ਦੇ ਡਿਫਾਲਟਰ ਹਨ।

# ਠੱਗੀ ਮਾਰਨ ਵਾਲੇ ਦੋ ਭਾਰਤੀ ਕਾਬੂ

**ਬੈਂਕਾਕ:** ਥਾਈਲੈਂਡ ਪੁਲਿਸ ਨੇ ਕੰਮ ਦਿਵਾਉਣ ਦਾ ਲਾਰਾ ਲਾ ਕੇ 1200 ਅਮਰੀਕੀ ਡਾਲਰ ਦੀ ਠੱਗੀ ਮਾਰਨ ਵਾਲੇ ਦੋ ਭਾਰਤੀਆਂ ਨੂੰ ਕਾਬੂ ਕੀਤਾ ਹੈ। ਦੋਵਾਂ ਦੀ ਪਛਾਣ ਵਿਨੀਤ ਉਨੀਕ੍ਰਿਸ਼ਨਨ (30) ਤੇ ਅਨੁਜ ਮੋਤਾਮਲ (25) ਵਜੋਂ ਹੋਈ ਹੈ। ਮੁਕਾਮੀ ਪੁਲਿਸ ਤੇ ਪਰਵਾਸ ਵਿਭਾਗ ਦੀ ਟੀਮ ਨੇ ਮੁਲਜ਼ਮਾਂ ਨੂੰ ਥਾਈ-ਲਾਓਸ ਸਰਹੱਦ 'ਤੇ ਫਰੈਂਡਸ਼ਿਪ ਬ੍ਰਿਜ ਤੋਂ ਗ੍ਰਿਫਤਾਰ ਕੀਤਾ ਹੈ।

ਆਨਲਾਈਨ ਮੀਡੀਆ ਵਿਚ ਛਪੀ ਰਿਪੋਰਟ ਮੁਤਾਬਕ ਮੁਲਜ਼ਮਾਂ ਨੇ ਹਮਵਤਨ ਸੁਜੀਤ ਚੈਂਗਾਥੀ ਤੇ ਅਬਿਨ ਵਰਕੇ ਨੂੰ ਇਹ ਕਹਿ ਕੇ ਉਨ੍ਹਾਂ ਕੋਲੋਂ 1200 ਡਾਲਰ ਲੈ ਲਏ ਕਿ ਉਹ ਉਨ੍ਹਾਂ ਨੂੰ ਇੰਟਰਨੈੱਟ ਕੇਬਲਾਂ ਪਾਉਣ ਦਾ ਨਿਯਮਤ ਕੰਮ ਦਿਵਾਉਣਗੇ ਤੇ ਇਸ ਕੰਮ ਬਦਲੇ ਉਨ੍ਹਾਂ ਨੂੰ ਮਿਹਨਤਾਨੇ ਵਜੋਂ ਪ੍ਰਤੀ ਮਹੀਨਾ 1000 ਡਾਲਰ ਮਿਲਣਗੇ।

# ਸ਼੍ਰੋਮਣੀ ਅਕਾਲੀ ਦਲ ਲਈ ਨਵੀਂ ਮੁਸੀਬਤ

**ਨਵੀਂ ਦਿੱਲੀ:** ਸ਼੍ਰੋਮਣੀ ਅਕਾਲੀ ਦਲ ਲਈ ਨਵੀਂ ਮੁਸੀਬਤ ਖੜ੍ਹੀ ਹੋ ਸਕਦੀ ਹੈ। ਦਿੱਲੀ ਹਾਈਕੋਰਟ ਨੇ ਭਾਰਤੀ ਚੋਣ ਕਮਿਸ਼ਨ ਤੋਂ ਪਾਰਟੀ ਦੀ ਰਜਿਸਟਰੇਸ਼ਨ ਬਾਰੇ ਰਿਕਾਰਡ ਤਲਬ ਕਰ ਲਿਆ ਹੈ। ਅਕਾਲੀ ਦੇ ਦੋਹਰੇ ਸੰਵਿਧਾਨ ਕਰ ਕੇ ਉਸ ਦੀ ਰਜਿਸਟਰੇਸ਼ਨ ਨੂੰ ਰੱਦ ਕਰਨ ਬਾਰੇ ਅਦਾਲਤ ਵਿਚ ਸੁਣਵਾਈ ਚੱਲ ਰਹੀ ਹੈ। ਮੰਗਲਵਾਰ ਨੂੰ ਦਿੱਲੀ ਹਾਈਕੋਰਟ ਨੇ ਇਸ ਮਾਮਲੇ ਦੀ ਸੁਣਵਾਈ ਕਰਦਿਆਂ ਚੋਣ ਕਮਿਸ਼ਨ ਨੂੰ ਨਿਰਦੇਸ਼ ਦਿੱਤੇ ਹਨ ਕਿ ਰਾਜਨੀਤਕ ਪਾਰਟੀ ਦੇ ਤੌਰ 'ਤੇ ਸ਼੍ਰੋਮਣੀ ਅਕਾਲੀ ਦਲ ਦੀ ਰਜਿਸਟਰੇਸ਼ਨ ਨਾਲ ਸਬੰਧਤ ਰਿਕਾਰਡ ਅਦਾਲਤ ਵਿਚ ਪੇਸ਼ ਕੀਤਾ ਜਾਏ। ਜਸਟਿਸ ਪ੍ਰਦੀਪ ਨੰਦਰਾਜੋਗ ਤੇ ਜੇ ਮੁਕਤਾ ਗੁਪਤਾ ਦੀ ਬੈਂਚ ਨੇ ਇਹ ਨਿਰਦੇਸ਼ ਸ਼੍ਰੋਮਣੀ ਅਕਾਲੀ ਦਲ ਦੀ ਰਾਜਨੀਤਕ ਪਾਰਟੀ ਦੇ ਤੌਰ 'ਤੇ ਰਜਿਸਟ੍ਰੇਸ਼ਨ ਖਤਮ ਕਰਨ ਸਬੰਧੀ ਲਾਈ ਗਈ ਜਨਹਿਤ ਪਟੀਸ਼ਨ 'ਤੇ ਸੁਣਵਾਈ ਕਰਦਿਆਂ ਦਿੱਤੇ ਹਨ।ਬੈਂਚ ਵੱਲੋਂ ਜਾਣਕਾਰੀ ਇਸ ਲਈ ਮੰਗੀ ਗਈ ਹੈ ਤਾਂ ਕਿ ਇਹ ਪਤਾ ਲੱਗ ਸਕੇ ਕਿ ਭਾਰਤੀ ਚੋਣ ਕਮਿਸ਼ਨ ਵੱਲੋਂ ਪਾਰਟੀਆਂ ਦੀ ਰਜਿਸਟ੍ਰੇਸ਼ਨ ਅਰਧ ਨਿਆਇਕ ਦੇ ਆਧਾਰ 'ਤੇ ਹੈ ਜਾਂ ਇਹ ਸੰਵਿਧਾਨਕ ਐਕਸਰਸਾਈਜ਼ ਹੈ। ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਵਕੀਲ ਪੀ ਵਿਸ਼ਵਨਾਥ ਦਾ ਕਹਿਣਾ ਹੈ ਕਿ ਪਾਰਟੀ ਦੀ ਰਜਿਸਟ੍ਰੇਸ਼ਨ ਸੰਵਿਧਾਨਕ ਹੈ, ਇਸ ਲਈ ਇਸ ਦੇ ਨਿਆਇਕ ਜਾਂਚ ਨਹੀਂ ਹੋਣੀ ਚਾਹੀਦੀ। ਜਦਕਿ ਪਟੀਸ਼ਨਕਰਤਾ ਬਲਵੰਤ ਸਿੰਘ ਖੇੜਾ ਦੀ ਵਕੀਲ ਇੰਦਰਾ ਉਨੀਅਰ ਦਾ ਤਰਕ? ਹੈ ਕਿ ਰੀ-ਪ੍ਰੈਜੇਂਟੇਸ਼ਨ ਆਫ ਪੀਪਲ ਐਕਟ ਦੀ ਧਾਰਾ 29 (ਏ) (5) ਤਹਿਤ ਇਹ ਰਜਿਸਟ੍ਰੇਸ਼ਨ ਅਰਧ ਸੰਵਿਧਾਨਕ ਹੈ, ਇਸ ਲਈ ਮਾਮਲੇ ਦੀ ਜਾਂਚ ਨਿਆਇਕ ਦਾਅਰੇ ਵਿਚ ਆਉਂਦੀ ਹੈ।ਪਟੀਸ਼ਨਰ ਦਾ ਦਾਅਵਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਨੇ ਆਪਣੇ ਪੁਰਾਣੇ ਸੰਵਿਧਾਨ, ਜਿਸ ਵਿਚ ਸਿਰਫ ਸਿੱਖਾਂ ਨੂੰ ਹੀ ਪਾਰਟੀ ਦੀ ਮੈਂਬਰਸ਼ਿਪ ਲੈਣ ਦਾ ਹੱਕ ਸੀ, ਦੇ ਤਹਿਤ ਆਪਣਾ ਰਜਿਸਟ੍ਰੇਸ਼ਨ ਕਰਵਾਇਆ ਸੀ।

## ਭਾਰਤ ਅਤੇ ਇਰਾਨ ਦੇ ਸਬੰਧਾਂ ਨੇ ਕੱਟਿਆ ਇਤਿਹਾਸਕ ਮੋੜ

*(ਸਫਾ ਇਕ ਦੀ ਬਾਕੀ)*

ਖਿੱਤੇ ਵਿਚ ਅਤਿਵਾਦ, ਕੱਟੜਵਾਦ ਅਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਨੂੰ ਰੋਕਣ ਲਈ ਵੀ ਸਹਿਯੋਗ ਕਰਨਗੇ ਅਤੇ ਇਸ ਸਬੰਧੀ ਜਾਣਕਾਰੀ ਦੋਵਾਂ ਦੇਸ਼ਾਂ ਵਲੋਂ ਇਕ-ਦੂਜੇ ਨੂੰ ਮੁਹੱਈਆ ਕਰਵਾਈ ਜਾਂਦੀ ਰਹੇਗੀ। ਦੋਵਾਂ ਦੇਸ਼ਾਂ ਦੀਆਂ ਸੂਹੀਆ ਅਤੇ ਸੁਰੱਖਿਆ ਏਜੰਸੀਆਂ ਦਰਮਿਆਨ ਵੀ ਤਾਲਮੇਲ ਵਧਾਇਆ ਜਾਏਗਾ।

# ਕਤਲੇਆਮ 84: ਜਾਂਚ ਮੁਕੰਮਲ ਕਰਨ 'ਚ ਐਸ.ਆਈ.ਟੀ. ਮੁੜ ਨਾਕਾਮ

**ਚੰਡੀਗੜ੍ਹ:** 1984 ਦੇ ਸਿੱਖ ਕਤਲੇਆਮ ਦੀ ਮੁੜ ਜਾਂਚ ਲਈ ਬਣਾਈ ਗਈ ਐਸ.ਆਈ.ਟੀ. ਇਕ ਸਾਲ ਤੋਂ ਵੱਧ ਸਮੇਂ ਵਿਚ ਵੀ ਜਾਂਚ ਪੂਰੀ ਕਰਨ ਵਿਚ ਅਸਫਲ ਰਹੀ ਹੈ ਹਾਲਾਂਕਿ ਇਸ ਕਮੇਟੀ ਨੂੰ ਛੇ ਮਹੀਨਿਆਂ ਵਿਚ ਜਾਂਚ ਪੂਰੀ ਕਰਨ ਦਾ ਸਮਾਂ ਦਿੱਤਾ ਗਿਆ ਸੀ। ਕੇਂਦਰ ਸਰਕਾਰ ਨੇ ਐਸ.ਆਈ.ਟੀ. ਦੇ ਕਾਰਜਕਾਲ ਵਿਚ ਇਕ ਸਾਲ ਦਾ ਮੁੜ ਵਾਧਾ ਕਰ ਦਿੱਤਾ ਹੈ।

ਇਹ ਖੁਲਾਸਾ ਆਮ ਆਦਮੀ ਪਾਰਟੀ (ਆਪ) ਦੇ ਆਰ.ਟੀ.ਆਈ. ਸੈੱਲ ਵੱਲੋਂ ਗ੍ਰਹਿ ਮੰਤਰਾਲੇ ਤੋਂ ਮੰਗੀ ਜਾਣਕਾਰੀ ਤੋਂ ਹੋਇਆ ਹੈ। ਜਾਣਕਾਰੀ ਤੋਂ ਸਾਹਮਣੇ ਆਇਆ ਹੈ ਕਿ ਮੋਦੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਨੇ ਬਿਨਾਂ ਕਿਸੇ ਯੋਗ ਤਰਕ ਦੇ ਐਸ.ਆਈ.ਟੀ ਦੇ ਕਾਰਜਕਾਲ ਵਿਚ ਇਕ ਸਾਲ ਦਾ ਵਾਧਾ ਕਰ ਦਿੱਤਾ ਹੈ। 'ਆਪ' ਆਗੂਆਂ ਦਾ ਦੋਸ਼ ਹੈ ਕਿ ਅਜਿਹਾ ਕਰ ਕੇ ਜਿਥੇ ਜਾਂਚ ਲਮਕਾਉਣ ਦਾ ਕੰਮ ਕੀਤਾ ਗਿਆ, ਉਥੇ ਦੋਸ਼ੀਆਂ ਨੂੰ ਬਚਾਉਣ ਦੀ ਵੀ ਸਾਜ਼ਿਸ਼ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੇ ਕਤਲੇਆਮ ਦੀ ਤਾਜ਼ਾ ਜਾਂਚ ਲਈ 12 ਫਰਵਰੀ 2015 ਨੂੰ ਇਕ ਆਰਡਰ ਨੋਟੀਫਿਕੇਸ਼ਨ ਰਾਹੀਂ ਐਸ.ਆਈ.ਟੀ ਦਾ ਗਠਨ ਕੀਤਾ ਸੀ ਤੇ ਇਸ ਆਰਡਰ ਮੁਤਾਬਕ ਐਸ.ਆਈ.ਟੀ ਨੇ ਸਾਰੇ ਸਬੰਧਤ ਪੁਲਿਸ ਸਟੇਸ਼ਨਾਂ ਦੇ ਰਿਕਾਰਡ ਦੀ ਮੁੜ ਜਾਂਚ ਕਰ ਕੇ ਅਤੇ ਜਸਟਿਸ ਜੇ.ਡੀ. ਜੈਨ ਅਤੇ ਡੀ.ਕੇ. ਅਗਰਵਾਲ ਕਮੇਟੀ ਦੀਆਂ ਫਾਈਲਾਂ ਦੀ ਘੋਖ ਉਪਰੰਤ ਦੋਸ਼ੀਆਂ ਖਿਲਾਫ ਜਾਂਚ ਮੁਕੰਮਲ ਕਰਨੀ ਸੀ। ਐਸ.ਆਈ.ਟੀ ਵੱਲੋਂ ਆਪਣੀ ਮੁੜ ਜਾਂਚ ਨੂੰ ਮੁਕੰਮਲ ਕਰਨ ਦੀ ਸਮਾਂ ਸੀਮਾ 12 ਫਰਵਰੀ ਤੋਂ 12 ਅਗਸਤ 2015, ਛੇ ਮਹੀਨੇ ਦੀ ਸੀ, ਪਰ ਬਦਕਿਸਮਤੀ ਨਾਲ ਐਸ.ਆਈ.ਟੀ ਜਾਂਚ ਪੂਰੀ ਨਾ ਕਰ ਸਕੀ, ਜਿਸ ਤੋਂ ਬਾਅਦ ਭਾਰਤ ਸਰਕਾਰ ਦੇ ਗ੍ਰਹਿ ਮੰਤਰਾਲੇ ਨੇ ਐਸ.ਆਈ.ਟੀ ਦੀ ਸਮਾਂ ਸੀਮਾ 11 ਅਗਸਤ 2016 ਤੱਕ ਇਕ ਸਾਲ ਲਈ ਵਧਾ ਦਿੱਤੀ।

ਗ੍ਰਹਿ ਮੰਤਰਾਲਾ ਇਹ ਦੱਸਣ ਵਿਚ ਅਸਫਲ ਰਿਹਾ ਹੈ ਕਿ ਐਸ.ਆਈ.ਟੀ ਦੀ ਸਮਾਂ ਸੀਮਾ ਇਕ ਸਾਲ ਕਿਉਂ ਵਧਾਈ ਗਈ। ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਦੋਸ਼ੀਆਂ ਨੂੰ ਬਚਾਉਣ ਲਈ ਪਹਿਲਿਆਂ ਕਾਂਗਰਸ ਸਰਕਾਰਾਂ ਦੇ ਪੁਰਾਣੇ ਏਜੰਡੇ ਉੱਪਰ ਚੱਲ ਰਹੀ ਹੈ। 'ਆਪ' ਆਗੂ ਸੁਖਪਾਲ ਸਿੰਘ ਖਹਿਰਾ ਨੇ ਅਕਾਲੀ ਦਲ ਨੂੰ 1984 ਸਿੱਖ ਵਿਰੋਧੀ ਦੰਗਿਆਂ ਦੇ ਪੀੜਤਾਂ ਨੂੰ ਨਿਆਂ ਦਿਵਾਉਣ ਲਈ ਬਣਾਈ ਗਈ ਐਸ.ਆਈ.ਟੀ. ਦੀ ਢਿੱਲੀ ਕਾਰਵਾਈ ਉਪਰ ਧਾਰੀ ਗਈ ਚੁੱਪੀ ਬਾਰੇ ਸਪੱਸ਼ਟੀਕਰਨ ਦੇਣ ਲਈ ਕਿਹਾ।

# ਟਕਰਾਅ ਦੇ ਰਾਹ ਪਈਆਂ ਸਿੱਖ ਜਥੇਬੰਦੀਆਂ

*(ਸਫਾ ਇਕ ਦੀ ਬਾਕੀ)*

ਫਰਾਰ ਹੋਣ ਵਿਚ ਸਫਲ ਰਹੇ ਸਨ, ਪਰ ਇਨ੍ਹਾਂ ਵਿਚੋਂ ਕੁਝ ਨੂੰ ਬਾਅਦ ਵਿਚ ਪੁਲਿਸ ਨੇ ਕਾਬੂ ਕਰ ਲਿਆ ਹੈ, ਜਿਨ੍ਹਾਂ ਨੇ ਟਕਸਾਲ ਨਾਲ ਸਬੰਧਤ ਹੋਣ ਦਾ ਦਾਅਵਾ ਕੀਤਾ ਹੈ।

ਸੰਤ ਢੱਡਰੀਆਂ ਵਾਲੇ ਦੇ ਡਰਾਈਵਰ ਅਤੇ ਇਸ ਸਮੁੱਚੇ ਕਾਂਡ ਨੂੰ ਅੱਖੀਂ ਦੇਖਣ ਵਾਲੇ ਗਵਾਹ ਕੁਲਵਿੰਦਰ ਸਿੰਘ ਵੱਲੋਂ ਦਰਜ ਕਰਵਾਈ ਐਫ.ਆਈ.ਆਰ. ਵਿਚ ਹੀ ਇਸ ਸਮੁੱਚੇ ਕਾਂਡ ਦੇ ਸਾਜ਼ਿਸ਼ਘਾੜੇ ਦੇ ਠੋਸ ਸਬੂਤ ਮੌਜੂਦ ਹਨ। ਕੁਲਵਿੰਦਰ ਸਿੰਘ ਨੇ ਉਨ੍ਹਾਂ ਦੀ ਅਗਲੀ ਫਾਰਚੂਨਰ (ਨੰਬਰ ਪੀ.ਬੀ. 12 ਕਿਊ. 0090) ਨੂੰ ਰੋਕਣ ਵਾਲੇ ਸ਼ਖ਼ਸ ਦਾ ਪੂਰਾ ਹੁਲੀਆ ਪੁਲਿਸ ਨੂੰ ਬਿਆਨ ਕਰਦਿਆਂ 30-40 ਹਮਲਾਵਰਾਂ ਵੱਲੋਂ ਉਨ੍ਹਾਂ ਦੀਆਂ ਗੱਡੀਆਂ ਦੇ ਸ਼ੀਸ਼ਿਆਂ 'ਤੇ ਸਪਰੇਅ ਛਿੜਕਣ ਉਪਰੰਤ ਰਾਡਾਂ, ਗੰਡਾਸੀਆਂ ਤੇ ਬੇਸ ਬਾਲਾਂ ਨਾਲ ਹਮਲਾ ਕਰ ਕੇ ਗੋਲੀਆਂ ਚਲਾਉਣ ਦਾ ਪੂਰਾ ਵੇਰਵਾ ਪੁਲਿਸ ਅੱਗੇ ਰੱਖ ਦਿੱਤਾ ਹੈ। ਇਸ ਕਾਂਡ ਦੇ ਕੁਝ ਮੁਲਜ਼ਮਾਂ ਨੇ ਵੀ ਮੰਨਿਆ ਹੈ ਕਿ ਸੰਤ ਢੱਡਰੀਆਂ ਵਾਲੇ ਵੱਲੋਂ ਦਮਦਮੀ ਟਕਸਾਲ ਦੇ ਮੁਖੀ ਵਿਰੁੱਧ ਬੋਲਣ ਕਾਰਨ ਇਹ ਕਦਮ ਚੁੱਕਿਆ ਗਿਆ ਹੈ। ਇਸ ਤੋਂ ਇਲਾਵਾ ਟਕਸਾਲ ਦੇ ਇਕ ਪ੍ਰਤੀਨਿਧ ਬਾਬਾ ਚਰਨਜੀਤ ਸਿੰਘ ਦੀ ਲੁਧਿਆਣਾ ਵਿਚ ਮੁਲਜ਼ਮਾਂ ਦੀ ਪੇਸ਼ੀ ਮੌਕੇ ਸਪੱਸ਼ਟ ਕਹਿ ਚੁੱਕੇ ਹਨ ਕਿ ਦਮਦਮੀ ਟਕਸਾਲ ਵਿਰੁੱਧ ਭੰਡੀ ਪ੍ਰਚਾਰ ਕਰਨ ਕਾਰਨ ਇਹ ਕਾਰਵਾਈ ਕਰਨੀ ਪਈ ਹੈ ਅਤੇ ਭਵਿੱਖ ਵਿਚ ਵੀ ਟਕਸਾਲ ਵਿਰੁੱਧ ਬੋਲਣ ਵਾਲੇ ਨੂੰ ਬਖ਼ਸ਼ਿਆ ਨਹੀਂ ਜਾਵੇਗਾ। ਸੰਤ ਢੱਡਰੀਆਂ ਵਾਲੇ ਅਤੇ ਦਮਦਮੀ ਟਕਸਾਲ ਦੇ ਮੁਖੀ ਵਿਚਕਾਰ ਪਿਛਲੇ ਸਮੇਂ ਤੋਂ ਸ਼ਬਦੀ ਜੰਗ ਚੱਲਦੀ ਆ ਰਹੀ ਸੀ, ਜਿਸ ਤੋਂ ਇਹ ਗੱਲ ਸਾਫ ਹੋ ਗਈ ਹੈ ਕਿ ਦੋਵਾਂ ਸਿੱਖ ਆਗੂਆਂ ਵਿਚਾਲੇ ਰੰਜਿਸ਼ ਸੀ।

ਚਰਨਜੀਤ ਸਿੰਘ ਅਤੇ ਜਗਤਾਰ ਸਿੰਘ ਰੋਡੇ ਦਮਦਮੀ ਟਕਸਾਲ ਦੇ ਆਗੂ ਤਾਂ ਹਨ ਹੀ, ਅਕਾਲੀ ਲੀਡਰਸ਼ਿਪ ਨੇ ਉਨ੍ਹਾਂ ਨੂੰ 2011 ਵਿਚ ਸ਼੍ਰੋਮਣੀ ਕਮੇਟੀ ਦੇ ਹਾਊਸ ਲਈ ਮੈਂਬਰ ਵੀ ਨਾਮਜ਼ਦ ਕੀਤਾ ਹੋਇਆ ਹੈ। ਸੰਤ ਢੱਡਰੀਆਂ ਵਾਲੇ ਦੀ ਧਿਰ ਬਾਬੇ ਧੁੰਮੇ ਵਿਰੁੱਧ ਕਾਰਵਾਈ ਲਈ ਅੜੀ ਹੋਈ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਸੰਤ ਢੱਡਰੀਆਂ ਵਾਲੇ ਨਾਲ ਪਰਮੇਸ਼ਰ ਦਵਾਰ ਜਾ ਕੇ ਮਿਲਣਾ ਇਸੇ ਚਿੰਤਾ ਦਾ ਹੀ ਸਪੱਸ਼ਟ ਸੰਕੇਤ ਹੈ। ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਪਹਿਲਾਂ ਉਥੇ ਜਾ ਆਏ ਹਨ। ਹੁਣ ਇਕ ਗੱਲ ਸਪੱਸ਼ਟ ਨਜ਼ਰ ਆਉਣ ਲੱਗ ਪਈ ਹੈ ਕਿ ਅਕਾਲੀ ਦਲ ਨੇ ਦਮਦਮੀ ਟਕਸਾਲ ਤੋਂ ਦੂਰੀ ਬਣਾਉਣ ਦਾ ਰਸਤਾ ਅਖਤਿਆਰ ਕਰ ਲਿਆ ਹੈ।

ਦਮਦਮੀ ਟਕਸਾਲ ਇਸ ਵੇਲੇ ਸਭ ਤੋਂ ਵੱਡੇ ਸੰਕਟ ਵਿਚ ਹੈ ਤੇ ਪੂਰੇ ਸਿੱਖ ਸਮਾਜ ਵਿਚ ਇਕੱਲੀ ਹੀ ਰਹਿ ਗਈ ਹੈ। 2010 ਦੇ ਨੇੜੇ ਅਕਾਲੀ ਦਲ ਨੇ ਸਾਰੀਆਂ ਗਰਮ ਖਿਆਲੀ ਧਿਰਾਂ ਨੂੰ ਆਪਣੇ ਘੇਰੇ ਵਿਚ ਲਿਆਉਣ ਦੀ ਵਿਉਂਤ ਹੇਠ ਸਭ ਤੋਂ ਪਹਿਲਾਂ ਆਪਣੀ ਰਵਾਇਤੀ ਵਿਰੋਧੀ ਸਿੱਖ ਸੰਸਥਾ ਦਮਦਮੀ ਟਕਸਾਲ ਨੂੰ ਆਪਣੇ ਕਲਾਵੇ ਵਿਚ ਲਿਆ ਤੇ ਫਿਰ ਹੋਰ ਫੈਡਰੇਸ਼ਨ ਤੇ ਗਰਮ ਖਿਆਲੀ ਆਗੂ ਪਾਰਟੀ ਵਿਚ ਸ਼ਾਮਲ ਕੀਤੇ। 2011 ਦੀ ਸ਼੍ਰੋਮਣੀ ਕਮੇਟੀ ਚੋਣ, 2012 ਦੀ ਵਿਧਾਨ ਸਭਾ ਚੋਣ ਅਤੇ ਦਿੱਲੀ ਗੁਰਦੁਆਰਾ ਕਮੇਟੀ ਦੀ ਚੋਣ ਵਿਚ ਬਾਬਾ ਹਰਨਾਮ ਸਿੰਘ ਨੇ ਅਕਾਲੀ ਦਲ ਦੀ ਠੋਕ ਕੇ ਮਦਦ ਕੀਤੀ।

ਰਹਿਤ ਮਰਿਆਦਾ, ਨਾਨਕਸ਼ਾਹੀ ਕੈਲੰਡਰ ਸਮੇਤ ਕਈ ਆਏ ਮਾਮਲਿਆਂ ਵਿਚ ਟਕਸਾਲ ਤੇ ਅਕਾਲੀ ਲੀਡਰਸ਼ਿਪ ਇਕਮਿਕ ਹੋ ਕੇ ਵਿਚਰਦੀ ਰਹੀ। ਪਿਛਲੇ ਸਾਲ ਬਰਗਾੜੀ ਕਾਂਡ ਤੋਂ ਬਾਅਦ ਪੈਦਾ ਹੋਏ ਵੱਡੇ ਧਾਰਮਿਕ ਸੰਕਟ ਦੇ ਔਖੇ ਸਮੇਂ ਵੀ ਟਕਸਾਲ ਦਾ ਸਰਕਾਰ ਪ੍ਰਤੀ ਸਹਿਯੋਗੀ ਰੁਖ ਰਿਹਾ। ਸਿੱਖ ਪ੍ਰਚਾਰਕਾਂ ਤੇ ਸਿਆਸੀ ਧਿਰਾਂ ਦੇ ਮੋਰਚੇ ਤੋਂ ਟਕਸਾਲ ਨੇ ਵੱਖ ਰਹਿਣ ਦਾ ਹੀ ਯਤਨ ਕੀਤਾ, ਭਾਵੇਂ ਕਿ ਸਿੱਖਾਂ 'ਚ ਮੂੰਹ ਰੱਖਣ ਲਈ ਟਕਸਾਲ ਆਗੂ ਸਿਰਸਾ ਡੇਰੇ ਦੇ ਮੁਖੀ ਨੂੰ ਮੁਆਫ ਕਰਨ ਲਈ ਸਿੱਖ ਤਖ਼ਤਾਂ ਦੇ ਜਥੇਦਾਰਾਂ ਨੂੰ ਬਦਲਣ ਦੀ ਵੀ ਮੰਗ ਕਰਦੇ ਰਹੇ।

**ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ**

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿੱਲੋਂ
ਅਮੋਲਕ ਸਿੰਘ ਗਾਖਲ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਡਾ. ਤੇਜਿੰਦਰ ਸਿੰਘ ਮੰਡੇਰ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ

# ਵਿਸ਼ਵ ਪੰਜਾਬੀ ਸਾਹਿਤ ਤੇ ਭਾਸ਼ਾ ਕਾਨਫਰੰਸ ਵਿਚ ਨਾਮੀ ਵਿਦਵਾਨ ਪਹੁੰਚਣਗੇ

**ਫਰਿਜ਼ਨੋ (ਬਿਊਰੋ):** ਇਥੇ ਕੈਲੀਫੋਰਨੀਆ ਸਟੇਟ ਯੂਨੀਵਰਸਿਟੀ ਦੇ ਸੈਟੇਲਾਈਟ ਸਟੂਡੈਂਟ ਯੂਨੀਅਨ ਹਾਲ (5241 N. Maple Ave, Fresno, CA 93740) ਵਿਚ 4 ਅਤੇ 5 ਜੂਨ ਨੂੰ ਹੋ ਰਹੀ ਵਿਸ਼ਵ ਪੰਜਾਬੀ ਸਾਹਿਤ, ਸਭਿਆਚਾਰ ਅਤੇ ਭਾਸ਼ਾ ਬਾਰੇ ਕਾਨਫਰੰਸ ਵਿਚ ਦੁਨੀਆਂ ਭਰ ਦੇ ਵਿਦਵਾਨ ਹਿੱਸਾ ਲੈ ਰਹੇ ਹਨ।

ਇਹ ਜਾਣਕਾਰੀ ਦਿੰਦਿਆਂ ਇਸ ਕਾਨਫਰੰਸ ਦੇ ਇਕ ਆਯੋਜਕ ਡਾ. ਗੁਰੂਮੇਲ ਸਿੰਘ ਸਿੱਧੂ ਨੇ ਦੱਸਿਆ ਕਿ ਕਾਨਫਰੰਸ ਵਿਚ ਡਾ. ਵਨੀਤਾ (ਉਤਰੀ ਅਮਰੀਕਾ ਦੀ ਪੰਜਾਬੀ ਨਾਰੀ ਕਹਾਣੀ); ਡਾ. ਸੁਨੀਤਾ ਧੀਰ (ਥਿਏਟਰ ਵਿਚ ਪੰਜਾਬੀ ਔਰਤਾਂ ਦਾ ਯੋਗਦਾਨ); ਡਾ. ਸੁਰਿੰਦਰ ਸਿੰਘ ਸੰਘਾ (ਐਜੂਕੇਸ਼ਨ, ਸਿੱਖਿਆ-ਪੰਜਾਬ ਤੇ ਪੰਜਾਬੀਅਤ); ਡਾ. ਤਰਲੋਕ ਬੰਧੂ (ਵਿਸ਼ਵ ਪੰਜਾਬੀ ਕਹਾਣੀ); ਡਾ. ਰਵੀ ਰਵਿੰਦਰ (ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ-ਵਰਤਮਾਨ ਤੇ ਭਵਿਖ); ਡਾ. ਚਰਨਜੀਤ ਭੁੱਲਰ (ਅਜੋਕੀ ਪੱਤਰਕਾਰੀ, ਨਵੇਂ ਰੁਝਾਨ); ਡਾ. ਕੰਵਰ ਜਸਮਿੰਦਰਪਾਲ ਸਿੰਘ (ਪੰਜਾਬ ਦੀ ਸਿਖਿਆ ਪ੍ਰਣਾਲੀ); ਡਾ. ਜਸਕਰਨ ਸਹੋਤਾ (ਨਾਟਕੀ ਪਾਠ ਦੇ ਮੰਚੀ ਪਾਠ ਵਿਚ ਰੂਪਾਂਤਰਣ ਦਾ ਅਧਿਐਨ); ਸੁਰਜੀਤ ਕਲਸੀ (ਉਤਰੀ ਅਮਰੀਕਾ ਦੀ ਕਵਿਤਾ); ਹਰਜਿੰਦਰ ਕੰਗ (ਵਿਸ਼ਵ ਪੰਜਾਬੀ ਸਾਹਿਤ ਅਕਾਡਮੀ, ਕੈਲੀਫੋਰਨੀਆ ਦੀ ਪੰਜਾਬੀ ਸਾਹਿਤ ਨੂੰ ਦੇਣ); ਪਿਸ਼ੌਰਾ ਸਿੰਘ ਢਿੱਲੋਂ (ਪਰਵਾਸ ਵਿਚ ਪੰਜਾਬੀ ਸਭਿਆਚਾਰ ਦੀ ਸਲਾਮਤੀ); ਡਾ. ਐਲ. ਐਸ. ਰੰਧਾਵਾ (ਪੰਜਾਬੀ ਕਿਸਾਨ ਤੇ ਪੰਜਾਬੀ ਸਾਇੰਸਦਾਨ) ਅਤੇ ਡਾ. ਨਰਿੰਦਰ ਗੌਤਮ (ਪੰਜਾਬ ਦੀ ਜਨ-ਸਿਹਤ ਤੇ ਦਿਲ-ਮਨ ਦੀਆਂ ਬੀਮਾਰੀਆਂ ਵਿਚਕਾਰ ਬੇਜੋੜ ਸਬੰਧ) ਪਰਚੇ ਪੜ੍ਹਨਗੇ।

ਉਨ੍ਹਾਂ ਕਿਹਾ ਕਿ ਇਸ ਕਾਨਫਰੰਸ ਦੇ ਮੁੱਖ ਸਪਾਂਸਰ ਚਰਨਜੀਤ ਸਿੰਘ ਬਾਠ ਹੋਣਗੇ। ਸ਼ਿਮਲਾ ਹਿਲਜ਼ ਦੀ ਬਾਹਰਾ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਡਾ. ਦਿਲਜੀਤ ਸਿੰਘ ਅਤੇ ਮੈਡੀਕਲ ਯੂਨੀਵਰਸਿਟੀ, ਫਰੀਦਕੋਟ ਦੇ ਸਾਬਕਾ ਵੀ.ਸੀ. ਡਾ. ਐਸ. ਐਸ. ਗਿੱਲ ਮੁੱਖ ਮਹਿਮਾਨ ਹੋਣਗੇ। ਡਾ. ਦਿਲਬਾਰਾ ਸਿੰਘ, ਡਾ. ਸਵਰਾਜ ਸੰਧੂ, ਡਾ. ਰਾਜਿੰਦਰ ਕੌਰ ਢਿੱਲੋਂ, ਦਰਸ਼ਨ ਬੁੱਟਰ, ਸੁਸ਼ੀਲ ਦੁਸਾਂਝ, ਡਾ. ਮੁਹੰਮਦ ਇੰਦਰੀਸ਼, ਪਰਮਜੀਤ ਕੌਰ ਗੋਸਲ ਅਤੇ ਨਰਵਿੰਦਰ ਸਿੰਘ ਕੌਸਲ ਤੋਂ ਇਲਾਵਾ ਹੋਰ ਵਿਦਵਾਨ ਵੀ ਪਹੁੰਚਣਗੇ। ਡਾ. ਸਿੱਧੂ ਅਨੁਸਾਰ ਇਸ ਕਾਨਫਰੰਸ ਦਾ ਉਦੇਸ਼ ਵੀ ਪੱਛਮੀ ਦੇਸ਼ਾਂ ਵਿਚ ਪੰਜਾਬੀ ਭਾਸ਼ਾ, ਸਭਿਆਚਾਰ ਅਤੇ ਸਾਹਿਤ ਦੀ ਖੁਰ ਰਹੀ ਹੋਂਦ ਪ੍ਰਤੀ ਪੰਜਾਬੀ ਭਾਈਚਾਰੇ ਨੂੰ ਸੁਚੇਤ ਕਰਨਾ ਹੈ। ਉਨ੍ਹਾਂ ਸਭ ਪੰਜਾਬੀਆਂ ਨੂੰ ਇਸ ਕਾਨਫਰੰਸ ਵਿਚ ਪਹੁੰਚਣ ਦਾ ਸੱਦਾ ਦਿੱਤਾ ਹੈ।

ਹੋਰ ਜਾਣਕਾਰੀ ਲਈ ਚਰਨਜੀਤ ਸਿੰਘ ਬਾਠ (559-284-1149), ਡਾ. ਦੀਪਕ ਮਨਮੋਹਨ ਸਿੰਘ (559-394-5422), ਡਾ. ਗੁਰੂਮੇਲ ਸਿੱਧੂ (559-250-1790), ਹਰਜਿੰਦਰ ਕੰਗ (559-917-4890), ਸੰਤੋਖ ਮਿਨਹਾਸ (559-283-6376), ਅਵਤਾਰ ਗੌਂਦਾਰਾ, ਪਿਸ਼ੌਰਾ ਸਿੰਘ (559-479-1211), ਰਣਜੀਤ ਗਿੱਲ (559-709-9599) ਅਤੇ ਨਿਰਮਲ ਗਿੱਲ (559-269-4289) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

## ਸੈਨ ਹੋਜ਼ੇ ਵਿਸਾਖੀ ਮੇਲਾ 29 ਨੂੰ

**ਸੈਨ ਹੋਜ਼ੇ (ਬਿਊਰੋ):** ਸੈਨ ਹੋਜ਼ੇ ਵਿਸਾਖੀ ਮੇਲਾ 29 ਮਈ ਨੂੰ ਸਵੇਰੇ 10 ਤੋਂ ਸ਼ਾਮ 6 ਵਜੇ ਤੱਕ ਗੁਰਦੁਆਰਾ ਸੈਨ ਹੋਜ਼ੇ ਦੇ ਨਜ਼ਦੀਕ ਐਵਰਗਰੀਨ ਹਾਈ ਸਕੂਲ ਵਿਚ ਹੋਵੇਗਾ।

ਮੇਲਾ ਕਮੇਟੀ ਦੇ ਸਤਵਿੰਦਰ ਸਿੰਘ ਸਰਾਂ ਤੇ ਇੰਦਰਜੀਤ ਸਿੰਘ ਨੇ ਦੱਸਿਆ ਕਿ ਮੇਲਾ ਮੁਕੰਮਲ ਤੌਰ 'ਤੇ ਪਰਿਵਾਰਕ ਹੈ ਅਤੇ ਇਸ ਵਿਚ ਗਿੱਧਾ-ਭੰਗੜਾ, ਕਬੱਡੀ, ਵਾਲੀਬਾਲ ਤੋਂ ਇਲਾਵਾ ਪੰਜਾਬ ਦੇ ਨਾਮਵਾਰ ਕਲਾਕਾਰ-ਰੌਸ਼ਨ ਪ੍ਰਿੰਸ, ਮੁਖਤਿਆਰ ਔਲਖ, ਦਿਲਪ੍ਰੀਤ ਢਿੱਲੋਂ ਤੇ ਬਲਜੀਤ ਮਾਲਵਾ ਦਰਸ਼ਕਾਂ ਦੀ ਖਿਚ ਦਾ ਕੇਂਦਰ ਹੋਣਗੇ। ਕਾਰ ਪਾਰਕਿੰਗ ਅਤੇ ਸਕਿਉਰਿਟੀ ਦਾ ਖਾਸ ਪ੍ਰਬੰਧ ਹੋਵੇਗਾ। ਮੇਲੇ ਵਿਚ ਲੋਕਾਂ ਨੂੰ ਪਰਿਵਾਰਾਂ ਸਮੇਤ ਪਹੁੰਚਣ ਦੀ ਉਨ੍ਹਾਂ ਬੇਨਤੀ ਕੀਤੀ ਹੈ।

## 3 ਕਰੋੜ 16 ਲੱਖ ਡਾਲਰ 'ਚ ਵਿਕਿਆ ਗੁਲਾਬੀ ਹੀਰਾ

**ਨਵੀਂ ਦਿੱਲੀ:** ਨਾਸ਼ਪਤੀ ਦੇ ਆਕਾਰ ਵਾਲਾ 15.38 ਕੈਰੇਟ ਦਾ ਦੁਰਲੱਭ ਗੁਲਾਬੀ ਹੀਰਾ ਜਨੇਵਾ ਵਿਚ ਹੋਈ ਨਿਲਾਮੀ 'ਚ 3 ਕਰੋੜ 16 ਲੱਖ ਅਮਰੀਕੀ ਡਾਲਰ ਵਿਚ ਵਿਕਿਆ ਹੈ। ਇਸ ਦੀ ਨਿਲਾਮੀ ਲਈ ਹੋਏ ਸਮਾਗਮ ਵਿਚ ਅੰਤਰਰਾਸ਼ਟਰੀ ਪੱਧਰ ਦੇ ਨਿਲਾਮੀਕਾਰ ਸ਼ਾਮਲ ਹੋਏ ਜਿਨ੍ਹਾਂ ਨੇ ਇਸ ਦੀ ਬੋਲੀ ਲਗਾਈ। ਇਸ ਨੂੰ 'ਯੂਨੀਕ ਪਿੰਕ' ਦੇ ਨਾਂ ਨਾਲ ਵੀ ਪੁਕਾਰਿਆ ਜਾਂਦਾ ਹੈ। ਇਸ ਦੇ ਹਾਂਗਕਾਂਗ ਦੇ ਖਰੀਦਦਾਰ ਨੇ 12.03 ਕੈਰੇਟ ਵਾਲੇ ਇਕ ਹੋਰ ਹੀਰੇ ਨੂੰ ਪਿਛਲੇ ਸਾਲ ਖਰੀਦਿਆ ਸੀ।

# ਬਰਗਾੜੀ ਕਾਂਡ ਬਾਰੇ ਸੂਹ ਲਈ ਦਸ ਲੱਖ ਦਾ ਇਨਾਮ

**ਫ਼ਰੀਦਕੋਟ:** ਬਰਗਾੜੀ ਕਾਂਡ ਦੀ ਜਾਂਚ ਕਰ ਰਹੀ ਸੀ.ਬੀ.ਆਈ. ਨੂੰ ਲੰਬੀ ਜੱਦੋ ਜਹਿਦ ਤੋਂ ਬਾਅਦ ਵੀ ਕੋਈ ਸੁਰਾਗ ਨਾ ਮਿਲਣ ਉਪਰੰਤ ਹੁਣ ਇਸ ਏਜੰਸੀ ਨੇ ਦੋਸ਼ੀਆਂ ਤੱਕ ਪੁੱਜਣ ਲਈ ਦਸ ਲੱਖ ਰੁਪਏ ਦਾ ਇਨਾਮ ਰੱਖ ਦਿੱਤਾ ਹੈ।

ਸੀ.ਬੀ.ਆਈ. ਦੀ ਵਿਸ਼ੇਸ਼ ਅਪਰਾਧ ਸ਼ਾਖਾ ਨੇ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਵਿਚੋਂ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਚੋਰੀ ਹੋਣ, ਸਰੂਪ ਦੇ ਪੱਤਰੇ ਪਿੰਡ ਬਰਗਾੜੀ ਵਿਚੋਂ ਮਿਲਣ ਅਤੇ ਇਤਰਾਜ਼ਯੋਗ ਪੋਸਟਰ ਲੱਗਣ ਦੇ ਮਾਮਲੇ ਵਿਚ ਦੋਸ਼ੀਆਂ ਦੀ ਭਾਲ ਲਈ ਆਮ ਲੋਕਾਂ ਤੋਂ ਸਹਿਯੋਗ ਮੰਗਿਆ ਹੈ।

ਦੂਜੇ ਪਾਸੇ ਅਕਾਲੀ ਦਲ (ਅੰਮ੍ਰਿਤਸਰ) ਦੇ ਆਗੂ ਜਸਕਰਨ ਸਿੰਘ ਕਾਹਨਸਿੰਘਵਾਲਾ ਅਤੇ ਸੁਰਜੀਤ ਸਿੰਘ ਅਰਾਈਆਂਵਾਲਾ ਨੇ ਕਿਹਾ ਕਿ ਪੰਜਾਬ ਸਰਕਾਰ ਅਤੇ ਪੁਲਿਸ ਨੇ ਸੀ.ਬੀ.ਆਈ. ਨੂੰ ਮਾਮਲਾ ਸੌਂਪਣ ਤੋਂ ਪਹਿਲਾਂ ਹੀ ਬਰਗਾੜੀ ਕਾਂਡ ਨਾਲ ਜੁੜੇ ਬਹੁਤੇ ਸਬੂਤ ਕਥਿਤ ਤੌਰ 'ਤੇ ਮਿਟਾ ਦਿੱਤੇ ਸਨ। ਉਨ੍ਹਾਂ ਕਿਹਾ ਕਿ ਸੀ.ਬੀ.ਆਈ. ਨੇ ਚਸ਼ਮਦੀਦ ਗਵਾਹਾਂ ਵੱਲੋਂ ਦਿੱਤੀ ਸੂਚਨਾ ਦੇ ਆਧਾਰ 'ਤੇ ਜਾਂਚ ਨਹੀਂ ਕੀਤੀ।

## ਸਮਾਰਟ ਸ਼ਹਿਰਾਂ ਦੀ ਸੂਚੀ ਵਿਚ ਚੰਡੀਗੜ੍ਹ ਵੀ ਸ਼ੁਮਾਰ

**ਨਵੀਂ ਦਿੱਲੀ:** ਸਰਕਾਰ ਵਲੋਂ ਸਮਾਰਟ ਸਿਟੀ ਮਿਸ਼ਨ ਤਹਿਤ ਐਲਾਨੀ ਗਈ 13 ਸ਼ਹਿਰਾਂ ਦੀ ਦੂਜੀ ਸੂਚੀ ਵਿਚ ਪੰਜਾਬ ਅਤੇ ਹਰਿਆਣਾ ਦੀ ਰਾਜਧਾਨੀ ਚੰਡੀਗੜ੍ਹ ਦੀ ਸ਼ਾਮਲ ਹੈ। ਇਸ ਸੂਚੀ ਵਿਚ ਉਤਰ ਪ੍ਰਦੇਸ਼ ਦਾ ਸ਼ਹਿਰ ਲਖਨਊ ਸਭ ਤੋਂ ਉਪਰ ਹੈ। ਉਸ ਮਗਰੋਂ ਤੇਲੰਗਾਨਾ ਦੇ ਵਾਰੰਗਲ ਅਤੇ ਹਿਮਾਚਲ ਪ੍ਰਦੇਸ਼ ਦੇ ਧਰਮਸ਼ਾਲਾ ਦਾ ਨਾਂ ਹੈ। ਸ਼ਹਿਰੀ ਵਿਕਾਸ ਮੰਤਰੀ ਐਮ. ਵੈਂਕਈਆ ਨਾਇਡੂ ਨੇ ਇਸ ਦੂਜੀ ਸੂਚੀ ਦਾ ਐਲਾਨ ਕੀਤਾ ਹੈ ਜਿਸ ਵਿਚ ਚੰਡੀਗੜ੍ਹ, ਰਾਏਪੁਰ (ਛੱਤੀਸਗੜ੍ਹ), ਨਿਊ ਟਾਊਨ ਕੋਲਕਾਤਾ, ਭਾਗਲਪੁਰ (ਬਿਹਾਰ), ਪਣਜੀ (ਗੋਆ), ਪੋਰਟ ਬਲੇਅਰ (ਅੰਡੇਮਾਨ ਨਿਕੋਬਾਰ), ਇੰਫਾਲ (ਮਨੀਪੁਰ), ਰਾਂਚੀ (ਝਾਰਖੰਡ), ਅਗਰਤਲਾ (ਤ੍ਰਿਪੁਰਾ) ਅਤੇ ਫਰੀਦਾਬਾਦ (ਹਰਿਆਣਾ) ਸ਼ਾਮਲ ਹਨ।


ਕੀ ਤੁਸੀਂ ਸਭ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?
ਹੋਮਿਓਪੈਥੀ, ਕੁਦਰਤੀ ਇਲਾਜ ਪ੍ਰਣਾਲੀ ਅਜ਼ਮਾ ਕੇ ਦੇਖੋ

**Gurdip Singh Sandhu**
Homeopathic Practitioner/Consultant
DHMS-Gold Medalist, BAMS, MDEh.- India
1188 E Santa Clara St., San Jose, CA 95116

Homeopathic natural medicines supply



Gurdip Singh Sandhu

Well Experienced as:
Director, Principal, Professor and Chief Medical Officer in Medical Colleges and Hospitals of Punjab (India)
Practice Under State of California Act SB 577

EX Member:
The California Homeopathic Society
National Center For Homeopathy- USA

Ph:(408) 687-1899
(408) 729-6691
Fax:(408)292-6200
Email: Homeomdicine@yahoo.com
Website: www.Homeopathyatoz.com
Toll Free: 1-877-OK-HOMEO (1-877-654-6636)



**Golden State Realty**
9912 Kapalua Ln., Elk Grove, CA 95624

Please Contact For
Commercial
or
Residential
Needs



Sohanpreet (Sam) Chahal
CA Lic. 01504071
Realtor/CEO
CRE Group Inc.
Multi Million Dollar Producers
2009 to 2014

ਅਸੀਂ ਲੋਨ ਲੈਣ ਵਿਚ ਤੁਹਾਡੀ ਮਦਦ ਕਰਦੇ ਹਾਂ

Call: Sohanpreet 'Sam' Chahal
Ph: 916-612-5773
email: samchahal@hotmail.com
Serving all over California



**Satwant Singh Insurance Services**
We serve all over California
Auto, Home, Life, Business, Workers Comp.
See how much you can save. Get free quote for Auto, Home, Life and Business.
Compare Auto, Home quotes online at our website: www.satwantins.com

Visit our web page and you'll find an online tool that helps you compare different policies in just minutes. All you have to do is type in your name and a few details about your home or vehicle, and within a few minutes you'll have several price quotes waiting for you to review.

ਸੱਤੇ ਦਿਨ ਖੁੱਲ੍ਹਾ, ਅਸੀਂ ਸੱਤੇ ਦਿਨ 24 ਘੰਟੇ ਫੋਨ 'ਤੇ ਜਵਾਬ ਦਿੰਦੇ ਹਾਂ



Satwant Singh, CLCS, MBA
(CA Lic # 0H11256)

Now we have 3 locations:
San Jose: 2774 Aborn Road San Jose, CA 95121
Sunnyvale: 830 Stewart Dr Ste #126 Sunnyvale, CA 94085
Fremont: 44790 S Grimmer Blvd, Fremont, CA 94538

Allied Insurance
a Nationwide Insurance® company

Call today for your FREE, no-obligation quote: 1-408-771-2438
satwant@satwantins.com

# ਪੰਜਾਬ ਦੀਆਂ ਜੇਲ੍ਹਾਂ ਵਿਚ ਸਭ ਤੋਂ ਵੱਧ ਮਨੁੱਖੀ ਹੱਕਾਂ ਦਾ ਘਾਣ

**ਚੰਡੀਗੜ੍ਹ:** ਪੰਜਾਬ ਦੀਆਂ 26 ਜੇਲ੍ਹਾਂ ਵਿਚ 18,000 ਕੈਦੀ ਰੱਖਣ ਦੀ ਸਮਰੱਥਾ ਹੈ, ਪਰ ਇਨ੍ਹਾਂ ਵਿਚ 26,000 ਤੋਂ ਵੱਧ ਅਪਰਾਧੀ ਨਜ਼ਰਬੰਦ ਹਨ। ਜੇਲ੍ਹ ਵਿਭਾਗ ਵਿਚ ਵੱਖ-ਵੱਖ ਵਰਗਾਂ ਦੀਆਂ 20,000 ਦੇ ਕਰੀਬ ਅਸਾਮੀਆਂ ਖਾਲੀ ਹਨ। ਸੁਰੱਖਿਆ ਤੇ ਜ਼ਰੂਰੀ ਕਾਰਜਾਂ ਲਈ ਸਾਬਕਾ ਫ਼ੌਜੀਆਂ ਅਤੇ ਹੋਮਗਾਰਡਾਂ ਨਾਲ ਕੰਮ ਚਲਾਇਆ ਜਾ ਰਿਹਾ ਹੈ।



ਸਿਹਤ ਸਹੂਲਤਾਂ ਨਾਦਾਰਦ ਹਨ। ਜੇਲ੍ਹ ਅਧਿਕਾਰੀਆਂ ਅਤੇ ਕਰਮਚਾਰੀਆਂ ਦੀ ਕੋਈ ਜਵਾਬਦੇਹੀ ਨਿਸ਼ਚਿਤ ਨਹੀਂ ਹੈ। ਕੈਦੀਆਂ ਲਈ ਸਿਹਤ ਸਹੂਲਤਾਂ, ਕਿਰਤ ਵਾਲੇ ਰੁਝੇਵੇਂ ਅਤੇ ਸਰੀਰਕ ਤੇ ਮਾਨਸਿਕ ਤੰਦਰੁਸਤੀ ਵਾਲੇ ਪ੍ਰੋਗਰਾਮ ਨਾ ਬਰਾਬਰ ਹਨ। ਸਿਆਸੀ ਅਤੇ ਪ੍ਰਬੰਧਕੀ ਸ਼ਹਿ ਉਤੇ ਅਸਰ-ਰਸੂਖ ਵਾਲੇ ਕੈਦੀ ਸਾਧਾਰਨ ਕੈਦੀਆਂ ਨਾਲ ਦੁਰਵਿਹਾਰ ਕਰਦੇ ਹਨ ਜਿਸ ਨਾਲ ਅਨੁਸ਼ਾਸਨਹੀਣਤਾ ਵਧ ਰਹੀ ਹੈ।

ਨਿਆਂ ਪਾਲਿਕਾ ਵੱਲੋਂ ਸਮੇਂ-ਸਮੇਂ ਜੇਲ੍ਹਾਂ ਦਾ ਮੁਆਇਨਾ ਕਰਨ ਦਾ ਵਰਤਾਰਾ ਕਾਗ਼ਜ਼ੀ ਰਸਮ ਬਣ ਕੇ ਰਹਿ ਗਿਆ ਹੈ। ਜੇਲ੍ਹਾਂ ਦਾ ਆਧੁਨਿਕੀਕਰਨ ਅਧਿਕਾਰੀਆਂ ਦੇ ਕਮਰਿਆਂ ਵਿਚ ਸੀ.ਸੀ.ਟੀ.ਵੀ. ਕੈਮਰੇ, ਟੀ.ਵੀ. ਅਤੇ ਹੋਰ ਸਹੂਲਤਾਂ ਤੱਕ ਹੀ ਸੀਮਤ ਹੋ ਕੇ ਰਹਿ ਗਿਆ ਹੈ। ਜੇਲ੍ਹਾਂ ਵਿਚ ਵੱਡੀ ਪੱਧਰ ਉਤੇ ਹੋ ਰਹੀਆਂ ਬੇਨੇਮੀਆਂ ਦਾ ਖੁਲਾਸਾ ਹੋਣ ਮਗਰੋਂ ਪਰੇਸ਼ਾਨ ਹੋਈ ਪੰਜਾਬ ਸਰਕਾਰ ਅਤੇ ਸੂਬਾ ਪੁਲਿਸ ਮੁਖੀ ਵੱਲੋਂ ਇਨ੍ਹਾਂ ਦੇ ਸੁਧਾਰਾਂ ਲਈ ਕੀਤੇ ਜਾ ਰਹੇ ਯਤਨਾਂ ਨੂੰ ਬੂਰ ਪੈਂਦਾ ਨਜ਼ਰ ਨਹੀਂ ਆ ਰਿਹਾ।

ਜੇਲ੍ਹਾਂ ਵਿਚ ਬੰਦ ਖਤਰਨਾਕ ਅਪਰਾਧੀਆਂ, ਗੈਂਗਸਟਰਾਂ ਅਤੇ ਅਸਰ-ਰਸੂਖ ਵਾਲੇ ਕੈਦੀਆਂ ਦੀਆਂ ਗਤੀਵਿਧੀਆਂ ਨੂੰ ਰੋਕਣ ਲਈ ਹਾਲ ਹੀ ਵਿਚ ਕਈ ਜੇਲ੍ਹਾਂ ਦਾ ਅਚਨਚੇਤ ਨਿਰੀਖਣ ਕਰਨ ਤੋਂ ਇਲਾਵਾ ਪੁਲਿਸ ਮੁਖੀ ਨੇ ਜੇਲ੍ਹਾਂ ਦੇ ਸੁਪਰਡੈਂਟ ਪੁਲਿਸ ਅਧਿਕਾਰੀਆਂ ਨੂੰ ਲਾਉਣ ਦੀ ਤਜਵੀਜ਼ ਬਣਾਈ ਸੀ। ਇਸ ਪ੍ਰਸਤਾਵ ਨੂੰ ਅਮਲੀ ਜਾਮਾ ਪਹਿਨਾਉਣ ਲਈ ਜੇਲ੍ਹਾਂ ਦੇ ਡੀ.ਜੀ.ਪੀ. ਨੇ ਡੇਢ ਦਰਜਨ ਦੇ ਕਰੀਬ ਪੁਲਿਸ ਸੁਪਰਡੈਂਟਾਂ ਨੂੰ ਜੇਲ੍ਹ ਸੁਪਰਡੈਂਟਾਂ ਵਜੋਂ ਤਾਇਨਾਤ ਕਰਨ ਦੀ ਪੇਸ਼ਕਸ਼ ਕੀਤੀ, ਪਰ ਇਕ ਅਧਿਕਾਰੀ ਨੂੰ ਛੱਡ ਕੇ ਬਾਕੀ ਕਿਸੇ ਵੱਲੋਂ ਵੀ ਹੁੰਗਾਰਾ ਨਾ ਭਰੇ ਜਾਣ ਕਾਰਨ ਇਸ ਤਜਵੀਜ਼ 'ਤੇ ਸਵਾਲੀਆ ਨਿਸ਼ਾਨ ਲੱਗ ਗਿਆ ਜਾਪਦਾ ਹੈ।

## ਨਵੀਆਂ ਜੇਲ੍ਹਾਂ ਵਿਚ ਫਾਂਸੀ ਦੇ ਤਖਤੇ ਨਹੀਂ

**ਬਠਿੰਡਾ:** ਪੰਜਾਬ ਸਰਕਾਰ ਵੱਲੋਂ ਨਵੀਆਂ ਜੇਲ੍ਹਾਂ ਵਿਚੋਂ ਫਾਂਸੀ ਦੇ ਤਖ਼ਤੇ ਨਹੀਂ ਬਣਾਏ ਗਏ ਹਨ। ਪੁਰਾਣੀਆਂ ਜੇਲ੍ਹਾਂ ਵਿਚ ਫਾਂਸੀ ਦੇ ਤਖ਼ਤੇ ਮੌਜੂਦ ਹਨ। ਵੱਖਰੀ ਗੱਲ ਹੈ ਕਿ ਲੰਬੇ ਸਮੇਂ ਤੋਂ ਪੰਜਾਬ 'ਚ ਕਿਧਰੇ ਫਾਂਸੀ ਨਹੀਂ ਦਿੱਤੀ ਗਈ ਹੈ।

ਨਵੀਆਂ ਜੇਲ੍ਹਾਂ ਵਿਚ ਫਾਂਸੀ ਦੀ ਸਜ਼ਾ ਵਾਲੇ ਕੈਦੀਆਂ ਨੂੰ ਰੱਖਣ ਵਾਸਤੇ ਵੱਖਰੇ ਸੈੱਲ ਤਾਂ ਬਣਾਏ ਗਏ ਹਨ, ਪਰ ਫਾਂਸੀ ਵਾਲਾ ਅਹਾਤਾ ਨਹੀਂ ਬਣਾਇਆ ਗਿਆ ਹੈ। ਪੰਜਾਬ ਸਰਕਾਰ ਵੱਲੋਂ ਬਠਿੰਡਾ, ਸ੍ਰੀ ਮੁਕਤਸਰ, ਅੰਮ੍ਰਿਤਸਰ ਵਿਚ ਨਵੀਆਂ ਜੇਲ੍ਹਾਂ ਬਣਾਈਆਂ ਗਈਆਂ ਹਨ ਜਦੋਂਕਿ ਗੋਇੰਦਵਾਲ ਜੇਲ੍ਹ ਉਸਾਰੀ ਅਧੀਨ ਹੈ। ਲੋਕ ਨਿਰਮਾਣ ਵਿਭਾਗ ਵੱਲੋਂ 550 ਕਰੋੜ ਰੁਪਏ ਦੀ ਲਾਗਤ ਨਾਲ ਇਨ੍ਹਾਂ ਜੇਲ੍ਹਾਂ ਦੀ ਉਸਾਰੀ ਕੀਤੀ ਗਈ ਹੈ। ਇਸ ਤੋਂ ਪਹਿਲਾਂ ਫ਼ਰੀਦਕੋਟ ਵਿਚ 112 ਕਰੋੜ ਦੀ ਲਾਗਤ ਨਾਲ ਨਵੀਂ ਜੇਲ੍ਹ ਬਣਾਈ ਗਈ ਹੈ, ਜੋ 2011 ਵਿਚ ਬਣ ਕੇ ਤਿਆਰ ਹੋ ਗਈ ਸੀ। ਇਵੇਂ ਹੀ ਕਪੂਰਥਲਾ ਜੇਲ੍ਹ ਨਵੀਂ ਬਣੀ ਹੈ। ਜਾਣਕਾਰੀ ਅਨੁਸਾਰ ਇਨ੍ਹਾਂ ਨਵੀਆਂ ਜੇਲ੍ਹਾਂ ਵਿਚ ਫਾਂਸੀ ਦਾ ਤਖ਼ਤਾ ਨਹੀਂ ਬਣਾਇਆ ਗਿਆ ਹੈ। ਸੂਤਰ ਦੱਸਦੇ ਹਨ ਕਿ ਪਹਿਲਾਂ ਤਾਂ ਜੇਲ੍ਹ ਵਿਭਾਗ ਨੇ ਫਾਂਸੀ ਦਾ ਤਖ਼ਤਾ ਬਣਾਉਣ ਦੀ ਹਦਾਇਤ ਕਰ ਦਿੱਤੀ ਸੀ, ਪਰ ਮਗਰੋਂ ਫੈਸਲਾ ਬਦਲ ਦਿੱਤਾ ਗਿਆ। ਇਨ੍ਹਾਂ ਜੇਲ੍ਹਾਂ ਵਿਚ ਵੱਖਰੇ 6-6 ਸੈੱਲ ਬਣਾਏ ਗਏ ਹਨ, ਜਿਨ੍ਹਾਂ ਵਿਚ ਫਾਂਸੀ ਵਾਲੇ ਕੈਦੀਆਂ ਨੂੰ ਰੱਖਿਆ ਜਾਂਦਾ ਹੈ। ਬਠਿੰਡਾ ਦੀ ਨਵੀਂ ਜੇਲ੍ਹ 30 ਏਕੜ ਜ਼ਮੀਨ ਵਿਚ ਬਣੀ ਹੈ, ਜਿਸ ਉਤੇ 170 ਕਰੋੜ ਰੁਪਏ ਦੀ ਲਾਗਤ ਆਈ ਹੈ। ਜੇਲ੍ਹ ਸੁਪਰਡੈਂਟ ਐਸ.ਐਸ. ਸਹੋਤਾ ਦਾ ਕਹਿਣਾ ਹੈ ਕਿ ਫਾਂਸੀ ਦਾ ਅਹਾਤਾ ਨਾ ਬਣਾਏ ਜਾਣ ਦੀ ਸਰਕਾਰ ਦੀ ਕੋਈ ਨੀਤੀ ਹੋਵੇਗੀ।

ਲੋਕ ਨਿਰਮਾਣ ਵਿਭਾਗ ਦੇ ਐਕਸੀਅਨ ਨੀਰਜ ਭੰਡਾਰੀ ਦਾ ਕਹਿਣਾ ਹੈ ਕਿ ਨਵੀਂ ਜੇਲ੍ਹ ਵਿਚ ਜੇਲ੍ਹ ਅਹਾਤੇ ਵਾਸਤੇ ਅੱਧਾ ਏਕੜ ਰਕਬਾ ਰਾਖਵਾਂ ਤਾਂ ਰੱਖਿਆ ਗਿਆ ਹੈ ਪਰ ਫਾਂਸੀ ਦਾ ਤਖ਼ਤਾ ਉਸਾਰਿਆ ਨਹੀਂ ਗਿਆ। ਵੇਰਵਿਆਂ ਅਨੁਸਾਰ ਮੁਕਤਸਰ ਜੇਲ੍ਹ ਪਿੰਡ ਬੂੜਾ ਗੁੱਜਰ ਵਿਚ ਕਰੀਬ 23 ਏਕੜ ਵਿਚ ਬਣੀ ਹੈ ਅਤੇ ਉਥੇ ਵੀ ਫਾਂਸੀ ਦਾ ਤਖ਼ਤਾ ਨਹੀਂ ਬਣਿਆ ਹੈ। ਅੰਮ੍ਰਿਤਸਰ ਤੇ ਗੋਇੰਦਵਾਲ ਜੇਲ੍ਹ ਵਿਚ ਵੀ ਇਹ ਵਿਵਸਥਾ ਨਹੀਂ ਕੀਤੀ ਗਈ ਹੈ। ਦੱਸਣਯੋਗ ਹੈ ਕਿ ਬਠਿੰਡਾ ਦੀ ਪੁਰਾਣੀ ਜੇਲ੍ਹ ਵਿਚ ਆਖਰੀ ਵਾਰ 14 ਅਗਸਤ 1983 ਨੂੰ ਫਾਂਸੀ ਦੇ ਤਖ਼ਤੇ ਦੀ ਵਰਤੋਂ ਕੀਤੀ ਗਈ ਸੀ।

## ਪਾਕਿਸਤਾਨ 'ਚ ਸਿੱਖ ਅਨੰਦ ਮੈਰਿਜ ਐਕਟ ਨੂੰ ਨਹੀਂ ਮਿਲ ਰਹੀ ਮਾਨਤਾ

**ਅੰਮ੍ਰਿਤਸਰ:** ਪਾਕਿਸਤਾਨ ਵਿਚ ਸਿੱਖਾਂ ਦੀ ਆਬਾਦੀ ਇਸ ਸਮੇਂ 18 ਹਜ਼ਾਰ ਦੇ ਕਰੀਬ ਹੈ ਅਤੇ ਇਥੋਂ ਦਾ ਕੋਈ ਵੀ ਸਿੱਖ ਉਥੋਂ ਦੇ ਸਰਕਾਰੀ ਰਿਕਾਰਡ ਮੁਤਾਬਕ ਸ਼ਾਦੀਸ਼ੁਦਾ ਨਹੀਂ ਹੈ। ਪਾਕਿਸਤਾਨ ਸਰਕਾਰ ਵੱਲੋਂ 2007 ਵਿਚ ਸਿੱਖ ਆਨੰਦ ਮੈਰਿਜ ਐਕਟ ਲਾਗੂ ਕੀਤੇ ਜਾਣ ਦਾ ਦਾਅਵਾ ਕੀਤਾ ਗਿਆ ਸੀ।



ਐਕਟ ਨੂੰ ਮਨਜ਼ੂਰੀ ਦਿੱਤੇ ਜਾਣ ਦੇ ਭਰਮ ਵਿਚ ਆ ਕੇ 2011 ਵਿਚ ਇਕ ਪ੍ਰਸਿੱਧ ਅਕਾਲੀ ਬਜ਼ੁਰਗ ਨੇਤਾ ਵੱਲੋਂ ਪੰਜਾਬ ਵਿਚ ਸਮਾਗਮ ਦੌਰਾਨ 'ਪਾਕਿਸਤਾਨ ਜ਼ਿੰਦਾਬਾਦ' ਅਤੇ 'ਭਾਰਤ ਮੁਰਦਾਬਾਦ' ਦੇ ਨਾਅਰੇ ਵੀ ਲਗਾਏ ਗਏ ਸਨ। ਗੁੱਜਰਾਂਵਾਲਾ ਸਰਕਾਰੀ ਕਾਲਜ ਦੇ ਪ੍ਰੋ. ਕਲਿਆਣ ਸਿੰਘ ਕਲਿਆਣ ਨੇ ਦੱਸਿਆ ਕਿ ਪਾਕਿਸਤਾਨ ਵਿਚ ਰਹਿੰਦਾ ਕੋਈ ਵੀ ਸਿੱਖ ਅਜੇ ਤੱਕ ਆਪਣੇ ਵਿਆਹ ਦਾ ਪ੍ਰਮਾਣ-ਪੱਤਰ ਜਾਂ ਸਰਟੀਫਿਕੇਟ ਹਾਸਲ ਨਹੀਂ ਕਰ ਸਕਿਆ ਹੈ। ਉਨ੍ਹਾਂ ਕਿਹਾ ਕਿ ਸਿੱਖਾਂ ਨੂੰ ਕਈ ਸਮਾਜਿਕ ਅਤੇ ਆਰਥਿਕ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਬਿਨਾਂ ਮੈਰਿਜ ਸਰਟੀਫਿਕੇਟ ਜਿਥੇ ਇਕ ਪਾਸੇ ਸਿੱਖ ਔਰਤਾਂ ਨੂੰ ਸ਼ਨਾਖਤੀ ਕਾਰਡ ਨਹੀਂ ਮਿਲ ਰਿਹਾ, ਉਥੇ ਵਿਧਵਾ ਔਰਤਾਂ ਆਪਣੇ ਪਤੀ ਦੀ ਸੰਪਤੀ ਉਤੇ ਦਾਅਵਾ ਨਹੀਂ ਕਰ ਸਕਦੀਆਂ। ਉਨ੍ਹਾਂ ਕਿਹਾ ਕਿ ਪਾਕਿਸਤਾਨ ਵਿਚ ਰਹਿੰਦੇ ਸਿੱਖਾਂ ਨੂੰ ਵਿਆਹ ਤੋਂ ਬਾਅਦ ਗੁਰਦੁਆਰੇ ਦੇ ਨਾਂ 'ਤੇ ਬਣਾਇਆ ਨਿਕਾਹਨਾਮਾ ਦਿੱਤਾ ਜਾਂਦਾ ਹੈ ਅਤੇ ਪੰਚਾਇਤ ਵੱਲੋਂ ਉਨ੍ਹਾਂ ਦਾ ਤਲਾਕ ਮਨਜ਼ੂਰ ਕੀਤਾ ਜਾ ਰਿਹਾ ਹੈ।

## ਖੁਦਕੁਸ਼ੀ ਮਾਮਲਾ: ਸਾਬਕਾ ਡੀ.ਆਈ.ਜੀ. ਤੇ ਡੀ.ਐਸ.ਪੀ 'ਤੇ ਦੋਸ਼ ਆਇਦ

**ਅੰਮ੍ਰਿਤਸਰ:** ਇਕੋ ਪਰਿਵਾਰ ਦੇ ਪੰਜ ਮੈਂਬਰਾਂ ਵੱਲੋਂ ਸਮੂਹਿਕ ਖੁਦਕੁਸ਼ੀ ਕਰਨ ਦੇ ਤਕਰੀਬਨ 12 ਸਾਲ ਪੁਰਾਣੇ ਮਾਮਲੇ ਵਿਚ ਉਸ ਵੇਲੇ ਇਨਸਾਫ ਦੀ ਕਿਰਨ ਜਾਗਦੀ ਦਿਖਾਈ ਦਿੱਤੀ ਜਦੋਂ ਵਧੀਕ ਜ਼ਿਲ੍ਹਾ ਸੈਸ਼ਨ ਜੱਜ ਮੋਨਿਕਾ ਗੋਇਲ ਦੀ ਅਦਾਲਤ ਵੱਲੋਂ ਪੰਜਾਬ ਪੁਲਿਸ ਦੇ ਇਕ ਸਾਬਕਾ ਡੀ.ਆਈ.ਜੀ. ਤੇ ਮੌਜੂਦਾ ਡੀ. ਐਸ.ਪੀ. ਤੋਂ ਇਲਾਵਾ ਦੋ ਔਰਤਾਂ ਸਮੇਤ ਛੇ ਵਿਅਕਤੀਆਂ ਵਿਰੁੱਧ ਵੱਖ-ਵੱਖ ਦੋਸ਼ਾਂ ਤਹਿਤ ਦੋਸ਼ ਆਇਦ ਕਰ ਦਿੱਤੇ ਤੇ ਮਾਮਲੇ ਦੀ ਅਗਲੀ ਪੇਸ਼ੀ ਪਹਿਲੀ ਜੂਨ ਨੂੰ ਤੈਅ ਕਰ ਦਿੱਤੀ ਹੈ।

ਇਹ ਮਾਮਲਾ ਥਾਣਾ ਸੀ ਡਵੀਜ਼ਨ ਵੱਲੋਂ 31 ਅਕਤੂਬਰ 2004 ਨੂੰ ਦਰਜ ਕੀਤਾ ਗਿਆ ਸੀ, ਜਦੋਂ ਚਾਕ ਮੋਨੀ ਦੇ ਰਹਿਣ ਵਾਲੇ ਇਕ ਸੁਨਿਆਰੇ ਹਰਦੀਪ ਸਿੰਘ, ਉਸ ਦੀ ਧਰਮ ਪਤਨੀ ਰੋਮੀ, ਮਾਤਾ ਜਸਵੰਤ ਕੌਰ ਤੇ ਦੋ ਨੌਜਵਾਨ ਪੁੱਤਰਾਂ ਇਸ਼ਰਾਨ ਸਿੰਘ ਤੇ ਸਨਮੀਤ ਸਿੰਘ ਵੱਲੋਂ ਉਕਤ ਪੁਲਿਸ ਅਧਿਕਾਰੀਆਂ ਤੇ ਹੋਰਾਂ ਤੋਂ ਦੁਖੀ ਹੋ ਕੇ ਸਮੂਹਿਕ ਆਤਮ ਹੱਤਿਆ ਕਰ ਲਈ ਸੀ। ਉਨ੍ਹਾਂ ਘਰ ਦੀਆਂ ਦੀਵਾਰਾਂ 'ਤੇ ਖੁਦਕੁਸ਼ੀ ਨੋਟ ਵੀ ਲਿਖ ਦਿੱਤੇ ਸਨ। ਕਰੀਬ 12 ਸਾਲ ਪੁਰਾਣੇ ਮਾਮਲੇ ਵਿਚ ਕਈ ਉਤਰਾਅ ਚੜ੍ਹਾਅ ਆਏ ਤੇ ਕਈ ਵਾਰੀ ਇਹ ਕੇਸ ਠੰਢੇ ਬਸਤੇ ਵਿਚ ਪਿਆ ਵੀ ਨਜ਼ਰ ਆਇਆ ਪਰ ਹੁਣ ਉਕਤ ਅਦਾਲਤ ਨੇ ਸਾਬਕਾ ਡੀ. ਆਈ. ਜੀ. ਕੁਲਤਾਰ ਸਿੰਘ, ਤਤਕਾਲੀ ਜ਼ਿਲ੍ਹਾ ਪੁਲਿਸ ਮੁਖੀ, ਡੀ. ਐਸ. ਪੀ. ਜੀਰਾ ਹਰਦੇਵ ਸਿੰਘ ਤਤਕਾਲੀ ਥਾਣਾ ਮੁਖੀ ਉਤੇ ਦੋਸ਼ ਆਇਦ ਕਰ ਲਏ ਗਏ ਹਨ।


## ਪੰਜਾਬ ਵਿਚ ਅਧਿਆਪਕਾਂ ਤੋਂ ਗੈਰ ਵਿਦਿਅਕ ਕੰਮ ਲੈਣ ਉਤੇ ਪਾਬੰਦੀ

**ਫ਼ਰੀਦਕੋਟ:** ਪੰਜਾਬ ਵਿਚ ਅਧਿਆਪਕਾਂ ਤੋਂ ਗੈਰ ਵਿਦਿਅਕ ਕੰਮ ਲੈਣ 'ਤੇ ਰੋਕ ਲਗਾ ਦਿੱਤੀ ਗਈ ਹੈ। ਸਕੂਲ ਸਿੱਖਿਆ ਵਿਭਾਗ ਦੇ ਪ੍ਰਮੁੱਖ ਸਕੱਤਰ ਨੇ ਇਸ ਬਾਰੇ ਸੂਬੇ ਦੇ ਸਾਰੇ ਜ਼ਿਲ੍ਹਾ ਅਧਿਕਾਰੀਆਂ ਨੂੰ ਹੁਕਮ ਜਾਰੀ ਕਰਕੇ ਅਜਿਹੇ ਗੈਰ ਵਿਦਿਅਕ ਕੰਮਾਂ ਵਿਚ ਲਗਾਏ ਸਾਰੇ ਅਧਿਆਪਕਾਂ ਨੂੰ ਤੁਰਤ ਆਪੋ ਆਪਣੇ ਸਕੂਲਾਂ ਵਿਚ ਭੇਜਣ ਲਈ ਕਿਹਾ ਹੈ।

ਜ਼ਿਲ੍ਹਾ ਸਿੱਖਿਆ ਅਧਿਕਾਰੀਆਂ ਨੂੰ ਭੇਜੇ ਪੱਤਰ ਵਿਚ ਪ੍ਰਮੁੱਖ ਸਕੱਤਰ ਜੀ. ਵਜਰਾਲਿੰਗਮ ਨੇ ਸਾਫ ਕੀਤਾ ਹੈ ਕਿ ਜੇ ਕੋਈ ਅਧਿਆਪਕ ਗੈਰਵਿਦਿਅਕ ਕੰਮਾਂ ਵਿਚ ਲੱਗਿਆ ਮਿਲਿਆ ਤਾਂ ਸਬੰਧਤ ਅਧਿਕਾਰੀ ਖਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ। ਇਸ ਹੁਕਮ ਨੂੰ ਸਭ ਤੋਂ ਪਹਿਲਾਂ ਚੰਡੀਗੜ੍ਹ ਸਥਿਤ ਸਕੂਲ ਸਿੱਖਿਆ ਵਿਭਾਗ ਉਤੇ ਲਾਗੂ ਕਰਦਿਆਂ ਅਜਿਹੇ 25 ਅਧਿਆਪਕਾਂ ਨੂੰ ਰਿਲੀਵ ਕਰ ਦਿੱਤਾ ਹੈ ਜਿਹੜੇ ਸਰਵ ਸਿੱਖਿਆ ਅਭਿਆਨ, ਮਿਡ ਡੇਅ ਮੀਲ ਯੋਜਨਾ, ਪੰਜਾਬ ਸੂਚਨਾ ਸੰਚਾਰ ਤਕਨੀਕੀ ਸਿੱਖਿਆ ਸੁਸਾਇਟੀ, ਰਾਸ਼ਟਰੀ ਮਾਧਮਿਕ ਸਿਕਸ਼ਾ ਅਭਿਆਨ ਤੇ ਪੰਜਾਬ ਐਜੂਸੈਟ ਸੁਸਾਇਟੀ ਲਈ ਤਾਇਨਾਤ ਕੀਤੇ ਗਏ ਸਨ। ਸੂਤਰਾਂ ਮੁਤਾਬਕ ਅਜਿਹਾ ਫੈਸਲਾ ਰਾਜ ਦੇ ਸਰਕਾਰੀ ਸਕੂਲਾਂ ਵਿਚ ਅਧਿਆਪਕਾਂ ਦੀ ਕਮੀ ਦੇ ਮੱਦੇਨਜ਼ਰ ਕੀਤਾ ਗਿਆ ਹੈ।

## ਮੂਨ ਨੇ ਸਿਆਸੀ ਆਗੂਆਂ ਦੀਆਂ ਫਿਰਕੂ ਟਿੱਪਣੀਆਂ ਬਾਰੇ ਕੀਤਾ ਖਬਰਦਾਰ

**ਨਿਊ ਯਾਰਕ:** ਰਾਸ਼ਟਰਪਤੀ ਦੇ ਅਹੁਦੇ ਲਈ ਰਿਪਬਲੀਕਨ ਪਾਰਟੀ ਦੇ ਸੰਭਾਵੀ ਉਮੀਦਵਾਰ ਡੋਨਲਡ ਟ੍ਰੰਪ ਦੀ ਗੁੱਝੀ ਆਲੋਚਨਾ ਕਰਦਿਆਂ ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਬਾਨ ਕੀ ਮੂਨ ਨੇ ਕਿਹਾ ਕਿ ਸੰਭਾਵੀ ਆਗੂਆਂ ਅਤੇ ਸਿਆਸਤਦਾਨਾਂ ਨੂੰ ਲੋਕਾਂ ਵਿਚ ਪਾੜਾ ਨਹੀਂ ਪਾਉਣਾ ਚਾਹੀਦਾ।



ਅਜਿਹੇ ਆਗੂਆਂ ਦੀਆਂ ਨਸਲੀ ਟਿੱਪਣੀਆਂ 'ਜ਼ਾਲਮਾਨਾ' ਹਨ। ਇਥੇ ਕੋਲੰਬੀਆ ਯੂਨੀਵਰਸਿਟੀ ਦੇ ਗਰੈਜੂਏਟ ਹੋ ਰਹੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਸ੍ਰੀ ਬਾਨ ਨੇ ਕਿਹਾ ਕਿ ਅਸੀਂ ਸੀਰੀਆ ਤੇ ਹੋਰ ਥਾਈਂ ਹੋ ਰਹੇ ਜੰਗੀ ਅਪਰਾਧਾਂ ਤੋਂ ਡਰੇ ਹੋਏ ਹਾਂ। ਸਿਆਸਤਦਾਨਾਂ ਤੇ ਸੰਭਾਵੀ ਆਗੂਆਂ ਦੀਆਂ ਫਿਰਕੂ ਤੇ ਘਿਰਣਾ ਵਾਲੀਆਂ ਟਿੱਪਣੀਆਂ ਸਾਡੀ ਹੱਤਕ ਹਨ। ਉਨ੍ਹਾਂ ਦਾ ਫ਼ਰਜ਼ ਹੈ ਕਿ ਲੋਕਾਂ ਨੂੰ ਇਕੱਠਾ ਕਰਨ, ਨਾ ਕਿ ਉਨ੍ਹਾਂ ਵਿਚ ਪਾੜਾ ਪਾਉਣ। ਸਕੱਤਰ ਜਨਰਲ ਨੇ ਕਿਹਾ ਕਿ ਇਸ ਸਮੇਂ ਵਿਸ਼ਵ ਖਤਰਿਆਂ ਦੀ ਬਜਾਏ ਜੋਖਮ ਅਤੇ ਚੁਣੌਤੀਆਂ ਦੇ ਅਜਿਹੇ ਦੌਰ ਵਿਚੋਂ ਲੰਘ ਰਿਹਾ ਹੈ, ਜਿਥੇ ਵਿਦਿਆਰਥੀਆਂ ਕੋਲ ਅਸਚਰਜ ਮੌਕੇ ਹਨ।

ਉਨ੍ਹਾਂ ਕਿਹਾ ਕਿ ਤਕਨੀਕ ਨੇ ਲੋਕਾਂ ਨੂੰ ਜੋੜਿਆ ਹੈ ਅਤੇ ਸਾਡੀ ਚੁਣੌਤੀ ਉਨ੍ਹਾਂ ਨੂੰ ਹੋਰ ਜ਼ਿਆਦਾ ਇਕੱਠਾ ਰੱਖਣ ਦੀ ਹੋਵੇਗੀ। ਉਨ੍ਹਾਂ ਵਿਦਿਆਰਥੀਆਂ ਨੂੰ ਵਾਤਾਵਰਨਕ ਤਬਦੀਲੀ ਦੀ ਸਮੱਸਿਆ ਨੂੰ ਖ਼ਤਮ ਕਰਨ ਦਾ ਵੀ ਸੱਦਾ ਦਿੱਤਾ। ਸ੍ਰੀ ਬਾਨ ਦੇ ਤਰਜਮਾਨ ਸਟੀਫਨ ਜੈਰਿਕ ਤੋਂ ਰੋਜ਼ਾਨਾ ਦੀ ਪ੍ਰੈੱਸ ਕਾਨਫਰੰਸ ਦੌਰਾਨ ਜਦੋਂ ਪੱਤਰਕਾਰਾਂ ਨੇ ਟ੍ਰੰਪ ਦੀਆਂ ਮੁਸਲਮਾਨਾਂ ਦਾ ਡੇਟਾ ਬੇਸ ਬਣਾਉਣ ਵਾਲੇ ਬਿਆਨਾਂ ਬਾਰੇ ਪੁੱਛਿਆ ਤਾਂ ਉਨ੍ਹਾਂ ਜ਼ੋਰ ਦੇ ਕੇ ਆਖਿਆ ਕਿ ਦੇਸ਼ ਵਿਚ ਚੋਣ ਪ੍ਰਚਾਰ ਦੌਰਾਨ ਹੁੰਦੀਆਂ ਭੜਕਾਊ ਟਿੱਪਣੀਆਂ ਵਿਚ ਉਹ ਖ਼ੁਦ ਨੂੰ ਘੜੀਸਣਾ ਨਹੀਂ ਚਾਹੁੰਦੇ।

## ਕੇਬਲ ਨੈਟਵਰਕ 'ਤੇ 2800 ਕਰੋੜ ਦੀ ਟੈਕਸ ਚੋਰੀ ਦਾ ਦੋਸ਼

**ਚੰਡੀਗੜ੍ਹ:** ਆਮ ਆਦਮੀ ਪਾਰਟੀ (ਆਪ) ਨੇ ਦੋਸ਼ ਲਾਇਆ ਹੈ ਕਿ ਫਾਸਟਵੇਅ ਕੰਪਨੀ ਵੱਲੋਂ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਸ਼ਹਿ ਉਤੇ ਪੰਜਾਬ ਵਿਚ 2800 ਕਰੋੜ ਰੁਪਏ ਦੇ ਟੈਕਸ ਦੀ ਧੋਖਾਧੜੀ ਕੀਤੀ ਗਈ ਹੈ।

'ਆਪ' ਨੇ ਇਸ ਮਾਮਲੇ ਦੀ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਤੋਂ ਪੜਤਾਲ ਕਰਵਾ ਕੇ ਫਾਸਟਵੇਅ ਟਰਾਂਸਮਿਸ਼ਨ ਸਰਵਿਸ ਦੇ ਗੁਰਦੀਪ ਸਿੰਘ ਜੁਝਾਰ ਨੂੰ ਗ੍ਰਿਫ਼ਤਾਰ ਕਰਨ ਅਤੇ ਇਸ ਮਾਮਲੇ ਵਿਚ ਸੁਖਬੀਰ ਬਾਦਲ ਦੀ ਭੂਮਿਕਾ ਨੂੰ ਵੀ ਘੋਖਣ ਦੀ ਮੰਗ ਕੀਤੀ ਹੈ।



'ਆਪ' ਦੇ ਬੁਲਾਰੇ ਸੁਖਪਾਲ ਸਿੰਘ ਖਹਿਰਾ ਅਤੇ ਮੈਨੀਫੈਸਟੋ ਕਮੇਟੀ ਦੇ ਚੇਅਰਮੈਨ ਕੰਵਰ ਸੰਧੂ ਨੇ ਦੋਸ਼ ਲਾਏ ਕਿ ਸਾਲ 2008-09 ਤੋਂ ਫਾਸਟਵੇਅ ਨੇ ਪੰਜਾਬ, ਚੰਡੀਗੜ੍ਹ, ਹਿਮਾਚਲ ਪ੍ਰਦੇਸ਼ ਅਤੇ ਹਰਿਆਣਾ ਆਦਿ ਵਿਚ ਗੈਰਕਾਨੂੰਨੀ ਢੰਗ ਨਾਲ ਗਲਬਾ ਕੀਤਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਚੰਡੀਗੜ੍ਹ, ਹਿਮਾਚਲ ਪ੍ਰਦੇਸ਼ ਅਤੇ ਹਰਿਆਣਾ ਵਿਚ ਟੈਕਸ ਦੀ ਕੁੱਲ 5000 ਕਰੋੜ ਰੁਪਏ ਦੀ ਚੋਰੀ ਕੀਤੀ ਗਈ ਹੈ, ਜਿਸ ਵਿਚੋਂ 2800 ਕਰੋੜ ਦੀ ਚੋਰੀ ਪੰਜਾਬ ਵਿਚ ਹੋਈ ਹੈ। ਦੱਸਣਯੋਗ ਹੈ ਕਿ ਸ੍ਰੀ ਖਹਿਰਾ ਅਤੇ ਸ੍ਰੀ ਸੰਧੂ ਵਿਰੁੱਧ ਫਾਸਟਵੇਅ ਵੱਲੋਂ ਪਹਿਲਾਂ ਹੀ ਮਾਣਹਾਨੀ ਦੇ ਕੇਸ ਪਾਏ ਗਏ ਹਨ। ਦੋਵਾਂ ਆਗੂਆਂ ਨੇ ਐਲਾਨ ਕੀਤਾ ਕਿ ਉਹ ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਨੂੰ ਮਿਲ ਕੇ ਇਸ ਮਾਮਲੇ ਦੀ ਸੀ.ਬੀ.ਆਈ. ਤੋਂ ਜਾਂਚ ਕਰਵਾਉਣ ਅਤੇ ਫਾਈਨਾਂਸ ਐਕਟ-1994 ਤਹਿਤ ਗੁਰਦੀਪ ਸਿੰਘ ਜੁਝਾਰ ਅਤੇ ਹੋਰਾਂ ਨੂੰ ਗ੍ਰਿਫ਼ਤਾਰ ਕਰਨ ਦੀ ਮੰਗ ਕਰਨਗੇ। ਜੇ ਕੇਂਦਰ ਸਰਕਾਰ ਨੇ ਉਨ੍ਹਾਂ ਦੀ ਮੰਗ ਪ੍ਰਵਾਨ ਨਾ ਕੀਤੀ ਤਾਂ ਉਹ ਹਾਈ ਕੋਰਟ ਦਾ ਕੁੰਡਾ ਖੜਕਾ ਕੇ ਸੀ.ਬੀ.ਆਈ. ਦੀ ਜਾਂਚ ਦੀ ਮੰਗ ਕਰਨਗੇ। ਉਨ੍ਹਾਂ ਦੋਸ਼ ਲਾਇਆ ਕਿ ਭਾਵੇਂ ਕਾਗਜ਼ਾਂ ਵਿਚ ਪੰਜਾਬ ਵਿਚ ਫਾਸਟਵੇਅ ਕੰਪਨੀ ਦੇ ਕੁਝ ਦਰਜਨ ਹੀ ਮਲਟੀ ਸਿਸਟਮ ਅਪਰੇਟਰ (ਐਮ.ਐਸ.ਓ.) ਹਨ, ਪਰ ਹਕੀਕੀ ਤੌਰ 'ਤੇ ਇਸ ਕੰਪਨੀ ਦਾ ਹੀ ਪੂਰਾ ਕਬਜ਼ਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਫਾਸਟਵੇਅ ਕੇਬਲ ਉਪ ਮੁੱਖ ਮੰਤਰੀ ਦੀਆਂ ਹਦਾਇਤਾਂ 'ਤੇ ਹੋਰ ਵਿਕਸਤ ਹੋ ਰਹੇ ਪੰਜਾਬੀ ਚੈਨਲਾਂ ਨੂੰ ਨਿਰੰਤਰ ਬਲੈਕ ਆਊਟ ਕਰਦਾ ਆ ਰਿਹਾ ਹੈ।

'ਆਪ' ਆਗੂਆਂ ਨੇ ਦੋਸ਼ ਲਾਇਆ ਕਿ ਟੈਕਸ ਦੀ ਕੁੱਲ ਚੋਰੀ ਵਿਚੋਂ ਪੰਜਾਬ ਵਿਚ ਆਮਦਨ ਕਰ ਅਤੇ ਟੀ.ਡੀ.ਐਸ. ਦੀ 1850 ਕਰੋੜ ਰੁਪਏ ਦੇ ਕਰੀਬ ਦੀ ਚੋਰੀ ਹੋਈ ਹੈ। ਪੰਜਾਬ ਵਿਚ ਸਿਰਫ 220 ਅਪਰੇਟਰਾਂ ਵੱਲੋਂ ਹੀ ਆਮਦਨ ਕਰ ਜਮ੍ਹਾਂ ਕਰਵਾਇਆ ਜਾ ਰਿਹਾ ਹੈ।

ਉਨ੍ਹਾਂ ਹੋਰ ਦੋਸ਼ ਲਾਇਆ ਕਿ ਪੰਜਾਬ ਵਿਚ 811 ਕਰੋੜ ਰੁਪਏ ਦੇ ਕਰੀਬ ਸਰਵਿਸ ਟੈਕਸ ਵੀ ਚੋਰੀ ਹੋਈ ਹੈ। ਸਰਵਿਸ ਟੈਕਸ ਵਿਭਾਗ ਵੱਲੋਂ ਸਿਰਫ 11 ਕੇਬਲ ਅਪਰੇਟਰਾਂ ਨੂੰ 253 ਕਰੋੜ ਰੁਪਏ ਦਾ ਟੈਕਸ ਚੋਰੀ ਕਰਨ ਦੇ ਨੋਟਿਸ ਦਿੱਤੇ ਹਨ ਜਦਕਿ ਕੇਬਲ ਅਪਰੇਟਰਾਂ ਦੀ ਗਿਣਤੀ ਹਜ਼ਾਰਾਂ ਵਿਚ ਹੈ। ਉਨ੍ਹਾਂ ਦਾਅਵਾ ਕੀਤਾ ਕਿ ਸਾਲ 2009 ਤੋਂ ਲੈ ਕੇ ਹੁਣ ਤੱਕ 92 ਕਰੋੜ ਰੁਪਏ ਦੇ ਕਰੀਬ ਮਨੋਰੰਜਨ ਟੈਕਸ ਦੀ ਚੋਰੀ ਹੋਈ ਹੈ। ਆਰ.ਟੀ.ਆਈ. ਦੀ ਸੂਚਨਾ ਅਨੁਸਾਰ ਸਿਰਫ 150 ਅਪਰੇਟਰਾਂ ਨੇ ਹੀ ਮਨੋਰੰਜਨ ਟੈਕਸ ਜਮ੍ਹਾਂ ਕਰਵਾਇਆ ਹੈ। ਉਨ੍ਹਾਂ ਦੋਸ਼ ਲਾਇਆ ਕਿ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਇਸ ਕੰਪਨੀ ਕੋਲੋਂ ਕੇਬਲ ਦੀਆਂ ਤਾਰਾਂ ਲਈ ਖੰਭੇ ਵਰਤਣ ਦੇ ਇਵਜ਼ ਵਜੋਂ ਪ੍ਰਤੀ ਖੰਭਾ ਨਿਰਧਾਰਤ 100 ਰੁਪਏ ਸਾਲਾਨਾ ਫੀਸ ਵੀ ਨਹੀਂ ਵਸੂਲ ਰਹੀ।

# ਨਸਲੀ ਟਿੱਪਣੀ ਕਰਨ ਵਾਲੇ ਟ੍ਰੰਪ ਸਮਰਥਕ ਨੂੰ ਸਿੱਖ ਕੌਂਸਲਰ ਦਾ ਠੋਕਵਾਂ ਜਵਾਬ

**ਨਿਊ ਯਾਰਕ:** ਅਮਰੀਕਾ ਵਿਚ ਸਿੱਖ ਕੌਂਸਲਰ ਨੂੰ ਡੋਨਲਡ ਟ੍ਰੰਪ ਦੇ ਇਕ ਸਮਰਥਕ ਨੇ 'ਅਤਿਵਾਦੀ' ਕਹਿ ਦਿੱਤਾ। ਇਸ ਦਾ ਮੋੜਵਾਂ ਜਵਾਬ ਦਿੰਦਿਆਂ ਇਸ ਸਿੱਖ ਨੇ ਕਿਹਾ, 'ਤੈਨੂੰ ਸਪਸ਼ਟ ਤੌਰ 'ਤੇ ਨਹੀਂ ਪਤਾ ਕਿ ਇਕ ਅਮੈਰਿਕਨ ਵਜੋਂ ਇਸ ਦਾ ਕੀ ਅਰਥ ਹੈ।' ਹੋਬੋਕਨ (ਨਿਊ ਜਰਸੀ) ਸਿਟੀ ਕੌਂਸਲ ਦੇ ਮੈਂਬਰ ਰਵਿੰਦਰ ਭੱਲਾ ਨੇ ਟਵਿੱਟਰ 'ਤੇ ਪੋਸਟ ਪਾਈ ਸੀ ਕਿ ਹੋਬੋਕਨ ਸਿਟੀ ਕੌਂਸਲ ਸਮੁੰਦਰ ਨਾਲ ਲੱਗਦੇ ਬਹੁਮੰਤਵੀ ਰਸਤੇ ਨੂੰ ਪ੍ਰਵਾਨਗੀ ਦੇਣ ਜਾ ਰਹੀ ਹੈ। ਰਿਪਬਲੀਕਨ ਪਾਰਟੀ ਵੱਲੋਂ ਰਾਸ਼ਟਰਪਤੀ ਦੇ ਅਹੁਦੇ ਦੇ ਸੰਭਾਵੀਂ ਉਮੀਦਵਾਰ ਟ੍ਰੰਪ ਦੇ ਸਮਰਥਕ ਰਾਬਰਟ ਡੂਬੇਨੇਜ਼ਿਕ ਨੇ ਹੈਰਾਨੀ ਜ਼ਾਹਿਰ ਕੀਤੀ ਕਿ ਸ. ਭੱਲਾ ਕੌਂਸਲਰ ਹਨ!



ਰਾਬਰਟ ਨੇ ਟਵੀਟ ਕੀਤਾ, 'ਹੋਬੋਕਨ ਕੌਂਸਲ ਇਸ ਵਿਅਕਤੀ ਨੂੰ ਕੌਂਸਲਰ ਬਣਨ ਦੀ ਆਗਿਆ ਕਿਵੇਂ ਦੇ ਸਕਦੀ ਹੈ? ਇਸ ਨੂੰ ਤਾਂ ਅਮਰੀਕਾ ਵਿਚ ਵੜਨ ਨਹੀਂ ਦੇਣਾ ਚਾਹੀਦਾ, ਅਤਿਵਾਦੀ।' ਇਸ ਉਤੇ ਮੋੜਵਾਂ ਜਵਾਬ ਦਿੰਦਿਆਂ ਸ. ਭੱਲਾ ਨੇ ਟਵੀਟ ਕੀਤਾ, 'ਸ੍ਰੀ ਮਾਨ, ਮੈਂ ਅਮਰੀਕਾ ਵਿਚ ਜੰਮਿਆ ਤੇ ਪਲਿਆ ਹਾਂ। ਤੈਨੂੰ ਸਪਸ਼ਟ ਤੌਰ ਨਹੀਂ ਪਤਾ ਕਿ ਇਸ ਦਾ ਅਮੈਰਿਕਨ ਹੋਣ ਨਾਤੇ ਕੀ ਅਰਥ ਹੈ, ਜਾਹਲ।' ਰਾਬਟਰ ਦੇ ਅਕਾਊਂਟ 'ਤੇ ਟ੍ਰੰਪ ਦੇ ਸਮਰਥਨ ਵਿਚ ਵੱਡੀ ਗਿਣਤੀ ਵਿਚ ਟਵੀਟ ਪੜ੍ਹੇ ਜਾ ਸਕਦੇ ਹਨ।

ਸ੍ਰੀ ਭੱਲਾ ਅਟਾਰਨੀ ਵੀ ਹਨ ਅਤੇ 'ਨੈਸ਼ਨਲ ਸਿੱਖ ਬਾਰ ਐਸੋਸੀਏਸ਼ਨ' ਦੇ ਬਾਨੀ ਮੈਂਬਰ ਹਨ। ਉਨ੍ਹਾਂ ਕਿਹਾ, 'ਅਸੀਂ ਡੋਨਲਡ ਟ੍ਰੰਪ ਵਰਗੇ ਲੋਕਾਂ ਦੇ ਮੁਸਲਮਾਨਾਂ ਬਾਰੇ ਭਾਸ਼ਣ ਸੁਣਦੇ ਹਾਂ। ਮੈਨੂੰ ਲੱਗਦਾ ਹੈ ਕਿ ਸਾਡੇ ਕੌਮੀ ਆਗੂ ਗਲਤ ਸੰਦੇਸ਼ ਦੇ ਰਹੇ ਹਨ, ਜਿਸ ਨਾਲ ਲੋਕਾਂ ਦੇ ਦਿਲ ਵਿਚ ਇਸਲਾਮ ਦਾ ਡਰ ਬੈਠ ਰਿਹਾ ਹੈ। ਮੈਨੂੰ ਉਮੀਦ ਹੈ ਕਿ ਇਸ ਘਟਨਾ ਬਾਅਦ ਉਹ ਸਮਝਣਗੇ ਕਿ ਉਨ੍ਹਾਂ ਦੇ ਸ਼ਬਦਾਂ ਨਾਲ ਕਿਸੇ ਦਾ ਦਿਲ ਦੁੱਖ ਸਕਦਾ ਹੈ ਅਤੇ ਲੋਕਾਂ ਨੂੰ ਵੱਖ-ਵੱਖ ਅਕੀਦਿਆਂ ਬਾਰੇ ਸਿੱਖਿਅਤ ਕੀਤਾ ਜਾਣਾ ਚਾਹੀਦਾ ਹੈ ਤਾਂ ਜੋ ਵੰਨ ਸੁਵੰਨਤਾ ਜਸ਼ਨ ਬਣੇ।'

ਉਨ੍ਹਾਂ ਕਿਹਾ ਕਿ ਅਮਰੀਕਾ ਵੱਖ-ਵੱਖ ਮੁਲਕਾਂ ਤੋਂ ਆਏ ਲੋਕਾਂ ਦਾ ਦੇਸ਼ ਹੈ। ਜੇਕਰ ਸਾਰੇ ਲੋਕ ਇਕ ਦੂਜੇ ਖਿਲਾਫ਼ ਹੋਣ ਨਾਲੋਂ ਮਿਲ ਕੇ ਕੰਮ ਕਰਨ ਤਾਂ ਇਹ ਮਹਾਨ ਮੁਲਕ ਹੋਰ ਬੁਲੰਦੀਆਂ ਛੂਹੇਗਾ। ਸ. ਭੱਲਾ ਦੇ ਸਮਰਥਨ ਵਿਚ ਹੋਬੋਕਨ ਦੇ ਮੇਅਰ ਡਾਅਨ ਜ਼ਿਮਰ, ਅਮੈਰਿਕਨ ਸਿੱਖ ਤੇ ਹੋਰ ਲੋਕ ਉਤਰ ਆਏ ਹਨ।

## ਸਾਊਦੀ ਅਰਬ ਤੇ ਕੁਵੈਤ 'ਚ ਭਾਰਤੀ ਔਰਤਾਂ ਦੀ ਨਿਲਾਮੀ

**ਨਵੀਂ ਦਿੱਲੀ:** ਸਾਊਦੀ ਅਰਬ ਤੋਂ ਲੈ ਕੇ ਕੁਵੈਤ ਤੱਕ ਭਾਰਤੀ ਔਰਤਾਂ ਵੇਚੀਆਂ ਜਾਂਦੀਆਂ ਹਨ। ਇਨ੍ਹਾਂ ਦਾ ਮੁੱਲ 1 ਤੋਂ 4 ਲੱਖ ਰੁਪਏ ਤੱਕ ਲਾਇਆ ਜਾਂਦਾ ਹੈ। ਇਹ ਖੁਲਾਸਾ ਆਂਧਰਾ ਪ੍ਰਦੇਸ਼ ਦੇ ਪਰਵਾਸੀ ਭਾਰਤੀ ਵੈਲਫੇਅਰ ਮੰਤਰੀ ਪੀ. ਰਘੂਨਾਥ ਰੈਡੀ ਵੱਲੋਂ ਕੀਤਾ ਗਿਆ ਹੈ।

ਸ੍ਰੀ ਰੈਡੀ ਵੱਲੋਂ ਪਿਛਲੇ ਹਫਤੇ ਕੇਂਦਰ ਨੂੰ ਲਿਖੇ ਗਏ ਪੱਤਰ ਵਿਚ ਇਹ ਖੁਲਾਸਾ ਕੀਤਾ ਹੈ। ਉਨ੍ਹਾਂ ਪੱਤਰ ਵਿਚ ਲਿਖਿਆ ਹੈ ਕਿ ਆਂਧਰਾ ਤੇ ਤੇਲੰਗਾਨਾ ਤੋਂ ਬਾਹਰ ਜਾਣ ਵਾਲੀਆਂ ਔਰਤਾਂ ਨੂੰ ਖਾੜੀ ਦੇਸ਼ਾਂ ਵਿਚ ਰਿਟੇਲ ਦੁਕਾਨਾਂ ਵਿਚ ਪ੍ਰੋਡਕਟ ਵਜੋਂ ਵੇਚਿਆ ਜਾਂਦਾ ਹੈ।

## ਦਲਜੀਤ ਸਿੰਘ ਬਿੱਟੂ ਬਰੀ

**ਲੁਧਿਆਣਾ:** ਮਾਓਵਾਦੀਆਂ ਅਤੇ ਹੋਰ ਖਾੜਕੂਆਂ ਨਾਲ ਸਬੰਧ ਰੱਖਣ ਵਾਲੇ ਕੇਸ ਵਿਚ ਦਲਜੀਤ ਸਿੰਘ ਬਿੱਟੂ ਨੂੰ ਅਦਾਲਤ ਵੱਲੋਂ ਬਰੀ ਕਰ ਦਿੱਤਾ ਗਿਆ ਹੈ। ਥਾਣਾ ਡਿਵਜ਼ਨ ਨੰਬਰ-5 ਦੀ ਪੁਲਿਸ ਨੇ ਸਾਲ 2012 ਵਿਚ ਭਾਈ ਬਿੱਟੂ ਅਤੇ ਉਨ੍ਹਾਂ ਦੇ ਸਾਥੀ ਜਸਵੰਤ ਸਿੰਘ ਆਜ਼ਾਦ ਨੂੰ ਗੈਰ ਕਾਨੂੰਨੀ ਗਤੀਵਿਧੀਆਂ ਰੋਕੂ ਐਕਟ ਤੇ ਅਸਲਾ ਐਕਟ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਗ੍ਰਿਫ਼ਤਾਰ ਕੀਤਾ ਸੀ।



ਸ. ਬਿੱਟੂ ਦੇ ਵਕੀਲ ਜਸਪਾਲ ਸਿੰਘ ਮੰਝਪੁਰ ਨੇ ਦੱਸਿਆ ਕਿ ਪੁਲਿਸ ਵੱਲੋਂ ਮੁੱਢਲੀ ਰਿਪੋਰਟ ਅਤੇ ਅਦਾਲਤ ਵਿਚ ਪੇਸ਼ ਕੀਤੇ ਚਾਲਾਨ ਵਿਚ ਭਾਈ ਬਿੱਟੂ ਅਤੇ ਆਜ਼ਾਦ ਉਪਰ ਸੰਗੀਨ ਦੋਸ਼ ਲਗਾਏ ਸਨ ਪਰ ਇਹ ਦੋਸ਼ ਉਹ ਅਦਾਲਤ ਵਿਚ ਪੇਸ਼ ਨਹੀਂ ਕਰ ਸਕੇ। ਜੱਜ ਸੰਦੀਪ ਸਿੰਘ ਬਾਜਵਾ ਨੇ ਸਰਕਾਰੀ ਪੱਖ ਦੀਆਂ ਦਲੀਲਾਂ ਨੂੰ ਰੱਦ ਕਰਦਿਆਂ ਦੋਵਾਂ ਨੂੰ ਬਰੀ ਕਰ ਦਿੱਤਾ।


# Prince's Barber Shop

37477 Fremont Blvd, suite C, Fremont, CA 94536

**Men & Children's Hair Cut**

- *Threading
- *Men's Facials
- *Custom Designing
- *Line-ups
- *Custom Text
- *Hair Coler
- *Shave &
- *Head Massage

ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ



Business hours:
Mon thru Thursday 9am to 8pm
Friday, Sat-Sunday-9am to 7pm
(Tuesday Closed)



**Cell: (510)-677-9942**
**Shop: (510)-505-9605**
www.princebarbershop.com


# Matrimonial

### ਲੜਕੀ ਦੀ ਲੋੜ ਹੈ

Wanted US citizen beautiful educated girl for a Jatt Sikh clean-shaven handsome boy, B-Tech, MBA, 25 years, 5'-10" on 10 years USA visitor visa, only son. Family has huge urban/rural property. Contact, Ph:209-642-0642 or E-mail: Tarans1981@yahoo.com 21-24

Wanted suitable match for Ramgarhia Sikh boy 25yrs, 5'-10". Degree in Civil Engineering & Architecture. Pursing Post Graduate studies in Canada, Have 10yrs multiple visa for USA. Preferred US Citizen. From a Reputed family based in Ludhiana. Contact: 734-377-5135 (USA) or 91-85287-00081 (India). 19-22

ਰਵਿਦਾਸੀਏ ਸਿੱਖ, ਚੰਗੀ ਜੌਬ ਕਰਦੇ, ਕਲੀਨ ਸ਼ੇਵਨ, ਵੈਸ਼ਨੂੰ, ਪੱਕੇ ਤੌਰ 'ਤੇ ਰਹਿ ਰਹੇ ਲੜਕੇ 40 ਸਾਲ, ਕੱਦ 5'-7" ਲਈ ਅਮਰੀਕਨ ਇੰਮੀਗ੍ਰਾਂਟ ਜਾਂ ਵਿਜ਼ਟਰ ਵੀਜ਼ੇ 'ਤੇ ਆਈ ਲੜਕੀ ਦੀ ਲੋੜ ਹੈ। ਤਲਾਕਸ਼ੁਦਾ ਵੀ ਸੰਪਰਕ ਕਰ ਸਕਦੇ ਹਨ। ਫੋਨ: 916-730-8029 21-24

### ਲੜਕੀ ਦੀ ਲੋੜ ਹੈ

Wanted suitable match for US citizen Saini Sikh boy age 29yrs, ht. 5'5" working as software engineer, girl preferred to be on valid status in USA. Please send bio-data along with photo at sainirps@yahoo.com or feel free to contact at 510-579-7744 19-22


Suitable match sought for Jatt Sikh boy 29, 5'-10". Bachelors Computer Information Systems. Send biodata: ristaraj2016@gmail.com or call 510-213-8294. US resident girl in Medical field or equivalent preferred. 19-22

### ਵਰ ਦੀ ਲੋੜ ਹੈ

Wanted suitable professional, well settled match sought for Canadian Citizen Sikh beautiful, slim girl 35 yrs, 5'-7". Divorced with one child, modern & traditional, comes from very good family Jat sikh is preference. Contact: Ph.1-604-716-1919

## ਮਾਲਿਆ ਦੇ ਕਾਰਿਆਂ ਦੇ ਲਪੇਟੇ 'ਚ ਆਇਆ ਮਹਾਤੜ ਕਿਸਾਨ

**ਨਵੀਂ ਦਿੱਲੀ:** ਭਾਰਤੀ ਬੈਂਕਾਂ ਦੇ ਕਰਜ਼ਦਾਰ ਵਿਜੇ ਮਾਲਿਆ ਦੀ ਕੰਪਨੀ ਦਾ ਡਾਇਰੈਕਟਰ ਮਨਮੋਹਨ ਸਿੰਘ ਹੈ। ਇਹ ਸਾਬਕਾ ਪ੍ਰਧਾਨ ਮੰਤਰੀ ਨਹੀਂ, ਸਗੋਂ ਇਕ ਪੰਜਾਬੀ ਕਿਸਾਨ ਹੈ। ਮਨਮੋਹਨ ਸਿੰਘ ਯੂ.ਪੀ. ਦਾ ਰਹਿਣ ਵਾਲਾ ਹੈ ਤੇ ਖੇਤੀ ਕਰ ਕੇ ਆਪਣੇ ਪਰਿਵਾਰ ਨੂੰ ਪਾਲ ਰਿਹਾ ਹੈ।



ਮਨਮੋਹਨ ਸਿੰਘ ਨੂੰ ਕਿੰਗਫਿਸ਼ਰ ਵਿਚ ਡਾਇਰੈਕਟਰ ਹੋਣ ਦਾ ਉਦੋਂ ਪਤਾ ਲੱਗਾ ਜਦੋਂ ਬੈਂਕ ਨੇ ਉਸ ਦੇ ਖਾਤੇ ਸੀਲ ਕਰ ਦਿੱਤੇ। ਬੈਂਕ ਖਾਤੇ ਇਸ ਕਰ ਕੇ ਸੀਲ ਕੀਤੇ ਗਏ ਕਿਉਂਕਿ ਵਿਜੇ ਮਾਲਿਆ ਨੇ ਕਰਜ਼ਾ ਲੈਣ ਸਮੇਂ ਮਨਮੋਹਨ ਸਿੰਘ ਦੀ ਗਾਰੰਟੀ ਦਿੱਤੀ ਸੀ। ਖਾਸ ਗੱਲ ਇਹ ਵੀ ਹੈ ਕਿ ਮਨਮੋਹਨ ਸਿੰਘ ਨੂੰ ਵਿਜੇ ਮਾਲਿਆ ਤੇ ਕਿੰਗਫਿਸ਼ਰ ਬਾਰੇ ਕੋਈ ਜਾਣਕਾਰੀ ਨਹੀਂ ਹੈ। ਦੂਜੇ ਪਾਸੇ ਬੈਂਕ ਆਫ ਬੜੋਦਾ ਦੇ ਮੈਨੇਜਰ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਮੁੰਬਈ ਤੋਂ ਬੈਂਕ ਖਾਤੇ ਸੀਲ ਕਰਨ ਦਾ ਹੁਕਮ ਆਇਆ ਹੈ। ਮਨਮੋਹਨ ਸਿੰਘ ਪੀਲੀਭੀਤ ਦੇ ਬਿਲਸੰਡਾ ਪਿੰਡ ਵਿਚ ਕਾਫੀ ਸਮੇਂ ਤੋਂ ਰਹਿੰਦਾ ਹੈ। ਉਸ ਦੇ ਕੋਲ ਅੱਠ ਏਕੜ ਜ਼ਮੀਨ ਹੈ ਤੇ ਉਸ ਦੇ ਦੋ ਬੈਂਕ ਖਾਤੇ ਸਨ। ਮਨਮੋਹਨ ਸਿੰਘ ਨੇ ਆਪਣੇ ਦੋਹਾਂ ਖਾਤਿਆਂ ਵਿਚ 16 ਹਜ਼ਾਰ ਦੀ ਰਾਸ਼ੀ ਰੱਖੀ ਸੀ। ਮਨਮੋਹਨ ਸਿੰਘ ਦਾ ਕਹਿਣਾ ਹੈ ਕਿ ਨਾ ਤਾਂ ਉਹ ਕਦੇ ਮੁੰਬਈ ਗਿਆ ਤੇ ਨਾ ਹੀ ਉਸ ਦੀ ਵਿਜੇ ਮਾਲਿਆ ਨਾਲ ਕਦੇ ਮੁਲਾਕਾਤ ਹੋਈ। ਇਹ ਸੁਣ ਕੇ ਮਨਮੋਹਨ ਸਿੰਘ ਦੇ ਹੋਸ਼ ਉੱਡ ਗਏ।


# ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ

ਪਿਛਲੇ 9 ਸਾਲਾਂ ਤੋਂ ਤੁਹਾਡੀ ਸੇਵਾ ਵਿਚ

ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ।

ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।

STOCKTON ਵਿੱਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
- 3 Axle Alignment $199
- Trailer Alignment $150

Special Price for Truck Wash
Grand Opening

- 8 Drive Tires For $3300
Kelly KDA
- Two Steer Tire Michelin $1150
Including Balancing (22.5 LP)

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

**Ph: 209.547.9210**
FAX: 209.547.9211
www.gfbontime.com, raj@gfbontime.com

## REPAIR SHOP

ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 50 ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।

**TEL: 209.547.9210**
FAX: 209.547.9211

## REGISTRATION SERVICES

ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।

**TEL: 209.982.9996**
FAX: 209.982.9997

# ਪੀ.ਜੀ.ਆਈ. ਦੇ ਡਾਕਟਰਾਂ ਨੇ ਦਿੱਤਾ ਮਾਂ ਬੋਲੀ ਪੰਜਾਬੀ ਨੂੰ ਮਾਣ


**ਚੰਡੀਗੜ੍ਹ:** ਪੀ.ਜੀ.ਆਈ. ਨੇ ਮਾਂ ਬੋਲੀ ਪੰਜਾਬੀ ਨੂੰ ਅੱਖਾਂ ਉਤੇ ਬਿਠਾ ਲਿਆ ਹੈ। ਪੀ.ਜੀ.ਆਈ. ਦੇ ਡਾਕਟਰਾਂ ਨੂੰ ਪੰਜਾਬੀ ਬੋਲੀ ਸਿੱਖਣ ਦਾ ਚਾਅ ਚੜ੍ਹ ਗਿਆ ਹੈ ਅਤੇ ਉਹ ਪੰਜਾਬੀ ਸਿੱਖਣ ਲੱਗੇ ਹਨ। ਪੀ.ਜੀ.ਆਈ. ਦੀ ਕੰਟੀਨ ਵਿਚ ਸ਼ਾਮ ਵੇਲੇ ਚਾਰ ਤੋਂ ਛੇ ਵਜੇ ਤੱਕ ਮੁਫ਼ਤ ਕਲਾਸ ਲਗਦੀ ਹੈ। ਦੱਖਣੀ ਭਾਰਤ ਦੇ ਡਾਕਟਰਾਂ ਅਤੇ ਨਰਸਾਂ ਵਿਚੋਂ 32 ਜਣੇ ਪੰਜਾਬੀ ਦਾ ਗਿਆਨ ਪ੍ਰਾਪਤ ਕਰ ਚੁੱਕੇ ਹਨ। ਕਰਨਾਟਕ ਦੇ ਡਾ. ਵਿਸ਼ਵਾਨਾਥ ਐਸ. ਭੈਰੇ ਨੂੰ ਬੇਹਤਰੀਨ ਪੰਜਾਬੀ ਬੋਲਣ ਲਈ ਇਸ ਸਾਲ ਦਾ ਅੰਗਦ ਐਵਾਰਡ ਦਿੱਤਾ ਗਿਆ ਹੈ। ਗੁਰੂ ਅੰਗਦ ਦੇਵ ਜੀ ਦੇ ਨਾਂ 'ਤੇ ਇਹ ਐਵਾਰਡ ਸ਼ੁਰੂ ਕੀਤਾ ਗਿਆ ਹੈ।

ਗੌਰਮਿੰਟ ਪੋਸਟ ਗਰੈਜੂਏਟ ਕਾਲਜ ਦੇ ਸਹਾਇਕ ਪ੍ਰੋਫੈਸਰ ਪੰਡਿਤ ਰਾਉ ਨੂੰ ਪੰਜਾਬੀ ਨਾਲ ਅੰਤਾਂ ਦਾ ਮੋਹ ਹੈ। ਉਨ੍ਹਾਂ ਨੇ ਪਹਿਲਾਂ ਆਪ ਪੰਜਾਬੀ ਸਿੱਖੀ ਅਤੇ ਫਿਰ ਹੋਰਾਂ ਨੂੰ ਵੀ ਪੰਜਾਬੀ ਸਿਖਾਉਣ ਲੱਗੇ। ਉਨ੍ਹਾਂ ਨੇ ਪੀ.ਜੀ.ਆਈ. ਦੇ ਡਾਕਟਰਾਂ ਨੂੰ ਪੰਜਾਬੀ ਅਤੇ ਹਿੰਦੀ ਸਿੱਖਣ ਲਈ ਪ੍ਰੇਰਿਆ ਹੀ ਨਹੀਂ ਸਗੋਂ ਡਾਕਟਰਾਂ ਵਾਸਤੇ ਕਲਾਸ ਲੈਣੀ ਵੀ ਸ਼ੁਰੂ ਕਰ ਦਿੱਤੀ ਹੈ। ਪ੍ਰੋ. ਪੰਡਿਤ ਰਾਉ ਬਾਅਦ ਦੁਪਹਿਰ ਦੋ ਘੰਟਿਆਂ ਲਈ ਪੀ.ਜੀ.ਆਈ. ਦੀ ਕੰਟੀਨ ਦੇ ਇਕ ਖੂੰਜੇ ਵਿਚ ਬੈਠ ਕੇ ਡਾਕਟਰਾਂ ਨੂੰ 'ੳ,ਅ,ੲ' ਸਿਖਾ ਰਹੇ ਦਿਸਦੇ ਹਨ। ਉਹ ਡਾਕਟਰਾਂ ਨੂੰ ਪੈਂਤੀ ਅੱਖਰ ਲਿਖਣ ਅਤੇ ਇਸ ਦਾ ਉਚਾਰਨ ਸਿਖਾਉਣ ਤੋਂ ਬਾਅਦ ਪੰਜਾਬੀ ਵਿਚ ਬੋਲਚਾਲ ਸਿਖਾਉਣੀ ਸ਼ੁਰੂ ਕਰਦੇ ਹਨ। ਪ੍ਰੋ. ਪੰਡਿਤ ਰਾਉ ਤੋਂ ਪੰਜਾਬੀ ਪੜ੍ਹੇ ਡਾਕਟਰ ਮਰੀਜ਼ਾਂ ਦਾ ਦੁੱਖ-ਸੁੱਖ ਪੰਜਾਬੀ ਵਿਚ ਪੁੱਛਣੇ ਲੱਗ ਪਏ ਹਨ। ਇਸ ਤੋਂ ਪਹਿਲਾਂ ਮਰੀਜ਼ਾਂ ਨੂੰ ਅਜਿਹੇ ਡਾਕਟਰਾਂ ਨਾਲ ਗੱਲਬਾਤ ਕਰਨ ਵਿਚ ਔਖ ਆਉਂਦੀ ਸੀ, ਜਿਨ੍ਹਾਂ ਨੂੰ ਪੰਜਾਬੀ ਜਾਂ ਹਿੰਦੀ ਦਾ ਬਿਲਕੁਲ ਹੀ ਗਿਆਨ ਨਹੀਂ ਸੀ। ਪੀ.ਜੀ.ਆਈ. ਵਿਚ ਪੰਜਾਬ ਦੇ ਦੂਰ-ਦੁਰਾਡੇ ਪਿੰਡਾਂ ਤੋਂ ਆ ਰਹੇ ਅਜਿਹੇ ਮਰੀਜ਼ਾਂ ਦੀ ਗਿਣਤੀ ਕਾਫੀ ਹੈ ਅਤੇ ਉਹ ਹਿੰਦੀ ਦੇ ਉਚਾਰਨ ਤੋਂ ਕੋਰੇ ਹਨ। ਪੰਜਾਬੀ ਸਿੱਖਣ ਵਾਲੇ ਡਾਕਟਰਾਂ ਅਤੇ ਨਰਸਾਂ ਵਿਚ ਵਧੇਰੇ ਕਰਨਾਟਕ ਅਤੇ ਕੇਰਲ ਦੇ ਹਨ।

ਪੀ.ਜੀ.ਆਈ. ਵਿਚ ਪੰਜਾਬੀ ਸਿੱਖਣ ਦਾ ਕੋਰਸ ਪੂਰਾ ਕਰਨ ਵਾਲੇ ਡਾਕਟਰਾਂ ਵਿਚੋਂ ਸਭ ਤੋਂ ਜਲਦੀ ਬਿਗਾਨੀ ਭਾਸ਼ਾ ਸਿੱਖਣ ਵਾਲੇ ਡਾ. ਵਿਸ਼ਵਾਨਾਥ ਐਸ. ਭੈਰੇ ਨੂੰ ਅੰਗਦ ਐਵਾਰਡ ਨਾਲ ਨਿਵਾਜਿਆ ਗਿਆ ਹੈ। ਐਵਾਰਡ ਵਿਚ ਪ੍ਰਸ਼ੰਸਾ ਪੱਤਰ, ਸ਼ਾਲ ਅਤੇ ਪੈਂਤੀ ਰੁਪਏ ਨਕਦ ਸ਼ਾਮਲ ਹਨ। ਪੀ.ਜੀ.ਆਈ. ਦੇ ਡਾਇਰੈਕਟਰ ਪ੍ਰੋ. ਯੋਗੇਸ਼ ਚਾਵਲਾ ਨੇ ਐਵਾਰਡ ਦੇਣ ਦੀ ਰਸਮ ਨਿਭਾਈ ਹੈ। ਪੰਜਾਬੀ ਪ੍ਰੇਮੀਆਂ ਵਾਸਤੇ ਅਗਲਾ ਕੋਰਸ ਨਾਲੋਂ-ਨਾਲ ਚਾਲੂ ਹੋ ਗਿਆ ਹੈ।

ਪ੍ਰੋ. ਪੰਡਿਤ ਰਾਉ ਦੀਆਂ ਪੰਜਾਬੀ ਭਾਸ਼ਾ ਅਤੇ ਸਭਿਆਚਾਰ ਪ੍ਰਤੀ ਸੇਵਾਵਾਂ ਦੀ ਕਦਰ ਕਰਦਿਆਂ ਭਾਸ਼ਾ ਵਿਭਾਗ ਵੱਲੋਂ ਉਨ੍ਹਾਂ ਨੂੰ ਵਿਸ਼ੇਸ਼ ਪੁਰਸਕਾਰ ਦਿੱਤਾ ਗਿਆ ਹੈ। ਪੁਰਸਕਾਰ ਵਿਚ ਇਕ ਲੱਖ ਰੁਪਏ ਦੀ ਨਕਦ ਰਕਮ ਸ਼ਾਮਲ ਹੈ। ਪ੍ਰੋ. ਰਾਉ ਵੱਲੋਂ ਜਪੁ ਜੀ ਸਾਹਿਬ, ਸੁਖਮਨੀ ਸਾਹਿਬ ਅਤੇ ਜ਼ਫ਼ਰਨਾਮਾ ਦਾ ਕੰਨੜ ਭਾਸ਼ਾ ਵਿਚ ਅਨੁਵਾਦ ਕੀਤਾ ਜਾ ਚੁੱਕਿਆ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਪੰਜਾਬੀ ਸਿੱਖਣ ਤੋਂ ਬਾਅਦ ਉਨ੍ਹਾਂ ਨੂੰ ਪੰਜਾਬੀ ਸਭਿਆਚਾਰ ਅਤੇ ਗੁਰਬਾਣੀ ਦੀ ਮਹੱਤਤਾ ਦਾ ਚਾਨਣ ਹੋ ਗਿਆ ਸੀ ਅਤੇ ਉਨ੍ਹਾਂ ਨੇ ਇਸ ਨੂੰ ਅੱਗੇ ਵੰਡਣ ਦੀ ਠਾਣ ਲਈ ਸੀ।

## ਪੰਜਾਬੀ ਭਾਸ਼ਾ ਬਾਰੇ ਫੈਸਲੇ ਤੋਂ ਪਿਛੇ ਹਟੀ ਕੇਜਰੀਵਾਲ ਸਰਕਾਰ



**ਨਵੀਂ ਦਿੱਲੀ:** ਦਿੱਲੀ ਸਰਕਾਰ ਨੇ ਪੰਜਾਬੀ ਨੂੰ ਵਾਧੂ ਵਿਸ਼ੇ ਵਜੋਂ ਪੜ੍ਹਾਉਣ ਦੇ ਆਪਣੇ ਪਹਿਲੇ ਫੈਸਲੇ ਨੂੰ ਪਲਟਦੇ ਹੋਏ ਪੰਜਾਬੀ ਭਾਸ਼ਾ ਦੇ ਹੱਕ ਵਿਚ ਵੱਡਾ ਐਲਾਨ ਕੀਤਾ ਹੈ। ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਪੰਜਾਬੀ ਭਾਸ਼ਾ ਦੇ ਮੁੱਦੇ ਨੂੰ ਲੈ ਕੇ ਉਸ ਨੂੰ ਮਿਲਣ ਗਏ ਇਕ ਵਫ਼ਦ ਦੇ ਸਾਹਮਣੇ ਹੀ ਖੇਤਰੀ ਭਾਸ਼ਾ ਬਾਰੇ ਜਾਰੀ ਕੀਤੇ ਹੋਏ ਪੁਰਾਣੇ ਨੋਟੀਫਿਕੇਸ਼ਨ ਨੂੰ ਵਾਪਸ ਲੈ ਲਿਆ। ਨਵੇਂ ਨੋਟੀਫਿਕੇਸ਼ਨ ਨੂੰ ਮੁੱਖ ਮੰਤਰੀ ਦੇ ਅਮਲੇ ਨੇ ਵਫ਼ਦ ਦੇ ਸਾਹਮਣੇ ਹੀ ਤਿਆਰ ਕਰ ਕੇ ਉਸ ਦੀ ਕਾਪੀ ਵੀ ਸੌਂਪ ਦਿੱਤੀ। ਪੰਜਾਬੀ ਅਕਾਦਮੀ ਦਿੱਲੀ ਦੇ ਮੀਤ ਪ੍ਰਧਾਨ ਜਰਨੈਲ ਸਿੰਘ ਅਤੇ ਸਕੱਤਰ ਗੁਰਭੇਜ ਸਿੰਘ ਗੁਰਾਇਆ ਦੀ ਅਗਵਾਈ ਹੇਠ ਪੰਜਾਬੀ ਲੇਖਕਾਂ ਅਤੇ ਬੁੱਧੀਜੀਵੀਆਂ ਦਾ ਇਕ ਵਫ਼ਦ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੂੰ ਉਨ੍ਹਾਂ ਦੇ ਦਫਤਰ ਵਿਚ ਮਿਲਿਆ।

ਇਸ ਵਫ਼ਦ ਨੇ ਦਿੱਲੀ ਦੇ ਮੁੱਖ ਮੰਤਰੀ ਨੂੰ ਸਿੱਖਿਆ ਵਿਭਾਗ ਦਿੱਲੀ ਸਰਕਾਰ ਦਾ ਉਹ ਨੋਟੀਫਿਕੇਸ਼ਨ ਵਾਪਸ ਲੈਣ ਦੀ ਬੇਨਤੀ ਕੀਤੀ, ਜਿਸ ਤਹਿਤ ਦਿੱਲੀ ਦੇ ਸਕੂਲਾਂ ਵਿਚ 9ਵੀਂ ਜਮਾਤ ਤੋਂ ਪੰਜਾਬੀ, ਉਰਦੂ, ਸੰਸਕ੍ਰਿਤ ਆਦਿ ਭਾਸ਼ਾਵਾਂ ਦੀ ਥਾਂ ਵੋਕੇਸ਼ਨਲ ਵਿਸ਼ਾ ਲਾਇਆ ਗਿਆ ਸੀ। ਇਨ੍ਹਾਂ ਭਾਸ਼ਾਵਾਂ ਨੂੰ 7ਵੇਂ ਓਪਸ਼ਨਲ ਵਿਸ਼ੇ ਵਜੋਂ ਲਾਇਆ ਗਿਆ ਸੀ। ਇਸ ਨੋਟੀਫਿਕੇਸ਼ਨ ਅਨੁਸਾਰ ਇਨ੍ਹਾਂ ਭਾਸ਼ਾਵਾਂ ਨੂੰ ਚੋਣਵੇਂ ਵਿਸ਼ੇ ਵਜੋਂ ਪੜ੍ਹਾਇਆ ਜਾਣਾ ਸੀ ਅਤੇ ਇਨ੍ਹਾਂ ਦੇ ਨੰਬਰ ਬੱਚੇ ਵੱਲੋਂ ਪ੍ਰਾਪਤ ਅੰਕਾਂ ਵਿਚ ਨਹੀਂ ਜੋੜੇ ਜਾਣੇ ਸੀ। ਇਸ ਫੈਸਲੇ ਨਾਲ ਇਨ੍ਹਾਂ ਭਾਸ਼ਾਵਾਂ ਦਾ ਵੱਡਾ ਨੁਕਸਾਨ ਹੋਣਾ ਸੀ।

# ਆਈ.ਐਸ. ਦੇ ਨਿਸ਼ਾਨੇ 'ਤੇ ਭਾਰਤ



**ਨਵੀਂ ਦਿੱਲੀ :** ਸੀਰੀਆ ਅਤੇ ਇਰਾਕ ਤੋਂ ਬਾਅਦ ਆਈ.ਐਸ. ਨੇ ਹੁਣ ਭਾਰਤ ਵਿਰੁੱਧ ਮੋਰਚਾ ਖੋਲ੍ਹ ਦਿੱਤਾ ਹੈ। ਆਈ.ਐਸ. ਨੇ ਵੀਡੀਓ ਜਾਰੀ ਕਰ ਕੇ ਭਾਰਤ ਉੱਤੇ ਹਮਲੇ ਦੀ ਧਮਕੀ ਦਿੱਤੀ ਹੈ। ਆਈ.ਐਸ. ਨੇ 22 ਮਿੰਟ ਦਾ ਵੀਡੀਓ ਜਾਰੀ ਕੀਤਾ ਹੈ। ਵੀਡੀਓ ਵਿਚ ਬਾਬਰੀ ਮਸਜਿਦ, ਕਸ਼ਮੀਰ, ਗੁਜਰਾਤ ਅਤੇ ਮੁਜ਼ੱਫ਼ਰਨਗਰ ਦੀਆਂ ਘਟਨਾਵਾਂ ਦਾ ਬਦਲਾ ਲੈਣ ਦੀ ਗੱਲ ਕੀਤੀ ਗਈ ਹੈ। ਖਾਸ ਗੱਲ ਇਹ ਹੈ ਕਿ ਵੀਡੀਓ ਵਿਚ ਉਹੀ ਦਹਿਸ਼ਤਗਰਦ ਦਿਖਾਈ ਦੇ ਰਹੇ ਹਨ ਜੋ ਭਾਰਤ ਤੋਂ ਭੱਜ ਕੇ ਆਈ.ਐਸ. ਵਿਚ ਸ਼ਾਮਲ ਹੋਏ ਹਨ। ਇਸ ਵਿਚ ਪੰਜ ਦਹਿਸ਼ਤਗਰਦ ਦਿਖਾਈ ਦੇ ਰਹੇ ਹਨ। ਆਈ.ਐਸ. ਨੇ ਪਹਿਲੀ ਵਾਰੀ ਭਾਰਤ ਅਤੇ ਸਾਊਥ ਏਸ਼ੀਆ ਨੂੰ ਫੋਕਸ ਕਰ ਕੇ ਇਹ ਵੀਡੀਓ ਤਿਆਰ ਕੀਤਾ ਹੈ।

ਵੀਡੀਓ ਵਿਚ 2014 ਵਿਚ ਭਾਰਤ ਤੋਂ ਭੱਜ ਕੇ ਆਈ.ਐਸ. ਵਿਚ ਸ਼ਾਮਲ ਹੋਣ ਵਾਲਾ ਇੰਜੀਨੀਅਰ ਫਹਦ ਤਨਵੀਰ ਸ਼ੇਖ ਵੀ ਨਜ਼ਰ ਆ ਰਿਹਾ ਹੈ। ਵੀਡੀਓ ਵਿਚ ਸ਼ੇਖ ਆਖ ਰਿਹਾ ਹੈ ਕਿ ਅਸੀਂ ਵਾਪਸ ਆ ਰਹੇ ਹਾਂ, ਹੱਥ ਵਿਚ ਤਲਵਾਰ ਲੈ ਕੇ। ਵੀਡੀਓ ਵਿਚ ਫਹਦ ਨਾਲ ਬੈਠੇ ਦੂਜੇ ਨੌਜਵਾਨਾਂ ਦੀ ਪਛਾਣ ਨਹੀਂ ਹੋਈ।

# ਪਾਵਨ ਸਰੂਪ ਅਗਨਭੇਟ ਮਾਮਲੇ 'ਚ ਘਿਰੀ ਸ਼੍ਰੋਮਣੀ ਕਮੇਟੀ

**ਅੰਮ੍ਰਿਤਸਰ:** ਗੁਰਦੁਆਰਾ ਰਾਮਸਰ ਸਾਹਿਬ ਵਿਚ ਅੱਗ ਲੱਗਣ ਦੇ ਮਾਮਲੇ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਘਿਰ ਗਈ ਹੈ। ਸਰਬੱਤ ਖਾਲਸਾ ਵੱਲੋਂ ਥਾਪੇ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਭਾਈ ਅਮਰੀਕ ਸਿੰਘ ਅਜਨਾਲਾ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਉਤੇ ਵੱਡਾ ਸਵਾਲ ਖੜ੍ਹਾ ਕੀਤਾ ਹੈ।

ਉਨ੍ਹਾਂ ਦਾ ਕਹਿਣਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛਪਾਈ ਵਾਲੀ ਇਮਾਰਤ ਵਿਚ ਸ਼ਾਟ ਸਰਕਟ ਨਾਲ ਲੱਗੀ ਅੱਗ ਵਿਚ 25 ਤੋਂ 30 ਸਰੂਪਾਂ ਦੇ ਅਗਨ ਭੇਟ ਹੋਏ ਹਨ, ਪਰ ਸ਼੍ਰੋਮਣੀ ਕਮੇਟੀ ਪ੍ਰਧਾਨ ਵੱਲੋਂ ਮੀਡੀਆ ਨੂੰ ਗਲਤ ਜਾਣਕਾਰੀ ਦਿੱਤੀ ਜਾ ਰਹੀ ਹੈ। ਮੱਕੜ ਵਲੋਂ ਘੱਟ ਨੁਕਸਾਨ ਤੇ ਪੰਜ ਸਰੂਪਾਂ ਦੇ ਅਗਨ ਭੇਟ ਹੋਣ ਦੀ ਗੱਲ ਕਹੀ ਜਾ ਰਹੀ ਹੈ।

ਅਮਰੀਕ ਸਿੰਘ ਅਜਨਾਲਾ ਆਪਣੇ ਕਈ ਸਮਰਥਕਾਂ ਨਾਲ ਗੁਰਦੁਆਰਾ ਰਾਮ ਸਰ ਪਹੁੰਚੇ ਸਨ, ਪਰ ਉਨ੍ਹਾਂ ਨੂੰ ਗੁਰਦੁਆਰਾ ਦੀ ਇਮਾਰਤ ਅੰਦਰ ਜਾਣ ਦੀ ਇਜਾਜ਼ਤ ਨਹੀਂ ਦਿੱਤੀ ਗਈ। ਉਨ੍ਹਾਂ ਨੇ ਸ਼੍ਰੋਮਣੀ ਕਮੇਟੀ ਪ੍ਰਧਾਨ ਉਤੇ ਗੰਭੀਰ ਇਲਜ਼ਾਮ ਲਾਉਂਦਿਆਂ ਕਿਹਾ ਕਿ ਸ਼੍ਰੋਮਣੀ ਕਮੇਟੀ ਇਸ ਇਮਾਰਤ ਨੂੰ ਆਪਣਾ ਨਿੱਜੀ ਅਦਾਰਾ ਸਮਝਦੀ ਹੈ, ਪਰ ਗੁਰੂ ਗ੍ਰੰਥ ਸਾਹਿਬ ਸਮੁੱਚੇ ਸਿੱਖਾਂ ਦੇ ਗੁਰੂ ਹਨ। ਇਸ ਲਈ ਹਰ ਕਿਸੇ ਨੂੰ ਅਧਿਕਾਰ ਹੈ ਕਿ ਉਹ ਆਪਣੇ ਗੁਰੂ ਨਾਲ ਹੋਈ ਅਜਿਹੀ ਬੇਅਦਬੀ ਵਾਲੀ ਥਾਂ 'ਤੇ ਜਾ ਸਕਣ। ਉਨ੍ਹਾਂ ਕਿਹਾ ਕਿ ਪਹਿਲਾਂ ਸ਼੍ਰੋਮਣੀ ਕਮੇਟੀ ਵੱਲੋਂ ਇਹ ਕਿਹਾ ਜਾ ਰਿਹਾ ਸੀ ਕਿ ਕਿਸੇ ਵੀ ਸਰੂਪ ਨੂੰ ਕੋਈ ਨੁਕਸਾਨ ਨਹੀਂ ਪਹੁੰਚਿਆ।

ਬਾਅਦ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਅੰਤ੍ਰਿੰਗ ਕਮੇਟੀ ਦੀ ਬੈਠਕ ਨੂੰ ਤੁਰਤ ਰੱਦ ਕਰਨ ਮਗਰੋਂ ਪ੍ਰਧਾਨ ਇਥੇ ਆਉਂਦੇ ਹਨ ਤੇ ਪੰਜ ਸਰੂਪਾਂ ਨੂੰ ਨੁਕਸਾਨ ਪਹੁੰਚਣ ਦੀ ਗੱਲ ਕਰਦੇ ਹਨ। ਉਨ੍ਹਾਂ ਕਿਹਾ ਕਿ ਕਮੇਟੀ ਵੱਲੋਂ ਮੀਡੀਆ ਨੂੰ ਵੀ ਉਸ ਥਾਂ 'ਤੇ ਜਾਣ ਤੋਂ ਮਨ੍ਹਾਂ ਕਰਨ ਤੋਂ ਸਾਫ ਹੈ ਕਿ ਸ਼੍ਰੋਮਣੀ ਕਮੇਟੀ ਸੱਚ ਨੂੰ ਲੁਕਾਉਣ ਦੀ ਕੋਸ਼ਿਸ਼ ਕਰ ਰਹੀ ਹੈ।

## ਸਰੂਪਾਂ ਦੀ ਗਿਣਤੀ ਬਾਰੇ ਹੋਈ ਲਾਜਵਾਬ



# ਸਮੁੰਦਰੀ ਤਲ ਵਿਚ ਵਾਧਾ ਕਰੋੜਾਂ ਭਾਰਤੀਆਂ ਲਈ ਖਤਰੇ ਦੀ ਘੰਟੀ

**ਸੰਯੁਕਤ ਰਾਸ਼ਟਰ:** ਸੰਯੁਕਤ ਰਾਸ਼ਟਰ ਦੀ ਵਾਤਾਵਰਨ ਰਿਪੋਰਟ ਵਿਚ ਚਿਤਾਵਨੀ ਦਿੱਤੀ ਗਈ ਹੈ ਕਿ ਸਮੁੰਦਰ ਤਲ ਵਿਚ ਵਾਧਾ ਹੋਣ ਨਾਲ 2050 ਤੱਕ ਕਰੀਬ ਚਾਰ ਕਰੋੜ ਭਾਰਤੀਆਂ ਨੂੰ ਖਤਰਾ ਪੈਦਾ ਹੋ ਸਕਦਾ ਹੈ, ਜਦ ਕਿ ਤੇਜ਼ ਸ਼ਹਿਰੀਕਰਨ ਅਤੇ ਆਰਥਿਕ ਵਾਧੇ ਕਾਰਨ ਤੱਟੀ ਹੜ੍ਹ ਨਾਲ ਮੁੰਬਈ ਤੇ ਕੋਲਕਾਤਾ ਦੇ ਲੋਕਾਂ ਨੂੰ ਸਭ ਤੋਂ ਵੱਧ ਖਤਰਾ ਹੈ। ਖੇਤਰੀ ਮੁਲਾਂਕਣ ਮੁਤਾਬਕ ਜਲਵਾਯੂ ਤਬਦੀਲੀ ਦਾ ਸਭ ਤੋਂ ਖਰਾਬ ਪ੍ਰਭਾਵ ਪ੍ਰਸ਼ਾਂਤ ਤੇ ਦੱਖਣ ਤੇ ਦੱਖਣ ਪੂਰਬੀ ਏਸ਼ੀਆ 'ਤੇ ਹੋਣ ਦਾ ਖਦਸ਼ਾ ਹੈ। ਰਿਪੋਰਟ ਵਿਚ ਕਿਹਾ ਗਿਆ ਹੈ ਕਿ 2050 ਤੱਕ ਸਮੁੰਦਰ ਦੇ ਪਾਣੀ ਵਿਚ ਵਾਧਾ ਹੋਣ ਨਾਲ ਦੁਨੀਆਂ ਭਰ ਦੇ ਜਿਨ੍ਹਾਂ 10 ਦੇਸ਼ਾਂ ਦੀ ਆਬਾਦੀ ਸਭ ਤੋਂ ਵੱਧ ਪ੍ਰਭਾਵਿਤ ਹੋਵੇਗੀ, ਉਨ੍ਹਾਂ ਵਿਚ ਸੱਤ ਦੇਸ਼ ਏਸ਼ੀਆ ਦੇ ਹਨ। ਸਭ ਤੋਂ ਵੱਧ ਪ੍ਰਭਾਵਿਤ ਹੋਣ ਵਾਲੇ ਦੇਸ਼ਾਂ ਦੀ ਸੂਚੀ ਵਿਚ ਭਾਰਤ ਦਾ ਨਾਮ ਸਭ ਤੋਂ ਉਤੇ ਹੈ।

ਸਮੁੰਦਰ ਦੇ ਪੱਧਰ ਵਿਚ ਵਾਧਾ ਹੋਣ ਕਾਰਨ ਭਾਰਤ ਦੇ ਕਰੀਬ ਚਾਰ ਕਰੋੜ ਲੋਕਾਂ ਉਤੇ ਖਤਰੇ ਦੇ ਬੱਦਲ ਮੰਡਰਾ ਰਹੇ ਹਨ, ਜਦ ਕਿ ਬੰਗਲਾਦੇਸ਼ ਦੇ ਢਾਈ ਕਰੋੜ, ਚੀਨ ਦੇ ਦੋ ਕਰੋੜ ਤੇ ਫਿਲਪੀਨਜ਼ ਦੇ ਕਰੀਬ ਡੇਢ ਕਰੋੜ ਲੋਕਾਂ ਦੀ ਜ਼ਿੰਦਗੀਆਂ ਖਤਰੇ ਵਿਚ ਪੈ ਸਕਦੀਆਂ ਹਨ। ਰਿਪੋਰਟ ਵਿਚ ਗਿਆ ਹੈ ਕਿ ਤੱਟ ਦੇ ਨੇੜਲੀਆਂ ਬਸਤੀਆਂ ਦੇ ਤਰੀਕਿਆਂ ਵਿਚ ਤਬਦੀਲੀ, ਸ਼ਹਿਰੀਕਰਨ ਤੇ ਸਮਾਜਿਕ ਆਰਥਿਕ ਦਰਜੇ ਨੇ ਵਾਤਾਵਰਨ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਇਸ ਵਿਚ ਕਿਹਾ ਗਿਆ ਹੈ ਕਿ ਤੇਜ਼ ਸ਼ਹਿਰੀਕਰਨ ਅਤੇ ਆਰਥਿਕ ਵਿਕਾਸ ਕਾਰਨ ਚੀਨ, ਭਾਰਤ ਅਤੇ ਥਾਈਲੈਂਡ ਵਰਗੇ ਕੁਝ ਦੇਸ਼ਾਂ, ਖਾਸ ਕਰ ਕੇ ਉਨ੍ਹਾਂ ਦੇ ਸ਼ਹਿਰੀ ਇਲਾਕਿਆਂ ਨੂੰ ਭਵਿੱਖ ਵਿਚ ਗੰਭੀਰ ਚੁਣੌਤੀਆਂ ਦੇ ਰੂਬਰੂ ਹੋਣਾ ਪਵੇਗਾ।

ਰਿਪੋਰਟ ਮੁਤਾਬਕ ਭਾਰਤ ਵਿਚ ਮੁੰਬਈ ਤੇ ਕੋਲਕਾਤਾ, ਚੀਨ ਵਿਚ ਗੁਆਂਗਜ਼ੂ ਤੇ ਸ਼ੰਘਾਈ, ਬੰਗਲਾਦੇਸ਼ ਵਿਚ ਢਾਕਾ, ਮਿਆਂਮਾਰ ਵਿਚ ਯੰਗੂਨ, ਥਾਈਲੈਂਡ ਵਿਚ ਬੈਂਕਾਕ ਤੇ ਵੀਅਤਨਾਮ ਵਿਚ ਚੀ ਮਿੰਨ੍ਹ ਸਿਟੀ ਤੇ ਹਾਇ ਫੌਂਗ ਸਭ ਤੋਂ ਵੱਧ ਖਤਰੇ ਵਿਚ ਹਨ। ਇਨ੍ਹਾਂ ਵਿਚੋਂ ਕਈ ਸ਼ਹਿਰ ਪਹਿਲਾਂ ਹੀ ਤੱਟੀ ਹੜ੍ਹਾਂ ਨਾਲ ਦੋ-ਚਾਰ ਹੋ ਰਹੇ ਹਨ ਤੇ ਆਉਣ ਵਾਲਾ ਸਮਾਂ ਵੀ ਉਨ੍ਹਾਂ ਲਈ ਸੁਖਾਲਾ ਨਹੀਂ ਹੈ। ਰਿਪੋਰਟ ਵਿਚ ਖਦਸ਼ਾ ਪ੍ਰਗਟਾਇਆ ਗਿਆ ਹੈ ਕਿ 2050 ਤੱਕ ਬੰਗਲਾਦੇਸ਼, ਚੀਨ, ਭਾਰਤ, ਇੰਡੋਨੇਸ਼ੀਆ ਤੇ ਫਿਲਪੀਨਜ਼ ਵਿਚ ਅਜਿਹੇ ਖਿੱਤੇ ਹੋਣਗੇ ਜਿਨ੍ਹਾਂ ਵਿਚ ਜਿਥੇ ਵੱਧ ਝੱਖੜ ਆਉਣਗੇ ਤੇ ਇਸ ਕਾਰਨ ਪੰਜ ਕਰੋੜ 80 ਲੱਖ ਲੋਕਾਂ ਦੀ ਜਾਨ ਖਤਰੇ ਵਿਚ ਪੈ ਜਾਵੇਗੀ।



## 2050 ਤੱਕ ਸ਼ਹਿਰੀ ਆਬਾਦੀ 'ਚ 30 ਕਰੋੜ ਦਾ ਵਾਧਾ

**ਨਿਊ ਯਾਰਕ:** ਸਾਲ 2050 ਤੱਕ ਭਾਰਤ ਦੀ ਸ਼ਹਿਰੀ ਆਬਾਦੀ ਵਿਚ 30 ਕਰੋੜ ਦਾ ਵਾਧਾ ਹੋਣ ਦਾ ਅਨੁਮਾਨ ਹੈ। ਇਸ ਲਈ ਦੇਸ਼ ਵਿਚ ਜਲਵਾਯੂ ਅਨੁਕੂਲ ਸ਼ਹਿਰਾਂ ਦੇ ਵਿਕਾਸ ਦੀ ਲੋੜ ਹੋਵੇਗੀ। ਇਹ ਗੱਲ ਸੰਯੁਕਤ ਰਾਸ਼ਟਰ ਦੀ ਰਿਪੋਰਟ ਵਿਚ ਕਹੀ ਗਈ ਹੈ। ਸੰਯੁਕਤ ਰਾਸ਼ਟਰ ਦੀ ਰਿਹਾਇਸ਼ ਬਾਰੇ ਰਿਪੋਰਟ 'ਆਲਮੀ ਸ਼ਹਿਰ ਰਿਪੋਰਟ 2016- ਸ਼ਹਿਰੀਕਰਨ ਤੇ ਵਿਕਾਸ: ਉਭਰਦਾ ਭਵਿੱਖ' ਵਿਚ ਕਿਹਾ ਗਿਆ ਹੈ ਕਿ ਭਾਰਤ ਦੀ ਜੀ.ਡੀ.ਪੀ. ਵਿਚ ਸ਼ਹਿਰੀ ਖੇਤਰਾਂ ਦਾ ਯੋਗਦਾਨ 60 ਫ਼ੀਸਦੀ ਤੋਂ ਵੱਧ ਹੈ।

2050 ਤੱਕ ਸ਼ਹਿਰੀ ਆਬਾਦੀ ਵਿਚ 30 ਕਰੋੜ ਹੋਰ ਲੋਕਾਂ ਦੇ ਜੁੜਨ ਦਾ ਅਨੁਮਾਨ ਹੈ। ਇਸ ਲਈ ਭਾਰਤ ਸਰਕਾਰ ਨੂੰ ਆਉਣ ਵਾਲੇ ਸਮੇਂ ਵਿਚ 100 ਨਵੇਂ ਸ਼ਹਿਰ ਉਸਾਰਨ ਬਾਰੇ ਐਲਾਨ ਕਰਨਾ ਪਿਆ ਹੈ। ਸੰਯੁਕਤ ਰਾਸ਼ਟਰ ਮਾਨਵੀ ਵਸੇਬਾ ਪ੍ਰੋਗਰਾਮ ਰਿਪੋਰਟ ਵਿਚ ਕਿਹਾ ਗਿਆ ਹੈ, 'ਵਾਧੂ ਗਰੀਨ ਹਾਊਸ ਗੈਸਾਂ ਦਾ ਜਲਵਾਯੂ ਤਬਦੀਲੀ ਉਤੇ ਅਸਰ ਪਵੇਗਾ। ਇਸ ਦਾ ਬਦਲ ਸੰਘਣੇ ਰੁੱਖ ਲਗਾਉਣ, ਘੱਟ ਬੁਨਿਆਦੀ ਢਾਂਚਾ ਅਤੇ ਘੱਟ ਊਰਜਾ ਵਾਲੇ ਸ਼ਹਿਰਾਂ ਦਾ ਨਿਰਮਾਣ ਕਰਨਾ ਹੈ।'

# ਫਾਂਸੀ ਦੇ ਤਖਤੇ ਉਤੋਂ ਜਿਉਂਦੇ ਉਤਰੇ 11 ਪੰਜਾਬੀ



**ਅੰਮ੍ਰਿਤਸਰ:** ਕਤਲ ਮਾਮਲੇ ਵਿਚ ਆਬੂਧਾਬੀ ਦੀ ਜੇਲ੍ਹ ਵਿਚ ਬੰਦ 11 ਪੰਜਾਬੀ ਨੌਜਵਾਨ ਮੌਤ ਦੇ ਮੂੰਹ ਵਿਚੋਂ ਪਰਤ ਆਏ ਹਨ। ਇਨ੍ਹਾਂ ਨੂੰ ਫਾਂਸੀ ਦੀ ਸਜ਼ਾ ਸੁਣਾਈ ਜਾ ਚੁੱਕੀ ਸੀ, ਪਰ ਫਾਂਸੀ ਦੇ ਤਖਤੇ ਨੇੜੇ ਪੁੱਜ ਚੁੱਕੇ 11 ਪੰਜਾਬੀ ਨੌਜਵਾਨ ਸਰਬੱਤ ਦਾ ਭਲਾ ਟਰੱਸਟ ਦੀਆਂ ਕੋਸ਼ਿਸ਼ਾਂ ਸਦਕਾ ਜਿਉਂਦੇ ਜਾਗਦੇ ਮੁੜ ਆਪਣੇ ਘਰਾਂ ਵਿਚ ਪਹੁੰਚ ਗਏ ਹਨ। ਸਰਬੱਤ ਦਾ ਭਲਾ ਟਰੱਸਟ ਦੇ ਚੇਅਰਮੈਨ ਐਸ.ਪੀ. ਓਬਰਾਏ ਮੁਤਾਬਕ ਇਹ ਨੌਜਵਾਨ ਪਿਛਲੇ ਤਕਰੀਬਨ ਤਿੰਨ ਸਾਲਾਂ ਤੋਂ ਕਤਲ ਦੇ ਇਕ ਸ਼ੱਕੀ ਮੁਕੱਦਮੇ 'ਚ ਆਬੂਧਾਬੀ ਦੀ ਜੇਲ੍ਹ ਵਿਚ ਬੰਦ ਸਨ। ਫਾਂਸੀ ਦੀ ਸਜ਼ਾ ਐਲਾਨੀ ਜਾ ਚੁੱਕੀ ਸੀ।

ਦੁਖੀ ਪਰਿਵਾਰਾਂ ਵੱਲੋਂ ਬੜੀ ਖੱਜਲ ਖੁਆਰੀ ਉਪਰੰਤ ਜਦੋਂ ਉਨ੍ਹਾਂ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਨੇ ਨੌਜਵਾਨਾਂ ਨੂੰ ਬਚਾਉਣ ਅਤੇ ਸਹੀ ਸਲਾਮਤ ਘਰ ਭੇਜਣ ਵਾਸਤੇ ਆਬੂਧਾਬੀ ਦੇ ਸ਼ਰੀਅਤ ਕਾਨੂੰਨ ਮੁਤਾਬਕ ਪੀੜਤ ਪਰਿਵਾਰ ਨੂੰ 'ਬਲੱਡ ਮਨੀ' ਵਜੋਂ ਵੱਡੀ ਰਕਮ ਦੇਣ ਦੀ ਕਵਾਇਦ ਆਰੰਭੀ। ਇਸ ਕਾਰਵਾਈ ਦੌਰਾਨ ਪ੍ਰਭਾਵਿਤ ਨੌਜਵਾਨਾਂ ਦੇ ਪਰਿਵਾਰਾਂ ਨੇ ਵੀ ਲੋੜੀਂਦੀ ਰਕਮ ਦਾ ਕੁਝ ਹਿੱਸਾ ਇਕੱਠਾ ਕੀਤਾ। ਡਾ. ਓਬਰਾਏ ਅਨੁਸਾਰ ਮ੍ਰਿਤਕ ਨੌਜਵਾਨ ਦੇ ਪਰਿਵਾਰ ਵੱਲੋਂ ਪਾਕਿਸਤਾਨ ਤੋਂ ਉਚੇਚੇ ਤੌਰ 'ਤੇ ਪਹੁੰਚੀ ਉਸ ਦੀ ਦਾਦੀ ਨੂੰ ਬਲੱਡ ਮਨੀ ਦੇ ਕੇ ਇਨ੍ਹਾਂ ਨੌਜਵਾਨਾਂ ਨੂੰ ਜੇਲ੍ਹ 'ਚੋਂ ਰਿਹਾਅ ਕਰਵਾਉਣ ਅਤੇ ਵਤਨ ਪਰਤਣ ਦੀ ਪ੍ਰਕਿਰਿਆ ਦੌਰਾਨ ਆਬੂਧਾਬੀ ਸਥਿਤ ਭਾਰਤੀ ਦੂਤਘਰ ਦਾ ਵੀ ਮੁਕੰਮਲ ਸਹਿਯੋਗ ਰਿਹਾ।

ਡਾ. ਓਬਰਾਏ ਨੇ ਦੱਸਿਆ ਕਿ ਹੁਣ ਤੱਕ 51 ਪੰਜਾਬੀਆਂ ਸਮੇਤ ਕੁੱਲ 74 ਵਿਅਕਤੀਆਂ ਨੂੰ ਮੌਤ ਦੇ ਮੂੰਹੋਂ ਬਚਾਅ ਕੇ ਉਨ੍ਹਾਂ ਦੇ ਪਰਿਵਾਰਾਂ ਕੋਲ ਪਹੁੰਚਾਇਆ ਜਾ ਚੁੱਕਾ ਹੈ। ਇਨ੍ਹਾਂ ਵਿਚ 11 ਪਾਕਿਸਤਾਨੀ, ਪੰਜ ਬੰਗਲਾਦੇਸ਼ੀ ਤੇ ਇਕ ਫ਼ਿਲਪੀਨੋ ਲੜਕੀ ਵੀ ਸ਼ਾਮਲ ਹੈ। ਉਨ੍ਹਾਂ ਵੱਲੋਂ ਹੱਥ 'ਚ ਲਏ ਜਾਣ ਵਾਲੇ ਕੇਸਾਂ ਵਿਚ ਨਸ਼ਿਆਂ ਅਤੇ ਬਲਾਤਕਾਰਾਂ ਵਾਲੇ ਕੇਸ ਸ਼ਾਮਲ ਨਹੀਂ ਹੁੰਦੇ। ਉਨ੍ਹਾਂ ਇਹ ਵੀ ਦੱਸਿਆ ਕਿ ਅਰਬ ਮੁਲਕਾਂ ਵਿਚ ਮੌਤ ਦਾ ਸ਼ਿਕਾਰ ਹੋ ਜਾਂਦੇ ਵਿਅਕਤੀਆਂ ਦੀਆਂ ਰੁਲਦੀਆਂ ਲਾਸ਼ਾਂ ਦੀ ਵਤਨ ਵਾਪਸੀ ਦਾ ਪੂਰਾ ਪ੍ਰਬੰਧ ਕੀਤਾ ਜਾਂਦਾ ਹੈ, ਜਿਸ ਤਹਿਤ ਹੁਣ ਤੱਕ 24 ਅਜਿਹੀਆਂ ਲਾਸ਼ਾਂ ਭੇਜੀਆਂ ਜਾ ਚੁੱਕੀਆਂ ਹਨ। ਘਰ ਪਰਤਣ ਵਾਲੇ ਨੌਜਵਾਨਾਂ ਵਿਚੋਂ ਰਾਜਪਾਲ ਸਿੰਘ ਤਰਨਤਾਰਨ, ਨਿਰਮਲ ਸਿੰਘ ਖਡੂਰ ਸਾਹਿਬ ਅਤੇ ਜਸਪਾਲ ਸਿੰਘ ਬਲਾਚੌਰ ਨੇ ਭਾਵੁਕ ਹੁੰਦਿਆਂ ਆਪਣੀ 31 ਮਹੀਨਿਆਂ ਦੀ ਜੇਲ੍ਹ ਵਿਚ ਬਿਤਾਈ ਦਰਦ ਕਹਾਣੀ ਬਿਆਨ ਕੀਤੀ ਕਿ ਕਿਵੇਂ ਲੜਾਈ-ਝਗੜੇ ਦੇ ਇਕ ਮਾਮਲੇ ਵਿਚ ਇਕ ਪਾਕਿਸਤਾਨੀ ਨੌਜਵਾਨ ਦੀ ਮੌਤ ਉਪਰੰਤ ਸ਼ੱਕ ਦੇ ਆਧਾਰ 'ਤੇ ਉਨ੍ਹਾਂ ਨੂੰ ਲਪੇਟ ਲਿਆ ਗਿਆ ਸੀ ਅਤੇ ਕੋਈ ਵੀ ਉਨ੍ਹਾਂ ਦੀ ਬਾਂਹ ਨਹੀਂ ਫੜ ਰਿਹਾ ਸੀ।

# ਦਿੱਲੀ ਨੂੰ ਸੰਪੂਰਨ ਰਾਜ ਦੇ ਦਰਜੇ ਲਈ ਜ਼ੋਰ ਸ਼ੋਰ ਨਾਲ ਮੁਹਿੰਮ

**ਨਵੀਂ ਦਿੱਲੀ:** ਕੇਂਦਰ ਨਾਲ ਵਿਵਾਦ ਵਾਲਾ ਇਕ ਹੋਰ ਮੁੱਦਾ ਚੁੱਕਦਿਆਂ ਆਮ ਆਦਮੀ ਪਾਰਟੀ (ਆਪ) ਸਰਕਾਰ ਨੇ ਦਿੱਲੀ ਨੂੰ ਸੰਪੂਰਨ ਰਾਜ ਦੇ ਦਰਜੇ ਲਈ ਬਿੱਲ ਦਾ ਖਰੜਾ ਜਾਰੀ ਕੀਤਾ ਹੈ, ਜਿਸ ਵਿਚ ਪੁਲੀਸ, ਜ਼ਮੀਨ ਤੇ ਨੌਕਰਸ਼ਾਹੀ ਨੂੰ ਸੂਬਾਈ ਸਰਕਾਰ ਅਧੀਨ ਲਿਆਉਣ ਦੀ ਮੰਗ ਕੀਤੀ ਗਈ ਹੈ। ਇਸ ਉਤੇ 30 ਜੂਨ ਤੱਕ ਆਮ ਲੋਕਾਂ ਤੋਂ ਸੁਝਾਅ ਮੰਗੇ ਗਏ ਹਨ। ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਵਿਰੋਧੀ ਪਾਰਟੀਆਂ ਭਾਜਪਾ ਤੇ ਕਾਂਗਰਸ ਨੂੰ 'ਪਾਰਟੀਬਾਜ਼ੀ ਤੋਂ ਉਪਰ ਉੱਠ' ਕੇ ਇਸ ਬਿੱਲ ਨੂੰ ਪਾਸ ਕਰਾਉਣ ਲਈ ਅੱਗੇ ਆਉਣ ਦੀ ਬੇਨਤੀ ਕਰਦਿਆਂ 1993 ਤੋਂ 2014 ਤੱਕ ਭਾਜਪਾ ਦੇ ਚੋਣ ਮਨੋਰਥ ਪੱਤਰਾਂ ਦੀਆਂ ਉਦਾਹਰਣਾਂ ਵੀ ਦਿੱਤੀਆਂ, ਜਿਨ੍ਹਾਂ ਵਿਚ ਭਾਜਪਾ ਨੇ ਦਿੱਲੀ ਨੂੰ ਸੰਪੂਰਨ ਰਾਜ ਦਾ ਦਰਜਾ ਦਿਵਾਉਣ ਦਾ ਵਾਅਦਾ ਕੀਤਾ ਸੀ।

ਉਨ੍ਹਾਂ ਕਿਹਾ ਕਿ ਇਸ ਮੁੱਦੇ ਉਤੇ ਆਲ ਪਾਰਟੀ ਮੀਟਿੰਗ ਸੱਦੀ ਜਾਵੇਗੀ। ਕਾਨਫਰੰਸ ਦੌਰਾਨ ਸ੍ਰੀ ਕੇਜਰੀਵਾਲ ਨੇ ਕਿਹਾ, 'ਭਾਜਪਾ ਨੇ ਦਿੱਲੀ ਨੂੰ ਪੂਰਨ ਰਾਜ ਦਾ ਦਰਜਾ ਦਿਵਾਉਣ ਲਈ ਸਭ ਤੋਂ ਵੱਧ ਸੰਘਰਸ਼ ਕੀਤਾ ਹੈ। ਉਨ੍ਹਾਂ ਲਗਾਤਾਰ ਇਸ ਮੁੱਦੇ ਨੂੰ ਉਠਾਇਆ ਹੈ। ਇਸ ਖਰੜੇ ਉਤੇ ਆਮ ਜਨਤਾ ਦੇ ਵਿਚਾਰ ਮੰਗ ਕੇ ਅਸੀਂ ਤਾਂ ਉਨ੍ਹਾਂ ਦੇ ਸੰਕਲਪ ਨੂੰ ਬੱਸ ਅੱਗੇ ਵਧਾ ਰਹੇ ਹਨ।' ਉਨ੍ਹਾਂ ਕਿਹਾ ਕਿ ਇਸ ਬਿੱਲ ਦੇ ਖਰੜੇ ਦੇ ਸਮਰਥਨ ਲਈ ਪ੍ਰਧਾਨ ਮੰਤਰੀ ਨਰੇਂਦਰ ਮੋਦੀ, ਕੇਂਦਰੀ ਗ੍ਰਹਿ ਮੰਤਰੀ ਰਾਜਨਾਥ ਸਿੰਘ, ਭਾਜਪਾ ਪ੍ਰਧਾਨ ਅਮਿਤ ਸ਼ਾਹ ਅਤੇ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੂੰ ਵੀ ਪੱਤਰ ਲਿਖਣਗੇ ਅਤੇ ਉਨ੍ਹਾਂ ਨਾਲ ਮੁਲਾਕਾਤ ਵੀ ਕਰਨਗੇ।

ਸ੍ਰੀ ਕੇਜਰੀਵਾਲ ਨੇ ਕਿਹਾ ਕਿ 30 ਜੂਨ ਬਾਅਦ ਖਰੜੇ ਨੂੰ ਅੰਤਿਮ ਰੂਪ ਦਿੱਤਾ ਜਾਵੇਗਾ ਅਤੇ ਇਸ ਸਬੰਧੀ ਦਿੱਲੀ ਵਿਧਾਨ ਸਭਾ ਵਿਚ ਇਕ ਪ੍ਰਸਤਾਵ ਪਾਸ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਅਸੀਂ ਪ੍ਰਸਤਾਵ ਕੇਂਦਰ ਨੂੰ ਭੇਜਾਂਗੇ, ਜਿਸ ਲਈ ਸੰਵਿਧਾਨਕ ਸੋਧ ਕਰਨੀ ਪਵੇਗੀ। ਇਹ ਖਰੜਾ ਦਿੱਲੀ ਸਰਕਾਰ ਦੀ ਵੈੱਬਸਾਈਟ ਉਤੇ ਪਾ ਦਿੱਤਾ ਹੈ। ਇਸ ਨੂੰ ਪਾਸ ਕਰਾ ਕੇ ਅਸੀਂ ਕਾਂਗਰਸ ਤੇ ਭਾਜਪਾ ਦੇ ਸੁਪਨੇ ਨੂੰ ਪੂਰਾ ਕਰਨਾ ਚਾਹਾਂਗੇ। ਇਸ ਪ੍ਰਸਤਾਵ ਨੂੰ ਪਾਸ ਕਰਾਉਣ ਲਈ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਵੀ ਬੁਲਾਇਆ ਜਾ ਸਕਦਾ ਹੈ। ਪ੍ਰੈੱਸ ਕਾਨਫਰੰਸ ਵਿਚ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਵੀ ਮੌਜੂਦ ਸਨ।

# ਮਹਿਲਾ ਸੰਸਦ ਮੈਂਬਰ ਨੂੰ ਕੂਹਣੀ ਮਾਰ ਕੇ ਘਿਰੇ ਟਰੂਡੋ



**ਓਟਵਾ:** ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨਵੇਂ ਵਿਵਾਦ ਵਿਚ ਘਿਰ ਗਏ ਹਨ। ਵਿਵਾਦ ਟਰੂਡੋ ਵੱਲੋਂ ਇਕ ਮਹਿਲਾ ਸੰਸਦ ਮੈਂਬਰ ਨੂੰ ਕੂਹਣੀ ਮਾਰਨ ਦਾ ਹੈ। ਇਸ ਮੁੱਦੇ ਉੱਤੇ ਸੰਸਦ ਵਿਚ ਹੰਗਾਮਾ ਹੁੰਦਾ ਵੇਖ ਟਰੂਡੋ ਨੂੰ ਬਾਕਾਇਦਾ ਮੁਆਫ਼ੀ ਮੰਗਣੀ ਪਈ। ਅਸਲ ਵਿਚ ਹਾਊਸ ਆਫ਼ ਕਾਮਨਜ਼ ਵਿਚ ਟਰੂਡੋ ਨੇ ਭੁਲੇਖੇ ਨਾਲ ਵਿਰੋਧੀ ਧਿਰ ਦੀ ਮਹਿਲਾ ਮੈਂਬਰ ਦੇ ਕੂਹਣੀ ਮਾਰ ਦਿੱਤੀ।

ਇਸ ਨੂੰ ਲੈ ਕੇ ਸੰਸਦ ਵਿਚ ਹੰਗਾਮਾ ਹੋ ਗਿਆ ਤੇ ਵਿਰੋਧੀ ਧਿਰ ਨੇ ਪੂਰੇ ਮੁੱਦੇ ਉੱਤੇ ਪ੍ਰਧਾਨ ਮੰਤਰੀ ਨੂੰ ਘੇਰ ਲਿਆ। ਮੌਕੇ ਦੀ ਨਜ਼ਾਕਤ ਨੂੰ ਦੇਖਦੇ ਹੋਏ ਟਰੂਡੋ ਨੇ ਪਹਿਲਾਂ ਸੰਸਦ ਵਿਚ ਤੇ ਫਿਰ ਫੇਸਬੁੱਕ ਰਾਹੀਂ ਮੁਆਫ਼ੀ ਮੰਗੀ। ਵਿਰੋਧੀ ਧਿਰ ਦੇ ਆਗੂਆਂ ਦਾ ਕਹਿਣਾ ਹੈ ਕਿ ਪ੍ਰਧਾਨ ਮੰਤਰੀ ਵੱਲੋਂ ਇਕ ਮਹਿਲਾ ਨੂੰ ਕੂਹਣੀ ਮਾਰਨਾ ਬਹੁਤ ਹੀ ਮੰਦਭਾਗਾ ਹੈ। ਕੂਹਣੀ ਮਾਰਨ ਦੀ ਘਟਨਾ ਦੀ ਵੀਡੀਓ ਵੀ ਕੈਨੇਡਾ ਵਿਚ ਕਾਫ਼ੀ ਵਾਇਰਲ ਹੋ ਰਹੀ ਹੈ। ਦੂਜੇ ਪਾਸੇ ਡੈਮੋਕ੍ਰੇਟਿਕ ਪਾਰਟੀ ਦੀ ਮਹਿਲਾ ਰੂਥ ਐਲਨ ਨੇ ਪੂਰੀ ਘਟਨਾ ਦਾ ਜ਼ਿਕਰ ਕਰਦਿਆਂ ਆਖਿਆ ਹੈ ਕਿ ਉਨ੍ਹਾਂ ਲਈ ਉਹ ਪਲ ਬਹੁਤ ਨਿਰਾਸ਼ਾਜਨਕ ਸਨ, ਇਸ ਲਈ ਉਹ ਹਾਊਸ ਆਫ਼ ਕਾਮਨਜ਼ ਦੇ ਚੈਂਬਰ ਤੋਂ ਤੁਰਤ ਬਾਹਰ ਚਲੇ ਗਏ ਸਨ।

ਉਨ੍ਹਾਂ ਆਖਿਆ ਇਸ ਘਟਨਾ ਕਾਰਨ ਉਨ੍ਹਾਂ ਨੇ ਸੰਸਦ ਵਿਚ ਆਪਣੀ ਵੋਟ ਵੀ ਨਹੀਂ ਪਾਈ। ਦੂਜੇ ਪਾਸੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਇਸ ਘਟਨਾ ਤੋਂ ਬਾਅਦ ਆਖਿਆ ਹੈ ਕਿ ਇਹ ਘਟਨਾ ਸੋਚ ਸਮਝ ਕੇ ਨਹੀਂ ਕੀਤੀ ਗਈ ਸੀ। ਉਨ੍ਹਾਂ ਆਖਿਆ ਕਿ ਵਿਰੋਧੀ ਧਿਰ ਦੀ ਮਹਿਲਾ ਸੰਸਦ ਮੈਂਬਰ ਉਨ੍ਹਾਂ ਦੇ ਪਿਛੇ ਖੜ੍ਹੀ ਸੀ, ਇਸ ਕਰ ਕੇ ਉਹ ਉਨ੍ਹਾਂ ਨੂੰ ਦੇਖ ਨਹੀਂ ਪਾਏ।

# ਦਿੱਲੀ ਵਿਚ ਤਿੰਨ ਸਾਲਾਂ ਵਿਚ ਗਾਇਬ ਹੋਏ 22 ਹਜ਼ਾਰ ਬੱਚੇ

## ਨੌਂ ਹਜ਼ਾਰ ਬੱਚਿਆਂ ਬਾਰੇ ਅਜੇ ਤੱਕ ਕੋਈ ਸੂਹ ਨਹੀਂ



**ਨਵੀਂ ਦਿੱਲੀ:** ਦੇਸ਼ ਦੀ ਰਾਜਧਾਨੀ ਵਿਚੋਂ ਤਿੰਨ ਸਾਲ ਵਿਚ 22 ਹਜ਼ਾਰ ਤੋਂ ਵੱਧ ਬੱਚੇ ਲਾਪਤਾ ਹੋਏ ਹਨ। ਇਨ੍ਹਾਂ ਵਿਚੋਂ ਨੌਂ ਹਜ਼ਾਰ ਬੱਚਿਆਂ ਦਾ ਅਜੇ ਤੱਕ ਕੁਝ ਪਤਾ ਨਹੀਂ ਲੱਗ ਸਕਿਆ ਹੈ। ਦਿੱਲੀ ਵਿਚ ਲਾਪਤਾ ਹੋਏ ਬੱਚਿਆਂ ਬਾਰੇ ਇਹ ਅੰਕੜੇ ਲੋਕ ਸਭਾ ਵਿਚ ਪੇਸ਼ ਕੀਤੇ ਗਏ ਹਨ। ਅੰਗਰੇਜ਼ੀ ਅਖਬਾਰ 'ਹਿੰਦੁਸਤਾਨ ਟਾਈਮਜ਼' ਮੁਤਾਬਕ ਹਰ ਸਾਲ ਦਿੱਲੀ ਵਿਚ ਸੱਤ ਹਜ਼ਾਰ ਬੱਚੇ ਲਾਪਤਾ ਹੁੰਦੇ ਹਨ।

ਇਨ੍ਹਾਂ ਵਿਚੋਂ 1500 ਦਾ ਕੁਝ ਪਤਾ ਨਹੀਂ ਲੱਗਦਾ। ਇਹ ਗਿਣਤੀ ਮਹਾਰਾਸ਼ਟਰ ਤੋਂ ਬਾਅਦ ਸਭ ਤੋਂ ਵੱਧ ਹੈ। ਐਕਟੀਵਿਸਟਾਂ ਮੁਤਾਬਕ ਜ਼ਿਆਦਾਤਰ ਲਾਪਤਾ ਬੱਚੇ ਗਿਰੋਹਾਂ ਵੱਲੋਂ ਵੱਡੇ ਸ਼ਹਿਰਾਂ ਤੇ ਗਲਫ ਦੇਸ਼ਾਂ ਵਿਚ ਬੰਧੂਆ ਮਜ਼ਦੂਰੀ 'ਚ ਧੱਕੇ ਜਾਂਦੇ ਹਨ।

ਇਨ੍ਹਾਂ ਵਿਚੋਂ ਕੁੜੀਆਂ ਨੂੰ ਦੇਹ ਵਪਾਰ ਦੇ ਧੰਦੇ ਵਿਚ ਪਾ ਦਿੱਤਾ ਜਾਂਦਾ ਹੈ। ਕਈ ਕੁੜੀਆਂ ਦਾ ਤਾਂ ਉਨ੍ਹਾਂ ਤੋਂ ਦੁੱਗਣੀ ਉਮਰ ਦੇ ਵਿਅਕਤੀਆਂ ਨਾਲ ਵਿਆਹ ਕਰਵਾ ਦਿੱਤਾ ਜਾਂਦਾ ਹੈ। ਜਨਵਰੀ 2015 ਤੋਂ 1680 ਲਾਪਤਾ ਬੱਚਿਆਂ ਨੂੰ ਵਾਪਸ ਉਨ੍ਹਾਂ ਦੇ ਪਰਿਵਾਰ ਤੱਕ ਪਹੁੰਚਾਉਣ ਵਾਲੀ ਦਿੱਲੀ ਪੁਲਿਸ ਚਿਲਡਰਨ ਹੋਮ ਜਾਣ ਨੂੰ ਸਹੀ ਠਹਿਰਾਉਂਦੀ ਹੈ। ਦਿੱਲੀ ਪੁਲਿਸ ਦਾ ਕਹਿਣਾ ਹੈ ਕਿ ਉਹ ਅਬਜ਼ਰਵੇਸ਼ਨ ਹੋਮ ਦਾ ਦੌਰਾ ਬੱਚਿਆਂ ਨੂੰ ਲੱਭਣ ਲਈ ਕਰਦੀ ਹੈ।

# ਔਰਤਾਂ ਲਈ ਵੀ ਖੁੱਲ੍ਹਣ ਲੱਗੇ ਨਸ਼ਾ ਮੁਕਤੀ ਕੇਂਦਰ



**ਅੰਮ੍ਰਿਤਸਰ:** ਪੰਜਾਬ ਦੇ ਨੌਜਵਾਨਾਂ ਵਿਚ ਵਧ ਰਹੇ ਨਸ਼ੇ ਦੇ ਰੁਝਾਨ ਤੋਂ ਬਾਅਦ ਸੂਬੇ ਦੀਆਂ ਔਰਤਾਂ ਦੇ ਇਸ ਦਲਦਲ ਵਿਚ ਫਸਣ ਦੇ ਮਾਮਲਿਆਂ ਨੇ ਪੂਰੇ ਦੇਸ਼ ਨੂੰ ਹੈਰਾਨ ਕਰ ਦਿੱਤਾ ਹੈ। ਅੰਮ੍ਰਿਤਸਰ ਵਿਚ ਔਰਤਾਂ ਲਈ ਖੁੱਲ੍ਹੇ ਭਾਰਤ ਦੇ ਪਹਿਲੇ ਮੁੜ ਵਸੇਬਾ ਕੇਂਦਰ ਨੇ ਪੰਜਾਬ ਦੀ ਸਿਆਸਤ ਭਖਾ ਦਿੱਤੀ ਹੈ।

ਜਿਥੇ ਨਸ਼ਾ ਮੁਕਤੀ ਲਈ ਪਿਛਲੇ ਲੰਬੇ ਸਮੇਂ ਤੋਂ ਕੰਮ ਕਰ ਰਹੇ ਡਾਕਟਰ ਜੇ.ਪੀ.ਐਸ. ਭਾਟੀਆ ਇਸ ਨੂੰ ਵਧੀਆ ਕਦਮ ਦੱਸ ਰਹੇ ਹਨ, ਉੱਥੇ ਹੀ ਸਿਆਸੀ ਪਾਰਟੀਆਂ ਇਸ ਨੂੰ ਸ਼ਰਮਨਾਕ ਕਰਾਰ ਦੇ ਰਹੇ ਹਨ। ਆਮ ਆਦਮੀ ਪਾਰਟੀ ਦੇ ਸੰਸਦ ਮੈਂਬਰ ਭਗਵੰਤ ਮਾਨ ਨੇ ਪੰਜਾਬ ਸਰਕਾਰ ਤੇ ਖਾਸਕਰ ਬਿਕਰਮ ਮਜੀਠੀਆ ਉਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਪੰਜਾਬ ਵਿਚ ਨਸ਼ੇ ਦਾ ਕਾਰੋਬਾਰ ਇੰਨੇ ਪੈਰ ਪਸਾਰ ਚੁੱਕਾ ਹੈ ਕਿ ਪੰਜਾਬ ਦੀਆਂ ਧੀਆਂ ਵੀ ਇਸ ਦਲਦਲ ਵਿਚ ਫਸ ਚੁੱਕੀਆਂ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਪੰਜਾਬ ਵਿਚੋਂ ਨਸ਼ਾ ਖਤਮ ਕਰਨ ਦੇ ਦਾਅਵੇ ਤਾਂ ਕਰਦੀ ਹੈ ਪਰ ਇਨ੍ਹਾਂ ਲੀਡਰਾਂ ਨੂੰ ਸ਼ਾਇਦ ਪੰਜਾਬ ਦੀ ਅਸਲੀਅਤ ਬਾਰੇ ਕੋਈ ਜਾਣਕਾਰੀ ਨਹੀਂ ਹੈ।

ਜ਼ਿਕਰਯੋਗ ਹੈ ਕਿ ਨਸ਼ੇ ਤੋਂ ਪੀੜਤ ਲੋਕਾਂ ਦਾ ਇਲਾਜ ਕਰਨ ਵਾਲੇ ਡਾਕਟਰ ਜੇ.ਪੀ.ਐਸ. ਭਾਟੀਆ ਵੱਲੋਂ ਅੰਮ੍ਰਿਤਸਰ ਵਿਚ ਔਰਤਾਂ ਲਈ ਮੁੜ ਵਸੇਬਾ ਕੇਂਦਰ ਖੋਲ੍ਹਿਆ ਗਿਆ ਹੈ ਜਿਸ ਵਿਚ ਸਿਹਤ ਵਿਭਾਗ ਦੇ ਪ੍ਰਿੰਸੀਪਲ ਸਕੱਤਰ ਵਿਨੀ ਮਹਾਜਨ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ। ਡਾਕਟਰ ਭਾਟੀਆ ਨਸ਼ੇ ਦੀ ਦਲਦਲ ਵਿਚ ਫਸੇ ਕਈ ਨੌਜਵਾਨਾਂ ਦਾ ਇਸ ਨਸ਼ਾ ਮੁਕਤੀ ਕੇਂਦਰ ਰਾਹੀਂ ਇਲਾਜ ਕਰ ਚੁੱਕੇ ਹਨ। ਉਨ੍ਹਾਂ ਮੁਤਾਬਕ ਉਨ੍ਹਾਂ ਵੱਲੋਂ ਲੜਕੀਆਂ ਤੇ ਔਰਤਾਂ ਲਈ ਸ਼ੁਰੂ ਕੀਤੀ ਗਈ ਇਹ ਪਹਿਲ ਵੀ ਪੰਜਾਬ ਦੇ ਲੋਕਾਂ ਲਈ ਮੀਲ ਦਾ ਪੱਥਰ ਸਾਬਤ ਹੋਵੇਗੀ। ਡਾਕਟਰ ਭਾਟੀਆ ਪਿਛਲੇ ਕਈ ਸਾਲਾਂ ਤੋਂ ਅੰਮ੍ਰਿਤਸਰ 'ਚ ਨਸ਼ਾ ਮੁਕਤੀ ਕੇਂਦਰ ਚਲਾ ਰਹੇ ਹਨ। ਉਨ੍ਹਾਂ ਵੱਲੋਂ ਪਹਿਲਾਂ ਨਸ਼ੇ ਦੀ ਦਲਦਲ ਤੋਂ ਬਾਹਰ ਆਏ ਨੌਜਵਾਨਾਂ ਲਈ ਮੁੜ ਵਸੇਬਾ ਕੇਂਦਰ ਖੋਲ੍ਹਿਆ ਗਿਆ ਸੀ, ਪਰ ਹੁਣ ਔਰਤਾਂ ਲਈ ਵੀ ਕੇਂਦਰ ਖੋਲ੍ਹਣ ਦੀ ਪਹਿਲ ਕੀਤੀ ਹੈ।

ਭਾਟੀਆ ਮੁਤਾਬਕ ਨਸ਼ੇ ਤੋਂ ਪੀੜਤ ਔਰਤਾਂ ਦੇ ਇਲਾਜ ਲਈ ਇਹ ਦੇਸ਼ ਦਾ ਪਹਿਲਾ ਪਰਿਵਾਰਕ ਮੁੜ ਵਸੇਬਾ ਕੇਂਦਰ ਹੈ। ਇਸ ਇਲਾਜ ਦੌਰਾਨ ਪੀੜਤ ਔਰਤਾਂ ਦੇ ਇਲਾਜ ਲਈ ਮਹਿਲਾ ਡਾਕਟਰ ਹੋਣਗੀਆਂ ਤੇ ਔਰਤਾਂ ਹੀ ਇਨ੍ਹਾਂ ਦੀ ਕੌਂਸਲਿੰਗ ਕਰਨਗੀਆਂ। ਉਨ੍ਹਾਂ ਕਿਹਾ ਕਿ ਇਹ ਦੇਸ਼ ਦਾ ਪਹਿਲਾ ਅਜਿਹਾ ਕੇਂਦਰ ਹੋਵੇਗਾ ਜਿਸ ਵਿਚ ਮਰੀਜ਼ ਔਰਤ ਨਾਲ ਉਸ ਦਾ ਪੂਰਾ ਪਰਿਵਾਰ ਰਹਿ ਸਕੇਗਾ। ਪੂਰੇ ਪਰਿਵਾਰ ਦੇ ਨਾਲ ਰਹਿਣ ਕਾਰਨ ਮਰੀਜ਼ ਨੂੰ ਜਲਦ ਠੀਕ ਹੋਣ ਵਿਚ ਮਦਦ ਮਿਲੇਗੀ।

# ਤਾਜ ਮਹੱਲ ਦਾ ਡੰਕਾ ਬਰਕਰਾਰ

**ਨਵੀਂ ਦਿੱਲੀ:** ਵੈਬਸਾਈਟ 'ਟਰਿੱਪ ਐਡਵਾਈਜ਼ਰ' ਨੇ ਆਗਰਾ ਦੇ ਤਾਜ ਮਹੱਲ ਨੂੰ ਦੁਨੀਆਂ ਭਰ ਦੇ ਪੰਜ ਮੰਨੇ-ਪ੍ਰਮੰਨੇ ਅਜੂਬਿਆਂ 'ਚੋਂ 5ਵੇਂ ਨੰਬਰ 'ਤੇ ਰੱਖਿਆ ਹੈ। ਇਹ ਸੈਲਾਨੀਆਂ ਦੀਆਂ ਸਭ ਤੋਂ ਪਸੰਦੀਦਾ ਥਾਵਾਂ ਵਿਚੋਂ ਇਕ ਹੈ। ਇਨ੍ਹਾਂ ਸੰਸਥਾਵਾਂ ਬਾਰੇ ਹੋਈ ਵੋਟਿੰਗ ਵਿਚ ਟਰਿੱਪ ਐਡਵਾਈਜ਼ਰ ਨੇ ਕਿਹਾ ਹੈ ਕਿ ਪੇਰੂ ਵਿਚ ਮੱਛੂ ਪੀਛੂ ਤੇ ਆਬੂਧਾਬੀ ਦਾ ਸ਼ੇਖ਼ ਜ਼ਾਈਦ ਗਰੈਂਡ ਮਸਜਿਦ ਸੈਂਟਰ ਦੋ ਮੁੱਖ ਸੈਰਗਾਹਾਂ ਵਿਚੋਂ ਇਕ ਹੈ। ਇਨ੍ਹਾਂ ਇਨਾਮ ਜੇਤੂ ਸੰਸਥਾਵਾਂ ਨੂੰ ਗੁਣਵੱਤਾ ਤੇ ਗਿਣਾਤਮਿਕਤਾ ਦੇ ਅਧਾਰ ਤੇ ਨੰਬਰ ਦਿੱਤੇ ਗਏ ਹਨ। ਇਹ ਸਾਰੇ ਨੰਬਰ 12 ਮਹੀਨਿਆਂ ਦੇ ਸਮੇਂ ਵਿਚ ਇਕੱਠੇ ਕੀਤੇ ਗਏ ਹਨ। ਟਰਿੱਪ ਐਡਵਾਈਜ਼ਰ ਇੰਡੀਆ ਦੇ ਕੰਟਰੀ ਮੈਨੇਜਰ ਨਿਖਿਲ ਗੰਜੂ ਨੇ ਕਿਹਾ ਹੈ ਕਿ ਭਾਰਤ ਕੋਲ ਬਹੁਤ ਅਮੀਰ ਵਿਰਾਸਤ ਹੈ ਤੇ ਸਾਡੀ ਵਿਰਾਸਤ ਦੁਨੀਆਂ ਵਿਚ ਨਾਮਣਾ ਖੱਟਣ ਦੀ ਦਾਅਵੇਦਾਰ ਹੈ।

ਤਾਜ ਮਹੱਲ ਸਭ ਤੋਂ ਪਹਿਲਾਂ ਯੂਨੈਸਕੋ ਨੇ 1993 ਵਿਚ ਮੁਸਲਿਮ ਆਰਟ ਤੇ ਦੁਨੀਆਂ ਦਾ ਮਾਸਟਰਪੀਸ ਅਜੂਬਾ ਐਲਾਨਿਆ ਹੈ। ਜੈਪੁਰ ਦਾ ਅੰਬਰ ਕਿਲ੍ਹਾ ਵੀ ਏਸ਼ੀਆ ਦੀਆਂ ਵਿਰਾਸਤੀ ਥਾਂਵਾਂ 'ਚ 8ਵੇਂ ਨੰਬਰ 'ਤੇ ਰੱਖਿਆ ਗਿਆ ਹੈ। ਦੱਸਣਯੋਗ ਹੈ ਕਿ ਮੁਗਲ ਕਾਲ ਸਮੇਂ ਭਾਰਤ 'ਚ ਬਹੁਤ ਚੰਗੀ ਨਕਾਸ਼ੀ ਵਾਲੀਆਂ ਇਮਾਰਤਾਂ ਬਣਦੀਆਂ ਰਹੀਆਂ ਹਨ ਤੇ ਉਨ੍ਹਾਂ ਥਾਵਾਂ ਨੂੰ ਅੱਜ ਦੁਨੀਆਂ ਭਰ ਵਿਚ ਮਾਣ ਮਿਲ ਰਿਹਾ ਹੈ।

ਪੰਜਾਬ ਟਾਈਮਜ਼

*ਸਨਿਚਰਵਾਰ, 28 ਮਈ 2016*

## ਕਾਮਾਗਾਟਾ ਮਾਰੂ ਸਾਕਾ ਅਤੇ ਮੁਆਫੀ

ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ 102 ਸਾਲ ਪਹਿਲਾਂ ਕਾਮਾਗਾਟਾ ਮਾਰੂ ਜਹਾਜ਼ ਦੇ ਪੰਜਾਬੀ ਸਵਾਰਾਂ ਨਾਲ ਕੈਨੇਡਾ ਸਰਕਾਰ ਵੱਲੋਂ ਕੀਤੀ ਜ਼ਿਆਦਤੀ ਦੀ ਮੁਆਫੀ ਮੰਗ ਕੇ ਨਵੇਂ ਅਧਿਆਇ ਦਾ ਅਰੰਭ ਕੀਤਾ ਹੈ। ਕੈਨੇਡੀਅਨ ਸੰਸਦ ਵਿਚ ਮੰਗੀ ਗਈ ਇਹ ਮੁਆਫੀ ਭਾਵੇਂ ਰਸਮੀ ਹੀ ਸੀ, ਕਿਉਂਕਿ ਇਸ ਤੋਂ ਪਹਿਲਾਂ ਸਾਲ 2008 ਵਿਚ ਤਤਕਾਲੀ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਨੇ ਇਕ ਸਮਾਗਮ ਦੌਰਾਨ ਇਸ ਸਾਕੇ ਲਈ ਮੁਆਫੀ ਮੰਗ ਲਈ ਸੀ, ਪਰ ਇਸ ਦੇ ਅਰਥ ਵੱਡੇ ਹਨ। ਇਸ ਸਾਕੇ ਲਈ ਭਾਵੇਂ ਉਸ ਵੇਲੇ ਦੀ ਬ੍ਰਿਟਿਸ਼ ਸਰਕਾਰ ਦਾ ਸਬੰਧ ਵੀ ਜੁੜਦਾ ਹੈ, ਪਰ ਇਸ ਦਾ ਸਿੱਧਾ ਸਬੰਧ ਨਸਲੀ ਵਿਤਕਰੇ ਨਾਲ ਹੀ ਹੈ। ਇਸ ਵਿਤਕਰੇ ਕਰ ਕੇ ਹੀ ਹਰ ਸੰਭਵ ਯਤਨ ਕਰਨ ਦੇ ਬਾਵਜੂਦ, ਮੁਸਾਫਰਾਂ ਨਾਲ ਭਰਿਆ ਜਹਾਜ਼ ਵਾਪਸ ਮੋੜ ਦਿੱਤਾ ਗਿਆ ਸੀ। ਸਿਤਮਜ਼ਰੀਫੀ ਇਹ ਹੋਈ ਕਿ ਜਿਉਂ ਹੀ ਇਹ ਜਹਾਜ਼ ਕਲਕੱਤਾ ਦੀ ਬਜ-ਬਜ ਘਾਟ 'ਤੇ ਪੁੱਜਾ, ਅੰਗਰੇਜ਼ ਸ਼ਾਸਕਾਂ ਦੇ ਹੁਕਮਾਂ ਉਤੇ ਗੋਲੀ ਚਲਾ ਦਿੱਤੀ ਗਈ। ਇਸ ਨਾਲ 19 ਜਾਨਾਂ ਚਲੀਆਂ ਗਈ। ਕਈ ਮੁਸਾਫਰਾਂ ਨੂੰ ਜਹਾਜ਼ ਵਿਚੋਂ ਉਤਰਦੇ ਸਾਰ ਫੜ ਲਿਆ ਗਿਆ ਜੋ ਬਾਅਦ ਵਿਚ ਪਹਿਲੀ ਸੰਸਾਰ ਜੰਗ ਖਤਮ ਹੋਣ ਤਕ ਨਜ਼ਰਬੰਦ ਰਹੇ। ਇਨ੍ਹਾਂ ਮੁਸਾਫਰਾਂ ਵਿਚੋਂ ਕੁਝ ਕੁ ਬਚ ਨਿਕਲਣ ਵਿਚ ਵੀ ਸਫਲ ਰਹੇ ਸਨ। ਹੁਣ ਜਸਟਿਨ ਟਰੂਡੋ ਦੇ ਇਸ ਕਦਮ ਦਾ ਇਕ ਪਾਸੇ ਵੱਡੇ ਪੱਧਰ 'ਤੇ ਸਵਾਗਤ ਹੋਇਆ ਹੈ, ਪਰ ਇਸ ਦੇ ਨਾਲ ਹੀ ਵਿਰੋਧੀ ਟਿੱਪਣੀਆਂ ਵੀ ਉਨੀ ਹੀ ਵੱਡੀ ਪੱਧਰ 'ਤੇ ਸਾਹਮਣੇ ਆਈਆਂ ਹਨ। ਇਸ ਦਾ ਇਕ ਮਤਲਬ ਇਹ ਨਿਕਲਦਾ ਹੈ ਕਿ ਵਕਤ ਭਾਵੇਂ ਬਹੁਤ ਬਦਲ ਗਿਆ ਹੈ ਅਤੇ ਸਿਆਸੀ-ਆਰਥਿਕ-ਸਮਾਜਿਕ ਪੱਧਰ 'ਤੇ ਤਬਦੀਲੀ ਵੀ ਬਥੇਰੀ ਆ ਗਈ ਹੈ, ਪਰ ਇਕ ਸਦੀ ਬਾਅਦ ਵੀ ਜ਼ਿਆਦਤੀਆਂ ਦਾ ਇਹ ਸਿਲਸਿਲਾ ਬੰਦ ਨਹੀਂ ਹੋਇਆ ਹੈ। ਉਂਜ ਇਕ ਤੱਥ ਤਾਂ ਐਨ ਸਪਸ਼ਟ ਹੈ ਕਿ ਕੈਨੇਡਾ ਦੀ ਸਿਆਸਤ ਵਿਚ ਪੰਜਾਬੀਆਂ ਦੇ ਵਧ ਰਹੇ ਪ੍ਰਭਾਵ ਕਰ ਕੇ ਹੀ ਅਜਿਹਾ ਸੰਭਵ ਹੋ ਸਕਿਆ ਹੈ। ਮੁਲਕ ਵਿਚ ਪੰਜਾਬੀਆਂ ਦੀ ਗਿਣਤੀ ਹੁਣ ਪੰਜ ਲੱਖ ਦੇ ਨੇੜੇ-ਤੇੜੇ ਪੁੱਜ ਗਈ ਹੈ ਅਤੇ ਇਹ ਹਰ ਖੇਤਰ ਵਿਚ ਅਹਿਮ ਭੂਮਿਕਾ ਨਿਭਾ ਰਹੇ ਹਨ। ਹਾਲਾਤ ਹੁਣ ਇਹ ਹਨ ਕਿ ਇਨ੍ਹਾਂ ਨੂੰ ਅਣਗੌਲਿਆ ਨਹੀਂ ਕੀਤਾ ਜਾ ਸਕਦਾ। ਸਿਆਸਤ ਵਿਚ ਵੱਡੀ ਪੈਂਠ ਪੈਣ ਕਾਰਨ ਹੌਲੀ-ਹੌਲੀ ਬਹੁਤ ਸਾਰੇ ਮਸਲਿਆਂ ਦੇ ਹੱਲ ਲਈ ਰਾਹ ਆਪਣੇ-ਆਪ ਬਣ ਰਹੇ ਹਨ।

ਇਸ ਮੁਆਫੀਨਾਮੇ ਦਾ ਇਕ ਹੋਰ ਪੱਖ ਵੀ ਹੈ ਜੋ ਇਸ ਵੇਲੇ ਗੰਭੀਰਤਾ ਨਾਲ ਵਿਚਾਰਨਾ ਬਣਦਾ ਹੈ। ਇਸ ਦਾ ਸਿੱਧਾ ਸਬੰਧ ਨਸਲੀ ਵਿਤਕਰੇ ਨਾਲ ਹੀ ਜੁੜਿਆ ਹੋਇਆ ਹੈ। ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਮੁਆਫੀ ਮੰਗੇ ਜਾਣ ਤੋਂ ਬਾਅਦ ਕੈਨੇਡਾ ਦੀ ਸੰਸਦ ਦੀ ਦਰਸ਼ਕ ਗੈਲਰੀ ਵਿਚ ਜੈਕਾਰੇ ਛੱਡੇ ਗਏ ਜਿਸ ਨੂੰ ਕੁਝ ਨਸਲਪ੍ਰਸਤਾਂ ਨੇ ਆਪਣੇ ਹਿਸਾਬ ਨਾਲ ਉਭਾਰਨ ਦਾ ਯਤਨ ਕੀਤਾ ਹੈ। ਹੋਰ ਵਿਰੋਧੀ ਟਿੱਪਣੀਆਂ ਦੇ ਨਾਲ-ਨਾਲ ਇਨ੍ਹਾਂ ਜੈਕਾਰਿਆਂ ਦੀ ਚਰਚਾ ਵੀ ਹੋਈ ਹੈ। ਅਸਲ ਵਿਚ ਸੰਸਾਰ ਦੀਆਂ ਸਭ ਸੰਸਦਾਂ ਦੀ ਆਪੋ-ਆਪਣੀ ਮਰਯਾਦਾ ਹੈ ਅਤੇ ਦਰਸ਼ਕ ਗੈਲਰੀ ਦਾ ਵਿਹਾਰ ਵੀ ਇਸੇ ਮਰਯਾਦਾ ਤਹਿਤ ਆਉਂਦਾ ਹੈ। ਦਰਸ਼ਕ ਗੈਲਰੀ ਵਿਚ ਦਰਸ਼ਕ ਮਹਿਜ਼ ਦਰਸ਼ਕ ਹੁੰਦਾ ਹੈ ਅਤੇ ਇਨ੍ਹਾਂ ਦਰਸ਼ਕਾਂ ਨੇ ਸੰਸਦ ਦੀ ਚੱਲ ਰਹੀ ਕਾਰਵਾਈ ਦੇਖਣੀ ਹੁੰਦੀ ਹੈ, ਪਰ ਜਦੋਂ ਮੁਆਫੀ ਮੰਗਣ ਵਰਗੇ ਭਾਵੁਕ ਵਕਤਾਂ ਮੌਕੇ, ਦਰਸ਼ਕ ਗੈਲਰੀ ਵਿਚ ਛੱਡੇ ਜੈਕਾਰੇ ਜੇ ਕੈਨੇਡੀਅਨ ਸਮਾਜ ਵਿਚ ਮਸਲਾ ਬਣਦੇ ਹਨ, ਤਾਂ ਸਾਨੂੰ ਆਪਣੇ ਇਸ ਵਿਹਾਰ ਬਾਰੇ ਗੰਭੀਰਤਾ ਨਾਲ ਸੋਚਣਾ ਬਣਦਾ ਹੈ। ਇਨ੍ਹਾਂ ਜੈਕਾਰਿਆਂ ਬਾਰੇ ਇਤਰਾਜ਼ ਭਾਵੇਂ ਛੋਟੇ ਹੋਣ ਅਤੇ ਇਨ੍ਹਾਂ ਨੂੰ ਕਿਸੇ ਨੇ ਉਸ ਰੂਪ ਵਿਚ ਗੌਲਿਆ ਵੀ ਨਹੀਂ ਹੈ, ਪਰ ਇਸ ਇਤਰਾਜ਼ ਨੂੰ ਗੌਲਣ ਦੀ ਵਾਰੀ ਹੁਣ ਆਪਣੇ ਪੰਜਾਬੀਆਂ ਦੀ ਹੈ। ਇਕ ਸਦੀ ਬਾਅਦ ਵੀ ਇਹ ਕੌੜੀ ਸੱਚਾਈ ਹੈ ਕਿ ਪਰਦੇਸੀਂ ਵਸੇ ਪੰਜਾਬੀ ਆਪਣੇ-ਆਪ ਨੂੰ ਸਬੰਧਤ ਮੁਲਕ ਦੇ ਸਮਾਜ ਨਾਲ ਇਕ-ਮਿਕ ਕਰਨ ਵਿਚ ਬਹੁਤ ਪਿਛੇ ਰਹਿ ਗਏ ਹਨ। ਅਸੀਂ ਹੁੱਬਦੇ ਬਹੁਤ ਹਾਂ ਕਿ ਪੰਜਾਬੀ ਜਿੱਥੇ ਵੀ ਜਾਂਦੇ ਹਨ, ਉਥੇ ਆਪਣਾ 'ਪੰਜਾਬ' ਵਸਾ ਲੈਂਦੇ ਹਨ, ਪਰ ਅਜਿਹਾ ਕਰਨ ਨਾਲ ਨਸਲੀ ਵਿਤਕਰੇ ਦੇ ਖਾਤਮੇ ਵੱਲ ਜਾਂਦੇ ਰਾਹ ਸੁੱਤੇ-ਸਿੱਧ ਹੀ ਭੀੜੇ ਹੋ ਜਾਂਦੇ ਹਨ। ਵਿਕਸਿਤ ਮੁਲਕਾਂ ਦੇ ਸਮਾਜ ਨਾਲੋਂ ਟੁੱਟ ਕੇ ਅਗਾਂਹ ਕਦਮ ਨਹੀਂ ਵਧਾਇਆ ਜਾ ਸਕਦਾ। ਸਿਆਸਤ ਦੇ ਪਿੜ ਵਿਚ ਵੀ ਉਹੀ ਪੰਜਾਬੀ ਜਾਂ ਸਿੱਖ ਹੀ ਅੱਗੇ ਵਧੇ ਹਨ ਜਿਨ੍ਹਾਂ ਨੇ ਉਥੋਂ ਦੇ ਸਮਾਜ ਨਾਲ ਮੇਲ ਮੁਕਾਬਲਤਨ ਵਧਾਇਆ ਹੈ।

ਇਸ ਪੱਖ ਤੋਂ ਸਦੀ ਪਹਿਲਾਂ ਕੈਨੇਡਾ-ਅਮਰੀਕਾ ਦੀ ਧਰਤੀ ਉਤੇ ਵਿਚਰੇ ਗਦਰੀਆਂ ਤੋਂ ਸੇਧ ਲਈ ਜਾ ਸਕਦੀ ਹੈ। ਇਨ੍ਹਾਂ ਜਿਊੜਿਆਂ ਨੇ ਭਾਰਤ ਵਿਚੋਂ ਅੰਗਰੇਜ਼ਾਂ ਦੀ ਗੁਲਾਮੀ ਦੀਆਂ ਜ਼ੰਜੀਰਾਂ ਕੱਟਣ ਲਈ ਜਦੋਂ ਸੋਚਿਆ ਤਾਂ ਹਰ ਪੱਧਰ 'ਤੇ ਹਮਾਇਤ ਜੁਟਾਉਣ ਦਾ ਯਤਨ ਕੀਤਾ। ਇਨ੍ਹਾਂ ਗਦਰੀਆਂ ਦਾ ਸਿਆਸੀ ਦਾਈਆ ਸੰਸਾਰ ਸਿਆਸਤ ਨਾਲ ਨਜ਼ਰਾਂ ਮਿਲਾ ਰਿਹਾ ਸੀ। ਕਈ ਵਾਰ ਪੜ੍ਹ-ਸੁਣ ਕੇ ਹੈਰਾਨੀ ਹੁੰਦੀ ਹੈ ਕਿ ਉਸ ਦੌਰ ਵਿਚ ਉਨ੍ਹਾਂ ਮੁੱਖਧਾਰਾ ਮੀਡੀਆ ਅਤੇ ਹੋਰ ਸਰਗਰਮ ਸਥਾਨਕ ਲੀਡਰਾਂ ਨਾਲ ਕਿਸ ਤਰ੍ਹਾਂ ਰਾਬਤਾ ਬਣਾਇਆ ਹੋਇਆ ਸੀ। ਅਜਿਹਾ ਇਸ ਕਰ ਕੇ ਸੰਭਵ ਹੋਇਆ ਕਿਉਂਕਿ ਉਨ੍ਹਾਂ ਦੀ ਸੋਚ ਦਾ ਦਾਇਰਾ ਬਹੁਤ ਵਸੀਹ ਸੀ ਅਤੇ ਉਨ੍ਹਾਂ ਨੂੰ ਸੰਸਾਰ ਭਰ ਦੇ ਹਾਲਾਤ ਬਾਰੇ ਵੀ ਬਣਦੀ ਸੂਹ ਹਾਸਲ ਸੀ। ਇਸ ਕਰ ਕੇ ਹੀ ਉਹ ਉਸ ਦੌਰ ਵਿਚ ਇੰਨੀ ਅਹਿਮ ਭੂਮਿਕਾ ਨਿਭਾਉਣ ਵਿਚ ਸਫਲ ਰਹੇ ਜਿਸ ਤੋਂ ਅੱਜ ਤਕ ਦੀਆਂ ਪੀੜ੍ਹੀਆਂ ਪ੍ਰੇਰਨਾ ਲੈ ਰਹੀਆਂ ਹਨ। ਇਸ ਵੇਲੇ ਕਈ ਵਿਕਸਿਤ ਮੁਲਕਾਂ ਵਿਚ ਪੰਜਾਬੀਆਂ ਦੇ ਝੰਡੇ ਬੁਲੰਦ ਹਨ। ਹੁਣ ਦੇਖਣਾ ਇਹ ਹੈ ਕਿ ਗਦਰੀਆਂ ਵਾਂਗ ਇਸ ਬੁਲੰਦੀ ਦਾ ਪਿਛੋਕੇ ਨੂੰ ਕਿੰਨਾ ਹੁਲਾਰਾ ਮਿਲਦਾ ਹੈ। ਇਸ ਹੁਲਾਰੇ ਨੂੰ ਹੋਰ ਬੁਲੰਦੀ ਉਤੇ ਪਹੁੰਚਾਉਣ ਲਈ ਕਿਸੇ ਸੌੜੀ ਸਿਆਸਤ ਵਿਚ ਫਸਣ ਦੀ ਥਾਂ ਮਨੁੱਖ-ਪੱਖੀ ਪੈਂਤੜੇ ਮੱਲਣੇ ਪੈਣਗੇ। ਜ਼ਾਹਿਰ ਹੈ ਕਿ ਜ਼ਿਆਦਤੀ ਖਿਲਾਫ ਲੜਾਈ, ਜੂਝ ਕੇ ਹੀ ਜਿੱਤੀ ਜਾ ਸਕਦੀ ਹੈ। ਇਸ ਮਾਮਲੇ ਵਿਚ ਕਾਮਾਗਾਟਾ ਮਾਰੂ ਘਟਨਾ ਅਤੇ ਗਦਰੀਆਂ ਨਾਲ ਸਬੰਧਤ ਸਿਆਸਤ ਦਾ ਜੁਝਾਰੂਪਣ ਸੇਧ ਦੇ ਸਕਦਾ ਹੈ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਸਰਕਾਰੀ ਸਾਧ?*

ਸਿਰੀਂ ਲੋਕਾਂ ਦੇ ਜਿੱਥੇ ਅਗਿਆਨ ਵੱਸੇ, ਸਾਧੂ ਸੰਤਾਂ ਦੀ ਉਥੇ ਭਰਮਾਰ ਹੋਵੇ।
ਲੁਕ ਜਾਂਦੀਆਂ ਲੁੱਚੀਆਂ ਕਾਰਵਾਈਆਂ, ਬੀਬੇ ਰਾਣਿਆਂ ਵਾਲੀ ਗੁਫਤਾਰ ਹੋਵੇ।
ਹੱਕ, ਸੱਚ, ਇਨਸਾਫ ਨੇ ਗਾਇਬ ਹੁੰਦੇ, ਤਾਣਾ-ਬਾਣਾ ਹੀ ਸਾਰਾ ਬਦਕਾਰ ਹੋਵੇ।
ਕਰਦਾ ਫੇਰ ਨਾ ਅਸਰ ਉਪਦੇਸ਼ ਕੋਈ, ਵਿਚ ਪ੍ਰਚਾਰਕਾਂ 'ਗਰਮ' ਤਕਰਾਰ ਹੋਵੇ।
'ਧਰਮੀ' ਲੱਭਣਾ ਹੋਊ ਮੁਹਾਲ ਯਾਰੋ, 'ਲੇਬਲ' ਧਰਮ ਦੇ ਹੇਠ ਵਪਾਰ ਹੋਵੇ।
ਕਾਰੇ ਵਾਂਗ 'ਨਰੈਣ' ਦੇ ਕਰੇਗਾ 'ਉਹ', ਜਿਹੜੇ ਸਾਧ ਦੀ 'ਯਾਰ' ਸਰਕਾਰ ਹੋਵੇ!

# ਮੁਆਫੀ ਦੇ ਦੌਰ 'ਚ ਰੂਮ ਸਾਗਰ ਵਿਚ ਡੁੱਬਦੀ ਵਿਰਾਸਤ

ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਪਣੇ ਮੁਲਕ ਦੇ ਨੁਮਾਇੰਦੇ ਵਜੋਂ ਕਾਮਾਗਾਟਾ ਮਾਰੂ ਦੇ ਸਾਕੇ ਲਈ ਮੁਆਫ਼ੀ ਮੰਗੀ ਹੈ। ਕਾਮਾਗਾਟਾ ਮਾਰੂ ਦੇ ਮੁਸਾਫ਼ਰਾਂ ਨੂੰ 1914 ਵਿਚ ਕੈਨੇਡਾ ਦੀ ਧਰਤੀ ਉਤੇ ਪੈਰ ਪਾਉਣ ਤੋਂ ਮਨ੍ਹਾਂ ਕੀਤਾ ਗਿਆ ਸੀ ਅਤੇ ਨਤੀਜੇ ਵਜੋਂ ਸਮੁੰਦਰੀ ਜਹਾਜ ਨੂੰ ਵਾਪਸ ਭੇਜਿਆ ਗਿਆ ਸੀ। ਕਾਮਾਗਾਟਾ ਮਾਰੂ ਦੇ ਬਾਈ ਮੁਸਾਫ਼ਰਾਂ ਨੂੰ ਕਲਕੱਤੇ ਦੇ ਬਜਬਜ ਘਾਟ ਉਤੇ ਅੰਗਰੇਜ਼ ਬਸਤਾਨਾਂ ਨੇ ਗੋਲੀ ਨਾਲ ਮਾਰ ਦਿਤਾ ਸੀ। ਇਸ ਸਮੁੱਚੇ ਸਾਕੇ ਵਿਚ ਗੋਰੀ ਨਸਲ ਅਤੇ ਬਸਤਾਨੀ ਗ਼ਲਬੇ ਦੀਆਂ ਧਾਰਨਾਵਾਂ ਅਹਿਮ ਸਨ। ਇਕ ਪਾਸੇ ਕੈਨੇਡਾ ਵਿਚ ਗੋਰੀ ਨਸਲ ਦੀ ਸੁੱਚ ਕਾਇਮ ਰੱਖਣ ਦਾ ਸੁਆਲ ਸੀ ਅਤੇ ਦੂਜੇ ਪਾਸੇ ਅੰਗਰੇਜ਼ ਸਾਮਰਾਜ ਦੀ ਰਈਅਤ ਉਤੇ ਗ਼ਲਬਾ ਕਰਨ ਦਾ ਸੁਆਲ ਸੀ। ਹੁਣ ਇਸ ਸਾਕੇ ਲਈ ਕੈਨੇਡਾ ਦੀ ਸੰਸਦ ਵਿਚ ਮੁਆਫ਼ੀ ਮੰਗੀ ਗਈ ਹੈ। ਉਸ ਵੇਲੇ ਕਾਮਾਗਾਟਾ ਮਾਰੂ ਨੂੰ ਵਾਪਸ ਭੇਜਣ ਵਾਲੇ ਫ਼ੌਜੀ ਰਸਾਲਿਆਂ ਵਿਚ 'ਦਿ ਡਿਊਕ ਔਫ਼ ਕਨਾਉਟ'ਜ਼ ਓਨ ਰਾਈਫ਼ਲਜ਼' ਦਾ ਛੇ ਨੰਬਰ ਰਸਾਲਾ ਸ਼ਾਮਿਲ ਸੀ। ਮੌਜੂਦਾ ਕੈਨੇਡਾ ਸਰਕਾਰ ਦਾ ਰੱਖਿਆ ਮੰਤਰੀ ਹਰਜੀਤ ਸਿੰਘ ਸੱਜਣ ਇਸੇ ਰਸਾਲੇ ਵਿਚ



**ਦਲਜੀਤ ਅਮੀ**
ਫੋਨ: +91-97811-21873

ਟਰੂਪਰ ਤੋਂ ਲੈਫ਼ਟੀਨੈਂਟ ਕਰਨਲ ਤੱਕ ਦੇ ਅਹੁਦਿਆਂ ਉਤੇ ਤਾਇਨਾਤ ਰਿਹਾ ਹੈ। ਹਰਜੀਤ ਸੱਜਣ ਨੂੰ ਬਦਲੇ ਮਾਹੌਲ ਅਤੇ ਮੌਜੂਦਾ ਕੈਨੇਡਾ ਦੇ ਨੁਮਾਇੰਦੇ ਵਜੋਂ ਪੇਸ਼ ਕੀਤਾ ਜਾ ਰਿਹਾ ਹੈ। ਉਸ ਵੇਲੇ ਕੈਨੇਡਾ ਗੋਰੀ ਨਸਲ ਦੇ ਗ਼ਲਬੇ ਦੀ ਵਕਾਲਤ ਕਰਦਾ ਸੀ ਅਤੇ ਹੁਣ ਨਸਲੀ ਵੰਨ-ਸਵੰਨਤਾ ਦਾ ਕਦਰਦਾਨ ਅਖਵਾਉਂਦਾ ਹੈ।

ਕਾਮਾਗਾਟਾ ਮਾਰੂ ਸਾਕੇ ਦੀ ਮੁਆਫ਼ੀ ਨੂੰ ਕਈ ਹਵਾਲਿਆਂ ਨਾਲ ਵੇਖਿਆ ਜਾ ਰਿਹਾ ਹੈ। ਇਹ ਕੈਨੇਡਾ ਵਿਚ ਨਸਲੀ ਵੰਨ-ਸਵੰਨਤਾ ਵਾਲੇ ਨਿਜ਼ਾਮ ਦੇ ਖ਼ਾਸੇ ਨਾਲ ਮੇਲ ਖਾਂਦੀ ਕਾਰਵਾਈ ਹੈ। ਇਹ ਕੈਨੇਡਾ ਵਿਚ ਆਵਾਸੀਆਂ/ਪੰਜਾਬੀਆਂ/ਸਿੱਖਾਂ ਦੇ ਵਧ ਰਹੇ ਅਸਰ ਦਾ ਨਤੀਜਾ ਹੈ। ਕਾਮਾਗਾਟਾ ਮਾਰੂ ਸਾਕੇ ਦੀ ਮੁਆਫ਼ੀ ਨੂੰ ਮੂਲਵਾਸੀਆਂ ਤੋਂ ਮੰਗੀ ਗਈ ਮੁਆਫ਼ੀ ਦੀ ਕੜੀ ਵਜੋਂ ਵੇਖਿਆ ਜਾ ਸਕਦਾ ਹੈ। ਪੂਰੀ ਦੁਨੀਆਂ ਵਿਚ ਅਜਿਹੀ ਮੁਆਫ਼ੀ ਦੀ ਮੰਗ ਕਈ ਨਸਲ-ਘਾਤ, ਵਿਤਕਰੇ ਅਤੇ ਜੰਗੀ ਅਪਰਾਧਾਂ ਕਾਰਨ ਹੋ ਰਹੀ ਹੈ। ਆਸਟਰੇਲੀਆ ਨੇ ਮੂਲਵਾਸੀਆਂ ਨਾਲ ਵਿਤਕਰੇ ਦੀ ਮੁਆਫ਼ੀ ਮੰਗੀ ਹੈ। ਜਾਪਾਨ ਤੋਂ ਅਜਿਹੀ ਮੁਆਫ਼ੀ ਦੀ ਮੰਗ ਕੋਰੀਆ ਵਿਚੋਂ ਲਗਾਤਾਰ ਉਭਰਦੀ ਹੈ। ਇਸ ਤੋਂ ਇਲਾਵਾ ਕਾਮਾਗਾਟਾ ਮਾਰੂ ਦੀ ਮਾਫੀ ਦੀ ਆਪਣੀ ਸਿਆਸਤ ਹੈ ਜੋ ਇਸ ਵੇਲੇ ਚਰਚਾ ਦਾ ਵਿਸ਼ਾ ਬਣੀ ਹੋਈ ਹੈ।

ਇਸ ਮੁਆਫ਼ੀ ਦੇ ਹਵਾਲੇ ਨਾਲ ਕਈ ਤਰ੍ਹਾਂ ਦੀ ਟਿੱਪਣੀਆਂ ਲਗਾਤਾਰ ਸਾਹਮਣੇ ਆ ਰਹੀਆਂ ਹਨ। ਇਨ੍ਹਾਂ ਟਿੱਪਣੀਆਂ ਨੂੰ ਖ਼ੁਸ਼ੀ, ਪ੍ਰਾਪਤੀ ਜਾਂ ਨਸਲੀ ਸਿਆਸਤ ਦੇ ਖ਼ਾਨਿਆਂ ਵਿਚ ਵੰਡਿਆ ਜਾ ਰਿਹਾ ਹੈ। ਉਂਝ ਇਹ ਮੁਆਫ਼ੀ ਕੋਈ ਅਚਾਨਕ ਵਾਪਰੀ ਘਟਨਾ ਨਹੀਂ ਹੈ, ਸਗੋਂ ਇਹ ਚਰਚਾ ਅਤੇ ਪਹਿਲਕਦਮੀਆਂ ਦੇ ਕਈ ਪੜਾਵਾਂ ਵਿਚੋਂ ਨਿਕਲੀ ਹੈ। ਇਸ ਚਰਚਾ ਵਿਚ ਕੈਨੇਡਾ ਦੀਆਂ ਤਕਰੀਬਨ ਸਾਰੀਆਂ ਸਿਆਸੀ ਧਿਰਾਂ ਸ਼ਾਮਿਲ ਰਹੀਆਂ ਹਨ। ਪਿਛਲੇ ਟੋਰੀ ਪ੍ਰਧਾਨ ਮੰਤਰੀ ਕੋਲਿਨ ਹਾਰਪਰ ਨੇ ਇਕ ਸਮਾਗਮ ਦੌਰਾਨ ਮੁਆਫ਼ੀ ਮੰਗੀ ਸੀ। ਉਸ ਤੋਂ ਬਾਅਦ ਕਈ ਜਥੇਬੰਦੀਆਂ ਵਿਚ ਬਹਿਸ ਸੀ ਕਿ ਉਸ ਨੂੰ ਮੁਆਫ਼ੀ ਮੰਨਿਆ ਜਾਵੇ ਜਾਂ ਰਸਮੀ ਮੁਆਫ਼ੀ ਦੀ ਮੰਗ ਕਾਇਮ ਰੱਖੀ ਜਾਵੇ। ਇਨ੍ਹਾਂ ਹਾਲਾਤ ਵਿਚ ਕੈਨੇਡਾ ਦੀ ਸਰਕਾਰ ਨੇ ਕਾਮਾਗਾਟਾ ਮਾਰੂ ਸਾਕੇ ਦੀ ਸ਼ਤਾਬਦੀ ਮਨਾਉਣ ਲਈ ਕਈ ਪਹਿਲਕਦਮੀਆਂ ਕੀਤੀਆਂ। ਇਸ ਸਾਕੇ ਦੇ ਅਧਿਐਨ ਅਤੇ ਯਾਦਗਾਰੀ ਸਮਾਗਮਾਂ ਉਤੇ ਚੋਖਾ ਸਰਕਾਰੀ ਖ਼ਰਚ ਕੀਤਾ ਗਿਆ। ਇਹ ਇਸ਼ਾਰੇ ਸਾਫ਼ ਸਨ ਕਿ ਰਸਮੀ ਮੁਆਫ਼ੀ ਮੰਗਣ ਵਿਚ ਕਿਸੇ ਵੀ ਸਿਆਸੀ ਧਿਰ ਦੀ ਸਰਕਾਰ ਨੂੰ ਕੋਈ ਔਖ ਨਹੀਂ ਹੋਣ ਵਾਲੀ।

ਹੁਣ ਸੁਆਲ ਆਉਂਦਾ ਹੈ ਕਿ ਇਸ ਵੇਲੇ ਇਸ ਮੁਆਫ਼ੀ ਦੇ ਕੀ ਮਾਅਨੇ ਹਨ? ਇਸ ਮਾਮਲੇ ਵਿਚ ਪੰਜਾਬੀ ਪਰਵਾਸੀਆਂ ਦੀ ਦੂਜੀ ਪੀੜ੍ਹੀ ਦੇ ਨੌਜਵਾਨ ਮੋ ਧਾਲੀਵਾਲ ਨੇ ਅਹਿਮ ਲੇਖ ਲਿਖਿਆ ਹੈ। ਮੋ ਧਾਲੀਵਾਲ ਕੈਨੇਡਾ ਵਿਚ ਕਾਮਾਗਾਟਾ ਮਾਰੂ ਨਾਲ ਜੁੜੇ ਸ਼ਹਿਰ ਵੈਨਕੂਵਰ ਵਿਚ 'ਸਕਾਈਰੌਕਟ' ਨਾਮ ਦੀ ਕੰਪਨੀ ਚਲਾਉਂਦਾ ਹੈ। ਮੋ ਦੀ ਦਲੀਲ ਹੈ ਕਿ ਟਰੂਡੋ ਨੂੰ ਮੁਆਫ਼ੀ ਮੰਗ ਕੇ ਨਹੀਂ ਸਾਰਨਾ ਚਾਹੀਦਾ, ਸਗੋਂ ਨਸਲੀ ਵੰਨ-ਸਵੰਨਤਾ ਵਾਲੇ ਇਤਿਹਾਸ ਨੂੰ ਸਮਝਣ ਅਤੇ ਕੈਨੇਡਾ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਬਿਹਤਰ ਮਾਹੌਲ ਦੇਣ ਬਾਬਤ ਸੰਜੀਦਗੀ ਨਾਲ ਕੰਮ ਕਰਨਾ ਚਾਹੀਦਾ ਹੈ। ਮੋ ਦੀ ਸਮੁੱਚੀ ਦਲੀਲ ਪੰਜਾਬੀ ਬਰਾਦਰੀ ਦੇ ਹਵਾਲੇ ਨਾਲ ਕੈਨੇਡਾ ਦੇ ਇਤਿਹਾਸ ਨੂੰ ਗੋਰਿਆਂ ਦੀ ਨਸਲੀ ਸਰਦਾਰੀ ਵਿਚੋਂ ਬਾਹਰ ਕੱਢ ਦੀ ਸਮਝਣ ਦੀ ਵਕਾਲਤ ਕਰਦੀ ਹੈ। ਉਹ ਇਸ ਮੁਆਫ਼ੀ ਤੋਂ ਬਾਅਦ ਕਾਮਾਗਾਟਾ ਮਾਰੂ ਦੇ ਮਾਮਲੇ ਨੂੰ ਠੰਢੇ ਬਸਤੇ ਵਿਚ ਪਾ ਕੇ ਭੁੱਲ ਜਾਣ ਦੀ ਥਾਂ, ਯਾਦ ਰੱਖਣ ਦੀ ਤਾਕੀਦ ਕਰਦਾ ਹੈ। ਮੋ ਮੁਤਾਬਕ ਕਾਮਾਗਾਟਾ ਮਾਰੂ ਵਾਲੀ ਸਿਆਸਤ ਹੁਣ ਵੀ ਕਿਸੇ ਨਾ ਕਿਸੇ ਰੂਪ ਵਿਚ ਹੁੰਦੀ ਹੈ ਅਤੇ ਉਸ ਵੇਲੇ ਦੀ ਸੋਚ ਵਾਲਿਆਂ ਦੀ ਕੈਨੇਡਾ ਵਿਚ ਘਾਟ ਨਹੀਂ ਹੈ।

ਮੋ ਆਪਣੇ ਲੇਖ ਵਿਚ ਇਸ ਮੁਆਫ਼ੀ ਦੇ ਪੱਖ ਅਤੇ ਵਿਰੋਧ ਵਾਲੀਆਂ ਦੋ ਧਿਰਾਂ ਨੂੰ ਮੁਖ਼ਾਤਬ ਹੁੰਦਾ ਹੈ ਅਤੇ ਦੋਵਾਂ ਧਿਰਾਂ ਨੇ ਮੋ ਦੇ ਲੇਖ ਉਤੇ ਟਿੱਪਣੀਆਂ ਕੀਤੀਆਂ ਹਨ। ਮੁਆਫ਼ੀ ਦੇ ਪੱਖ ਵਾਲੀਆਂ ਦਲੀਲਾਂ ਤਾਂ ਪੰਜਾਬੀ ਦੇ ਅਖ਼ਬਾਰਾਂ ਵਿਚ ਲਗਾਤਾਰ ਛਪੀਆਂ ਹਨ ਅਤੇ ਟੈਲੀਵਿਜ਼ਨਾਂ ਉਤੇ ਵੀ ਨਸ਼ਰ ਹੋਈਆਂ ਹਨ। ਇਸ ਦੇ ਵਿਰੋਧ ਵਾਲੀਆਂ ਟਿੱਪਣੀਆਂ ਨੂੰ ਨਸਲਵਾਦ ਕਹਿ ਕੇ ਰੱਦ ਕਰ ਦਿੱਤਾ ਗਿਆ ਹੈ। ਮੋ ਦੇ ਲੇਖ ਉਤੇ ਆਈਆਂ ਕੁਝ ਟਿੱਪਣੀਆਂ ਦਾ ਜ਼ਿਕਰ ਜ਼ਰੂਰੀ ਹੈ। ਗੈਰੀ ਬਰੂਨਟ ਦੀ ਟਿੱਪਣੀ ਹੈ ਕਿ ਇਹ ਵੋਟ ਸਿਆਸਤ ਹੈ- "ਜੇ ਅਜਨਬੀਆਂ ਦੀ ਭਰੀ ਬੱਸ ਮੇਰੇ ਦਰਵਾਜ਼ੇ ਉਤੇ ਆ ਜਾਵੇਗੀ ਤਾਂ ਮੈਂ ਕਿਸੇ ਵੀ ਕੀਮਤ ਉਤੇ ਉਨ੍ਹਾਂ ਨੂੰ ਅੰਦਰ ਨਹੀਂ ਆਉਣ ਦੇਵਾਂਗਾ।... ਅਸੀਂ ਆਪਣੀ ਗ਼ਲਤੀਆਂ ਦਰੁਸਤ ਕਰਨ ਲਈ ਵੱਡੀ ਗਿਣਤੀ ਵਿਚ ਪਨਾਹਗ਼ੀਰਾਂ ਨੂੰ ਆਉਣ ਦੀ ਇਜਾਜ਼ਤ ਦਿੱਤੀ ਹੈ। ਹੁਣ ਇਸ ਤੋਂ ਅੱਗੇ ਵਧਣਾ ਚਾਹੀਦਾ ਹੈ ਅਤੇ ਮੁਫ਼ਤਖ਼ੋਰੀ ਦੀ ਝਾਕ ਬੰਦ ਹੋਣੀ ਚਾਹੀਦੀ ਹੈ।" ਰੌਸ ਨਿਕੋਲ ਦੀ ਟਿੱਪਣੀ ਕੈਨੇਡਾ ਦੇ ਸਿੱਖ ਆਵਾਸੀਆਂ ਨੂੰ ਮੁਖ਼ਾਤਬ ਹੈ- "ਇੱਕ ਮੁਆਫ਼ੀ ਸਿੱਖ ਇੰਤਹਾਪਸੰਦਾਂ ਨੂੰ ਮੰਗਣੀ ਚਾਹੀਦੀ ਹੈ ਜਿਨ੍ਹਾਂ ਨੇ ਸਰਕਾਰੀ ਮੁਲਾਜ਼ਮ ਹੌਪਕਿਨਸਨ ਦਾ ਕਤਲ ਕੀਤਾ ਸੀ ਅਤੇ ਬਾਅਦ ਵਿਚ ਉਸ ਦੀ ਕਾਰਵਾਈ ਨੂੰ ਵਡਿਆਇਆ ਸੀ। ਉਹ ਏਅਰ ਇੰਡੀਆ ਵਿਚ 329 ਕੈਨੇਡੀਅਨਾਂ ਦਾ ਕਤਲ ਵਾਲੇ ਮਾਮਲੇ ਵਿਚ ਮੁਲਜ਼ਮ ਪਰਮਾਰ ਦੀਆਂ ਫੋਟੋਆਂ ਵਿਸਾਖੀ ਦੀਆਂ ਝਾਕੀਆਂ ਵਿਚ ਸਜਾਈ ਫਿਰਦੇ ਹਨ। ਉਸ ਕਤਲ ਕਾਂਡ ਦੇ ਪੀੜਤ ਹਾਲੇ ਵੀ ਜਿਉਂਦੇ ਹਨ। ਇਹ ਮੁਆਫ਼ੀ ਇਤਿਹਾਸਕ ਸੋਧਵਾਦ ਦੇ ਨਿਘਾਰ ਦਾ ਸਿਰਾ ਹੈ ਅਤੇ ਵੋਟਾਂ ਪੱਕੀਆਂ ਕਰਨ ਦੀ ਸ਼ਰਮਨਾਕ ਮਸ਼ਕ ਹੈ।" ਮੋ ਦੇ ਖ਼ਦਸ਼ੇ ਨੂੰ ਰੱਦ ਕਰਦੀ ਹੋਈ ਮੁਆਫ਼ੀ ਦੇ ਪੱਖ ਵਿਚ ਦਲੀਲ ਸੀਮੋਨ ਰਾਏ ਨੇ ਦਿੱਤੀ ਹੈ- "ਇਹ ਮੁਲਕ ਪਿਛਲੀਆਂ ਚੋਣਾਂ ਤੋਂ ਬਾਅਦ ਬਹੁਤ ਬਦਲ ਗਿਆ ਹੈ। ਕੈਨੇਡਾ ਵਿਚ ਚੋਣਾਂ ਜਿੱਤਣ ਵਾਲੇ ਸਿੱਖਾਂ ਦੀ ਚੋਖੀ ਗਿਣਤੀ ਹੈ। ਤੁਹਾਨੂੰ ਲੱਗਦਾ ਹੈ ਕਿ ਉਹ ਕਾਮਾਗਾਟਾ ਮਾਰੂ ਵਰਗਾ ਸਾਕਾ ਮੁੜ ਕੇ ਹੋਣ ਦੇਣਗੇ? ਨਹੀਂ। ਟਰੂਡੋ ਕਾਮਾਗਾਟਾ ਮਾਰੂ ਵਰਗੀ ਵਾਰਦਾਤ ਹੋਣ ਦੇਵੇਗਾ? ਨਹੀਂ। ਮੇਰੇ ਮੁਤਾਬਕ ਜਸਟਿਨ ਨੇ ਹਾਊਸ ਆਫ਼ ਕੌਮਨਜ਼ ਵਿਚ ਸਰਕਾਰ ਵਜੋਂ ਮੁਆਫ਼ੀ ਮੰਗ ਕੇ ਢੁਕਵਾਂ ਕੰਮ ਕੀਤਾ ਹੈ। ਮੁਆਫ਼ੀ ਨਾਲ ਪੁਰਾਣੇ ਜ਼ਖ਼ਮ ਭਰਨ ਦਾ ਕਾਰਜ ਸ਼ੁਰੂ ਹੋ ਗਿਆ ਹੈ।"

ਇਨ੍ਹਾਂ ਸਾਰੀਆਂ ਦਲੀਲਾਂ ਵਿਚਲੀ ਸਿਆਸਤ ਸਾਫ਼ ਉਘੜਦੀ ਹੈ, ਪਰ ਇਨ੍ਹਾਂ ਨੂੰ ਮੁੱਢੋਂ ਰੱਦ ਨਹੀਂ ਕੀਤਾ ਜਾ ਸਕਦਾ। ਮੁਆਫ਼ੀ ਮੰਗਣ ਦਾ ਅਜਿਹਾ ਕਾਰਜ ਕਦੇ ਵੀ ਘਟਨਾ ਜਾਂ ਇਕ ਪਾਸੜ ਨਹੀਂ ਹੁੰਦਾ। ਮੁਆਫ਼ੀ ਦੋ ਧਿਰਾਂ ਦੀ ਸੁਲਾਹ-ਸਫ਼ਾਈ ਉਤੇ ਰਸਮੀ ਮੋਹਰ ਦਾ ਕੰਮ ਕਰਦੀ ਹੈ। ਬੀਤੇ ਨੂੰ ਨਾ ਦੁਹਰਾਉਣ ਖ਼ਿਲਾਫ਼ ਪੇਸ਼ਬੰਦੀਆਂ ਅਤੇ ਇਕ-ਦੂਜੇ ਨੂੰ ਇੱਜ਼ਤ ਦੇਣ ਦਾ ਵਾਅਦਾ ਅਹਿਮ ਹੁੰਦਾ ਹੈ। ਹੁਣ ਇਹ ਸੁਆਲ ਕਿੰਨਾ ਵੀ ਪਰੇਸ਼ਾਨ ਕਰਨ ਵਾਲਾ ਜਾਂ ਇਤਿਹਾਸ ਦੀ ਪੰਜਾਬੀ ਜਾਂ ਸਿੱਖ ਸਮਝ ਨੂੰ, ਹਿਲਾ ਦੇਣ ਵਾਲਾ ਹੋਵੇ, ਪਰ ਹੌਪਕਿਨਸਨ ਦੇ ਕਤਲ ਦੀ ਨਵੀਂ ਵਿਆਖਿਆ ਕਰਨੀ ਪਵੇਗੀ। ਇਸ ਸੁਆਲ ਨੂੰ ਮੁਆਫ਼ੀ ਦੀ ਵਕਾਲਤ ਕਰਨ ਵਾਲਾ ਪੰਜਾਬੀ/ਸਿੱਖ ਭਾਈਚਾਰਾ ਕਿਵੇਂ ਨਜ਼ਰਅੰਦਾਜ਼ ਕਰ ਸਕਦਾ ਹੈ?

ਮੋ ਧਾਲੀਵਾਲ ਦੀ ਦਲੀਲ ਵਧੇਰੇ ਪੜਚੋਲ ਮੰਗਦੀ ਹੈ। ਕਾਮਾਗਾਟਾ ਮਾਰੂ ਦੀ ਕਹਾਣੀ ਨੂੰ ਜੇ ਪੰਜਾਬੀ, ਸਿੱਖ ਜਾਂ ਕੈਨੇਡਾ ਦੀ ਕਹਾਣੀ ਤੱਕ ਮਹਿਦੂਦ ਕੀਤਾ ਜਾਵੇ ਤਾਂ ਇਸ ਨੂੰ ਮੋ ਧਾਲੀਵਾਲ ਦੀ ਦਲੀਲ ਦੇ ਘੇਰੇ ਵਿਚ ਨਜਿੱਠਿਆ ਜਾ ਸਕਦਾ ਹੈ। ਜੇ ਇਸ ਨੂੰ ਬਸਤਾਨ ਸੋਚ, ਨਸਲਵਾਦੀ ਸਿਆਸਤ ਅਤੇ ਸਾਮਰਾਜੀ ਮੁਹਿੰਮਾਂ ਦੇ ਹਵਾਲੇ ਨਾਲ ਵੇਖਿਆ ਜਾਵੇ ਤਾਂ ਸੁਆਲ ਕੁਝ ਹੋਰ ਬਣਦੇ ਹਨ। ਕਾਮਾਗਾਟਾ ਮਾਰੂ ਕੈਨੇਡਾ ਦੇ ਸਮੁੰਦਰੀ ਤਟਾਂ ਉਤੇ ਪਹੁੰਚਣ ਵਾਲੇ ਬਹੁਤ ਸਾਰੇ ਜਾਪਾਨੀ ਅਤੇ ਚੀਨੀ ਜਹਾਜ਼ਾਂ ਵਿਚੋਂ ਇਕ ਸੀ। ਕੈਨੇਡਾ ਦੇ ਕਾਨੂੰਨ ਤਹਿਤ ਉਨ੍ਹਾਂ ਸਭ ਨਾਲ ਬਦਸਲੂਕੀ ਹੋਈ। ਦੂਜਾ ਪੱਖ ਬਸਤਾਨ ਮੁਲਕਾਂ ਦੀ ਲੁੱਟ ਅਤੇ ਪੈਦਾ ਕੀਤੀ ਬੇਚੈਨੀ ਤੇ ਬੇਜ਼ਾਰੀ ਨੇ ਬਹੁਤ ਸਾਰੇ ਲੋਕਾਂ ਨੂੰ ਰੋਜ਼ਗਾਰ, ਜ਼ਿੰਦਗੀ ਦੇ ਬਿਹਤਰ ਮੌਕਿਆਂ, ਖ਼ੁਸ਼ਹਾਲੀ ਅਤੇ ਬੰਦਖਲਾਸੀ ਦੀ ਭਾਲ ਵਿਚ ਅਜਨਬੀ ਮੁਲਕਾਂ ਵਿਚ ਧੱਕਿਆ। ਇਸ ਤੋਂ ਇਲਾਵਾ ਜਗਿਆਸਾ, ਜਾਗਰੂਕਤਾ, ਨਵੇਂ ਦਿਸਹੱਦਿਆਂ ਦੀ ਭਾਲ ਅਤੇ ਨਵੇਂ ਗਿਆਨ-ਵਿਗਿਆਨ ਨਾਲ ਜੁੜਨ ਦਾ ਤਰਦੱਦ ਵੀ ਬੰਦੇ ਨੂੰ ਇਕ ਮੁਲਕ ਤੋਂ ਦੂਜੇ ਵਿਚ ਤੋਰੀ ਫਿਰਿਆ ਹੈ। ਕਾਮਾਗਾਟਾ ਮਾਰੂ ਦੇ ਮੁਸਾਫ਼ਰ ਇਨ੍ਹਾਂ ਦੇ ਹਮਸਫ਼ਰ ਸਨ।

ਮੋ ਧਾਲੀਵਾਲ ਬਿਹਤਰ ਕੈਨੇਡਾ ਦੀ ਉਸਾਰੀ ਲਈ ਇਤਿਹਾਸ ਦੇ ਪੁਰਾਣੇ ਰੁਝਾਨ ਦੀ ਮੌਜੂਦਾ ਦੌਰ ਵਿਚ ਸ਼ਨਾਖ਼ਤ ਕਰਨ ਦੀ ਦਲੀਲ ਦਿੰਦੇ ਹਨ। ਇਹ ਦਲੀਲ ਕੈਨੇਡਾ ਤੱਕ ਜਾਂ ਕਾਮਾਗਾਟਾ ਮਾਰੂ ਤੱਕ ਮਹਿਦੂਦ ਹੋਣੀ ਕਿਉਂ ਲਾਜ਼ਮੀ ਹੈ? ਕੈਨੇਡਾ ਦਾ ਕਾਮਾਗਾਟਾ ਮਾਰੂ ਦੇ ਮੁਸਾਫ਼ਰਾਂ ਨਾਲ ਵਿਹਾਰ ਉਨ੍ਹਾਂ ਦੀ ਬਸਤਾਨ ਸੋਚ ਦੀ ਨੁਮਾਇੰਦਗੀ ਕਰਦਾ ਹੈ। ਮੌਜੂਦਾ ਦੌਰ ਵਿਚ ਕੈਨੇਡਾ ਦੀ ਸਾਮਰਾਜੀ ਮੁਹਿੰਮਾਂ ਬਾਰੇ ਕੀ ਸੋਚ ਹੈ? ਕੀ ਕੈਨੇਡਾ, ਅਮਰੀਕਾ ਅਤੇ ਨਾਟੋ ਦੀਆਂ ਅਗਵਾਈ ਵਿਚ ਚਲਦੀਆਂ ਜੰਗੀ ਮੁਹਿੰਮਾਂ ਵਿਚ ਸ਼ਰੀਕ ਨਹੀਂ ਹੈ? ਪਹਿਲਾਂ ਇਹ ਗੋਰਿਆਂ ਦੀਆਂ ਨਸਲੀ ਜੰਗਾਂ ਸਨ, ਤੇ ਹੁਣ ਇਨ੍ਹਾਂ ਜੰਗਾਂ ਵਿਚ ਉਨ੍ਹਾਂ ਦੀਆਂ ਫ਼ੌਜਾਂ ਵਿਚ ਨਸਲੀ ਵੰਨ-ਸਵੰਨਤਾ ਝਲਕਦੀ ਹੈ। ਅਫ਼ਗਾਨਾਂ ਦੀ ਸ਼ਮੂਲੀਅਤ ਨਾਲ ਅਫ਼ਗਾਨਿਸਤਾਨ ਉਤੇ ਹਮਲਾ ਕਰਨ ਵਾਲੀ ਨਾਟੋ ਫ਼ੌਜ ਦੀ ਨਸਲੀ ਵੰਨ-ਸਵੰਨਤਾ ਦਾ ਕਾਇਮ ਹੋ ਜਾਂਦੀ ਹੈ, ਪਰ ਇਸ ਦਾ ਖ਼ਾਸਾ ਤਾਂ ਤਬਦੀਲ ਨਹੀਂ ਹੋ ਜਾਂਦਾ।

ਪੰਜਾਬੀ ਹੋਣ ਕਾਰਨ ਹਰਜੀਤ ਸੱਜਣ ਅਫ਼ਗਾਨਿਸਤਾਨ ਵਿਚ ਮੁਕਾਮੀ ਬੋਲੀਆਂ ਸਮਝਣ ਅਤੇ ਬੋਲਣ ਲੱਗਦਾ ਹੈ ਤਾਂ ਨਾਟੋ ਦੀ ਨਸਲੀ ਵੰਨ-ਸਵੰਨਤਾ ਦਾ ਪੁਖ਼ਤਾ ਸਬੂਤ ਮਿਲਦਾ ਹੈ, ਪਰ ਇਸੇ ਨਾਲ ਉਨ੍ਹਾਂ ਦੀ ਖ਼ੂੰਖ਼ਾਰ ਜੰਗ ਤਾਂ ਅਣਹੱਕੀ ਤੋਂ ਹੱਕੀ ਨਹੀਂ ਹੋ ਜਾਂਦੀ। ਜੇ ਕਾਮਾਗਾਟਾ ਮਾਰੂ ਦੇ ਮੁਸਾਫ਼ਰਾਂ ਦੀ ਨੁਮਾਇੰਦਗੀ ਕਰਨ ਵਾਲਾ ਕੋਈ 'ਦਿ ਡਿਊਕ ਔਫ਼ ਕਨਾਉਟ'ਜ਼ ਓਨ ਰਾਈਫ਼ਲਜ਼' ਦੇ ਛੇ ਨੰਬਰ ਰਸਾਲੇ ਦਾ ਜਰਨੈਲ ਬਣ ਜਾਂਦਾ ਹੈ ਤਾਂ ਇਸ ਨਾਲ ਕੈਨੇਡਾ ਦਾ ਫ਼ੌਜੀ ਖ਼ਾਸਾ ਤਾਂ ਤਬਦੀਲ ਨਹੀਂ ਹੁੰਦਾ। ਬਸਤਾਨਾਂ ਦੀਆਂ ਫ਼ੌਜਾਂ ਵਿਚ ਸਾਮਰਾਜੀ ਜੰਗਾਂ ਲੜਨ ਵਾਲੇ ਆਪਣੇ ਜੱਦੀ ਮੁਲਕਾਂ ਦੇ ਪਿਆਰੇ ਤਾਂ ਹਨ, ਪਰ ਸ਼ਹੀਦ ਜਾਂ ਬਹਾਦਰ ਨਹੀਂ ਹਨ। ਉਨ੍ਹਾਂ ਦੀਆਂ ਜੰਗੀ ਪ੍ਰਾਪਤੀਆਂ ਬਸਤਾਨਾਂ ਦੇ ਖ਼ਾਤੇ ਪੈਂਦੀਆਂ ਹਨ। ਮੌਜੂਦਾ ਦੌਰ ਦੇ ਸਾਮਰਾਜ ਨੇ ਆਪਣੇ ਨਿਸ਼ਾਨੇ ਉਤੇ ਆਏ ਮੁਲਕਾਂ ਵਿਚ ਜੰਗਾਂ, ਖ਼ਾਨਾਜੰਗੀ, ਥੁੜਾਂ, ਬਿਮਾਰੀਆਂ ਅਤੇ ਬੇਚੈਨੀ ਨੂੰ ਬੇਮੁਹਾਰ ਕਰਨ ਦਾ ਕੰਮ ਕੀਤਾ ਹੈ। ਪੂਰੀ ਦੁਨੀਆਂ ਵਿਚੋਂ ਲੋਕ ਆਪਣੀ ਜਾਨ ਦਾ ਖੌਅ ਸਹੇੜ ਕੇ ਹਿਜਰਤ ਕਰਨ ਲਈ ਮਜਬੂਰ ਹੋਏ ਹਨ। ਕਾਮਾਗਾਟਾ ਮਾਰੂ ਦੀ ਵਿਰਾਸਤ ਇਸ ਵੇਲੇ ਰੂਮ ਸਾਗਰ (ਮੈਡੀਟੇਰੀਅਨ- ਭੂ ਮੱਧ ਸਾਗਰ) ਵਿਚ ਡਿੱਕਡੋਲੇ ਖਾਂਦੀ ਹੈ। ਨਾਟੋ ਤੇ ਯੂਰਪੀ ਯੂਨੀਅਨ ਇਨ੍ਹਾਂ ਜਹਾਜ਼ਾਂ ਨੂੰ ਕੰਢੇ ਲੱਗਣ ਤੋਂ ਰੋਕਣ ਲਈ ਤਾਲਮੇਲ ਕਰਦੇ ਹਨ, ਪਰ ਇਨ੍ਹਾਂ ਵਿਚ ਸਵਾਰ ਮੁਸਾਫ਼ਰਾਂ ਦੇ ਜੱਦੀ ਮੁਲਕਾਂ ਵਿਚ ਹਾਲਾਤ ਨੂੰ ਬਦ ਤੋਂ ਬਦਤਰ ਕਰਨ ਵਿਚ ਹਿੱਸਾ ਪਾ ਰਹੇ ਹਨ।

ਇਸ ਦੌਰਾਨ ਯੂਰਪੀ ਅਤੇ ਉਤਰੀ ਅਮਰੀਕੀ ਮੁਲਕਾਂ ਨੇ ਬਹੁਤ ਸਾਰੇ ਪਨਾਹਗ਼ੀਰਾਂ ਨੂੰ ਪਨਾਹ ਦਿੱਤੀ ਹੈ। ਇਹ ਸੁਆਲ ਨਜ਼ਰਅੰਦਾਜ਼ ਕੀਤਾ ਗਿਆ ਹੈ ਕਿ ਉਨ੍ਹਾਂ ਦੇ ਪਨਾਹਗ਼ੀਰ ਹੋਣ

**(ਬਾਕੀ ਸਫਾ 14 ਉਤੇ)**

ਇਸ ਵਾਰ ਵਿਸ਼ੇਸ਼

# ਮੇਰਾ ਦੇਸ਼ਧ੍ਰੋਹੀ ਦਿਲ

## ਅੱਜ ਦੇ ਵਕਤ ਦਾ ਅਮੁੱਕ ਰੋਜ਼ਨਾਮਚਾ

*ਅਨਿਆਂ ਖਿਲਾਫ ਆਵਾਜ਼ ਬੁਲੰਦ ਕਰਨ ਵਾਲੀ ਮਸ਼ਹੂਰ ਲਿਖਾਰੀ ਅਰੁੰਧਤੀ ਰਾਏ ਨੇ ਆਪਣੇ ਲੰਮੇ ਲੇਖ 'ਮੇਰਾ ਦੇਸ਼ਧ੍ਰੋਹੀ ਦਿਲ' ਵਿਚ ਹਿੰਦੂ ਰਾਸ਼ਟਰ ਦੀ ਪੀਪਨੀ ਵਜਾਉਣ ਵਾਲਿਆਂ ਨੂੰ ਕਰਾਰੇ ਹੱਥੀਂ ਲਿਆ ਹੈ। ਪਹਿਲਾਂ ਵੀ ਬਹੁਤ ਸਾਰੇ ਮੌਕਿਆਂ 'ਤੇ ਉਸ ਨੇ ਆਪਣੀਆਂ ਜਾਨਦਾਰ ਲਿਖਤਾਂ ਰਾਹੀਂ ਸਥਾਪਤੀ ਨੂੰ ਇੰਜ ਹੀ ਲਲਕਾਰਿਆ ਹੈ। ਇਨ੍ਹਾਂ ਲਿਖਤਾਂ ਦੀ ਖੂਬਸੂਰਤੀ ਇਹੀ ਹੁੰਦੀ ਹੈ ਕਿ ਇਨ੍ਹਾਂ ਵਿਚ ਸਥਾਪਤੀ ਵੱਲੋਂ ਹਰ ਪੱਧਰ ਉਤੇ ਵਰਤਾਏ ਜਾ ਰਹੇ ਕਹਿਰ ਬਾਰੇ ਬਹੁਤ ਗਹਿਰਾਈ ਅਤੇ ਸੂਖਮ ਢੰਗ ਨਾਲ ਪੁਣ-ਛਾਣ ਕੀਤੀ ਹੁੰਦੀ ਹੈ। ਇੰਝ ਕਰਦਿਆਂ ਉਹ ਅਸਲ ਸਮੱਸਿਆ ਉਤੇ ਉਂਗਲ ਰੱਖਦੀ ਹੈ ਅਤੇ ਅਵਾਮ ਨੂੰ ਜਾਗਣ ਦਾ ਸੁਨੇਹਾ ਦਿੰਦੀ ਹੈ। ਇਸ ਲੰਮੇ ਲੇਖ ਦਾ ਤਰਜਮਾ ਸਾਡੇ ਕਾਲਮਨਵੀਸ ਬੂਟਾ ਸਿੰਘ ਨੇ 'ਪੰਜਾਬ ਟਾਈਮਜ਼' ਲਈ ਉਚੇਚੇ ਤੌਰ 'ਤੇ ਭੇਜਿਆ ਹੈ। ਲੇਖ ਦੀ ਪਹਿਲੀ ਕਿਸ਼ਤ ਹਾਜ਼ਰ ਹੈ। -ਸੰਪਾਦਕ*

ਫਰਵਰੀ ਦੀ ਕਿਸੇ ਸੁਹਾਵਣੀ ਰਾਤ ਨੂੰ, ਇਹ ਜਾਣਦੀ ਹੋਈ ਕਿ ਚੰਗਾ ਨਹੀਂ ਵਾਪਰ ਰਿਹਾ, ਮੈਂ ਉਹ ਕੀਤਾ ਜੋ ਮੈਂ ਸ਼ਾਇਦ ਹੀ ਕਦੇ ਕਰਦੀ ਹਾਂ। ਮੈਂ ਕੰਨਾਂ 'ਚ ਈਅਰਪਲੱਗ ਜੜ ਲਏ ਅਤੇ ਟੈਲੀਵਿਜ਼ਨ ਚਲਾ ਲਿਆ। ਤਾਜ਼ਾ ਘਟਨਾਵਾਂ ਦੀ ਲੜੀ (ਕਤਲ ਤੇ ਹਜੂਮ ਵਲੋਂ ਹੱਤਿਆਵਾਂ, ਯੂਨੀਵਰਸਿਟੀ ਕੈਂਪਸਾਂ ਉਪਰ ਪੁਲਿਸ ਦੇ ਛਾਪਿਆਂ, ਵਿਦਿਆਰਥੀਆਂ ਦੀਆਂ ਗ੍ਰਿਫ਼ਤਾਰੀਆਂ, ਅਤੇ ਜਬਰੀ ਝੰਡੇ ਲਹਿਰਾਏ ਜਾਣ) ਬਾਰੇ ਮੈਂ ਭਾਵੇਂ ਕੁਝ ਨਹੀਂ ਸੀ ਬੋਲਿਆ; ਜਾਣਦੀ ਸਾਂ, ਫਿਰ ਵੀ ਮੇਰਾ ਨਾਂ "ਰਾਸ਼ਟਰ ਵਿਰੋਧੀਆਂ" ਦੀ ਪਹਿਲੀ ਸੂਚੀ ਵਿਚ ਹੋਵੇਗਾ। ਉਸ ਰਾਤ, ਮੈਂ ਚਿੰਤਤ ਹੋਣ ਲੱਗੀ ਕਿ ਮੇਰੇ ਉਪਰ ਅਦਾਲਤ ਦੀ ਹੱਤਕ ਦੋਸ਼ ਤਾਂ ਪਹਿਲਾਂ ਹੀ ਲੱਗ ਚੁੱਕਾ ਸੀ, ਹੁਣ ਮੇਰੇ ਉਪਰ 'ਟਾਈਮਜ਼ ਨਾਓ' ਦੇ ਹਮੇਸ਼ਾ ਭੜਕੇ ਰਹਿਣ ਵਾਲੇ ਨਿਊਜ਼ ਐਂਕਰ ਦੀ ਮੌਤ ਦਾ ਕਾਰਨ ਬਣਨ ਦਾ ਇਲਜ਼ਾਮ ਵੀ ਲੱਗ ਜਾਵੇਗਾ। ਝੱਗ ਛੱਡਦੇ ਇਸ ਐਂਕਰ ਦੇ ਮੂੰਹੋਂ ਜਿਉਂ ਹੀ ਇਹ ਕਹਿੰਦਿਆਂ ਮੇਰਾ ਨਾਂ ਨਿਕਲਿਆ ਕਿ ਮੁਲਕ ਵਿਚ ਚੱਲ ਰਹੀਆਂ "ਰਾਸ਼ਟਰ ਵਿਰੋਧੀ" ਸਰਗਰਮੀਆਂ ਪਿਛੇ ਕੰਮ ਕਰ ਰਹੇ ਸਾਜ਼ਿਸ਼ੀਆਂ ਦਾ ਮੈਂ ਵੀ ਹਿੱਸਾ ਹਾਂ, ਤਾਂ ਮੈਂ ਸੋਚ ਰਹੀ ਸੀ- ਕਿਤੇ ਉਸ ਨੂੰ ਦੌਰਾ ਨਾ ਪੈ ਜਾਵੇ। ਉਸ ਮੁਤਾਬਿਕ, ਮੇਰਾ ਜੁਰਮ ਇਹ ਹੈ ਕਿ ਮੈਂ ਕਸ਼ਮੀਰ ਦੀ ਆਜ਼ਾਦੀ ਬਾਰੇ ਲਿਖਿਆ, ਮੁਹੰਮਦ ਅਫ਼ਜ਼ਲ ਗੁਰੂ ਨੂੰ ਫਾਂਸੀ ਦੇਣ 'ਤੇ ਸਵਾਲ ਉਠਾਏ, ਬਸਤਰ ਦੇ ਜੰਗਲਾਂ ਵਿਚ ਮਾਓਵਾਦੀ ਗੁਰੀਲਿਆਂ ਵਿਚ ਜਾ ਕੇ ਵਿਚਰੀ ਹਾਂ, ਉਨ੍ਹਾਂ ਦੀ ਹਥਿਆਰਬੰਦ ਬਗ਼ਾਵਤ ਨੂੰ ਹਿੰਦੁਸਤਾਨ ਵਲੋਂ ਚੁਣੇ "ਵਿਕਾਸ" ਦੇ ਮਾਡਲ ਬਾਰੇ ਆਪਣੇ ਸ਼ੰਸਿਆਂ ਨਾਲ ਜੋੜ ਕੇ ਪੇਸ਼ ਕੀਤਾ ਹੈ, ਤੇ (ਥੋੜ੍ਹਾ ਜਿਹਾ ਰੁਕ ਕੇ, ਜਿਵੇਂ ਦੌਰਾ ਪੈਂਦਾ ਹੈ) ਇਥੋਂ ਤਕ ਕਿ ਪਰਮਾਣੂ ਤਜਰਬਿਆਂ ਉਪਰ ਵੀ ਸਵਾਲ ਉਠਾਏ ਹਨ।

ਇਹ ਸੱਚ ਹੈ ਕਿ ਇਨ੍ਹਾਂ ਮਾਮਲਿਆਂ ਬਾਰੇ ਮੇਰੇ ਖ਼ਿਆਲ ਸੱਤਾਧਾਰੀਆਂ ਨਾਲੋਂ ਵੱਖਰੇ ਹਨ। ਬਿਹਤਰ ਸਮਿਆਂ ਵਿਚ, ਇਸ ਨੂੰ ਆਲੋਚਨਾਤਮਕ ਭਵਿੱਖ ਨਕਸ਼ੇ ਜਾਂ ਮੁਤਬਾਦਲ ਸੰਸਾਰ ਨਜ਼ਰੀਏ ਦੇ ਤੌਰ 'ਤੇ ਲਿਆ ਜਾਂਦਾ ਸੀ। ਇਨ੍ਹੀਂ ਦਿਨੀਂ ਹਿੰਦੁਸਤਾਨ ਵਿਚ ਇਸ ਨੂੰ ਦੇਸ਼ਧ੍ਰੋਹ ਕਿਹਾ ਜਾਂਦਾ ਹੈ।

ਦਿੱਲੀ ਵਿਚ ਐਸੀ ਤਾਕਤ ਦੇ ਰਹਿਮੋ-ਕਰਮ 'ਤੇ ਬੈਠਿਆਂ ਜੋ ਜਮਹੂਰੀ ਤੌਰ 'ਤੇ ਚੁਣੀ ਸਰਕਾਰ ਦਾ ਦੁਸ਼ਟ ਰੂਪ ਹੈ, ਮੈਂ ਅਚੰਭੇ ਵਿਚ ਸਾਂ ਕਿ ਮੈਨੂੰ ਆਪਣੇ ਕੁਝ ਖ਼ਿਆਲਾਂ ਬਾਰੇ ਮੁੜ-ਵਿਚਾਰ ਕਰ ਲੈਣੀ ਚਾਹੀਦੀ ਹੈ? ਮਸਲਨ, ਮੈਂ ਉਨ੍ਹਾਂ ਖ਼ਿਆਲਾਂ ਬਾਰੇ ਮੁੜ ਸੋਚਿਆ ਜੋ ਮੈਂ 2004 'ਚ ਅਮਰੀਕੀ ਸੋਸ਼ੀਆਲੋਜੀਕਲ ਐਸੋਸੀਏਸ਼ਨ ਦੇ ਸਾਲਾਨਾ ਸਮਾਗਮ ਵਿਚ ਪੇਸ਼ ਕੀਤੇ ਸਨ, ਬੁਸ਼ ਬਨਾਮ ਕੈਰੀ ਚੋਣਾਂ ਤੋਂ ਰਤਾ ਕੁ ਪਹਿਲਾਂ ਜਿਨ੍ਹਾਂ ਵਿਚ ਮੈਂ ਮਜ਼ਾਕ ਉਡਾਇਆ ਸੀ ਕਿ ਕਿਵੇਂ ਡੈਮੋਕਰੇਟਾਂ ਅਤੇ ਰਿਪਬਲਿਕਨਾਂ ਵਿਚੋਂ (ਜਾਂ ਹਿੰਦੁਸਤਾਨ ਵਿਚ ਉਨ੍ਹਾਂ ਵਰਗੀਆਂ ਕਾਂਗਰਸ ਤੇ ਭਾਰਤੀ ਜਨਤਾ ਪਾਰਟੀ ਵਿਚੋਂ) ਚੋਣ ਕਰਨਾ ਕੱਪੜੇ ਧੋਣ ਵਾਲੇ ਪਾਊਡਰ ਦੇ ਦੋ ਬਰੈਂਡਾਂ 'ਟਾਈਡ' ਅਤੇ 'ਆਇਵਰੀ ਸਨੋਅ' ਵਿਚੋਂ ਇਕ ਨੂੰ ਚੁਣਨ ਵਾਂਗ ਸੀ; ਦਰਅਸਲ, ਜਿਨ੍ਹਾਂ ਦੀ ਮਾਲਕ ਕੰਪਨੀ ਤਾਂ ਇਕ ਹੀ ਹੈ। ਜੋ ਹੋ ਰਿਹਾ ਹੈ, ਉਸ ਵਿਚ, ਕੀ ਮੈਂ ਇਮਾਨਦਾਰੀ ਨਾਲ ਆਪਣਾ ਉਹੀ ਵਿਸ਼ਵਾਸ ਜਾਰੀ ਰੱਖ ਸਕਦੀ ਹਾਂ?

ਜਿਥੋਂ ਤਾਈਂ ਗ਼ੈਰ-ਹਿੰਦੂ ਭਾਈਚਾਰਿਆਂ ਦੀ ਕਤਲੋਗਾਰਤ, ਦਲਿਤਾਂ ਦੇ ਕਤਲਾਂ ਨੂੰ ਨਜ਼ਰ-ਅੰਦਾਜ਼ ਕਰਨ, ਜਾਂ ਇਹ ਯਕੀਨੀ ਬਣਾਉਣ (ਕਿ ਸੱਤਾ ਤੇ ਦੌਲਤ ਦੀ ਤਾਕਤ ਭਾਰੂ ਜਾਤਾਂ ਦੀ ਨਿੱਕੀ ਜਿਹੀ ਘੱਟਗਿਣਤੀ ਦੇ ਹੱਥਾਂ ਵਿਚ ਹੀ ਬਣੀ ਰਹੇ, ਜਾਂ ਜਿਥੋਂ ਤਾਈਂ ਬਨਾਉਟੀ ਫਿਰਕੂ ਟਕਰਾਵਾਂ ਦੇ ਹੋ-ਹੱਲੇ ਦੀ ਆੜ ਵਿਚ ਚੋਰੀ-ਛੁਪੇ ਨਵਉਦਾਰਵਾਦੀ ਆਰਥਿਕ ਸੁਧਾਰ ਥੋਪਣ, ਜਾਂ ਕਿਤਾਬਾਂ ਉਪਰ ਪਾਬੰਦੀ ਲਾਉਣ) ਦਾ ਸਵਾਲ ਹੈ, ਕਾਂਗਰਸ ਅਤੇ ਭਾਜਪਾ ਦਰਮਿਆਨ ਕੋਈ ਉਘੜਵਾਂ ਵਖਰੇਵਾਂ ਨਹੀਂ ਹੈ (ਕਸ਼ਮੀਰ, ਨਾਗਾਲੈਂਡ ਅਤੇ ਮਨੀਪੁਰ ਵਰਗੀਆਂ ਥਾਵਾਂ ਉਪਰ ਢਾਹੇ ਜਾ ਰਹੇ ਭਿਆਨਕ ਜ਼ੁਲਮਾਂ ਦੇ ਸਵਾਲ ਬਾਰੇ ਦੋ ਵੱਡੀਆਂ ਖੱਬੀਆਂ ਪਾਰਟੀਆਂ ਸਮੇਤ ਤਮਾਮ ਪਾਰਲੀਮੈਂਟਰੀ ਪਾਰਟੀਆਂ ਵੀ ਇਕਜੁੱਟ ਹਨ)।

ਇਸ ਰਿਕਾਰਡ ਨੂੰ ਦੇਖਦਿਆਂ, ਕੀ ਇਹ ਗੱਲ ਕੋਈ ਮਾਇਨੇ ਰੱਖਦੀ ਹੈ ਕਿ ਕਾਂਗਰਸ ਅਤੇ ਭਾਜਪਾ ਦੀਆਂ ਐਲਾਨ ਕੀਤੀਆਂ ਵਿਚਾਰਧਾਰਾਵਾਂ ਵੱਖੋ-ਵੱਖਰੀਆਂ ਹਨ। ਅਮਲ ਕੁਝ ਵੀ ਹੋਵੇ, (ਪਰ) ਕਾਂਗਰਸ ਕਹਿੰਦੀ ਹੈ ਕਿ ਇਸ ਦਾ ਧਰਮ ਨਿਰਪੱਖਤਾ ਤੇ ਉਦਾਰ ਜਮਹੂਰੀਅਤ ਵਿਚ ਵਿਸ਼ਵਾਸ ਹੈ, ਜਦੋਂਕਿ ਭਾਜਪਾ ਧਰਮ ਨਿਰਪੱਖਤਾ ਦੀ ਖਿੱਲੀ ਉਡਾਉਂਦੀ ਹੈ ਤੇ ਉਸ ਦਾ ਵਿਸ਼ਵਾਸ ਹੈ ਕਿ ਹਿੰਦੁਸਤਾਨ "ਹਿੰਦੂ ਰਾਸ਼ਟਰ" ਹੈ। ਕਾਂਗਰਸ ਤਰਜ਼ ਦਾ ਢੌਂਗ ਗੰਭੀਰ ਮਾਮਲਾ ਹੈ, ਇਹ ਚਲਾਕ ਹੈ- ਇਹ ਸ਼ੀਸ਼ਿਆਂ ਨੂੰ ਧੁੰਦਲੇ ਕਰ ਦਿੰਦੀ ਹੈ ਤੇ ਅਸੀਂ ਟੱਕਰਾਂ ਮਾਰਦੇ ਰਹਿੰਦੇ ਹਾਂ; ਜਦਕਿ, ਜਿਵੇਂ ਭਾਜਪਾ ਕਰਦੀ ਹੈ, ਆਪਣੇ ਕੱਟੜਪੁਣੇ ਦਾ ਮਾਣ ਨਾਲ ਐਲਾਨ ਕਰਨਾ, ਇਹ ਉਨ੍ਹਾਂ ਸਮਾਜੀ, ਕਾਨੂੰਨੀ ਅਤੇ ਨੈਤਿਕ ਬੁਨਿਆਦਾਂ ਲਈ ਚੁਣੌਤੀ ਹੈ ਜਿਨ੍ਹਾਂ ਉਪਰ (ਕਥਿਤ ਤੌਰ 'ਤੇ) ਆਧੁਨਿਕ ਹਿੰਦੁਸਤਾਨ ਖੜ੍ਹਾ ਹੈ। ਫਿਰ ਵੀ ਇਹ ਤਸੱਵਰ ਕਰਨਾ ਗ਼ਲਤੀ ਹੋਵੇਗੀ ਕਿ ਅੱਜ ਅਸੀਂ ਜੋ ਦੇਖ ਰਹੇ ਹਾਂ, ਉਹ ਮਹਿਜ਼ ਬੇਅਸੂਲੀਆਂ, ਕਾਤਲ ਸਿਆਸੀ ਪਾਰਟੀਆਂ ਦਰਮਿਆਨ ਆਮ ਗੱਲ ਹੈ।

ਹਿੰਦੂ ਰਾਸ਼ਟਰ ਦੇ ਤੌਰ 'ਤੇ ਹਿੰਦੁਸਤਾਨ ਦੇ ਖ਼ਿਆਲ ਨੂੰ ਭਾਵੇਂ ਪੁਰਾਤਨਤਾ ਦੀ ਸ਼ਾਨ ਦੇ ਰੰਗ ਵਿਚ ਲਗਾਤਾਰ ਰੰਗਿਆ ਜਾਂਦਾ ਰਿਹਾ ਹੈ, ਹੈਰਾਨੀਜਨਕ ਤੌਰ 'ਤੇ ਇਹ ਹਾਲ ਹੀ ਵਿਚ ਹੋਇਆ ਹੈ। ਵਿਅੰਗ ਤਾਂ ਇਹ ਹੈ ਕਿ ਇਸ ਦਾ ਜਿੰਨਾ ਲਾਗਾ-ਦੇਗਾ ਧਰਮ ਨਾਲ ਹੈ, ਉਸ ਤੋਂ ਵਧੇਰੇ ਚੁਣੇ ਹੋਏ ਨੁਮਾਇੰਦਿਆਂ ਦੀ ਜਮਹੂਰੀਅਤ ਨਾਲ ਹੈ। ਇਤਿਹਾਸਕ ਤੌਰ 'ਤੇ, ਜਿਹੜੇ ਲੋਕ ਹੁਣ ਖ਼ੁਦ ਨੂੰ ਹਿੰਦੂ ਦੱਸਦੇ ਹਨ, ਉਨ੍ਹਾਂ ਦੀ ਪਛਾਣ ਉਨ੍ਹਾਂ ਦੀ ਜਾਤੀ, ਉਨ੍ਹਾਂ ਦੇ ਜਾਤੀ ਨਾਵਾਂ ਤੋਂ ਹੁੰਦੀ ਸੀ। ਜਿਹੜੇ ਭਾਈਚਾਰੇ ਵਜੋਂ, ਇਕ ਕਠੋਰ ਦਰਜੇਬੰਦੀ ਵਿਚ ਬੱਝੀਆਂ ਆਪਣੀਆਂ ਹੀ ਜਾਤਾਂ ਦੇ ਅੰਦਰ ਵਿਆਹ ਕਰਨ ਵਾਲੀਆਂ ਜਾਤਾਂ ਦੇ ਢਿੱਲੇ ਗੱਠਜੋੜ ਵਜੋਂ ਕੰਮ ਕਰਦੇ ਸਨ (ਅੱਜ ਵੀ, ਏਕਤਾ ਅਤੇ ਰਾਸ਼ਟਰਵਾਦ ਦੀਆਂ ਤਮਾਮ ਗੱਲਾਂ ਦੇ ਬਾਵਜੂਦ, ਹਿੰਦੁਸਤਾਨ ਵਿਚ ਮਹਿਜ਼ ਪੰਜ ਫ਼ੀ ਸਦੀ ਵਿਆਹ ਹੀ ਜਾਤਾਂ ਤੋਂ ਉਪਰ ਉਠ ਕੇ ਕੀਤੇ ਜਾਂਦੇ ਹਨ। ਉਲੰਘਣਾ ਕਰਨ ਵਾਲੇ ਨੌਜਵਾਨ ਜੋੜਿਆਂ ਦਾ ਅਜੇ ਵੀ ਸਿਰ ਕਲਮ ਕੀਤਾ ਜਾ ਸਕਦਾ ਹੈ) ਕਿਉਂਕਿ ਹਰ ਜਾਤ ਆਪਣੇ ਤੋਂ ਨੀਵੀਂ ਨੂੰ ਦਬਾ ਸਕਦੀ ਸੀ, ਇਸ ਲਈ ਸਭ ਤੋਂ ਹੇਠਲੀ ਨੂੰ ਛੱਡ ਕੇ ਬਾਕੀ ਸਾਰੀਆਂ ਵਿਵਸਥਾ ਦੇ ਝਾਂਸੇ ਵਿਚ ਆ ਕੇ ਇਸ ਦਾ ਹਿੱਸਾ ਬਣੀਆਂ ਹੋਈਆਂ ਸਨ। ਬ੍ਰਾਹਮਣਵਾਦ ਲਫ਼ਜ਼ ਦਾ ਇਸਤੇਮਾਲ ਜਾਤਪਾਤ ਵਿਰੋਧੀ ਲਹਿਰ ਇਸ ਵਰਗੀਕਰਨ ਨੂੰ ਬਿਆਨ ਕਰਨ ਲਈ ਕਰਦੀ ਆਈ ਹੈ। ਇਹ ਲਫ਼ਜ਼ ਵੁਕਅਤ ਭਾਵੇਂ ਗੁਆ ਚੁੱਕਾ ਹੈ (ਅਕਸਰ ਇਸ ਦਾ ਇਸਤੇਮਾਲ, ਇਕ ਜਾਤ ਗਰੁੱਪ ਵਜੋਂ ਬ੍ਰਾਹਮਣਾਂ ਦੇ ਦਸਤੂਰ ਤੇ ਵਿਸ਼ਵਾਸਾਂ ਦਾ ਹਵਾਲਾ ਦੇਣ ਲਈ ਕੀਤਾ ਜਾਂਦਾ ਹੈ), ਦਰਅਸਲ ਇਸ ਸਮਾਜੀ ਅਤੇ ਧਾਰਮਿਕ ਪ੍ਰਬੰਧ ਬਾਬਤ ਇਹ "ਹਿੰਦੂਵਾਦ" ਨਾਲੋਂ ਵਧੇਰੇ ਸਹੀ ਲਕਬ ਹੈ, ਕਿਉਂਕਿ ਇਹ ਜਾਤ ਜਿੰਨਾ ਹੀ ਪੁਰਾਣਾ ਹੈ ਅਤੇ ਹਿੰਦੂਵਾਦ ਦੀ ਸੋਚ ਤੋਂ ਬਹੁਤ ਸਦੀਆਂ ਪਹਿਲਾਂ ਦਾ ਹੈ।

ਇਹ ਚੰਚਲ ਦਾਅਵਾ ਹੈ, ਲਿਹਾਜ਼ਾ ਮੈਂ ਭੀਮ ਰਾਓ ਅੰਬੇਡਕਰ ਦੀ ਪਨਾਹ ਲਵਾਂਗੀ। ਉਨ੍ਹਾਂ 1936 ਵਿਚ 'ਜਾਤਪਾਤ ਦਾ ਬੀਜਨਾਸ਼' ਵਿਚ ਲਿਖਿਆ- "ਜਿਸ ਪਹਿਲ-ਪ੍ਰਿਥਮ ਚੀਜ਼ ਨੂੰ ਲਾਜ਼ਮੀ ਮੰਨਣਾ ਹੋਵੇਗਾ, ਉਹ ਇਹ ਹੈ ਕਿ ਹਿੰਦੂ ਸਮਾਜ ਇਕ ਮਿੱਥ ਹੈ। ਹਿੰਦੂ ਨਾਂ ਆਪਣੇ ਆਪ ਵਿਚ ਹੀ ਪਰਾਇਆ ਨਾਂ ਹੈ। ਇਹ ਨਾਂ ਮੁਸਲਮਾਨਾਂ ਨੇ ਇਥੋਂ ਦੇ ਅਸਲ ਬਾਸ਼ਿੰਦਿਆਂ (ਜੋ ਸਿੰਧ ਦਰਿਆ ਦੇ ਪੂਰਬ ਵਿਚ ਰਹਿੰਦੇ ਸਨ) ਨੂੰ ਆਪਣੇ ਤੋਂ ਵੱਖਰੀ ਪਛਾਣ ਦੇਣ ਦੇ ਮਨੋਰਥ ਨਾਲ ਦਿੱਤਾ ਸੀ।"

ਸਿੰਧ ਦੇ ਪੂਰਬ ਵਿਚ ਰਹਿਣ ਵਾਲਿਆਂ ਨੇ ਖ਼ੁਦ ਨੂੰ ਕਿਵੇਂ ਅਤੇ ਕਿਉਂ ਇਹ ਕਹਿਣਾ ਸ਼ੁਰੂ ਕਰ ਦਿੱਤਾ? ਉਨੀਵੀਂ ਸਦੀ ਦੇ ਅਖ਼ੀਰ 'ਚ, ਚੁਣੀ ਹੋਈ ਸਰਕਾਰ ਦੀ ਸਿਆਸਤ (ਵਿਰੋਧਾਭਾਸ ਦੇ ਤੌਰ 'ਤੇ, ਜਿਸ ਨੂੰ ਬਰਤਾਨਵੀ ਸਾਮਰਾਜੀ ਸਰਕਾਰ ਵਲੋਂ ਆਪਣੀ ਬਸਤੀ ਵਿਚ ਸ਼ੁਰੂ ਕੀਤਾ ਗਿਆ) ਨੇ ਸੁਲਤਾਨਾਂ ਅਤੇ ਰਾਜਿਆਂ ਦੀ ਥਾਂ ਲੈਣੀ ਸ਼ੁਰੂ ਕਰ ਦਿੱਤੀ। ਬਰਤਾਨਵੀਆਂ ਨੇ ਹਿੰਦੁਸਤਾਨ ਨਾਂ ਦੇ ਆਧੁਨਿਕ ਕੌਮੀ-ਰਾਜ ਦੀਆਂ ਸਰਹੱਦਾਂ ਦੀ ਨਿਸ਼ਾਨਦੇਹੀ ਕੀਤੀ, ਇਸ ਨੂੰ ਖੇਤਰੀ ਚੋਣ ਹਲਕਿਆਂ ਵਿਚ ਵੰਡ ਦਿੱਤਾ ਅਤੇ ਮੁਕਾਮੀ ਸਵੈਰਾਜ ਲਈ ਚੁਣੀਆਂ ਹੋਈਆਂ ਸੰਸਥਾਵਾਂ ਦਾ ਵਿਚਾਰ ਲਿਆਂਦਾ। ਸਹਿਜੇ-ਸਹਿਜੇ ਪਰਜਾ ਨਾਗਰਿਕ ਬਣ ਗਈ, ਨਾਗਰਿਕ ਵੋਟਰ, ਤੇ ਵੋਟਰਾਂ ਨੂੰ ਲੈ ਕੇ ਚੋਣ ਹਲਕੇ ਬਣ ਗਏ ਜੋ ਪੁਰਾਣੀਆਂ ਤੇ ਨਵੀਂਆਂ ਰਾਜ-ਭਗਤੀਆਂ, ਗੱਠਜੋੜਾਂ, ਅਤੇ ਵਫ਼ਾਦਾਰੀਆਂ ਦੇ ਗੁੰਝਲਦਾਰ ਤਾਣੇ-ਬਾਣਿਆਂ ਨੂੰ ਲੈ ਕੇ ਬਣਾਏ ਗਏ ਸਨ। ਨਵੇਂ ਰਾਸ਼ਟਰ ਨੇ ਹੋਂਦ 'ਚ ਆਉਂਦੇ ਸਾਰ ਆਪਣੇ ਹੀ ਹਾਕਮਾਂ ਵਿਰੁੱਧ ਸੰਘਰਸ਼ ਕਰਨਾ ਸ਼ੁਰੂ ਕਰ ਦਿੱਤਾ, ਪਰ ਇਹ ਹੁਣ ਹੁਕਮਰਾਨ ਨੂੰ ਫ਼ੌਜੀ ਤੌਰ 'ਤੇ ਗੱਦੀਓਂ ਲਾਹੁਣ ਅਤੇ ਗੱਦੀ 'ਤੇ ਬੈਠਣ ਦਾ ਸਵਾਲ ਨਹੀਂ ਸੀ। ਨਵੇਂ



ਅਰੁੰਧਤੀ ਰਾਏ

ਹਾਕਮਾਂ ਨੂੰ, ਚਾਹੇ ਉਹ ਕੋਈ ਵੀ ਸਨ, ਲੋਕਾਂ ਦੇ ਜਾਇਜ਼ ਨੁਮਾਇੰਦੇ ਬਣਨ ਦੀ ਲੋੜ ਪੈਣ ਲੱਗੀ। ਨੁਮਾਇੰਦਿਆਂ ਦੀ ਸਰਕਾਰ ਦੀ ਸਿਆਸਤ ਨੇ ਨਵੀਂ ਫ਼ਿਕਰਮੰਦੀ ਖੜ੍ਹੀ ਕਰ ਦਿੱਤੀ: ਆਜ਼ਾਦੀ ਦੇ ਸੰਘਰਸ਼ ਦੀਆਂ ਰੀਝਾਂ ਦੀ ਨੁਮਾਇੰਦਗੀ ਦਾ ਜਾਇਜ਼ ਤੌਰ 'ਤੇ ਦਾਅਵਾ ਕੌਣ ਕਰ ਸਕਦਾ ਸੀ? ਕਿਹੜਾ ਚੋਣ ਹਲਕਾ ਬਹੁਗਿਣਤੀ ਬਣੇਗਾ?

ਇਹ ਉਸ ਦਾ ਆਗਾਜ਼ ਸੀ ਜਿਸ ਨੂੰ ਅਸੀਂ ਹੁਣ "ਵੋਟ ਬੈਂਕ" ਸਿਆਸਤ ਕਹਿੰਦੇ ਹਾਂ। ਵਸੋਂ-ਬਣਤਰ ਖ਼ਬਤ ਵਿਚ ਬਦਲ ਗਈ। ਇਹ ਜ਼ਰੂਰੀ ਹੋ ਗਿਆ ਕਿ ਜਿਹੜੇ ਲੋਕ ਪਹਿਲਾਂ ਸਿਰਫ਼ ਆਪਣੇ ਨਾਲ ਜਾਤਪਾਤੀ ਨਾਂ ਜੋੜਦੇ ਸਨ, ਉਹ ਬਹੁਗਿਣਤੀ ਬਣਨ ਲਈ ਇਕੋ-ਇਕ ਝੰਡੇ ਹੇਠ ਜੁੜਨੇ ਸ਼ੁਰੂ ਹੋ ਗਏ। ਉਦੋਂ ਜਾ ਕੇ ਉਨ੍ਹਾਂ ਨੇ ਖ਼ੁਦ ਨੂੰ ਹਿੰਦੂ ਕਹਿਣਾ ਸ਼ੁਰੂ ਕਰ ਦਿੱਤਾ। ਇਹ ਇਕ ਵੰਨ-ਸੁਵੰਨਤਾ ਵਾਲੇ ਸਮਾਜ ਵਿਚੋਂ ਅਸੰਭਵ ਤੌਰ 'ਤੇ ਸਿਆਸੀ ਬਹੁਗਿਣਤੀ ਤਰਾਸ਼ਣ ਦੀ ਕਾਰੀਗਰੀ ਸੀ। "ਹਿੰਦੂ" ਧਰਮ ਨਾਲੋਂ ਸਿਆਸੀ ਚੋਣ ਹਲਕੇ ਦਾ ਨਾਂ ਵਧੇਰੇ ਸੀ ਜੋ ਹੋਰ ਚੋਣ ਹਲਕਿਆਂ ਵਾਂਗ (ਜਿਵੇਂ ਮੁਸਲਿਮ, ਸਿੱਖ ਅਤੇ ਈਸਾਈ) ਖ਼ੁਦ ਨੂੰ ਸਾਫ਼-ਸਾਫ਼ ਪ੍ਰੀਭਾਸ਼ਤ ਕਰ ਸਕਦਾ ਸੀ। ਹਿੰਦੂ ਰਾਸ਼ਟਰਵਾਦੀ, ਤੇ ਨਾਲ ਹੀ ਅਧਿਕਾਰਤ ਤੌਰ 'ਤੇ "ਧਰਮਨਿਰਪੱਖ" ਕਾਂਗਰਸ ਪਾਰਟੀ "ਹਿੰਦੂ ਵੋਟ" ਦੀ ਦਾਅਵੇਦਾਰ ਬਣ ਬੈਠੀ।

ਇਹੋ ਵਕਤ ਸੀ ਜਦੋਂ ਉਨ੍ਹਾਂ ਲੋਕਾਂ ਦੇ ਇਰਦ-ਗਿਰਦ ਪੇਚੀਦਾ ਝਗੜਾ ਉਭਰ ਆਇਆ ਜੋ ਉਦੋਂ "ਅਛੂਤ" ਜਾਂ "ਸਮਾਜ 'ਚੋਂ ਛੇਕੇ ਲੋਕਾਂ" ਵਜੋਂ ਜਾਣੇ ਜਾਂਦੇ ਸਨ; ਜੋ ਭਾਵੇਂ ਜਾਤਪਾਤੀ ਵਿਵਸਥਾ ਦੇ ਦਾਇਰੇ ਤੋਂ ਬਾਹਰ ਸਨ, ਨਾਲ ਹੀ ਇਕ ਕਠੋਰ ਦਰਜੇਬੰਦੀ ਵਿਚ ਬੱਝੀਆਂ ਵੱਖੋ-ਵੱਖਰੀਆਂ ਜਾਤਾਂ ਵਿਚ ਵੀ ਵੰਡੇ ਹੋਏ ਸਨ। ਜਿਸ ਤਰ੍ਹਾਂ ਦੀ ਸਿਆਸੀ ਉਥਲ-ਪੁਥਲ ਵਿਚੋਂ ਅਸੀਂ ਗੁਜ਼ਰ ਰਹੇ ਹਾਂ, ਜਿਸ ਦੇ ਕੇਂਦਰ ਵਿਚ ਦਲਿਤ ਸਕਾਲਰ ਰੋਹਿਤ ਵੇਮੂਲਾ ਦੀ ਖ਼ੁਦਕੁਸ਼ੀ ਹੈ, ਉਸ ਨੂੰ ਸਮਝਣ ਲਈ ਜ਼ਰੂਰੀ ਹੈ ਕਿ ਸਦੀ ਬਦਲਣ ਦੇ ਵਕਤ ਦੇ ਇਸ ਝਗੜੇ ਨੂੰ, ਘੱਟੋ-ਘੱਟ ਧਾਰਨਾ ਦੇ ਤੌਰ 'ਤੇ, ਜ਼ਰੂਰ ਸਮਝਿਆ ਜਾਵੇ।

ਪਿਛਲੀਆਂ ਸਦੀਆਂ ਵਿਚ ਜਾਤ ਦੀ ਮਾਰ ਤੋਂ ਬਚਣ ਲਈ, ਦਹਿ-ਲੱਖਾਂ ਅਛੂਤਾਂ (ਮੈਂ ਇਹ ਲਫ਼ਜ਼ ਸਿਰਫ਼ ਇਸ ਕਰ ਕੇ ਇਸਤੇਮਾਲ ਕਰ ਰਹੀ ਹਾਂ ਕਿਉਂਕਿ ਅੰਬੇਡਕਰ ਨੇ ਇਹ ਇਸਤੇਮਾਲ ਕੀਤਾ ਹੈ) ਨੇ ਧਰਮ-ਬਦਲੀ ਕਰ ਕੇ ਬੁੱਧਵਾਦ, ਇਸਲਾਮ, ਸਿੱਖੀ ਅਤੇ ਈਸਾਈਅਤ ਅਪਣਾ ਲਈ ਸੀ। ਬੀਤੇ ਵਿਚ, ਇਹ ਧਰਮ-ਬਦਲੀਆਂ ਅਧਿਕਾਰਯਾਫ਼ਤਾ ਜਾਤਾਂ ਲਈ ਫ਼ਿਕਰਮੰਦੀ ਦਾ ਕਾਰਨ ਨਹੀਂ ਸਨ; ਪਰ, ਜਦੋਂ ਵਸੋਂ-ਬਣਤਰ ਦੀ ਸਿਆਸਤ ਨੇ ਮੰਚ ਮੱਲ ਲਿਆ ਤਾਂ ਲਹੂ ਦਾ ਇਹ ਵਹਾਅ, ਜ਼ਰੂਰੀ ਫ਼ਿਕਰਮੰਦੀ ਦਾ ਕਾਰਨ ਬਣ ਗਿਆ। ਜਿਨ੍ਹਾਂ ਲੋਕਾਂ ਤੋਂ ਕੰਨੀ ਕਤਰਾਈ ਜਾਂਦੀ ਸੀ ਅਤੇ ਜਿਨ੍ਹਾਂ ਨੂੰ ਦਬਾਇਆ ਜਾਂਦਾ ਸੀ, ਉਨ੍ਹਾਂ ਨੂੰ ਹੁਣ ਐਸੀ ਵਸੋਂ ਵਜੋਂ ਦੇਖਿਆ ਜਾਣ ਲੱਗਿਆ ਜੋ ਹਿੰਦੂ ਵੋਟਰਾਂ ਦੀ ਗਿਣਤੀ ਵੱਡੀ ਪੱਧਰ 'ਤੇ ਵਧਾ ਸਕਦੇ ਸਨ। ਉਨ੍ਹਾਂ ਨੂੰ ਪਤਿਆ ਕੇ "ਹਿੰਦੂ ਘੇਰੇ" ਵਿਚ ਲਿਆਂਦਾ ਗਿਆ। ਇਹ ਹਿੰਦੂ ਬਣਾਏ ਜਾਣ ਦਾ ਆਗਾਜ਼ ਸੀ ਜਿਸ ਨੂੰ ਅਸੀਂ ਅੱਜ ਘਰ ਵਾਪਸੀ ਵਜੋਂ ਜਾਣਦੇ ਹਾਂ। ਇਹ ਉਹ ਰਸਮ ਸੀ ਜੋ ਭਾਰੂ ਜਾਤਾਂ ਨੇ ਉਨ੍ਹਾਂ ਅਛੂਤਾਂ ਅਤੇ ਆਦਿਵਾਸੀਆਂ ਨੂੰ "ਸ਼ੁੱਧ ਕਰਨ" ਲਈ ਬਣਾਈ ਜਿਨ੍ਹਾਂ ਨੂੰ ਉਹ "ਭਿੱਟੇ ਗਏ" ਸਮਝਦੇ ਸਨ। ਖ਼ਿਆਲ ਇਨ੍ਹਾਂ ਪੁਰਾਤਨ ਅਤੇ ਮੂਲਵਾਸੀ ਲੋਕਾਂ ਨੂੰ ਪ੍ਰੇਰਿਤ ਕਰਨਾ ਸੀ (ਹੈ) ਕਿ ਉਹ ਪਹਿਲਾਂ ਹਿੰਦੂ ਸਨ, ਅਤੇ ਹਿੰਦੂਵਾਦ ਉਪਮਹਾਂਦੀਪ ਦਾ ਮੌਲਿਕ, ਦੇਸੀ ਧਰਮ ਸੀ। ਅਧਿਕਾਰਯਾਫ਼ਤਾ ਜਾਤਾਂ ਵਿਚੋਂ ਇਹ ਇਕੱਲੇ ਹਿੰਦੂ ਰਾਸ਼ਟਰਵਾਦੀ ਹੀ ਨਹੀਂ ਸਨ ਜਿਨ੍ਹਾਂ ਨੇ ਜਾਤਪਾਤੀ ਵਿਵਸਥਾ ਨੂੰ ਤੈਅ ਕਰਨਾ ਜਾਰੀ ਰੱਖਦੇ ਹੋਏ ਸਿਆਸੀ ਤੌਰ 'ਤੇ ਅਛੂਤਾਂ ਨੂੰ ਆਪਣੇ ਕਲਾਵੇ ਵਿਚ ਲੈਣ ਦੇ ਯਤਨ ਕੀਤੇ। ਕਾਂਗਰਸ ਵਿਚਲੇ ਉਨ੍ਹਾਂ ਵਰਗਿਆਂ ਨੇ ਵੀ ਇਹੋ ਕੁਝ ਕੀਤਾ। ਭੀਮ ਅੰਬੇਡਕਰ ਅਤੇ ਮੋਹਨਦਾਸ ਕਰਮਚੰਦ ਗਾਂਧੀ ਦਰਮਿਆਨ ਮਸ਼ਹੂਰ ਅੜਿੱਕੇ ਦੀ ਇਹੋ ਵਜ੍ਹਾ ਸੀ, ਤੇ ਹੁਣ ਵੀ ਹਿੰਦੁਸਤਾਨੀ ਸਿਆਸਤ ਵਿਚ ਇਹ ਗੰਭੀਰ ਅਸ਼ਾਂਤੀ ਦੀ ਵਜ੍ਹਾ ਬਣੀ ਹੋਈ ਹੈ। ਅੱਜ ਵੀ, ਆਪਣੇ ਹਿੰਦੂ ਰਾਸ਼ਟਰ ਦੇ ਖ਼ਿਆਲ ਨੂੰ ਮਹਿਫ਼ੂਜ਼ ਕਰਨ ਲਈ ਭਾਜਪਾ ਨੂੰ ਦਲਿਤ ਵਸੋਂ ਦੀ ਬਹੁਗਿਣਤੀ ਨੂੰ ਉਸੇ ਸਿਧਾਂਤ ਦੇ ਗਲ ਲੱਗਣ ਲਈ ਪ੍ਰੇਰਨਾ ਪੈ ਰਿਹਾ ਹੈ ਜੋ ਉਨ੍ਹਾਂ ਨੂੰ ਭੰਡਦਾ ਅਤੇ ਜ਼ਲੀਲ ਕਰਦਾ ਹੈ। ਇਹ ਹੈਰਤਅੰਗੇਜ਼ ਤੌਰ 'ਤੇ ਕਾਮਯਾਬ ਹੈ, ਤੇ ਕੁਝ ਖਾੜਕੂ ਅੰਬੇਡਕਰਵਾਦੀ ਦਲਿਤਾਂ ਨੂੰ ਵੀ ਆਪਣੇ ਵਿਚ ਸ਼ਾਮਲ ਕਰਨ ਵਿਚ ਕਾਮਯਾਬ ਹੋ ਗਈ ਹੈ। ਇਹੋ ਵਿਰੋਧਾਭਾਸ ਹੈ ਜਿਸ ਵਿਚੋਂ ਦੀ ਅਸੀਂ ਐਨੇ ਤਪੇ ਹੋਏ, ਐਨੇ ਜ਼ਿਆਦਾ ਭੜਕਾਹਟ ਵਾਲੇ ਤੇ ਐਨੇ ਅਣਕਿਆਸੇ ਤੌਰ 'ਤੇ ਗੁਜ਼ਰ ਰਹੇ ਹਾਂ।

1925 ਵਿਚ ਜਦੋਂ ਤੋਂ ਰਾਸ਼ਟਰੀ ਸੋਇਮਸੇਵਕ ਸੰਘ (ਆਰ.ਐਸ.ਐਸ.) ਬਣੀ ਹੈ, ਹਿੰਦੂ ਰਾਸ਼ਟਰਵਾਦ (ਅਤੇ ਭਾਜਪਾ) ਦੀ ਇਸ ਵਿਚਾਰਧਾਰਕ ਮਾਲਕੀ ਵਾਲੀ ਕੰਪਨੀ ਨੇ ਭਾਂਤ-ਸੁਭਾਂਤੀਆਂ ਜਾਤਾਂ, ਭਾਈਚਾਰਿਆਂ, ਧਰਮਾਂ ਅਤੇ ਨਸਲੀ-ਸਭਿਆਚਾਰਕ ਸਮੂਹਾਂ ਨੂੰ ਆਪਣੀਆਂ ਪਛਾਣਾਂ ਨੂੰ ਦਫ਼ਨ ਕਰ ਦੇਣ ਅਤੇ ਹਿੰਦੂ ਰਾਸ਼ਟਰ ਦੇ ਝੰਡੇ ਹੇਠ ਜੋੜਨ ਦਾ ਕਾਰਜ ਕੱਢ ਲਿਆ ਹੈ। ਜੋ ਕੁਝ-ਕੁਝ ਤੂਫ਼ਾਨੀ ਸਮੁੰਦਰ ਵਿਚੋਂ ਭਾਰਤ ਮਾਤਾ ਦੀ ਵਿਸ਼ਾਲ, ਪੱਥਰ ਦੀ ਅਬਦਲ ਮੂਰਤੀ ਘੜਨ ਦਾ ਯਤਨ ਕਰਨ ਵਾਂਗ ਹੈ, ਜੋ ਹਿੰਦੂ ਸੱਜੇਪੱਖ ਦਾ ਭਾਰਤ ਮਾਂ ਦਾ ਆਦਰਸ਼ ਰੂਪ ਹੈ। ਪਾਣੀ ਨੂੰ ਪੱਥਰ ਵਿਚ ਬਦਲਣਾ ਵਿਹਾਰਕ ਅਭਿਲਾਸ਼ਾ ਨਹੀਂ ਹੋ ਸਕਦਾ, ਪਰ ਆਰ.ਐਸ.ਐਸ. ਦੇ ਲੰਮੇ ਵਕਤ ਦੇ ਯਤਨਾਂ ਨੇ ਸਮੁੰਦਰ ਨੂੰ ਦੂਸ਼ਿਤ ਕਰ ਦਿੱਤਾ ਹੈ ਅਤੇ ਇਸ ਦੀ ਬਨਸਪਤੀ ਨੂੰ ਅਮੋੜ ਤੌਰ 'ਤੇ ਖ਼ਤਰੇ ਦੇ ਮੂੰਹ ਧੱਕ ਦਿੱਤਾ ਹੈ। ਇਸ ਦੀ ਤਬਾਹਕੁਨ ਵਿਚਾਰਧਾਰਾ- ਜੋ ਹਿੰਦੂਤਵੀ ਵਜੋਂ ਜਾਣੀ ਜਾਂਦੀ ਹੈ, ਤੇ ਮੁਸੋਲਿਨੀ ਤੇ ਹਿਟਲਰ ਵਰਗਿਆਂ ਤੋਂ ਪ੍ਰੇਰਿਤ ਹੈ- ਖੁੱਲ੍ਹੇਆਮ ਹਿੰਦੁਸਤਾਨੀ ਮੁਸਲਮਾਨਾਂ ਦੀ ਨਾਜ਼ੀ ਤਰਜ਼ 'ਤੇ ਸਫ਼ਾਈ ਕਰਨ ਦਾ ਮਸ਼ਵਰਾ ਦਿੰਦੀ ਹੈ। ਆਰ.ਐਸ.ਐਸ. ਦੇ ਮੱਤ ਵਿਚ (ਜਿਸ ਨੂੰ ਸਿਧਾਂਤ ਦਾ ਰੂਪ ਜਥੇਬੰਦੀ ਦੇ ਦੂਜੇ ਪ੍ਰਚਾਰਕ ਜਾਂ ਮੁੱਖ ਆਗੂ ਐਮ.ਐਸ. ਗੋਲਵਾਲਕਰ ਵਲੋਂ ਦਿੱਤਾ ਗਿਆ), ਜਿਨ੍ਹਾਂ ਤਿੰਨ ਦੁਸ਼ਮਣਾਂ ਨੂੰ ਹਿੰਦੂ ਰਾਸ਼ਟਰ ਬਣਾਏ ਜਾਣ ਦੇ ਰਾਹ ਦਾ ਰੋੜਾ ਦੱਸਿਆ ਗਿਆ ਹੈ, ਉਹ ਹਨ ਮੁਸਲਿਮ, ਈਸਾਈ ਅਤੇ ਕਮਿਊਨਿਸਟ। ਤੇ ਹੁਣ ਜਦ ਆਰ.ਐਸ.ਐਸ. ਨੇ ਉਸ ਨਿਸ਼ਾਨੇ ਵੱਲ ਛੂਟ ਵੱਟ ਲਈ ਹੈ। ਸਾਡੇ ਆਲੇ-ਦੁਆਲੇ ਜੋ ਵਾਪਰ ਰਿਹਾ ਹੈ, ਉਹ ਭਾਵੇਂ ਅਫ਼ਰਾ-ਤਫ਼ਰੀ ਲੱਗ ਸਕਦਾ ਹੈ, ਅਸਲ ਵਿਚ ਹਰ ਚੀਜ਼ ਤੈਅ ਕੀਤੇ ਅਨੁਸਾਰ ਹੀ ਚੱਲ ਰਹੀ ਹੈ।

ਹੁਣ ਆਰ.ਐਸ.ਐਸ. ਨੇ ਰਾਸ਼ਟਰਵਾਦ ਨੂੰ ਜਾਣ-ਬੁੱਝ ਕੇ ਹਿੰਦੂ ਰਾਸ਼ਟਰਵਾਦ ਨਾਲ ਰਲਗੱਡ ਕਰਨਾ ਸ਼ੁਰੂ ਕੀਤਾ ਹੋਇਆ ਹੈ। ਸੁਭਾਵਿਕ ਤੌਰ 'ਤੇ ਸੰਘ ਇਸ ਤੱਥ ਨੂੰ ਨਜ਼ਰਅੰਦਾਜ਼ ਕਰਨ ਦਾ ਰਸਤਾ ਚੁਣਦਾ ਹੈ ਕਿ ਇਸ ਨੇ ਬਰਤਾਨਵੀ ਬਸਤੀਵਾਦ ਵਿਰੁੱਧ ਸੰਘਰਸ਼ ਵਿਚ ਉਕਾ ਹੀ ਕੋਈ ਭੂਮਿਕਾ ਨਹੀਂ ਨਿਭਾਈ ਸੀ। ਦਰਅਸਲ ਆਰ.ਐਸ.ਐਸ. ਨੇ ਬਰਤਾਨਵੀ ਬਸਤੀ ਨੂੰ ਆਜ਼ਾਦ ਰਾਸ਼ਟਰ ਬਣਾਉਣ ਦਾ ਕੰਮ ਤਾਂ ਹੋਰ ਲੋਕਾਂ ਉਪਰ ਛੱਡ ਦਿੱਤਾ, ਪਰ ਉਦੋਂ ਤੋਂ ਹੀ ਇਹ ਇਸ ਆਜ਼ਾਦ ਰਾਸ਼ਟਰ ਨੂੰ ਹਿੰਦੂ ਰਾਸ਼ਟਰ ਬਣਾਉਣ ਲਈ ਕਿਸੇ ਹੋਰ ਸਿਆਸੀ ਜਾਂ ਸਭਿਆਚਾਰਕ ਜਥੇਬੰਦੀ ਨਾਲੋਂ ਵੱਧ ਕਰੜੀ ਮਿਹਨਤ ਕਰ ਰਹੀ ਹੈ। 1980 ਵਿਚ ਭਾਜਪਾ ਦੀ ਸਥਾਪਨਾ ਤੋਂ ਪਹਿਲਾਂ, ਆਰ.ਐਸ.ਐਸ. ਦਾ ਸਿਆਸੀ ਵਿੰਗ ਭਾਰਤੀ ਜਨ ਸੰਘ ਸੀ; ਜਦਕਿ ਆਰ.ਐਸ.ਐਸ. ਦਾ ਰਸੂਖ਼ ਪਾਰਟੀ ਲਾਈਨਾਂ ਤੋਂ ਉਪਰ ਹੈ, ਅਤੇ ਬੀਤੇ ਵਿਚ ਇਸ ਦੀ ਧੁੰਦਲੀ ਮੌਜੂਦਗੀ ਕਾਂਗਰਸ ਦੀਆਂ ਵਧੇਰੇ ਘਿਨਾਉਣੀਆਂ ਅਤੇ ਹਿੰਸਕ ਕਾਰਵਾਈਆਂ ਵਿਚ ਵੀ ਸਾਹਮਣੇ ਆਉਂਦੀ ਰਹੀ ਹੈ। ਸੰਸਥਾ ਕੋਲ ਹੁਣ ਦਹਿ-ਹਜ਼ਾਰਾਂ ਸ਼ਾਖਾਵਾਂ ਅਤੇ ਲੱਖਾਂ ਕਾਰਕੁਨਾਂ ਦਾ ਤਾਣਾ-ਬਾਣਾ ਹੈ। ਇਸ ਦੀ ਆਪਣੀ ਟਰੇਡ ਯੂਨੀਅਨ, ਆਪਣੀਆਂ ਵਿਦਿਅਕ ਸੰਸਥਾਵਾਂ ਹਨ ਜਿਥੇ ਦਹਿ-ਲੱਖਾਂ ਵਿਦਿਆਰਥੀਆਂ ਦੇ ਦਿਮਾਗਾਂ ਵਿਚ ਵਿਚਾਰਧਾਰਾ ਕੁੱਟ-ਕੁੱਟ ਕੇ ਭਰੀ ਜਾਂਦੀ ਹੈ। ਇਸ ਕੋਲ ਆਪਣੀ ਅਧਿਆਪਕ ਜਥੇਬੰਦੀ, ਔਰਤ ਵਿੰਗ, ਮੀਡੀਆ ਅਤੇ ਪ੍ਰਕਾਸ਼ਨ ਵਿੰਗ, ਆਦਿਵਾਸੀ ਭਲਾਈ ਨੂੰ ਸਮਰਪਿਤ ਆਪਣੀਆਂ ਜਥੇਬੰਦੀਆਂ, ਆਪਣੇ ਮੈਡੀਕਲ ਮਿਸ਼ਨ, ਆਪਣੇ ਹੀ ਇਤਿਹਾਸਕਾਰਾਂ ਦਾ ਬਦਕਾਰ ਤਬੇਲਾ (ਜੋ ਇਤਿਹਾਸ ਨੂੰ ਆਪਣੇ ਹੀ ਮਨਘੜਤ ਰੰਗ 'ਚ ਰੰਗ ਕੇ ਪੇਸ਼ ਕਰਦੇ ਹਨ), ਤੇ ਨਿਸ਼ਚੇ ਹੀ ਸੋਸ਼ਲ ਮੀਡੀਆ ਉਪਰ ਹੜਦੁੰਗ ਮਚਾਉਣ ਵਾਲੀ ਇਸ ਦੀ ਆਪਣੀ ਹੀ ਫ਼ੌਜ ਹੈ। ਇਸ ਦੀਆਂ ਸਾਥੀ ਸੰਸਥਾਵਾਂ, ਬਜਰੰਗ ਦਲ ਅਤੇ ਵਿਸ਼ਵ ਹਿੰਦੂ ਪ੍ਰੀਸ਼ਦ, ਐਸੇ ਹੁੱਲੜਬਾਜ਼ ਹਜੂਮ ਮੁਹੱਈਆ ਕਰਦੀਆਂ ਹਨ ਜਿਨ੍ਹਾਂ ਦਾ ਕੰਮ ਉਸ ਹਰ ਬੰਦੇ ਉਪਰ ਹਮਲੇ ਕਰਨਾ ਹੈ ਜਿਨ੍ਹਾਂ ਦੇ ਖ਼ਿਆਲਾਂ ਨੂੰ ਇਹ ਆਪਣੇ ਲਈ ਖ਼ਤਰਾ ਸਮਝਦੇ ਸਨ। ਆਪਣੀਆਂ ਹੀ ਜਥੇਬੰਦੀਆਂ (ਜੋ ਭਾਜਪਾ ਨੂੰ ਮਿਲਾ ਕੇ ਸੰਘ ਪਰਿਵਾਰ ਬਣਦੀਆਂ ਹਨ) ਖੜ੍ਹੀਆਂ ਕਰਨ ਤੋਂ ਬਿਨਾ ਆਰ.ਐਸ.ਐਸ. ਸਰਕਾਰੀ ਸੰਸਥਾਵਾਂ ਵਿਚ ਆਪਣੇ ਪਿਆਦੇ ਲਾਉਣ ਲਈ ਵੀ ਤਹੰਮਲ ਨਾਲ ਜੁੱਟੀ ਹੋਈ ਹੈ: ਸਰਕਾਰੀ ਕਮੇਟੀਆਂ ਵਿਚ, ਯੂਨੀਵਰਸਿਟੀਆਂ, ਨੌਕਰਸ਼ਾਹੀ, ਅਤੇ ਸਭ ਤੋਂ ਅਹਿਮ ਗੱਲ ਖ਼ੁਫ਼ੀਆ ਸੇਵਾਵਾਂ ਵਿਚ।

ਇਕ ਦਿਨ ਇਸ ਦੂਰਅੰਦੇਸ਼ੀ ਅਤੇ ਘਾਲਣਾ ਨੇ ਰੰਗ ਦਿਖਾਉਣਾ ਹੀ ਹੈ, ਐਸੇ ਨਤੀਜੇ 'ਤੇ ਪਹੁੰਚਣ ਤੋਂ ਗੁਰੇਜ਼ ਕੀਤਾ ਜਾਂਦਾ ਸੀ। ਫਿਰ ਵੀ, ਇਥੋਂ ਤਕ ਪਹੁੰਚਣ ਲਈ ਇਸ ਵਲੋਂ ਕਲਪਨਾ ਅਤੇ ਬੇਰਹਿਮੀ, ਬਾਖ਼ੂਬੀ ਇਸਤੇਮਾਲ ਕੀਤੀ ਗਈ। ਸਾਡੇ ਵਿਚੋਂ ਜ਼ਿਆਦਾਤਰ ਇਹ ਕਹਾਣੀ ਜਾਣਦੇ ਹਨ, ਪਰ ਜੋ ਭੁੱਲ ਜਾਣ ਦਾ ਰੋਗ ਸਾਡੇ ਉਪਰ ਥੋਪਿਆ ਜਾ ਰਿਹਾ ਹੈ, ਇਹ ਹਾਲੀਆ ਘਟਨਾਵਾਂ ਦੇ ਸਿਲਸਿਲੇ ਉਪਰ ਪਰਦਾ ਪਾਏ ਜਾਣ ਦਾ ਕੰਮ ਕਰ ਸਕਦਾ ਹੈ। ਕੌਣ ਜਾਣੇ, ਗ਼ੈਰਸਬੰਧਤ ਜਾਪਦੀਆਂ ਚੀਜ਼ਾਂ ਨੂੰ ਜੇ ਪਿਛਲਝਾਤ ਮਾਰ ਕੇ ਦੇਖਿਆ ਜਾਵੇ ਤਾਂ ਅਸਲੀਅਤ ਵਿਚ ਇਹ ਜੁੜੀਆਂ ਹੋਈਆਂ ਸਨ। ਤੇ ਇਸ ਤੋਂ ਉਲਟ ਵੀ ਹੈ। ਲਿਹਾਜ਼ਾ, ਨਮੂਨੇ ਨੂੰ ਦਿਖਾਉਣ ਲਈ ਜੇ ਮੈਨੂੰ ਕੁਝ ਜਾਣੀਆਂ-ਪਛਾਣੀਆਂ ਚੀਜ਼ਾਂ ਦਾ ਜ਼ਿਕਰ ਕਰਨਾ ਪੈਂਦਾ ਹੈ ਤਾਂ ਮੁਆਫ਼ ਕਰ ਦਿਓ।

*(ਚਲਦਾ)*

# ...ਤੇ ਫਿਰ ਤੋਤਾ ਬੋਲਿਆ

## ਕੌਮੀ ਜਾਂਚ ਏਜੰਸੀ ਦਾ ਪੁੱਠਾ ਗੇੜਾ

**ਸੁਰਿੰਦਰ ਸਿੰਘ ਤੇਜ**
ਫੋਨ: +91-98555-01488

ਤਿੰਨ ਦਹਾਕੇ ਪਹਿਲਾਂ ਕੌਮੀ ਮੀਡੀਆ ਵੱਲੋਂ 'ਸਿੱਖ ਉੱਗਰਵਾਦੀ' ਸ਼ਬਦ ਬਹੁਤ ਵਰਤਿਆ ਜਾਂਦਾ ਸੀ। ਫਿਰ ਇਹ 'ਸਿੱਖ ਆਤੰਕਵਾਦ' ਵਿਚ ਬਦਲ ਦਿੱਤਾ ਗਿਆ। ਅਜੇ ਇਹ ਦੌਰ ਚੱਲ ਹੀ ਰਿਹਾ ਸੀ ਕਿ 1990 ਵਿਚ ਕਸ਼ਮੀਰ ਵਿਚ ਹਿੰਸਾ ਦਾ ਦੌਰ-ਦੌਰਾ ਸ਼ੁਰੂ ਹੋ ਗਿਆ। ਇਸ ਦੇ ਨਾਲ ਹੀ 'ਕਸ਼ਮੀਰੀ ਆਤੰਕਵਾਦ' ਮੀਡੀਆ ਦੀਆਂ ਸੁਰਖ਼ੀਆਂ 'ਤੇ ਹਾਵੀ ਹੋਣ ਲੱਗਾ। 1993 ਦੇ ਮੁੰਬਈ ਬੰਬ ਧਮਾਕਿਆਂ ਨੇ 'ਇਸਲਾਮੀ ਆਤੰਕਵਾਦ' ਨੂੰ ਸੁਰਖ਼ੀਆਂ ਵਿਚ ਉਭਾਰਨਾ ਸ਼ੁਰੂ ਕੀਤਾ। ਇਹ ਆਤੰਕਵਾਦ ਜਾਂ ਇਸ ਦਾ ਨਵੇਲਾ ਰੂਪ 'ਜਹਾਦੀ ਆਤੰਕਵਾਦ' ਦੋ ਦਹਾਕਿਆਂ ਤੋਂ ਮੀਡੀਆ ਦੀ ਸ਼ਬਦਾਵਲੀ ਦਾ ਮੁੱਖ ਅੰਗ ਰਹੇ ਹਨ। 2008 ਵਿਚ ਯੂ.ਪੀ.ਏ. ਸਰਕਾਰ ਦੇ ਕਾਰਜਕਾਲ ਦੌਰਾਨ ਕਰਨਲ ਪ੍ਰਸਾਦ ਪੁਰੋਹਿਤ ਤੇ ਸਾਧਵੀ ਪ੍ਰਾਗਿਆ ਸਿੰਘ ਠਾਕੁਰ ਦੇ ਜ਼ਰੀਏ 'ਹਿੰਦੂ ਆਤੰਕਵਾਦ' ਦਾ ਮੁਹਾਂਦਰਾ ਵੀ ਸਾਡੇ ਸਾਹਮਣੇ ਆਇਆ। ਪਹਿਲੀ ਵਾਰ ਦੇਸ਼ ਨੂੰ ਦੱਸਿਆ ਗਿਆ ਕਿ ਇਸਲਾਮੀ ਦਹਿਸ਼ਤਵਾਦ ਹੀ ਸਾਡੇ ਦੇਸ਼ ਵਿਚ ਪੁਆੜੇ ਦੀ ਜੜ੍ਹ ਨਹੀਂ ਬਲਕਿ ਹਿੰਦੂ ਰਾਸ਼ਟਰਵਾਦੀ ਸੰਗਠਨ ਵੀ ਦਹਿਸ਼ਤਗਰਦੀ ਨੂੰ ਹਥਿਆਰ ਵਜੋਂ ਵਰਤਣ ਦੇ ਰਾਹ ਤੁਰੇ ਹੋਏ ਹਨ। ਮਾਲੇਗਾਓਂ (ਮਹਾਰਾਸ਼ਟਰ) ਬੰਬ ਕਾਂਡ ਤੇ ਫਿਰ ਸਮਝੌਤਾ ਐਕਸਪ੍ਰੈਸ ਬੰਬ ਧਮਾਕੇ ਨਾਲ ਜੁੜੇ 'ਭਗਵਾ ਆਤੰਕਵਾਦੀਆਂ' ਦੀਆਂ ਤਾਰਾਂ ਨਾਗਪੁਰੀ ਮਹਾਂਪੰਡਿਤਾਂ ਨਾਲ ਜੋੜਨ ਦੇ ਯਤਨ ਵੀ ਹੋਏ।

ਪੰਜ ਸਾਲਾਂ ਤਕ ਅਜਿਹੇ ਆਤੰਕਵਾਦ ਦੇ ਕਿੱਸੇ-ਕਹਾਣੀਆਂ ਨਸ਼ਰ ਹੁੰਦੇ ਰਹਿਣ ਤੋਂ ਬਾਅਦ ਹੁਣ ਅਚਾਨਕ ਦੱਸਿਆ ਜਾ ਰਿਹਾ ਹੈ ਕਿ ਭਗਵਾ ਆਤੰਕਵਾਦ ਵੋਟ ਬੈਂਕ ਰਾਜਨੀਤੀ ਦੀ ਉਪਜ ਸੀ। ਇਸ ਸਬੰਧੀ ਜੋ ਬੰਦੇ ਜ਼ੇਰੇ ਹਿਰਾਸਤ ਹਨ, ਉਨ੍ਹਾਂ ਨੂੰ ਗਰਮਮਿਜ਼ਾਜ ਤਾਂ ਕਿਹਾ ਜਾ ਸਕਦਾ ਹੈ, ਪਰ ਉਨ੍ਹਾਂ ਖ਼ਿਲਾਫ਼ ਆਤੰਕਵਾਦੀ ਕਾਰਿਆਂ ਦੇ ਨਿੱਗਰ ਸਬੂਤ ਮੌਜੂਦ ਨਹੀਂ। ਇਹ ਪ੍ਰਭਾਵ ਵੀ ਉਹੀ ਏਜੰਸੀ (ਐੱਨ.ਆਈ.ਏ.) ਉਭਾਰ ਰਹੀ ਹੈ ਜਿਸ ਨੇ 'ਭਗਵਾ ਆਤੰਕਵਾਦ' ਦਾ ਚਿਹਰਾ-ਮੋਹਰਾ ਸਾਹਮਣੇ ਲਿਆਉਣ ਵਿਚ ਮੁੱਖ ਭੂਮਿਕਾ ਨਿਭਾਈ ਸੀ। ਅਜਿਹੀ ਕਲਾਬਾਜ਼ੀ ਦੇ ਪੇਸ਼ੇਨਜ਼ਰ ਸਰਕਾਰੀ ਤਫ਼ਤੀਸ਼ੀ ਏਜੰਸੀਆਂ ਦੀ ਖ਼ੁਦਮੁਖ਼ਤਾਰੀ ਬਾਰੇ ਸਵਾਲ ਤੇ ਸ਼ੁਬਹੇ ਉਠਣੇ ਸੁਭਾਵਿਕ ਹੀ ਹਨ।





ਜਾਂਚ ਵਿਚ ਜੁਟੇ ਕੌਮੀ ਜਾਂਚ ਏਜੰਸੀ ਦੇ ਅਫਸਰ ਅਤੇ (ਸੱਜੇ) ਸਾਧਵੀ ਪ੍ਰਾਗਿਆ ਸਿੰਘ।

ਭਾਰਤ ਵਿਚ ਦਹਿਸ਼ਤ-ਵਿਰੋਧੀ ਤਫ਼ਤੀਸ਼ੀ ਮੁਹਿੰਮਾਂ ਵਿਚ ਮਾਲੇਗਾਓਂ ਕੇਸ ਨੂੰ ਮੀਲ-ਪੱਥਰ ਮੰਨਿਆ ਜਾਂਦਾ ਹੈ। ਭਰਵੀਂ ਮੁਸਲਿਮ ਵਸੋਂ ਵਾਲੇ ਸ਼ਹਿਰ ਵਿਚ 2008 'ਚ ਬੰਬ ਧਮਾਕੇ ਰਾਹੀਂ ਨਮਾਜ਼ੀਆਂ ਦੀਆਂ ਜਾਨਾਂ ਲੈਣ ਦੇ ਮਾਮਲੇ ਦੀ ਤਫ਼ਤੀਸ਼ ਮਹਾਰਾਸ਼ਟਰ ਦੇ ਦਹਿਸ਼ਤਗਰਦੀ-ਵਿਰੋਧੀ ਦਸਤੇ (ਏ.ਟੀ.ਐਸ.) ਨੇ ਕੀਤੀ। ਇਸੇ ਤਫ਼ਤੀਸ਼ ਦੇ ਆਧਾਰ .ਤੇ ਸਾਧਵੀ ਪ੍ਰਾਗਿਆ ਸਿੰਘ ਠਾਕੁਰ ਤੇ ਕਰਨਲ ਪ੍ਰਸਾਦ ਪੁਰੋਹਿਤ ਦੀਆਂ ਗ੍ਰਿਫ਼ਤਾਰੀਆਂ ਹੋਈਆਂ ਅਤੇ 'ਅਭਿਨਵ ਭਾਰਤ' ਨਾਂ ਦਾ ਸੰਗਠਨ ਬੇਪਰਦ ਹੋਇਆ। ਹਿੰਦੂ ਸੱਜੇ-ਪੰਥੀ ਗੁੱਟਾਂ ਵੱਲੋਂ ਦਹਿਸ਼ਤਗਰਦੀ ਨੂੰ ਹਥਿਆਰ ਵਜੋਂ ਵਰਤਣ ਅਤੇ ਆਪਣੇ ਕਾਰਿਆਂ ਉਤੇ ਇਸਲਾਮੀ ਮੁਲੰਮਾ ਚਾੜ੍ਹ ਕੇ ਸ਼ੱਕ ਦੀ ਸੂਈ ਇਸਲਾਮੀ ਗੁੱਟਾਂ ਵੱਲ ਕਰਨ ਦੀ ਇਹ ਪਹਿਲੀ ਮਿਸਾਲ ਸੀ। ਹੁਣ ਇਸ ਕੇਸ ਦੇ ਛੇ ਮੁਲਜ਼ਮਾਂ ਖ਼ਿਲਾਫ਼ ਦੋਸ਼ ਵਾਪਸ ਲਏ ਜਾ ਰਹੇ ਹਨ ਅਤੇ ਇਸ ਪੱਖੋਂ ਕੋਈ ਲੁਕ-ਲੁਕਾਅ ਵੀ ਨਹੀਂ ਕੀਤਾ ਜਾ ਰਿਹਾ। ਕੇਸ ਦੀ ਵਿਸ਼ੇਸ਼ ਸਰਕਾਰੀ ਵਕੀਲ ਰੋਹਿਣੀ ਸਲਿਆਣ ਐਨ.ਆਈ.ਏ. ਦੇ ਰੁਖ਼ ਸਬੰਧੀ ਖੁੱਲ੍ਹ ਕੇ ਬਿਆਨਬਾਜ਼ੀ ਕਰਨ ਤੋਂ ਇਲਾਵਾ ਬੰਬੇ ਹਾਈ ਕੋਰਟ ਵਿਚ ਹਲਫ਼ਨਾਮਾ ਦਾਖ਼ਲ ਕਰ ਕੇ ਐੱਨ.ਆਈ.ਏ. ਦੇ ਉਸ ਅਧਿਕਾਰੀ ਦਾ ਨਾਮ ਵੀ ਦੱਸ ਚੁੱਕੀ ਹੈ ਜਿਸ ਨੇ ਮੋਦੀ ਰਾਜ ਆਉਂਦਿਆਂ ਹੀ ਉਸ ਨੂੰ ਮਾਲੇਗਾਉਂ ਕੇਸ ਦੇ ਮੁਲਜ਼ਮਾਂ ਪ੍ਰਤੀ ਨਰਮਾਈ ਵਰਤਣ ਲਈ ਕਹਿ ਦਿੱਤਾ ਸੀ। ਸਲਿਆਣ ਨੇ ਤਾਂ ਜੁਰਅਤ ਦਿਖਾਈ ਅਤੇ ਤੱਥ ਸਾਹਮਣੇ ਲਿਆਂਦੇ, ਪਰ ਉਸ ਦੇ ਜਾਨਸ਼ੀਨ ਨੇ ਐਨ.ਆਈ.ਏ. ਦੀਆਂ ਕਲਾਬਾਜ਼ੀਆਂ ਖ਼ਿਲਾਫ਼ ਅਸਤੀਫ਼ਾ ਦੇ ਕੇ ਚੰਦ ਘੰਟਿਆਂ ਬਾਅਦ ਇਹ ਵਾਪਸ ਲੈ ਲਿਆ। ਅਦਾਲਤ ਵਿਚ ਐਨ.ਆਈ.ਏ. ਦਾ ਪੱਖ ਇਹ ਰਿਹਾ ਕਿ ਕੇਸ ਦੇ ਛੇ ਮੁਲਜ਼ਮਾਂ ਖ਼ਿਲਾਫ਼ ਜੋ ਵੀ ਸਬੂਤ ਮਿਲੇ ਹਨ, ਉਹ ਉਨ੍ਹਾਂ ਉਪਰ ਆਇਦ ਦੋਸ਼ਾਂ ਨੂੰ ਸਾਬਤ ਨਹੀਂ ਕਰਦੇ। ਜੇ ਹਕੀਕਤ ਇਹ ਸੀ ਤਾਂ ਇਸ ਨੂੰ ਤਸਲੀਮ ਕਰਦਿਆਂ ਐਨ.ਆਈ.ਏ. ਨੂੰ ਪੰਜ ਸਾਲ ਕਿਵੇਂ ਲੱਗ ਗਏ? ਉਸ ਨੇ ਯੂ.ਪੀ.ਏ. ਸਰਕਾਰ ਸਮੇਂ ਅਜਿਹਾ ਕਿਉਂ ਨਹੀਂ ਕੀਤਾ? ਇਸੇ ਤਰ੍ਹਾਂ ਇਹ ਤਰਕ ਕਿ ਕਿਉਂਕਿ ਅਪਰਾਧ ਅੱਠ ਸਾਲ ਪਹਿਲਾਂ ਵਾਪਰਿਆ ਅਤੇ ਉਸ ਨੂੰ ਤਫ਼ਤੀਸ਼ ਦੀ ਜ਼ਿੰਮੇਵਾਰੀ ਤਿੰਨ ਸਾਲ ਬਾਅਦ ਮਿਲੀ, ਲਿਹਾਜ਼ਾ ਉਸ ਵੱਲੋਂ ਕੋਈ ਨਵਾਂ ਸਬੂਤ ਜੁਟਾਉਣਾ ਮੁਮਕਿਨ ਨਹੀਂ ਸੀ, ਵੀ ਦੇਸ਼ ਦੀ ਅੱਵਲਤਰੀਨ ਤਫ਼ਤੀਸ਼ੀ ਏਜੰਸੀ ਵੱਲੋਂ ਖ਼ੁਦ ਨੂੰ ਹੀ ਨੀਵਾਂ ਦਿਖਾਉਣ ਵਾਂਗ ਹੈ ਕਿਉਂਕਿ ਫ਼ੌਜਦਾਰੀ ਤਹਿਕੀਕਾਤ ਵਿਚ ਤਾਂ ਇਹ ਮੰਨਿਆ ਜਾਂਦਾ ਹੈ ਕਿ ਜਦੋਂ ਕੋਈ ਨਵੀਂ 'ਲੀਡ' ਮਿਲ ਜਾਵੇ, ਉਦੋਂ ਬੰਦ ਕੇਸ ਵੀ ਨਵੇਂ ਸਿਰਿਉਂ ਖੋਲ੍ਹਿਆ ਜਾ ਸਕਦਾ ਹੈ। ਕੀ ਐਨ.ਆਈ.ਏ. ਨੇ ਪਹਿਲਾਂ ਤੋਂ ਹੀ ਹਥਿਆਰ ਸੁੱਟ ਦਿੱਤੇ ਹਨ?

ਦਰਅਸਲ, ਅਜਿਹੀਆਂ ਅਸਗੰਤੀਆਂ ਤੇ ਵਿਸੰਗਤੀਆਂ ਹੀ ਤਫ਼ਤੀਸ਼ੀ ਅਮਲ ਵਿਚ ਦਿਆਨਤਦਾਰੀ, ਪਾਰਦਰਸ਼ਤਾ ਤੇ ਸ਼ਫਾਫ਼ੀ ਦੀ ਘਾਟ ਨੂੰ ਦਰਸਾਉਂਦੀਆਂ ਹਨ ਅਤੇ ਇਹੋ ਪ੍ਰਭਾਵ ਮਨ 'ਤੇ ਛੱਡਦੀਆਂ ਹਨ ਕਿ ਪੇਸ਼ੇਵਰ ਤਹਿਕੀਕਾਤੀ ਏਜੰਸੀਆਂ ਵੀ ਸਿਆਸੀ ਸਲੀਕੇਦਾਰੀ ਦੀਆਂ ਗ਼ੁਲਾਮ ਹਨ। ਸੁਪਰੀਮ ਕੋਰਟ ਨੇ ਇਸੇ ਕਿਸਮ ਦਾ ਵਿਵਹਾਰ ਦੇਖ ਕੇ ਇਕ ਵਾਰ ਸੀ.ਬੀ.ਆਈ. ਨੂੰ 'ਪਿੰਜਰੇ ਦਾ ਤੋਤਾ' ਕਹਿ ਕੇ ਫਿਟਕਾਰਿਆ ਸੀ। ਹੁਣ ਐਨ.ਆਈ.ਏ. ਦਾ ਕਾਰ-ਵਿਹਾਰ ਵੀ ਉਸ ਨੂੰ ਇਸੇ ਲਕਬ ਦਾ ਹੱਕਦਾਰ ਬਣਾਉਂਦਾ ਹੈ। ਇਸੇ ਪ੍ਰਸੰਗ ਵਿਚ ਕੰਨੜ ਨਾਟਕਕਾਰ ਚੰਦਰ ਸ਼ੇਖਰ ਕਾਂਬਰਾ ਦੇ ਨਾਟਕ 'ਜੋਕੁਮਾਰਾਸਵਾਮੀ' ਦੀ ਯਾਦ ਆਉਂਦੀ ਹੈ।

ਹਿੰਦੀ ਰੰਗਮੰਚ ਦੀ ਕੱਦਾਵਰ ਹਸਤੀ ਪੰਡਿਤ ਸਤਿਆਦੇਵ ਦੂਬੇ ਨੇ ਇਸ ਨਾਟਕ ਦੇ ਹਿੰਦੀ ਰੂਪਾਂਤਰ 'ਔਰ ਤੋਤਾ ਬੋਲਾ' ਨੂੰ ਦੇਸ਼ ਭਰ ਵਿਚ ਪ੍ਰਸਿੱਧ ਬਣਾਇਆ ਸੀ। ਇਹ ਨਾਟਕ ਭਾਵੇਂ ਸ਼ੋਸ਼ਣ ਖ਼ਿਲਾਫ਼ ਆਵਾਜ਼ ਬੁਲੰਦ ਕਰਦਾ ਹੈ, ਪਰ ਨਾਲ ਹੀ ਅਹਿਲਕਾਰੀ ਜਮਾਤ ਵਿਚ ਮਾਲਕ ਦੀ ਰੌਂਅ ਮੁਤਾਬਿਕ ਸੁਰ ਕੱਢਣ ਦੀ ਬਿਰਤੀ ਨੂੰ ਵੀ ਰੂਪਮਾਨ ਕਰਦਾ ਹੈ। ਸ਼ਾਇਦ ਇਸੇ ਲਈ ਇਹ ਪੇਸ਼ੇਵਰ ਤਫ਼ਤੀਸ਼ੀ ਏਜੰਸੀਆਂ ਦੀ ਮੌਜੂਦਾ ਅਵਸਥਾ 'ਤੇ ਫਿੱਟ ਬੈਠਦਾ ਹੈ- ਚਾਹੇ ਉਹ ਏਜੰਸੀ ਐਨ.ਆਈ.ਏ. ਹੋਵੇ ...ਜਾਂ ਸਾਡੀ ਪੰਜਾਬ ਪੁਲਿਸ; ਢੱਡਰੀਆਂਵਾਲੇ ਕੇਸ ਵਿਚ ਉਹ ਵੀ ਤਾਂ ਰਟੀਆਂ-ਰਟਾਈਆਂ ਸੁਰਾਂ ਕੱਢ ਰਹੀ ਹੈ।

*ਹਿੰਦੀ ਰੰਗਮੰਚ ਦੀ ਕੱਦਾਵਰ ਹਸਤੀ ਪੰਡਿਤ ਸਤਿਆਦੇਵ ਦੂਬੇ ਨੇ ਇਸ ਨਾਟਕ ਦੇ ਹਿੰਦੀ ਰੂਪਾਂਤਰ 'ਔਰ ਤੋਤਾ ਬੋਲਾ' ਨੂੰ ਦੇਸ਼ ਭਰ ਵਿਚ ਪ੍ਰਸਿੱਧ ਬਣਾਇਆ ਸੀ। ਇਹ ਨਾਟਕ ਭਾਵੇਂ ਸ਼ੋਸ਼ਣ ਖ਼ਿਲਾਫ਼ ਆਵਾਜ਼ ਬੁਲੰਦ ਕਰਦਾ ਹੈ, ਪਰ ਨਾਲ ਹੀ ਅਹਿਲਕਾਰੀ ਜਮਾਤ ਵਿਚ ਮਾਲਕ ਦੀ ਰੌਂਅ ਮੁਤਾਬਿਕ ਸੁਰ ਕੱਢਣ ਦੀ ਬਿਰਤੀ ਨੂੰ ਵੀ ਰੂਪਮਾਨ ਕਰਦਾ ਹੈ। ਸ਼ਾਇਦ ਇਸੇ ਲਈ ਇਹ ਪੇਸ਼ੇਵਰ ਤਫ਼ਤੀਸ਼ੀ ਏਜੰਸੀਆਂ ਦੀ ਮੌਜੂਦਾ ਅਵਸਥਾ 'ਤੇ ਫਿੱਟ ਬੈਠਦਾ ਹੈ।*

# ਮੁਆਫੀ ਦੇ ਦੌਰ 'ਚ ਰੂਮ ਸਾਗਰ ਵਿਚ ਡੁੱਬਦੀ ਵਿਰਾਸਤ

(ਸਫਾ 12 ਦੀ ਬਾਕੀ)

ਵਿਚ ਇਨ੍ਹਾਂ ਦੀਆਂ ਵਿਦੇਸ਼ ਨੀਤੀਆਂ, ਜੰਗੀ ਮੁਹਿੰਮਾਂ ਅਤੇ ਵਪਾਰ ਨੀਤੀਆਂ ਨੇ ਕਿੰਨਾ ਹਿੱਸਾ ਪਾਇਆ ਹੈ। ਬਹੁਤ ਸਾਰੇ ਪਨਾਹਗੀਰ ਸੂਈ ਦੇ ਨੱਕੇ ਵਿਚੋਂ ਨਿਕਲ ਕੇ ਉੱਤਰੀ ਅਮਰੀਕਾ ਜਾਂ ਯੂਰਪ ਵਿਚ ਰੁਤਬੇ ਹਾਸਲ ਕਰ ਲੈਣਗੇ। ਆਖ਼ਰ ਇਹ ਆਪਣੇ ਮੁਲਕਾਂ ਦਾ ਬਿਹਤਰੀਨ ਮਨੁੱਖੀ ਵਸੀਲਾ ਹਨ ਜੋ ਸਾਮਰਾਜੀ ਮੁਲਕਾਂ ਨੇ 'ਪਰਉਪਕਾਰੀ ਪਨਾਹਗੀਰ ਨੀਤੀਆਂ' ਰਾਹੀਂ ਲੁੱਟ ਲਿਆ ਹੈ। ਇਸੇ ਸੂਈ ਦੇ ਨੱਕੇ ਵਿਚੋਂ ਨਿਕਲ ਕੇ ਹਰਜੀਤ ਸੱਜਣ ਨਾਟੋ ਫ਼ੌਜਾਂ ਦਾ ਬੋਸਨੀਆ-ਹਰਜ਼ੀਗੋਵੀਨਾ ਅਤੇ ਅਫ਼ਗਾਨਿਸਤਾਨ ਵਿਚ ਜਰਨੈਲ ਰਿਹਾ ਹੈ।

ਬੋਸਨੀਆ-ਹਰਜ਼ੀਗੋਵੀਨਾ ਅਤੇ ਅਫ਼ਗਾਨਿਸਤਾਨ ਵਿਚ ਹੋਏ ਜੰਗੀ ਜੁਰਮਾਂ ਵਿਚ ਉਸ ਦੀ ਹਿੱਸੇਦਾਰੀ ਲਾਸਾਨੀ ਹੈ। ਇਹ ਸੁਆਲ ਤਾਂ ਪੁੱਛਿਆ ਜਾਣਾ ਬਣਦਾ ਹੈ ਕਿ ਬੋਸਨੀਆ-ਹਰਜ਼ੀਗੋਵੀਨਾ ਅਤੇ ਅਫ਼ਗਾਨਿਸਤਾਨ ਦੇ ਜੰਗੀ ਜੁਰਮਾਂ ਨਾਲ ਕਾਮਾਗਾਟਾ ਮਾਰੂ ਦੀ ਵਿਰਾਸਤ ਦਾ ਕਿਸ ਤਰ੍ਹਾਂ ਦਾ ਸੰਵਾਦ ਹੋ ਸਕਦਾ ਹੈ? ਜੇ ਕਾਮਾਗਾਟਾ ਮਾਰੂ ਦਾ ਕੋਈ ਨਸਲੀ ਨੁਮਾਇੰਦਾ ਸਾਮਰਾਜ ਦੀ ਵਕਾਲਤ ਕਰਨ ਲੱਗਿਆ ਹੈ ਤਾਂ ਇਸ ਨਾਲ ਰੂਮ ਸਾਗਰ ਪਾਰ ਕਰਨ ਦੇ ਤਸ਼ੱਦਦ ਅਤੇ ਅਫ਼ਗਾਨਿਸਤਾਨ ਨੂੰ ਡਰੋਨ ਦੀ ਮਾਰ ਤੋਂ ਕੋਈ ਰਾਹਤ ਨਹੀਂ ਮਿਲ ਜਾਂਦੀ। ਕੈਨੇਡਾ ਦੇ ਨਾਗਰਿਕ ਆਪਣੇ ਕਾਨੂੰਨ ਤਹਿਤ 1914 ਵਿਚ ਵੀ ਮੂੰਹਜ਼ੋਰ ਸਨ ਅਤੇ 2016 ਵਿਚ ਮੂੰਹਜ਼ੋਰ ਹਨ। ਉਸ ਵੇਲੇ ਸੁਆਲ ਕੈਨੇਡਾ ਜਾਂ ਗੋਰੀ ਨਸਲ ਜਾਂ ਬਸਤਾਨ ਮੁਲਕਾਂ ਦੇ ਦੂਜੇ ਮੁਲਕਾਂ ਜਾਂ ਉਨ੍ਹਾਂ ਦੇ ਸ਼ਹਿਰੀਆਂ ਨਾਲ ਵਿਹਾਰ ਦਾ ਸੀ। ਸੁਆਲ ਇਸ ਵੇਲੇ ਵੀ ਨਸਲੀ ਵੰਨ-ਸਵੰਨਤਾ ਵਾਲੇ ਕੈਨੇਡਾ ਦੇ ਦੂਜੇ ਮੁਲਕਾਂ ਅਤੇ ਉਨ੍ਹਾਂ ਦੇ ਸ਼ਹਿਰੀਆਂ ਨਾਲ ਵਿਹਾਰ ਦਾ ਹੈ।




# ਸੀ.ਬੀ.ਐਸ.ਈ. ਪ੍ਰੀਖਿਆਵਾਂ ਵਿਚ ਵੀ ਕੁੜੀਆਂ ਮੋਹਰੀ

**ਚੰਡੀਗੜ੍ਹ:** ਕੇਂਦਰੀ ਸੈਕੰਡਰੀ ਸਿੱਖਿਆ ਬੋਰਡ (ਸੀ.ਬੀ.ਐਸ.ਈ.) ਵੱਲੋਂ ਐਲਾਨੇ 12ਵੀਂ ਜਮਾਤ ਦੇ ਨਤੀਜੇ ਵਿਚ ਪਹਿਲੀਆਂ ਤਿੰਨ ਪੁਜ਼ੀਸ਼ਨਾਂ ਉਤੇ ਕਾਬਜ਼ ਹੋ ਕੇ ਕੁੜੀਆਂ ਨੇ ਇਕ ਵਾਰ ਫਿਰ ਆਪਣੀ ਸਮਰੱਥਾ, ਯੋਗਤਾ ਅਤੇ ਪ੍ਰਤਿਭਾ ਦਾ ਸ਼ਾਨਦਾਰ ਵਿਖਾਵਾ ਕਰ ਦਿਖਾਇਆ ਹੈ। ਤਿੰਨ ਮੋਹਰੀ ਸਥਾਨ ਪ੍ਰਾਪਤ ਕਰਨ ਤੋਂ ਇਲਾਵਾ ਕੁੜੀਆਂ ਨੇ ਇਸ ਪ੍ਰੀਖਿਆ ਦੀ ਪਾਸ ਫੀਸਦੀ ਦਰ ਵਿਚ ਵੀ ਮੁੰਡਿਆਂ ਨੂੰ 10 ਫੀਸਦੀ ਦੇ ਵਾਧੇ ਨਾਲ ਮਾਤ ਦਿੱਤੀ ਹੈ। ਹਫਤਾ ਪਹਿਲਾਂ ਪੰਜਾਬ ਸਕੂਲ ਸਿੱਖਿਆ ਬੋਰਡ ਦੀ 12ਵੀਂ ਜਮਾਤ ਦੀ ਪ੍ਰੀਖਿਆ ਵਿਚ ਵੀ ਪਹਿਲੇ ਤਿੰਨੇ ਸਥਾਨ ਕੁੜੀਆਂ ਦੇ ਹਿੱਸੇ ਆਏ ਸਨ। ਇੰਜ ਹੀ ਦਸ ਦਿਨ ਪਹਿਲਾਂ 10 ਮਈ ਨੂੰ ਕੁੱਲ ਹਿੰਦ ਸਿਵਿਲ ਸੇਵਾਵਾਂ ਪ੍ਰੀਖਿਆ ਵਿਚ ਪਹਿਲੇ ਨੰਬਰ 'ਤੇ ਆਉਣ ਦਾ ਸੁਭਾਗ ਵੀ ਦਿੱਲੀ ਦੀ ਟੀਨਾ ਡਾਬੀ ਨੂੰ ਪ੍ਰਾਪਤ ਹੋਇਆ।

ਗੌਰਤਲਬ ਹੈ ਕਿ ਪਿਛਲੇ ਸਾਲ ਵੀ ਇਨ੍ਹਾਂ ਪ੍ਰੀਖਿਆਵਾਂ ਦੇ ਨਤੀਜਿਆਂ ਵਿਚ ਕੁੜੀਆਂ ਦੀ ਝੰਡੀ ਰਹੀ ਸੀ। ਲੜਕਿਆਂ ਦਾ ਪਾਸ ਪ੍ਰਤੀਸ਼ਤ 78.85 ਫੀਸਦੀ ਰਿਹਾ। ਖੇਤਰ ਦੇ ਲਿਹਾਜ਼ ਨਾਲ ਦੇਖਿਆ ਜਾਵੇ ਤਾਂ ਦੱਖਣੀ ਭਾਰਤ ਨੇ ਚੰਗੇ ਨਤੀਜੇ ਦਿੱਤੇ ਜਿਥੇ ਤਿਰੂਵਨੰਤਪੁਰਮ ਖੇਤਰ ਦਾ ਪਾਸ ਪ੍ਰਤੀਸ਼ਤ 97.61 ਫੀਸਦੀ ਰਿਹਾ ਤੇ ਉਸ ਤੋਂ ਬਾਅਦ ਚੇਨਈ ਦਾ ਪਾਸ ਪ੍ਰਤੀਸ਼ਤ 92.63 ਫੀਸਦੀ ਰਿਹਾ। ਇਸ ਸਾਲ ਕੁੱਲ ਮਿਲਾ ਕੇ ਪਾਸ ਪ੍ਰਤੀਸ਼ਤ 83.05 ਫੀਸਦੀ ਰਿਹਾ, ਜਿਸ ਵਿਚ ਪਿਛਲੇ ਸਾਲ ਦੇ 82 ਫੀਸਦੀ ਦੇ ਮੁਕਾਬਲੇ ਕੁਝ ਸੁਧਾਰ ਹੋਇਆ ਹੈ।

ਇਸ ਸਾਲ ਕੁੱਲ ਮਿਲਾ ਕੇ 1065179 ਵਿਦਿਆਰਥੀਆਂ ਨੇ ਪ੍ਰੀਖਿਆ ਲਈ ਰਜਿਸਟ੍ਰੇਸ਼ਨ ਕਰਵਾਈ ਸੀ, ਜੋ ਪਿਛਲੇ ਸਾਲ ਪ੍ਰੀਖਿਆ ਵਿਚ ਸ਼ਾਮਲ ਹੋਣ ਵਾਲੇ ਵਿਦਿਆਰਥੀਆਂ ਦੇ ਮੁਕਾਬਲੇ 2.38 ਫੀਸਦੀ ਦੇ ਵਾਧੇ ਨੂੰ ਦਰਸਾਉਂਦਾ ਹੈ। ਪ੍ਰੀਖਿਆਵਾਂ ਇਕ ਮਾਰਚ ਤੋਂ 26 ਅਪਰੈਲ ਵਿਚਾਲੇ ਹੋਈਆਂ ਸਨ। ਇਸ ਸਾਲ ਤੋਂ ਸੀ.ਬੀ.ਐਸ.ਈ. 12ਵੀਂ ਜਮਾਤ ਦੀ ਡਿਜ਼ੀਟਲ ਮਾਰਕਸ਼ੀਟ ਡਿਜ਼ੀਟਲ ਲਾਕਰ ਵਿਚ ਉਪਲਬਧ ਕਰਵਾਏਗੀ। ਸੀ. ਬੀ. ਐਸ. ਈ. ਕੋਲ ਰਜਿਸਟਰਡ ਨੰਬਰਾਂ 'ਤੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਡਿਜ਼ੀਟਲ ਲਾਕਰ ਅਕਾਊਂਟ ਦਾ ਬਿਓਰਾ ਐਸ.ਐਮ.ਐਸ. ਰਾਹੀਂ ਭੇਜ ਦਿੱਤਾ ਜਾਵੇਗਾ।

# ਬਿਹਾਰ ਵਿਚ ਸ਼ਰਾਬ ਪਿੱਛੋਂ ਗੁਟਖਾ ਤੇ ਪਾਨ ਮਸਾਲੇ 'ਤੇ ਵੀ ਪਾਬੰਦੀ

**ਪਟਨਾ:** ਸ਼ਰਾਬ 'ਤੇ ਪਾਬੰਦੀ ਤੋਂ ਬਾਅਦ ਬਿਹਾਰ ਸਰਕਾਰ ਨੇ ਗੁਟਖਾ ਤੇ ਪਾਨ ਮਸਾਲੇ ਉਤੇ ਵੀ ਇਕ ਸਾਲ ਲਈ ਪੂਰੀ ਤਰ੍ਹਾਂ ਰੋਕ ਲਾ ਦਿੱਤੀ ਹੈ। ਇਸ ਤੋਂ ਪਹਿਲਾਂ ਬਿਹਾਰ ਵਿਚ ਸ਼ਰਾਬ 'ਤੇ ਰੋਕ ਲਾਈ ਗਈ ਸੀ। ਇਸ ਦੇ ਬੜੇ ਚੰਗੇ ਸਿੱਟੇ ਸਾਹਮਣੇ ਆਏ ਹਨ।

ਕਾਬਲੇਗੌਰ ਹੈ ਕਿ ਮੁੱਖ ਮੰਤਰੀ ਨਿਤਿਸ਼ ਕੁਮਾਰ ਨੇ ਚੋਣਾਂ ਵੇਲੇ ਵਾਅਦਾ ਕੀਤਾ ਸੀ ਕਿ ਮੁੜ ਸਰਕਾਰ ਬਣਨ ਉਤੇ ਸੂਬੇ ਵਿਚ ਸ਼ਰਾਬਬੰਦੀ ਕਰ ਦਿੱਤੀ ਜਾਏਗੀ। ਨਿਤਿਸ਼ ਨੇ ਸਰਕਾਰ ਬਣਦਿਆਂ ਹੀ ਆਪਣਾ ਵਾਅਦਾ ਨਿਭਾਇਆ ਤੇ ਸ਼ਰਾਬ ਉਤੇ ਰੋਕ ਲਾ ਦਿੱਤੀ। ਬੇਸ਼ੱਕ ਕੁਝ ਲੋਕਾਂ ਨੇ ਇਸ ਦਾ ਵਿਰੋਧ ਕੀਤਾ ਪਰ ਜ਼ਿਆਦਾਤਰ ਜਨਤਾ ਸਰਕਾਰ ਦੇ ਇਸ ਫੈਸਲੇ ਤੋਂ ਖੁਸ਼ ਹੈ। ਬਿਹਾਰ ਸਰਕਾਰ ਨੇ ਜਨਤਾ ਦੇ ਹੁੰਗਾਰੇ ਤੋਂ ਉਤਸ਼ਾਹਤ ਹੋ ਕੇ ਗੁਟਖਾ ਤੇ ਪਾਨ ਮਸਾਲੇ ਉਤੇ ਵੀ ਇਕ ਸਾਲ ਲਈ ਪੂਰੀ ਤਰ੍ਹਾਂ ਰੋਕ ਲਾ ਦਿੱਤੀ ਹੈ।

ਜੇਕਰ ਇਸ ਦੇ ਨਤੀਜੇ ਵਧੀਆ ਆਏ ਤਾਂ ਇਸ ਉਤੇ ਪੱਕੀ ਪਾਬੰਦੀ ਲੱਗ ਜਾਏਗੀ। ਹੈਰਾਨੀ ਦੀ ਗੱਲ ਹੈ ਕਿ ਪੰਜਾਬ ਵਿਚ ਅਕਾਲੀ ਸਰਕਾਰ ਆਪਣੇ ਆਪ ਨੂੰ ਪੰਥਕ ਕਹਾਉਂਦੀ ਹੈ ਪਰ ਪੰਜਾਬ ਵਿਚ ਸ਼ਰਾਬ ਦੀਆਂ ਨਦੀਆਂ ਵਹਿ ਰਹੀਆਂ ਹਨ।



# ਪੰਜ ਸੂਬਿਆਂ ਦੀਆਂ ਵਿਧਾਨ ਸਭਾ ਚੋਣਾਂ ਦਾ ਲੇਖਾ-ਜੋਖਾ

**ਸਿਆਸਤ ਦਾ ਪਿੜ**



ਜਤਿੰਦਰ ਪਨੂੰ
ਫੋਨ: 91-98140-68455

ਜਦੋਂ ਚੋਣਾਂ ਹੁੰਦੀਆਂ ਹਨ, ਇਹ ਭਾਵੇਂ ਸਾਡੇ ਪਿੰਡ ਨਾਲ ਸਬੰਧਤ ਪੰਚਾਇਤ ਦੀ ਚੋਣ ਹੋਵੇ ਜਾਂ ਸਾਡੇ ਵਾਰਡ ਦੇ ਕੌਂਸਲਰ ਅਤੇ ਦੇਸ਼ ਦੇ ਰਾਸ਼ਟਰਪਤੀ ਦੀ ਚੋਣ ਹੁੰਦੀ ਪਈ ਹੋਵੇ, ਸਾਡਾ ਸਭ ਦਾ ਧਿਆਨ ਓਧਰ ਲੱਗ ਜਾਣਾ ਸੁਭਾਵਕ ਹੈ। ਇੱਕ ਵਾਰੀ ਸਾਰੀਆਂ ਸਿਆਸੀ ਪਾਰਟੀਆਂ ਨੇ ਰਾਸ਼ਟਰਪਤੀ ਚੋਣ ਲਈ ਸਰਬਸੰਮਤੀ ਕਰ ਲਈ ਸੀ। ਉਦੋਂ ਕਾਕਾ ਜੁਗਿੰਦਰ ਸਿੰਘ ਧਰਤੀ-ਪਕੜ ਨਾਂ ਵਾਲਾ ਬੰਦਾ ਪਿੰਡ ਦੇ ਸਰਪੰਚ ਤੋਂ ਰਾਸ਼ਟਰਪਤੀ ਤੱਕ ਦੀ ਕੋਈ ਚੋਣ ਕਦੇ ਖਾਲੀ ਨਹੀਂ ਸੀ ਜਾਣ ਦਿੰਦਾ। ਇਸ ਲਈ ਉਹ ਉਸ ਰਾਸ਼ਟਰਪਤੀ ਚੋਣ ਦੀ ਸਰਬਸੰਮਤੀ ਤੋੜ ਕੇ ਮੈਦਾਨ ਵਿਚ ਜਾ ਡਟਿਆ ਸੀ। ਸਭ ਨੂੰ ਪਤਾ ਸੀ ਕਿ ਜਿੱਤਣਾ ਸਰਬ ਸਾਂਝੇ ਉਮੀਦਵਾਰ ਨੇ ਹੈ, ਫਿਰ ਵੀ ਚੋਣਾਂ ਦੇ ਦਿਨ ਭਾਰਤ ਦੇ ਲੋਕਾਂ ਦਾ ਧਿਆਨ ਇਸ ਗੱਲ ਵੱਲ ਲੱਗਾ ਰਿਹਾ ਸੀ ਕਿ ਕਾਕਾ ਜੁਗਿੰਦਰ ਸਿੰਘ ਧਰਤੀ-ਪਕੜ ਨੂੰ ਕਿੰਨੀਆਂ ਵੋਟਾਂ ਤੇ ਕਿਹੜੇ ਪਾਸੇ ਤੋਂ ਪੈਂਦੀਆਂ ਹਨ! ਇਸੇ ਚੋਣ-ਖਿੱਚ ਹੇਠ ਅਸੀਂ ਇਸ ਵਾਰ ਦੇ ਨਤੀਜੇ ਆਉਣ ਪਿੱਛੋਂ ਚੀਰ-ਪਾੜ ਹੁੰਦੀ ਸੁਣਦੇ ਰਹੇ ਸਾਂ। ਕਈ ਵਾਰ ਚੀਰ-ਪਾੜ ਵੀ ਨਤੀਜਿਆਂ ਤੋਂ ਵੱਧ ਦਿਲਚਸਪ ਬਣ ਜਾਂਦੀ ਹੈ ਤੇ ਇਸ ਵਾਰ ਇਕ ਮੌਕੇ ਭਾਜਪਾ ਦੇ ਇੱਕ ਲੀਡਰ ਦੀ 'ਹੂੰਝਾ ਮਾਰ ਲਿਆ' ਵਾਲੀ ਫੜ੍ਹ ਦੇ ਕਾਰਨ ਦਿਲਚਸਪੀ ਦਾ ਮਾਹੌਲ ਬਣ ਗਿਆ ਸੀ।

ਭਾਜਪਾ ਆਗੂ ਕਹਿੰਦਾ ਸੀ ਕਿ ਹੁਣ ਨਰਿੰਦਰ ਮੋਦੀ ਦੀ ਅਗਵਾਈ ਹੇਠ ਭਾਜਪਾ ਦਾ ਰੱਥ ਏਦਾਂ ਦੇ ਜ਼ੋਰ ਨਾਲ ਚੱਲ ਪਿਆ ਹੈ ਕਿ ਇਸ ਦੇ ਅੱਗੇ ਆਉਣ ਦੀ ਹਿੰਮਤ ਹੀ ਕੋਈ ਨਹੀਂ ਕਰ ਸਕਦਾ। ਗੱਲ ਉਹ ਮੁੜ-ਮੁੜ ਆਸਾਮ ਦੇ ਚੋਣ ਨਤੀਜੇ ਦੀ ਕਰਦਾ ਪਿਆ ਸੀ, ਜਿੱਥੇ ਬਿਨਾਂ ਸ਼ੱਕ ਉਸ ਦੀ ਪਾਰਟੀ ਨੇ ਆਪਣੇ ਭਾਈਵਾਲਾਂ ਨਾਲ ਮਿਲ ਕੇ ਭਰਵੀਂ ਜਿੱਤ ਹਾਸਲ ਕੀਤੀ ਸੀ। ਉਹ ਇਹ ਕਹਿਣ ਤੱਕ ਪਹੁੰਚ ਗਿਆ ਕਿ ਪਾਣੀ ਉਚੇ ਥਾਂ ਤੋਂ ਜਿਵੇਂ ਨੀਵੇਂ ਵੱਲ ਜਾਂਦਾ ਹੈ, ਇਵੇਂ ਹੀ ਅਰੁਣਾਂਚਲ ਪ੍ਰਦੇਸ਼ ਵਿਚ ਅਸੀਂ ਸਰਕਾਰ ਬਣਾ ਚੁੱਕੇ ਹਾਂ, ਆਸਾਮ ਵਿਚ ਹੁਣ ਬਣ ਗਈ ਹੈ ਤੇ ਇਸ ਦੇ ਬਾਅਦ ਬਾਕੀ ਭਾਰਤ ਦੇ ਨੀਵੇਂ ਪਾਸੇ ਵੱਲ ਰੇੜ੍ਹ ਰਿੜ੍ਹਦਾ ਜਾਵੇਗਾ। ਅੱਗੋਂ ਇੱਕ ਬਜ਼ੁਰਗ ਪੱਤਰਕਾਰ ਨੇ ਟੋਕ ਦਿੱਤਾ ਕਿ ਜਿਸ ਆਸਾਮ ਵਿਚ ਉਸ ਦੀ ਪਾਰਟੀ ਜਿੱਤੀ ਹੈ, ਉਸ ਦੀ ਆਬਾਦੀ ਸਿਰਫ ਤਿੰਨ ਕਰੋੜ ਬਾਰਾਂ ਲੱਖ ਹੈ ਤੇ ਜਿਹੜੇ ਬਾਕੀ ਦੇ ਰਾਜਾਂ ਵਿਚ ਭਾਜਪਾ ਦੇ ਪੱਲੇ ਬਹੁਤਾ ਕੁਝ ਨਹੀਂ ਲੱਭਦਾ, ਉਨ੍ਹਾਂ ਦੀ ਆਬਾਦੀ ਮਿਲਾ ਕੇ ਵੀਹ ਕਰੋੜ ਦੇ ਨੇੜੇ ਜਾਂਦੀ ਹੈ। ਤਿੰਨ ਕਰੋੜ ਦੀ ਜਿੱਤ ਦੀ ਗੱਲ ਕਰਦਿਆਂ ਵੀਹ ਕਰੋੜ ਦਾ ਚੇਤਾ ਰੱਖ ਕੇ ਬੋਲਿਆ ਕਰੋ ਤਾਂ ਠੀਕ ਰਹੇਗਾ।

ਬਿਨਾਂ ਸ਼ੱਕ ਉਸ ਵੀਹ ਕਰੋੜ ਵਾਲੇ ਪਾਸੇ ਵੀ ਭਾਜਪਾ ਅੱਗੇ ਵਧੀ ਹੈ, ਬੰਗਾਲ ਵਿਚ ਉਸ ਦੀਆਂ ਤਿੰਨ ਸੀਟਾਂ ਆਈਆਂ ਤੇ ਕੇਰਲਾ ਵਿਚ ਪਹਿਲੀ ਵਾਰੀ ਵਿਧਾਨ ਸਭਾ ਦਾ ਦਰਵਾਜ਼ਾ ਟੱਪੀ ਹੈ, ਪਰ ਤਾਮਿਲਨਾਡੂ ਵਿਚ ਹੁਣ ਤਕ ਉਸ ਦਾ ਪ੍ਰਤੀਨਿਧ ਹਮੇਸ਼ਾ ਹੁੰਦਾ ਸੀ, ਸੱਤ ਕਰੋੜ ਤੋਂ ਵੱਧ ਵਸੋਂ ਵਾਲੇ ਉਸ ਰਾਜ ਵਿਚ ਇਸ ਵਾਰੀ ਉਸ ਦਾ ਕੋਈ ਮੈਂਬਰ ਨਹੀਂ ਰਿਹਾ।

ਜਦੋਂ ਇਹ ਨਤੀਜੇ ਆਏ ਤਾਂ ਪਾਰਟੀ ਦੇ ਕੌਮੀ ਪ੍ਰਧਾਨ ਅਮਿਤ ਸ਼ਾਹ ਨੇ ਪਹਿਲਾ ਵੱਡਾ ਬਿਆਨ ਇਹ ਦਾਗਿਆ ਕਿ ਪਾਰਟੀ ਨੇ ਕਾਂਗਰਸ-ਮੁਕਤ ਭਾਰਤ ਬਣਾਉਣ ਵੱਲ ਇੱਕ ਕਦਮ ਹੋਰ ਵਧਾਉਣ ਦੇ ਨਾਲ ਅਗਲੀਆਂ ਪਾਰਲੀਮੈਂਟ ਚੋਣਾਂ ਲਈ ਵੀ ਹੁਣੇ ਤੋਂ ਚੱਕਾ ਬੰਨ੍ਹਣ ਦੀ ਕਾਮਯਾਬੀ ਹਾਸਲ ਕਰ ਲਈ ਹੈ।

ਆਮ ਪ੍ਰਭਾਵ ਵਿਚ 'ਜੋ ਜੀਤਾ, ਵੋਹ ਹੀ ਸਿਕੰਦਰ' ਵਾਲੀ ਗੱਲ ਕਹਿਣ ਨਾਲ ਟਾਲਿਆ ਜਾ ਸਕਦਾ ਹੈ, ਪਰ ਜਦੋਂ ਕੇਂਦਰ ਦਾ ਰਾਜ ਮਾਣਦੀ ਪਾਰਟੀ ਦਾ ਪ੍ਰਧਾਨ ਏਡੀ ਵੱਡੀ ਗੱਲ ਕਹਿ ਗਿਆ ਤਾਂ ਇਸ ਨੂੰ ਕਈ ਲੋਕਾਂ ਨੇ ਚਰਚਾ ਦਾ ਮੁੱਦਾ ਬਣਾਇਆ ਹੈ। ਭਾਜਪਾ ਵਿਚ ਸ਼ਾਮਲ ਹੋ ਚੁੱਕੇ ਜਾਂ ਅਗਲੇ ਦਿਨਾਂ ਵਿਚ ਉਥੇ ਜਾਣ ਨੂੰ ਤਿਆਰ ਬੈਠੇ ਲੋਕਾਂ ਨੇ ਅਮਿਤ ਸ਼ਾਹ ਦੀ ਹਾਂ ਵਿਚ ਹਾਂ ਮਿਲਾਉਣ ਨੂੰ ਕੋਈ ਢਿੱਲ ਨਹੀਂ ਕੀਤੀ, ਪਰ ਹਕੀਕਤਾਂ ਕੁਝ ਹੋਰ ਕਹਿੰਦੀਆਂ ਹਨ, ਜਿਨ੍ਹਾਂ ਨਾਲ ਉਹ ਅੱਖ ਨਹੀਂ ਮਿਲਾ ਰਹੇ। ਅਸਲ ਵਿਚ ਮੋਦੀ ਤੇ ਸ਼ਾਹ ਨੇ ਦੇਸ਼ ਨੂੰ 'ਕਾਂਗਰਸ ਮੁਕਤ' ਕਰਨ ਦੇ ਚੱਕਰ 'ਚ ਭਾਜਪਾ ਨੂੰ 'ਕਾਂਗਰਸ ਯੁਕਤ' ਕਰਨ ਦੀ ਅਜਿਹੀ ਮੁਹਿੰਮ ਚਲਾ ਰੱਖੀ ਹੈ, ਜਿਸ ਦਾ ਪਾਰਟੀ ਅੰਦਰੋਂ ਦੱਬੀ ਸੁਰ 'ਚ ਤਿੱਖਾ ਵਿਰੋਧ ਹੋ ਰਿਹਾ ਹੈ।

ਕੇਂਦਰ ਸਰਕਾਰ ਵਿਚ ਇਸ ਵੇਲੇ ਘੱਟੋ-ਘੱਟ ਤਿੰਨ ਜਣੇ ਅਜਿਹੇ ਹਨ, ਜਿਹੜੇ ਪਹਿਲਾਂ ਕਾਂਗਰਸੀ ਹੁੰਦੇ ਸਨ। ਪਿਛਲੇ ਪਾਰਲੀਮੈਂਟ ਅਜਲਾਸ ਵਿਚ ਕੇਂਦਰ ਦੇ ਇੱਕ ਮੰਤਰੀ ਨੇ ਕਾਂਗਰਸ ਤੇ ਰਾਹੁਲ ਗਾਂਧੀ ਦੇ ਖਿਲਾਫ ਆਪਣਾ ਉਬਾਲਾ ਕੱਢਣ ਦਾ ਯਤਨ ਕੀਤਾ ਤਾਂ ਰਾਹੁਲ ਗਾਂਧੀ ਨੇ ਬਾਅਦ ਵਿਚ ਇਹ ਸੁਣਾ ਦਿੱਤਾ ਕਿ ਜਦੋਂ ਇਹ ਸਾਡੇ ਵਿਚ ਹੁੰਦਾ ਸੀ, ਭਾਜਪਾ ਦੇ ਖਿਲਾਫ ਵੀ ਏਦਾਂ ਹੀ ਬੋਲਦਾ ਹੁੰਦਾ ਸੀ, ਭਲਕ ਨੂੰ ਮੁੜ ਆਇਆ ਤਾਂ ਫਿਰ ਭਾਜਪਾ ਦੇ ਖਿਲਾਫ ਬੋਲੇਗਾ। ਉਤਰਾਖੰਡ ਰਾਜ ਦੀ ਸਰਕਾਰ ਕਾਂਗਰਸ ਤੋਂ ਖੋਹਣ ਦੇ ਚੱਕਰ ਵਿਚ ਸੁਪਰੀਮ ਕੋਰਟ ਤੋਂ ਝਾੜਾਂ ਖਾਣ ਪਿੱਛੋਂ ਉਥੋਂ ਸਾਬਕਾ ਮੁੱਖ ਮੰਤਰੀ ਅਤੇ ਖਾਨਦਾਨੀ ਕਾਂਗਰਸੀ ਵਿਜੇ ਬਹੁਗੁਣਾ ਨੂੰ ਵੀ ਹੁਣ ਭਾਜਪਾ ਨੇ ਆਪਣੇ ਵਿਚ ਸ਼ਾਮਲ ਕਰ ਲਿਆ ਹੈ। ਅਰੁਣਾਚਲ ਵਿਚ ਵੀ ਕੁਝ ਕਾਂਗਰਸੀਆਂ ਨੂੰ ਆਪਣੇ ਵਿਚ ਮਿਲਾਇਆ ਸੀ। ਅਗਲੇ ਦਿਨੀਂ ਕੁਝ ਹੋਰ ਲੋਕ ਉਥੇ ਜਾਣ ਵਾਲੇ ਹਨ।

ਇੱਕ ਮੌਕਾ ਸੀ, ਜਦੋਂ ਬਾਹਰੋਂ ਆਏ ਲੋਕਾਂ ਨੂੰ ਭਾਜਪਾ ਲੈ ਵੀ ਲੈਂਦੀ ਤਾਂ ਆਪਣੇ ਟਕਸਾਲੀ ਲੀਡਰਾਂ ਦਾ ਮਾਣ ਨਹੀਂ ਸੀ ਘਟਣ ਦੇਂਦੀ, ਦੂਸਰਿਆਂ ਦੇ ਥੱਲੇ ਨਹੀਂ ਸੀ ਲੱਗਣ ਦਿੰਦੀ। ਹੁਣ ਸਥਿਤੀ ਬਦਲ ਗਈ ਹੈ। ਭਾਜਪਾ ਨੇ ਆਸਾਮ ਵਿਚ ਇਸ ਵਾਰ ਚੋਣ ਜਿੱਤ ਕੇ ਜਿਹੜੇ ਸਰਬਾਨੰਦ ਸੋਨੋਵਾਲ ਨੂੰ ਮੁੱਖ ਮੰਤਰੀ ਲਈ ਮੂਹਰੇ ਕੀਤਾ ਹੈ, ਉਹ ਕਦੇ ਭਾਜਪਾ ਦਾ ਤਿੱਖਾ ਵਿਰੋਧੀ ਤੇ ਆਸਾਮ ਗਣ ਪ੍ਰੀਸ਼ਦ ਦਾ ਆਗੂ ਹੁੰਦਾ ਸੀ। ਡਾ. ਮਨਮੋਹਨ ਸਿੰਘ ਦੀ ਪਹਿਲੀ ਸਰਕਾਰ ਵੇਲੇ ਉਹ ਪਾਰਲੀਮੈਂਟ ਮੈਂਬਰ ਹੁੰਦਾ ਸੀ ਤੇ ਭਾਜਪਾ ਦੇ ਸਭ ਤੋਂ ਸੀਨੀਅਰ ਆਗੂ ਕਾਮਾਖਿਆ ਤਾਸਾ ਨੂੰ ਸਾਢੇ ਅਠਾਰਾਂ ਹਜ਼ਾਰ ਵੋਟਾਂ ਨਾਲ ਹਰਾ ਚੁੱਕਾ ਸੀ, ਕਾਂਗਰਸ ਤੀਸਰੇ ਥਾਂ ਰਹੀ ਸੀ। ਅਗਲੀ ਚੋਣ 'ਚ ਭਾਜਪਾ ਅਤੇ ਆਸਾਮ ਗਣ ਪ੍ਰੀਸ਼ਦ ਦਾ ਸਮਝੌਤਾ ਹੋ ਗਿਆ ਤਾਂ ਕਾਮਾਖਿਆ ਤਾਸਾ ਨੂੰ ਨਾਲ ਦੀ ਜੋਰਹਟ ਸੀਟ ਵੱਲ ਤੋਰ ਦਿੱਤਾ ਗਿਆ, ਪਰ ਦੋਵੇਂ ਜਣੇ ਹਾਰ ਗਏ ਸਨ। ਪਿਛਲੀ ਵਾਰੀ ਜਦੋਂ ਨਰਿੰਦਰ ਮੋਦੀ ਦੀ ਦਿੱਲੀ 'ਤੇ ਅੱਖ ਟਿਕੀ ਹੋਈ ਸੀ, ਉਸ ਨੇ ਸਰਬਾਨੰਦ ਸੋਨੋਵਾਲ ਨੂੰ ਸੈਨਤ ਮਾਰ ਕੇ ਆਪਣੇ ਨਾਲ ਮਿਲਾਇਆ ਤੇ ਸਾਰੀ ਉਮਰ ਦੇ ਸੰਘੀ ਆਗੂ ਕਾਮਾਖਿਆ ਤਾਸਾ ਨੂੰ ਪਿੱਛੇ ਹਟਾ ਕੇ ਸੋਨੋਵਾਲ ਨੂੰ ਪਹਿਲਾਂ ਕੇਂਦਰੀ ਮੰਤਰੀ ਤੇ ਹੁਣ ਆਸਾਮ ਦਾ ਮੁੱਖ ਮੰਤਰੀ ਬਣਾ ਦਿੱਤਾ।

ਜਿੱਥੋਂ ਤੱਕ ਕਾਂਗਰਸੀ ਮੰਦਵਾੜੇ ਦਾ ਸਵਾਲ ਹੈ, ਉਸ ਨੂੰ ਡੋਬਣ ਲਈ ਸੋਨੀਆ ਗਾਂਧੀ ਤੇ ਰਾਹੁਲ ਦੀ ਫੈਮਿਲੀ ਟੀਮ ਹੀ ਕਾਫੀ ਹੈ। ਦੋਵਾਂ ਨੇ ਸਲਾਹਕਾਰਾਂ ਦੇ ਆਪੋ ਆਪਣੇ ਸੈਟ ਰੱਖੇ ਹੋਏ ਹਨ ਤੇ ਮਾਂ-ਪੁੱਤਰ ਨਾਲ ਜੁੜੇ ਹੋਏ ਇਨ੍ਹਾਂ ਸਲਾਹਕਾਰਾਂ ਦੀਆਂ ਟੀਮਾਂ ਨੇ ਆਪਸੀ ਭੇੜ ਵਿਚ ਪਾਰਟੀ ਅਤੇ ਪਰਿਵਾਰ ਦਾ ਕੁਝ ਨਹੀਂ ਛੱਡਿਆ। ਹਾਲੇ ਤੱਕ ਪਾਰਟੀ ਇਹ ਵੀ ਮੰਨਣ ਨੂੰ ਤਿਆਰ ਨਹੀਂ ਕਿ ਰਾਹੁਲ ਗਾਂਧੀ ਇਸ ਪਾਰਟੀ ਦੀ ਬੇੜੀ ਬੰਨੇ ਲਾਉਣ ਦੇ ਯੋਗ ਨਹੀਂ ਹੋ ਸਕਦਾ। ਪਾਰਟੀ ਕੋਲ ਪ੍ਰਿਅੰਕਾ ਗਾਂਧੀ ਹੈ, ਉਹ ਸਿਆਣੀ ਵੀ ਹੈ, ਪਰ ਇੱਕ ਤਾਂ ਉਹ ਆਪ ਰਾਜਨੀਤੀ ਵਿਚ ਆਉਣ ਲਈ ਤਿਆਰ ਨਹੀਂ ਤੇ ਦੂਸਰਾ ਆ ਵੀ ਗਈ ਤਾਂ ਜਿਵੇਂ ਆਸਿਫ ਅਲੀ ਜ਼ਰਦਾਰੀ ਨੇ ਬੇਨਜ਼ੀਰ ਭੁੱਟੋ ਨੂੰ ਪਾਕਿਸਤਾਨੀ ਲੋਕਾਂ ਦੀ ਨਜ਼ਰ ਵਿਚ ਬੁਰੀ ਤਰ੍ਹਾਂ ਡੇਗ ਦਿੱਤਾ ਸੀ, ਪ੍ਰਿਅੰਕਾ ਗਾਂਧੀ ਦਾ ਪਤੀ ਵੀ ਉਹੋ ਕੁਝ ਦੁਹਰਾਵੇਗਾ। ਬੇਨਜ਼ੀਰ ਦੇ ਪਤੀ ਆਸਿਫ ਅਲੀ ਜ਼ਰਦਾਰੀ ਦੀ ਪਾਕਿਸਤਾਨ ਵਿਚ 'ਮਿਸਟਰ ਟੈਨ ਪਰਸੈਂਟ' ਕਹਿ ਕੇ ਚਰਚਾ ਹੁੰਦੀ ਹੈ ਤੇ ਪ੍ਰਿਅੰਕਾ ਦੇ ਪਤੀ ਰਾਬਰਟ ਵਾਡਰਾ ਬਾਰੇ ਕੀ ਕਿਹਾ ਜਾਂਦਾ ਹੈ, ਇਹ ਦੱਸਣ ਦੀ ਲੋੜ ਨਹੀਂ ਰਹਿ ਜਾਂਦੀ।

ਹੁਣੇ-ਹੁਣੇ ਆਸਾਮ ਵਿਚ ਹੋਈ ਭਾਜਪਾ ਦੀ ਜਿੱਤ ਅਸਲ ਵਿਚ ਭਾਜਪਾ ਦੀ ਜਿੱਤ ਨਹੀਂ, ਕਾਂਗਰਸ ਦੇ ਤਿੰਨ ਵਾਰੀ ਦੇ ਮੁੱਖ ਮੰਤਰੀ ਗੋਗੋਈ ਦੀ ਹਾਰ ਹੈ, ਅਤੇ ਇਹ ਵੀ ਉਸ ਦੀ ਹਾਰ ਨਹੀਂ, ਦਿੱਲੀ ਵਿਚ ਕਾਂਗਰਸੀ ਮਾਂ-ਪੁੱਤਰ ਨਾਲ ਜੁੜੇ ਚਾਟੜਿਆਂ ਦੀਆਂ ਦੋ ਟੀਮਾਂ ਦੀ 'ਜਿੱਤ' ਹੈ, ਜਿਨ੍ਹਾਂ ਨੇ ਕਾਂਗਰਸੀ ਮੁੱਖ ਮੰਤਰੀ ਨੂੰ ਕੁਝ ਕਰਨ ਨਹੀਂ ਸੀ ਦਿੱਤਾ। ਆਸਾਮ ਵਿਚ ਭਾਜਪਾ ਦੀਆਂ ਵੋਟਾਂ 29.5 ਫੀਸਦੀ ਆਈਆਂ ਹਨ, ਉਸ ਦੀ ਸਾਥੀ ਆਸਾਮ ਗਣ ਪ੍ਰੀਸ਼ਦ ਦੀਆਂ 8.1 ਫੀਸਦੀ ਤੇ ਤੀਸਰੇ ਬੋਡੋਲੈਂਡ ਪੀਪਲਜ਼ ਫਰੰਟ ਦੀਆਂ 3.9 ਫੀਸਦੀ ਮਿਲਾ ਕੇ ਕੁੱਲ 41.5 ਫੀਸਦੀ ਬਣਦੀਆਂ ਹਨ। ਕਾਂਗਰਸ ਦੀਆਂ 31.0 ਫੀਸਦੀ ਹਨ ਤੇ ਜਿਵੇਂ ਮੁੱਖ ਮੰਤਰੀ ਗੋਗੋਈ ਦੀ ਰਾਏ ਸੀ, ਉਥੇ ਏ ਆਈ ਯੂ ਡੀ ਐਫ ਨਾਲ ਮਿਲ ਗਏ ਹੁੰਦੇ ਤਾਂ ਉਨ੍ਹਾਂ ਦੀਆਂ 13.0 ਫੀਸਦੀ ਜੋੜ ਕੇ ਦੋਵਾਂ ਪਾਰਟੀਆਂ ਦੀਆਂ 44 ਫੀਸਦੀ ਬਣਦੀਆਂ ਤੇ ਭਾਜਪਾ ਭੁੰਜੇ ਲੱਥੀ ਹੋਈ ਹੋਣੀ ਸੀ। ਗਾਂਧੀ ਮਾਂ-ਪੁੱਤਰ ਨਾਲ ਜੁੜੀਆਂ ਸਲਾਹਕਾਰਾਂ ਦੀਆਂ ਦੋ ਟੀਮਾਂ ਨੇ ਪਾਰਟੀ ਮਾਂਜ ਦਿੱਤੀ ਹੈ।

ਤੀਸਰੀ ਗੱਲ ਹੈ, ਅਗਲੀਆਂ ਪਾਰਲੀਮੈਂਟ ਚੋਣਾਂ ਦਾ ਚੱਕਾ ਬੱਝਣ ਦੀ। ਪਿਛਲੀਆਂ ਲੋਕ ਸਭਾ ਚੋਣਾਂ ਜਦੋਂ ਜਿੱਤ ਲਈਆਂ ਤਾਂ ਭਾਜਪਾ ਨੂੰ ਹਰ ਥਾਂ ਆਪਣੇ ਝੰਡੇ ਝੁੱਲਦੇ ਨਜ਼ਰ ਆਏ ਸਨ, ਪਰ ਅੱਠ ਮਹੀਨੇ ਬਾਅਦ ਦਿੱਲੀ ਦੇ ਲੋਕਾਂ ਨੇ ਪਾਰਟੀ ਨੂੰ ਏਨੀ ਦੰਦਲ ਪਾਈ ਕਿ ਪ੍ਰਤੀਕਰਮ ਦੇਣਾ ਔਖਾ ਹੋ ਗਿਆ ਸੀ। ਬਿਹਾਰ ਵਿਚ ਪਾਰਲੀਮੈਂਟ ਦੀਆਂ ਚਾਲੀ ਵਿਚੋਂ ਬੱਤੀ ਸੀਟਾਂ ਜਿੱਤ ਕੇ ਭਾਜਪਾ ਨੇ ਅੱਸੀ ਫੀਸਦੀ ਕਾਮਯਾਬੀ ਹਾਸਲ ਕੀਤੀ ਸੀ, ਪਰ ਵਿਧਾਨ ਸਭਾ ਚੋਣਾਂ ਵਿਚ ਰੁਲ ਕੇ ਰਹਿ ਗਈ ਸੀ। ਅਗਲੇ ਦਿਨਾਂ ਵਿਚ ਕੀ ਹੋਣਾ ਹੈ, ਤਿੰਨ ਸਾਲ ਅਗੇਤੇ ਅੰਦਾਜ਼ੇ ਨਾਲ ਪਤਾ ਨਹੀਂ ਲੱਗ ਸਕਣਾ। ਸਿਰਫ ਸੌ ਦਿਨਾਂ ਵਿਚ 'ਅੱਛੇ ਦਿਨ' ਲਿਆਉਣ ਦੇ ਦਾਅਵੇ ਕਰਨ ਵਾਲੇ ਭਾਜਪਾ ਆਗੂਆਂ ਨੂੰ 725 ਦਿਨ ਲੰਘ ਜਾਣ ਪਿੱਛੋਂ ਜਿਹੜੇ ਵਾਅਦਿਆਂ ਦਾ ਚੇਤਾ ਨਹੀਂ, ਉਹ ਲੋਕਾਂ ਨੂੰ ਅਜੇ ਤੱਕ ਚੇਤੇ ਹਨ। ਅਗਲੀ ਵਾਰੀ ਲੋਕਾਂ ਸਾਹਮਣੇ ਪਰੋਸਣ ਲਈ ਨਵੇਂ ਨਾਅਰੇ ਘੜ ਲੈਣਗੇ, ਪਰ ਲੋਕ ਪਹਿਲੇ ਵੀ ਪੁੱਛ ਸਕਦੇ ਹਨ। ਇਹ ਗੱਲ ਉਦੋਂ ਪਤਾ ਲੱਗੇਗੀ।

ਰਹੀ ਗੱਲ ਖੱਬੇ ਪੱਖੀਆਂ ਦੀ, ਇਸ ਬਾਰੇ ਅਜੇ ਕੁਝ ਹੋਰ ਪੁਣ-ਛਾਣ ਕਰਨ ਦੀ ਲੋੜ ਪਵੇਗੀ। ਜਿੱਦਾਂ ਦਾ ਹਾਲ ਪੱਛਮੀ ਬੰਗਾਲ ਵਿਚ ਹੋਇਆ ਹੈ, ਕਦੇ ਜੋਤੀ ਬਾਸੂ ਲਈ ਚਾਂਦੀ ਦੀ ਥਾਲੀ ਵਿਚ ਰੱਖੀ ਹੋਈ ਪ੍ਰਧਾਨ ਮੰਤਰੀ ਦੀ ਪੇਸ਼ਕਸ਼ ਨੂੰ ਠੁਕਰਾ ਦੇਣ ਤੇ ਕਦੇ ਐਟਮੀ ਸਮਝੌਤੇ ਤੋਂ ਨਾਰਾਜ਼ ਹੋ ਕੇ ਸਦਾ ਲਈ ਸਬੰਧ ਤੋੜ ਦੇਣ ਮਗਰੋਂ ਹੁਣ ਜਿਵੇਂ ਰਾਜਸੀ ਸਮਝੌਤਾ ਕੀਤਾ ਤੇ ਭੁਗਤਿਆ ਗਿਆ ਹੈ, ਇਸ ਦੀ ਵਿਆਖਿਆ ਸੌਖੀ ਨਹੀਂ ਕੀਤੀ ਜਾਣੀ। ਕੇਰਲਾ ਨੂੰ ਜਿੱਤਣ ਵਿਚ ਕਾਮਯਾਬ ਰਹੇ, ਪਰ ਜਿੱਤਣ ਵਾਸਤੇ ਅਗਵਾਈ ਕਰਨ ਵਾਲੇ ਅਛੂਤਾਨੰਦਨ ਨੂੰ ਪਾਸੇ ਧੱਕ ਕੇ ਵਿਵਾਦਤ ਆਗੂ ਨੂੰ ਅੱਗੇ ਕਰਨ ਦੀ ਖੇਡ ਕੱਲ੍ਹ ਨੂੰ ਕੀ ਸਿੱਟੇ ਕੱਢੇਗੀ, ਹਾਲ ਦੀ ਘੜੀ ਕਹਿਣਾ ਔਖਾ ਹੈ। ਖੱਬੇ ਪੱਖੀਆਂ ਦੇ ਸੋਚਣ ਲਈ ਅੱਜ ਦਾ ਪਹਿਲਾ ਮੁੱਦਾ ਅਛੂਤਾਨੰਦਨ ਤੇ ਪਿਨਾਰੀ ਵਿਜੇਅਨ ਦੀ ਰੱਸਾਕਸ਼ੀ ਨਹੀਂ, ਬਾਕੀਆਂ ਤੋਂ ਸੁਲੱਖਣੇ ਸਮਝੇ ਰਾਜ ਕੇਰਲਾ ਵਿਚ ਭਾਜਪਾ ਦੀ ਕਦਮ-ਦਰ-ਕਦਮ ਦੀ ਰਵਾਨੀ ਹੈ। ਸਾਲ 2006 ਦੀਆਂ ਅਸੈਂਬਲੀ ਚੋਣਾਂ ਦੇ ਸਮੇਂ ਭਾਜਪਾ ਦੀਆਂ 4.75 ਫੀਸਦੀ ਵੋਟਾਂ ਸਨ, ਫਿਰ ਸਾਲ 2011 ਵਿਚ ਇਹ 6.03 ਫੀਸਦੀ ਹੋ ਗਈਆਂ ਤੇ ਪਿਛਲੀ ਪਾਰਲੀਮੈਂਟ ਚੋਣ ਵੇਲੇ ਉਥੇ ਉਨ੍ਹਾਂ ਨੇ ਪਹਿਲੀ ਵਾਰੀ ਚਾਰ ਵਿਧਾਨ ਸਭਾ ਹਲਕਿਆਂ ਤੋਂ ਅਗੇਤ ਹਾਸਲ ਕੀਤੀ ਸੀ। ਹੁਣ ਸੀਟ ਭਾਵੇਂ ਇੱਕੋ ਜਿੱਤੀ ਹੈ, ਵੋਟਾਂ ਉਨ੍ਹਾਂ ਦੀਆਂ ਸਾਢੇ ਦਸ ਫੀਸਦੀ ਹੋ ਗਈਆਂ ਹਨ। ਅਗਲੀ ਵਾਰੀ ਕੇਰਲਾ ਵਿਚ ਕੋਈ ਪੱਛਮੀ ਬੰਗਾਲ ਵਾਲੀ ਮਮਤਾ ਬੈਨਰਜੀ ਜਾਂ ਆਸਾਮ ਵਾਲਾ ਸਰਬਾਨੰਦ ਸੋਨੋਵਾਲ ਲੱਭ ਕੇ ਧੋਬੀ-ਪਟਕਾ ਮਾਰਨ ਦੀ ਉਨ੍ਹਾਂ ਦੀ ਕੋਸ਼ਿਸ਼ ਹੋਣੀ ਹੈ। ਰਿਵਿਊ ਕਿਸੇ ਵੀ ਹੋਰ ਤੋਂ ਵੱਧ ਕਮਿਊਨਿਸਟ ਕਰ ਸਕਦੇ ਹਨ, ਪਰ ਇਹ ਕੰਮ ਹੁਣ ਬਹਿਸਾਂ ਤੱਕ ਨਹੀਂ ਰਹਿਣਾ ਚਾਹੀਦਾ, ਭਵਿੱਖ ਵਾਸਤੇ ਕੋਈ ਇਹੋ ਜਿਹਾ ਸਿੱਟਾ ਕੱਢਣ ਦਾ ਯਤਨ ਹੋਣਾ ਚਾਹੀਦਾ ਹੈ, ਜਿਹੜਾ ਖੱਬੇ ਪੱਖੀ ਲਹਿਰ ਦੇ ਨਾਲ ਚਿਰਾਂ ਤੋਂ ਜੁੜੀ ਹੋਈ 'ਚੁੱਪ ਬਹੁ-ਗਿਣਤੀ' ਚਾਹੁੰਦੀ ਹੈ। ਇਹ ਸਾਰਾ ਲੇਖਾ-ਜੋਖਾ ਪੰਜਾਬੀ ਮੁਹਾਵਰੇ ਵਾਂਗ 'ਤੱਤੇ ਘਾਅ' ਕੀਤਾ ਗਿਆ ਹੈ, ਅਗਲੇ ਦਿਨਾਂ ਵਿਚ ਸਮੁੱਚੇ ਵੇਰਵੇ ਆਉਣ ਮਗਰੋਂ ਕਈ ਕੁਝ ਬਦਲ ਵੀ ਸਕਦਾ ਹੈ, ਜਿਸ ਨੂੰ ਉਡੀਕ ਲੈਣਾ ਚਾਹੀਦਾ ਹੈ।

ਰੈਸਟੋਰੈਂਟ ਲਈ ਲੋੜ ਹੈ



ਵਿਸਕਾਨਸਿਨ ਵਿਚ ਇਕ ਇੰਡੀਅਨ ਰੈਸਟੋਰੈਂਟ ਲਈ ਤੰਦੂਰੀਏ, ਕਿਚਨ ਹੈਲਪਰ, ਵੇਟਰ ਅਤੇ ਡਿਸ਼ਵਾਸ਼ਰ ਦੀ ਲੋੜ ਹੈ।

ਸੰਪਰਕ ਕਰੋ: ਦਵਿੰਦਰ ਸਿੰਘ
ਫੋਨ: 262-391-7666

22-23

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ
National Truck Driving School

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ



Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-419-5058

1816 Main Ave., Secramento CA, 95838

# ਕਾਂਗਰਸ ਤੇ ਆਪ: ਕੈਪਟਨ ਤੇ ਖਹਿਰਾ ਦੀ ਅਮਰੀਕਾ ਫੇਰੀ ਤੋਂ ਬਾਅਦ

## ਇੱਕ ਵਿਸ਼ਲੇਸ਼ਣ

ਅਕਾਲੀ ਤੇ ਭਾਜਪਾ ਕੈਪਟਨ ਅਮਰਿੰਦਰ ਸਿੰਘ ਦੀ ਅਮਰੀਕਾ ਫੇਰੀ ਨੂੰ ਪੂਰੀ ਤਰ੍ਹਾਂ ਫਲਾਪ ਸ਼ੋਅ ਦੱਸ ਰਹੇ ਹਨ। ਕੈਪਟਨ ਆਪਣੀਆਂ ਅਮਰੀਕਾ ਵਿਚਲੀਆਂ ਰੈਲੀਆਂ ਨੂੰ ਕਾਂਗਰਸ ਦੀ ਵੱਡੀ ਪ੍ਰਾਪਤੀ ਦੱਸਦਿਆਂ ਪਰਵਾਸੀਆਂ ਨੂੰ ਨੇੜੇ ਲਿਆਉਣ ਦਾ ਦਾਅਵਾ ਕਰ ਰਹੇ ਹਨ। ਆਮ

**ਐਸ ਅਸ਼ੋਕ ਭੌਰਾ**

ਆਦਮੀ ਪਾਰਟੀ ਦੇ ਸੁਖਪਾਲ ਸਿੰਘ ਖਹਿਰਾ ਨੇ ਵੀਹਾਂ ਦਿਨਾਂ ਵਿਚ ਦਿਨ ਰਾਤ ਪੰਜਾਬੀਆਂ ਨਾਲ ਸੰਪਰਕ ਬਣਾ ਕੇ ਸਰਗਰਮ ਰਹਿਣ ਦਾ ਇੱਕ ਤਰ੍ਹਾਂ ਨਾਲ ਰਿਕਾਰਡ ਕਾਇਮ ਕੀਤਾ ਹੈ। ਭਾਜਪਾ, ਕਾਂਗਰਸ ਅਤੇ ਅਕਾਲੀ ਸੁਖਪਾਲ ਸਿੰਘ ਖਹਿਰਾ ਦੀਆਂ ਰੈਲੀਆਂ ਬਾਰੇ ਚੁੱਪ ਹਨ। ਭਾਵੇਂ ਪੰਜਾਬ ਦੀਆਂ ਅਗਲੇ ਸਾਲ ਹੋ ਰਹੀਆਂ ਵਿਧਾਨ ਸਭਾ ਚੋਣਾਂ ਬਾਰੇ ਪਰਵਾਸੀਆਂ ਦਾ ਰੁਖ ਕਿਧਰ ਵੱਲ ਹੁੰਦਾ ਹੈ, ਇਹ ਤਾਂ ਸਮਾਂ ਹੀ ਦੱਸੇਗਾ ਪਰ ਫਿਲਹਾਲ ਕੈਪਟਨ ਅਮਰਿੰਦਰ ਸਿੰਘ ਅਤੇ ਸੁਖਪਾਲ ਸਿੰਘ ਖਹਿਰਾ ਦੀ ਅਮਰੀਕਾ ਫੇਰੀ 'ਤੇ ਇੱਕ ਸਰਸਰੀ ਜਿਹੀ ਨਜ਼ਰ ਮਾਰ ਲੈਣੀ ਕੁਥਾਂਵੇਂ ਨਹੀਂ ਹੋਵੇਗੀ।

'ਸੁਖਪਾਲ ਖਹਿਰਾ ਸੈਨ ਫਰਾਂਸਿਸਕੋ ਉਤਰ ਆਇਆ ਹੈ...'ਆਪ' ਦੀ ਚੰਗੀ ਚੜ੍ਹਾਈ ਹੁੰਦੀ ਜਾ ਰਹੀ ਹੈ...ਕੈਪਟਨ ਵੀ ਆਉਣ ਵਾਲਾ ਹੈ...ਖਹਿਰਾ ਅੱਜ ਸ਼ਿਕਾਗੋ ਹੈ...ਕੈਪਟਨ ਅੱਜ




*ਨਿਊ ਯਾਰਕ ਵਿਚ ਕੈਪਟਨ ਅਮਰਿੰਦਰ ਸਿੰਘ ਆਪਣੀ ਆਖਰੀ ਤੇ ਪੰਜਵੀਂ ਰੈਲੀ ਨੂੰ ਸੰਬੋਧਨ ਕਰਦੇ ਹੋਏ, ਨਾਲ ਖੜੇ ਹਨ ਕੇਵਲ ਸਿੰਘ ਢਿੱਲੋਂ, ਰਾਣਾ ਸੋਢੀ ਅਤੇ ਵਿਧਾਇਕ ਸੰਗਤ ਸਿੰਘ ਗਿਲਜ਼ੀਆਂ*

ਲਾਸ ਏਂਜਲਸ ਹੈ...ਖਹਿਰਾ ਨੇ ਬੜਾ 'ਕੱਠ ਕੀਤਾ ਬੇ ਏਰੀਏ 'ਚ...ਬਈ 'ਕੱਠ ਵਾਲੀ ਤਾਂ ਕੈਪਟਨ ਨੇ ਵੀ ਨ੍ਹੇਰੀ ਲਿਆ'ਤੀ ਨਿਊ ਯਾਰਕ 'ਚ...ਵਿਰੋਧ ਕਰਨ ਵਾਲੇ ਗਰਮ ਦਲੀਏ ਵੀ ਥਾਂ ਥਾਂ ਪਹੁੰਚ ਰਹੇ ਨੇ...ਬਾਕੀ ਤਾਂ ਚੱਲ ਠੀਕ ਹੈ ਫਰਿਜ਼ਨੋ 'ਚ ਰੌਲਾ ਪੈ ਗਿਆ...।' ਅਜਿਹੀ ਹਿਲਜੁਲ ਲਗਾਤਾਰ ਉਨ੍ਹਾਂ ਦਿਨਾਂ ਵਿਚ ਵੀ ਵੇਖਣ ਨੂੰ ਮਿਲਦੀ ਰਹੀ ਹੈ ਜਿਹੜੇ ਦਿਨ ਪੂਰੇ ਕੰਮ ਕਾਰ ਦੇ ਹੁੰਦੇ ਸਨ।

ਅਪਰੈਲ ਦੇ ਅੱਧ ਵਿਚ ਆਮ ਆਦਮੀ ਪਾਰਟੀ (ਪੰਜਾਬ) ਦੇ ਮੁੱਖ ਬੁਲਾਰੇ ਸੁਖਪਾਲ ਸਿੰਘ ਖਹਿਰਾ ਦੀ ਸਰਗਰਮੀ ਸ਼ੁਰੂ ਹੋਈ। ਇਹ ਉਨ੍ਹਾਂ ਦਾ ਪਾਰਟੀ ਵਲੋਂ ਨਿਰਧਾਰਤ ਕੀਤਾ ਗਿਆ ਵੀਹ ਦਿਨ ਦਾ ਟੂਰ ਸੀ। ਜ਼ਿਕਰ ਕਰਨਾ ਬਣਦਾ ਹੈ ਕਿ ਅਮਰੀਕਾ ਦੇ ਪੰਜਾਬੀਆਂ ਦੀ ਰੁਝੇਵਿਆਂ ਭਰੀ ਜ਼ਿੰਦਗੀ 'ਚ ਜੇ ਪਹਿਲੀ ਵਾਰੀ ਕੋਈ ਨਵਾਂ ਰਿਕਾਰਡ ਬਣਿਆ ਹੈ ਤਾਂ ਉਹ ਹੈ, ਸੁਖਪਾਲ ਸਿੰਘ ਖਹਿਰਾ ਵਲੋਂ ਆਮ ਆਦਮੀ ਪਾਰਟੀ ਲਈ ਵੀਹਾਂ ਦਿਨਾਂ ਵਿਚ ਅਠਾਰਾਂ ਰੈਲੀਆਂ ਕਰ ਜਾਣਾ ਅਤੇ ਅਮਰੀਕਾ ਵਸਦੇ ਪੰਜਾਬੀਆਂ ਦੇ ਸਵਾਲਾਂ ਦੇ ਜਵਾਬ ਦੇ ਜਾਣਾ। ਭਾਵੇਂ ਇਹ ਕੰਮਕਾਜੀ ਦਿਨਾਂ ਵਿਚ ਕੀਤੀਆਂ ਗਈਆਂ ਪਰ ਸਭ ਥਾਈਂ ਗਿਣਤੀ ਭਰਵੀਂ ਰਹੀ। ਸੈਨ ਫਰਾਂਸਿਸਕੋ ਏਰੀਏ ਵਿਚ ਸ. ਖਹਿਰਾ ਦਾ ਇਕੱਠ ਸਭ ਤੋਂ ਵੱਡਾ ਸੀ ਜਿਸ ਦੀ ਆਸ ਪ੍ਰਬੰਧਕਾਂ ਨੂੰ ਵੀ ਨਹੀਂ ਸੀ। ਅਮਰੀਕਾ 'ਚ 'ਆਪ' ਦੇ ਕਨਵੀਨਰ ਪ੍ਰਦੀਪ ਸੁੰਦਰਿਆਲ ਅਨੁਸਾਰ 'ਆਪ' ਦੇ ਅਮਰੀਕਨ ਵਰਕਰ ਲਗਾਤਾਰ ਸੁਖਪਾਲ ਖਹਿਰਾ ਦੇ ਨਾਲ ਰਹੇ। ਜੇ ਸਫਰ ਸਵੇਰੇ ਲਾਸ ਏਂਜਲਸ ਤੋਂ ਸ਼ੁਰੂ ਹੁੰਦਾ ਤਾਂ ਦੁਪਹਿਰ ਨੂੰ ਡੈਲਸ, ਸ਼ਾਮ ਨੂੰ ਸ਼ਿਕਾਗੋ ਖਤਮ ਹੁੰਦਾ। ਅਗਲੀ ਸਵੇਰ ਨੂੰ ਅਗਲਾ ਸਫਰ ਸ਼ੁਰੂ ਹੋ ਜਾਂਦਾ। ਇਨ੍ਹਾਂ ਇਕੱਠਾਂ ਦੌਰਾਨ ਸੁਖਪਾਲ ਸਿੰਘ ਖਹਿਰਾ ਨੇ ਕਰੀਬ ਦਸ ਹਜ਼ਾਰ ਲੋਕਾਂ ਨੂੰ ਸੰਬੋਧਨ ਕੀਤਾ। ਅਮਰੀਕਾ 'ਚ ਆਪ ਦੀ ਇਸ ਲਹਿਰ ਨੂੰ ਚਲਾਉਣ ਵਿਚ ਕਿਉਂਕਿ ਬਹੁਤਾ ਯੋਗਦਾਨ ਯੁਵਾ ਵਰਗ ਦਾ ਹੈ, ਜਵਾਨੀ ਅਤੇ ਜੋਸ਼ ਦਾ ਜਲਵਾ ਹੈ ਅਤੇ ਹੋਰ ਵੀ ਖਾਸ ਗੱਲ ਇਹ ਹੈ ਕਿ ਇਨ੍ਹਾਂ ਵਿਚੋਂ ਬਹੁਤੇ ਆਈ ਟੀ ਖੇਤਰ ਨਾਲ ਸਬੰਧਿਤ ਹਨ ਅਤੇ ਸੰਚਾਰ ਸਾਧਨਾਂ ਦੀ ਸਹੀ ਵਰਤੋਂ ਕਰ ਕੇ ਉਨ੍ਹਾਂ ਨੇ ਆਪ ਦਾ ਸੰਦੇਸ਼ ਲੱਖਾਂ ਲੋਕਾਂ ਤੱਕ ਪਹੁੰਚਾ ਦਿੱਤਾ। ਟੈਲੀਫੋਨ, ਵਟਸਅੱਪ, ਈਮੇਲ, ਫੇਸਬੁੱਕ, ਟਵਿੱਟਰ-ਸੰਚਾਰ ਦੇ ਇਨ੍ਹਾਂ ਮਾਧਿਅਮਾਂ ਨੂੰ ਵਰਤਣ ਵਿਚ ਆਪ ਦੀ ਯੁਵਾ ਟੀਮ ਪੂਰੀ ਤਰ੍ਹਾਂ ਗਤੀਸ਼ੀਲ ਰਹੀ। ਪਿਛਲੀਆਂ ਲੋਕ ਸਭਾ ਚੋਣਾਂ ਦੌਰਾਨ ਵੀ ਪੰਜਾਬ ਦੇ ਵੋਟਰਾਂ ਤੱਕ ਨਿਜੀ ਪਹੁੰਚ ਬਣਾਉਣ ਦਾ ਉਪਰਾਲਾ ਇਨ੍ਹਾਂ ਸਾਧਨਾਂ ਰਾਹੀਂ ਹੀ ਕੀਤਾ ਗਿਆ ਸੀ। ਜੇ ਸ. ਖਹਿਰਾ ਦੀਆਂ ਅਮਰੀਕਾ 'ਚ ਇਨ੍ਹਾਂ ਰਾਜਸੀ ਸਰਗਰਮੀਆਂ ਨੂੰ ਇੱਕ ਮਿੰਟ ਲਈ ਪਾਸੇ ਵੀ ਕਰ ਲਈਏ ਤਾਂ ਇਹ ਮੰਨਣਾ ਪਵੇਗਾ ਕਿ ਸੋਸ਼ਲ ਨੈਟਵਰਕ ਅਤੇ ਵਿਗਿਆਨ ਦੇ ਸੰਚਾਰ ਸਾਧਨਾਂ ਨੂੰ ਜਿਸ ਤਰ੍ਹਾਂ 'ਆਪ' ਵਰਕਰ ਵਰਤ ਰਹੇ ਹਨ, ਇਸ ਨਾਲ ਪੰਜਾਬ ਦੇ ਚੋਣ ਨਤੀਜੇ ਪ੍ਰਭਾਵਿਤ ਹੋਣਗੇ ਹੀ।

'ਆਪ' ਦੀਆਂ ਰੈਲੀਆਂ ਦੌਰਾਨ ਇਕ ਵੱਖਰੀ ਗੱਲ ਇਹ ਰਹੀ ਕਿ ਪੰਜਾਬੀਆਂ ਨੂੰ ਪ੍ਰਿੰਟ ਅਤੇ ਇਲੈਕਟ੍ਰਾਨਿਕ ਮੀਡੀਏ ਤੋਂ ਸਿਵਾ ਸੋਸ਼ਲ ਮੀਡੀਏ ਰਾਹੀਂ ਪਹੁੰਚਣ ਦੀ ਅਪੀਲ ਕੀਤੀ ਜਾਂਦੀ। ਨਿਜੀ ਪਹੁੰਚ ਘੱਟ ਬਣਾਈ ਜਾਂਦੀ। ਬਹੁਤੀਆਂ ਥਾਂਵਾਂ 'ਤੇ ਪੰਜਾਬੀਆਂ ਦਾ ਆਪ-ਮੁਹਾਰੇ ਪਹੁੰਚਣਾ ਇਸ ਗੱਲ ਦਾ ਸਬੂਤ ਸੀ ਕਿ ਪੰਜਾਬ ਦੀ ਵਰਤਮਾਨ ਰਾਜਨੀਤਕ, ਸਮਾਜਿਕ ਅਤੇ ਆਰਥਿਕ ਵਿਵਸਥਾ ਪ੍ਰਤੀ ਅਮਰੀਕਾ 'ਚ ਵਸਦਾ ਹਰ ਪੰਜਾਬੀ ਪੀੜਾਂ ਸਮੋਈ ਬੈਠਾ ਹੈ।

ਸੁਖਪਾਲ ਸਿੰਘ ਖਹਿਰਾ ਦੀਆਂ ਤਕਰੀਰਾਂ ਲੋਕਾਂ ਨੇ ਧਿਆਨ ਨਾਲ ਸੁਣੀਆਂ। ਪੰਜਾਬ ਵਿਚ ਨਸ਼ਾਪ੍ਰਸਤੀ, ਨੌਜਵਾਨਾਂ ਦੀ ਬੇਰੁਜ਼ਗਾਰੀ, ਪੰਜਾਬ ਦੀ ਤਬਾਹ ਹੋ ਰਹੀ ਕਿਰਸਾਨੀ, ਔਰਤਾਂ ਵਿਚ ਅਸੁਰੱਖਿਆ ਦੀ ਭਾਵਨਾ, ਰਾਜਸੀ ਰੰਜਿਸ਼ ਦਾ ਸ਼ਿਕਾਰ ਹੋਏ ਲੋਕਾਂ ਨੂੰ ਬਚਾਉਣ ਦੇ ਉਪਰਾਲਿਆਂ ਬਾਰੇ ਸਵਾਲ ਪੁੱਛੇ ਜਾਂਦੇ ਰਹੇ। ਕਈ ਥਾਂਵਾਂ 'ਤੇ ਸੁਖਪਾਲ ਖਹਿਰਾ ਨੂੰ ਕਾਂਗਰਸ ਵਿਚੋਂ 'ਆਪ' ਵਿਚ ਸ਼ਾਮਿਲ ਹੋਣ ਸਬੰਧੀ ਵੀ ਤਿੱਖੇ ਸਵਾਲਾਂ ਦਾ ਸਾਹਮਣਾ ਕਰਨਾ ਪਿਆ। ਅਜਿਹੇ ਸਵਾਲ ਇੱਕ ਟੀ ਵੀ ਚੈਨਲ 'ਤੇ ਮੁਲਾਕਾਤ ਮੌਕੇ ਸਿੱਧੇ ਪ੍ਰਸਾਰਣ ਦੌਰਾਨ ਇਉਂ ਕਹਿ ਕੇ ਵੀ ਪੁੱਛੇ ਗਏ ਕਿ ਪਿਛਲੇ ਸਾਲ ਤੁਸੀਂ ਇਨ੍ਹਾਂ ਦਿਨਾਂ ਵਿਚ ਕਾਂਗਰਸ ਦੇ ਸੋਹਲੇ ਗਾਉਂਦੇ ਸੀ, ਹੁਣ 'ਆਪ' ਦੇ ਕਿਉਂ?

ਬੇਕਰਜ਼ਫੀਲਡ, ਲਾਸ ਏਂਜਲਸ, ਸਟਾਕਟਨ, ਫਰੀਮਾਂਟ, ਸੈਕਰਾਮੈਂਟੋ, ਫਰਿਜ਼ਨੋ, ਸੈਨ ਹੋਜ਼ੇ ਗੁਰੂਘਰ, ਕੈਲੀਫੋਰਨੀਆ ਅਸੰਬਲੀ, ਯੂਬਾ ਸਿਟੀ, ਟਰੇਸੀ, ਸਿਆਟਲ, ਹਿਊਸਟਨ, ਡੈਲਸ, ਮਿਸੀਸਿਪੀ, ਡਿਟਰਾਇਟ, ਸ਼ਿਕਾਗੋ, ਵਾਸ਼ਿੰਗਟਨ ਡੀ ਸੀ, ਬਾਲਟੀਮੋਰ, ਨਿਊ ਜਰਸੀ, ਨਿਊ ਯਾਰਕ, ਰੌਚੈਸਟਰ ਆਦਿ ਮੁੱਖ ਸ਼ਹਿਰਾਂ ਵਿਚ ਸ. ਖਹਿਰਾ ਨੇ ਪੰਜਾਬੀਆਂ ਨਾਲ ਸਿੱਧਾ ਸੰਪਰਕ ਕੀਤਾ। ਬਹੁਤ ਸਾਰਾ ਫੰਡ ਪੰਜਾਬੀਆਂ ਨੇ 'ਆਪ' ਦੀ ਝੋਲੀ ਪਾਇਆ। ਇਹ ਫੰਡ ਕਿੰਨਾ ਸੀ ਹਾਲੇ ਪਾਰਟੀ ਵੈਬਸਾਈਟ 'ਤੇ ਨਸ਼ਰ ਕਰਨਾ ਬਾਕੀ ਹੈ। ਕਈ ਸਵਾਲ ਜਿਹੜੇ ਆਮ ਪੰਜਾਬੀਆਂ ਦੇ ਮਨਾਂ 'ਚੋਂ ਉਠਦੇ ਸਨ ਕਿ ਕਿਸ ਨੂੰ ਮੁੱਖ ਮੰਤਰੀ ਵਜੋਂ ਪੇਸ਼ ਕੀਤਾ ਜਾਵੇਗਾ, ਦੂਜੀਆਂ ਪਾਰਟੀਆਂ ਦੇ ਕੱਢੇ ਗਏ ਲੀਡਰਾਂ ਨੂੰ ਕਿਉਂ ਸ਼ਾਮਿਲ ਕੀਤਾ ਜਾ ਰਿਹਾ ਹੈ, ਪੰਜਾਬ ਵਿਚ ਆਪਸੀ ਫੁੱਟ ਕਿਉਂ ਹੈ? ਇਨ੍ਹਾਂ ਦੇ ਜਵਾਬ ਸ. ਖਹਿਰਾ ਦੇਣ ਵਿਚ ਲਗਭਗ ਸਮਰੱਥ ਤੇ ਸਫਲ ਰਿਹਾ। 'ਆਪ' ਨੂੰ ਕਿਸੇ ਤਰ੍ਹਾਂ ਦੇ ਵੀ ਵਿਰੋਧ ਦਾ ਸਾਹਮਣਾ ਨਹੀਂ ਕਰਨਾ ਪਿਆ।

ਗੱਲ ਹੁਣ ਕੈਪਟਨ ਅਮਰਿੰਦਰ ਸਿੰਘ ਭਾਵ 'ਕਾਂਗਰਸ' ਦੇ ਇਕੱਠਾਂ ਅਤੇ ਰੈਲੀਆਂ ਦੀ ਕਰ ਲੈਂਦੇ ਹਾਂ। ਕੈਨੇਡਾ ਸਰਕਾਰ ਵਲੋਂ ਆਪਣੀ ਧਰਤੀ ਉਤੇ ਵਿਦੇਸ਼ੀ ਰਾਜਸੀ ਸਰਗਰਮੀਆਂ ਲਈ ਪਾਏ ਅੜਿੱਕੇ ਕਾਰਨ ਕਾਂਗਰਸ ਨੂੰ ਪਹਿਲਾ ਝਟਕਾ ਇਹ ਲੱਗਾ ਕਿ ਉਤਰੀ ਅਮਰੀਕਾ ਦਾ ਅੱਧਾ ਹਿੱਸਾ ਲਗਭਗ ਕੈਪਟਨ ਨਾਲ ਮੁਲਾਕਾਤਾਂ ਤੋਂ ਵਿਰਵਾਂ ਰਹਿ ਗਿਆ। ਕਈ ਮਹਿੰਗੇ ਭਾਅ ਬੁੱਕ ਕੀਤੇ ਵੱਡੇ ਹਾਲ ਅਤੇ ਕਈ ਕਈ ਹਫਤਿਆਂ ਦੀ ਕੈਨੇਡੀਅਨ ਕਾਂਗਰਸੀਆਂ ਦੀ ਮਿਹਨਤ ਵੀ ਵਿਅਰਥ ਚਲੀ ਗਈ। ਖਾਸ ਤੌਰ 'ਤੇ ਟੋਰਾਂਟੋ ਦਾ ਵੱਡਾ ਸਮਾਗਮ ਰੱਦ ਹੋ ਜਾਣਾ ਕਾਂਗਰਸੀਆਂ ਦੇ ਚਿਹਰਿਆਂ 'ਤੇ ਉਦਾਸੀ ਜ਼ਰੂਰ ਲੈ ਕੇ ਆਇਆ ਹੈ। ਹਾਲਾਂਕਿ ਟੈਲੀਕਾਨਫਰੰਸ ਜ਼ਰੀਏ ਯਤਨ ਵੀ ਕੀਤਾ ਗਿਆ ਪਰ ਕੈਪਟਨ ਅਮਰਿੰਦਰ ਸਿੰਘ ਇਸ ਵਿਚ ਬਹੁਤੇ ਸਫਲ ਹੁੰਦੇ ਨਜ਼ਰ ਨਹੀਂ ਆਏ। ਕੈਪਟਨ ਦਾ ਉਤਰੀ ਅਮਰੀਕਾ ਦੌਰਾ ਸ਼ਿਕਾਗੋ ਤੋਂ ਸ਼ੁਰੂ ਹੋਇਆ ਸੀ। ਸ਼ਿਕਾਗੋ ਵਿਚ ਇਹ ਪਹਿਲਾ ਇਕੱਠ ਉਸ ਤਰ੍ਹਾਂ ਦਾ ਨਹੀਂ ਹੋ ਸਕਿਆ ਜਿਸ ਦੀ ਕੈਪਟਨ ਅਮਰਿੰਦਰ ਸਿੰਘ ਅਤੇ ਉਸ ਦੇ ਸਾਥੀਆਂ ਨੂੰ ਆਸ ਸੀ। ਉਨ੍ਹਾਂ ਨਾਲ ਗਏ ਰਾਜਸੀ ਅਮਲੇ ਵਿਚ ਕੇਵਲ ਢਿੱਲੋਂ, ਸੁੱਖ ਸਰਕਾਰੀਆ, ਰਾਣਾ ਗੁਰਮੀਤ ਸੋਢੀ, ਸਾਧੂ ਸਿੰਘ ਧਰਮਸੋਤ, ਸੰਗਤ ਸਿੰਘ ਗਿਲਜ਼ੀਆਂ, ਕ੍ਰਿਸ਼ਨ ਕੁਮਾਰ ਬਾਵਾ, ਮਲਕੀਅਤ ਸਿੰਘ ਦਾਖਾ, ਪਵਨ ਦੀਵਾਨ, ਸਤਵੀਰ ਸਿੰਘ ਪੱਲੀ ਝਿੱਕੀ, ਰਾਜਵਿੰਦਰ ਸਿੰਘ ਲੱਕੀ, ਗੁਰਜੀਤ ਔਜਲਾ, ਦਲਜੀਤ ਸਿੰਘ ਸਹੋਤਾ, ਹਰਮਿੰਦਰ ਸਿੰਘ ਅਤੇ ਜਗਮੋਹਣ ਸਿੰਘ ਕੰਗ ਵਿਸ਼ੇਸ਼ ਤੌਰ 'ਤੇ ਸ਼ਾਮਿਲ ਸਨ।

ਲਾਸ ਏਂਜਲਸ ਦਾ ਇਕੱਠ ਵਧੀਆ ਤਾਂ ਰਿਹਾ ਪਰ ਜਿਸ ਤਰ੍ਹਾਂ ਦਾ ਗੜ੍ਹ ਪੰਜਾਬੀਆਂ ਦਾ ਉਥੇ ਹੈ, ਉਸ ਨਜ਼ਰੀਏ ਨਾਲ ਇਸ ਇਕੱਠ ਨੂੰ ਪੂਰੀ ਤਰ੍ਹਾਂ ਸਫਲ ਨਹੀਂ ਕਿਹਾ ਜਾ ਸਕਦਾ। ਕੈਪਟਨ ਦੀ ਅਗਲੀ ਪ੍ਰਭਾਵਸ਼ਾਲੀ ਰੈਲੀ ਪੰਜਾਬੀਆਂ ਦੇ ਬਦਾਮਾਂ ਅਤੇ ਅੰਗੂਰਾਂ ਦੇ ਸ਼ਹਿਰ ਫਰਿਜ਼ਨੋ ਵਿਚ ਹੋਈ। ਇੱਥੇ ਇਕੱਠ ਪ੍ਰਭਾਵਸ਼ਾਲੀ ਸੀ, ਕੈਪਟਨ ਅਮਰਿੰਦਰ ਸਿੰਘ ਦੇ ਵਿਚਾਰਾਂ ਨੂੰ ਲੋਕਾਂ ਨੇ ਧਿਆਨ ਨਾਲ ਸੁਣਿਆ, ਸਵਾਲਾਂ-ਜਵਾਬਾਂ ਦਾ ਸਿੱਧਾ ਰਾਬਤਾ ਵੀ ਕਾਂਗਰਸ ਨੂੰ ਹੁਲਾਰਾ ਦੇਣ ਵਾਲਾ ਸੀ। ਫਰਿਜ਼ਨੋਂ ਦੀ ਕਾਂਗਰਸ ਰੈਲੀ ਨਾਲ ਜਿਹੜੀ ਗੱਲ ਸਭ ਤੋਂ ਵੱਡੇ ਰੂਪ ਵਿਚ ਸੋਸ਼ਲ ਮੀਡੀਏ ਰਾਹੀਂ ਜੁੜੀ, ਉਹ ਸੀ ਕੈਪਟਨ ਅਮਰਿੰਦਰ ਸਿੰਘ ਦਾ ਵਿਰੋਧ। ਹਾਲਾਂਕਿ ਵਿਰੋਧ ਕਰਨ ਵਾਲਿਆਂ ਦੀ ਗਿਣਤੀ ਉਨੀਂ ਕੁ ਹੀ ਸੀ ਜਿੰਨੀ ਕੁ ਬਾਕੀ ਰੈਲੀਆਂ ਦੌਰਾਨ ਸੀ ਪਰ ਸਕਿਉਰਿਟੀ ਪ੍ਰਬੰਧਾਂ 'ਚ ਕਮੀ ਕਾਰਨ ਕੈਪਟਨ ਅਮਰਿੰਦਰ ਸਿੰਘ ਨੂੰ ਸਿੱਧੇ ਵਿਰੋਧ ਦਾ ਸਾਹਮਣਾ ਕਰਨਾ ਪੈ ਗਿਆ। ਗਰਮ ਖਿਆਲੀਆਂ ਨੂੰ ਬੋਤਲਾਂ ਸੁੱਟਣ ਅਤੇ ਖਲਲ ਪਾਉਣ ਦਾ ਮੌਕਾ ਮਿਲ ਗਿਆ। ਇਸੇ ਕਰਕੇ ਰੈਲੀ ਦੀ ਸਫਲਤਾ ਦੀ ਘੱਟ ਅਤੇ ਵਿਰੋਧਤਾ ਦੀ ਵੱਧ ਚਰਚਾ ਹੋਈ।

ਕੈਪਟਨ ਦੀ ਚੌਥੀ ਰੈਲੀ ਸੀ ਸਿਲੀਕਾਨ ਵੈਲੀ। ਸੈਨ ਫਰਾਂਸਿਸਕੋ ਬੇ ਏਰੀਏ ਵਿਚ ਕੈਪਟਨ ਦੇ ਵਿਰੋਧ 'ਚ ਗਰਮ ਖਿਆਲੀਆਂ ਦਾ ਵੱਡਾ ਇਕੱਠ ਨਾ ਜੁੜ ਸਕਿਆ। ਇਸ ਦੇ ਉਲਟ ਕਾਂਗਰਸ ਲਈ ਤਸੱਲੀ ਵਾਲੀ ਗੱਲ ਇਹ ਸੀ ਕਿ ਇਸ ਦੇ ਇਕੱਠ ਵਿਚ ਨਾਮੀ ਪੰਜਾਬੀ ਸ਼ਾਮਿਲ ਹੋਏ, ਕੈਪਟਨ ਅਮਰਿੰਦਰ ਸਿੰਘ ਨੂੰ ਧਿਆਨ ਨਾਲ ਸੁਣਿਆ ਗਿਆ ਅਤੇ ਉਸ ਤੋਂ ਵੀ ਵੱਡੀ ਗੱਲ ਇਹ ਸੀ ਕਿ ਕੈਪਟਨ ਨੇ ਸਾਰੇ ਸਵਾਲਾਂ ਦੇ ਜਵਾਬ ਆਪਣੇ ਉਸੇ ਅੰਦਾਜ਼ ਵਿਚ ਦਿੱਤੇ ਜਿਸ ਤਰ੍ਹਾਂ ਦਾ ਚੰਗਾ ਪ੍ਰਭਾਵ ਕਾਂਗਰਸ ਅਤੇ ਕੁਝ ਪੰਜਾਬੀਆਂ ਹਲਕਿਆਂ ਵਿਚ ਹੋਈ ਅਤੇ ਕਰੀਬ ਡੇਢ ਹਜ਼ਾਰ ਲੋਕਾਂ ਦਾ ਇਕੱਠ ਹੋ ਜਾਣਾ ਕੈਪਟਨ ਦੀ ਪ੍ਰਾਪਤੀ ਤਾਂ ਮੰਨਿਆ ਹੀ ਜਾਵੇਗਾ ਬਲਕਿ ਇਸ ਪਟਕੇ ਦੇ ਘੋਲ ਨੂੰ ਵੀ ਕਾਂਗਰਸੀ ਜਿੱਤਣ ਵਾਂਗ ਮਹਿਸੂਸ ਕਰਦੇ ਰਹੇ। ਸੋ ਕੁੱਲ ਮਿਲਾ ਕੇ ਵਿਰੋਧ ਦੇ ਬਾਵਜੂਦ ਡਾਵਾਂਡੋਲ ਹੁੰਦੀਆਂ ਕਾਂਗਰਸ ਦੀਆਂ ਰੈਲੀਆਂ ਸਫਲ ਵੀ ਹੁੰਦੀਆਂ ਰਹੀਆਂ।

ਵਿਦੇਸ਼ਾਂ 'ਚ ਵਸਦੇ ਪੰਜਾਬੀਆਂ ਦਾ ਕੁਝ ਕਾਰਨਾਂ ਕਰਕੇ ਕੈਪਟਨ ਅਮਰਿੰਦਰ ਸਿੰਘ ਪ੍ਰਤੀ ਨਿਜੀ ਮੋਹ ਤੇ ਸਤਿਕਾਰ ਵੀ ਹੈ। ਮਸਲਨ, ਪੰਜਾਬ



*ਸੁਖਪਾਲ ਖਹਿਰਾ ਦਾ ਸਵਾਗਤ ਕਰ ਰਹੇ 'ਆਪ' ਹਮਾਇਤੀ*

ਵਿਚ ਉਨ੍ਹਾਂ ਦਾ ਬਣਿਆ ਹੋਇਆ ਹੈ। ਇਥੇ ਹੀ ਕੈਪਟਨ ਅਮਰਿੰਦਰ ਸਿੰਘ ਨੇ ਪੰਜਾਬੀਆਂ ਨਾਲ ਵਾਅਦਾ ਕੀਤਾ ਕਿ ਉਨ੍ਹਾਂ ਨੇ ਜੋ ਤਲਵੰਡੀ ਸਾਬੋ 'ਚ ਗੁਟਕਾ ਸਾਹਿਬ ਮੱਥੇ ਨਾਲ ਲਾ ਕੇ ਪੰਜਾਬ ਵਿਚੋਂ ਚਾਰ ਹਫਤਿਆਂ 'ਚ ਨਸ਼ਾ ਖਤਮ ਕਰਨ ਦੀ ਸਹੁੰ ਖਾਧੀ ਸੀ, ਉਹ ਉਸ 'ਤੇ ਕਾਇਮ ਹਨ ਅਤੇ ਕੋਸ਼ਿਸ਼ ਕਰਨਗੇ ਕਿ ਪੰਜਾਬ ਵਿਚੋਂ ਇਹ ਕੋਹੜ ਇਕ ਹਫਤੇ ਵਿਚ ਹੀ ਖਤਮ ਕਰ ਦੇਣ। ਉਨ੍ਹਾਂ ਬਿਨਾਂ ਨਾਂ ਲਏ ਕਿਹਾ ਕਿ ਚਿੱਟੇ ਦੇ ਸੌਦਾਗਰ ਕਿਹੜੇ ਹਨ ਅਤੇ ਕਿਹੜੇ ਪੁਲਿਸ ਅਫਸਰਾਂ ਦੀ ਇਸ ਵਿਚ ਭੁਗਤ ਮਿਲੀ ਹੋਈ ਹੈ? ਉਹ ਬਾਂਸ ਅਤੇ ਬੰਸਰੀ ਦੋਵਾਂ ਨੂੰ ਖਤਮ ਕਰਨ ਦਾ ਅਹਿਦ ਕਰਦੇ ਹਨ। ਬੇ ਏਰੀਆ ਦੇ ਸ਼ਹਿਰ ਮਿਲਪੀਟਸ ਦੀ ਇਸ ਰੈਲੀ ਨੇ ਸਹੀ ਅਰਥਾਂ ਵਿਚ ਕਾਂਗਰਸੀਆਂ ਦੇ ਚਿਹਰਿਆਂ 'ਤੇ ਰੌਣਕ ਲਿਆਂਦੀ ਅਤੇ ਕੈਪਟਨ ਅਮਰਿੰਦਰ ਸਿੰਘ ਦੇ ਇਸ ਸਿਆਸੀ ਟੂਰ ਨੂੰ ਭਾਗ ਲੱਗੇ।

ਆਖਰੀ ਤੇ ਪੰਜਵੀਂ ਰੈਲੀ ਨਿਊ ਯਾਰਕ ਦੇ ਪਾਣੀਆਂ ਪ੍ਰਤੀ ਹਾਈ ਕਮਾਂਡ ਦੇ ਉਲਟ ਵਿਧਾਨ ਸਭਾ 'ਚ ਸਟੈਂਡ ਲੈਣਾ, ਮਤਾ ਪਾਸ ਕਰਨਾ, ਮੰਡੀਆਂ 'ਚ ਆਪਣੇ ਸ਼ਾਸਨ ਦੌਰਾਨ ਮੰਡੀਆਂ 'ਚ ਕਿਸਾਨ ਨੂੰ ਰੁਲਣ ਨਾ ਦੇਣਾ ਅਤੇ ਪੈਸੇ ਦਾ ਭੁਗਤਾਨ ਤੁਰੰਤ ਕਰਨਾ ਅਮਰਿੰਦਰ ਸਿੰਘ ਦੇ ਖਾਤੇ 'ਚ ਹੀ ਜੁੜਦਾ ਹੈ। ਇਹੀ ਕਾਰਨ ਸੀ ਕਿ ਜਦੋਂ ਫਰਿਜ਼ਨੋ ਦੇ ਵਿਰੋਧ ਨੂੰ ਸੋਸ਼ਲ ਮੀਡੀਏ 'ਤੇ ਉਭਾਰਿਆ ਜਾ ਰਿਹਾ ਸੀ ਤਾਂ ਕੁਝ ਲੋਕਾਂ ਨੇ ਕਾਂਗਰਸਪੱਖੀ ਨਾ ਹੁੰਦਿਆਂ ਵੀ ਕੈਪਟਨ ਦੇ ਹੱਕ 'ਚ ਆਵਾਜ਼ ਉਠਾਈ ਅਤੇ ਅਜਿਹਾ ਘਟੀਆ ਵਿਰੋਧ ਕਰਨ ਤੋਂ ਰੋਕਣ ਦੀ ਅਪੀਲ ਵੀ ਕੀਤੀ।

ਪੰਜਾਬੀਆਂ ਨੇ ਤਿੰਨ ਚਾਰ ਹਫਤੇ ਅਮਰੀਕਾ ਦੀ ਧਰਤੀ 'ਤੇ ਮਘਿਆ ਹੋਇਆ ਰਾਜਸੀ ਪਿੜ ਵੇਖਿਆ। ਲਾਭ 'ਆਪ' ਨੂੰ ਹੋਵੇਗਾ ਜਾਂ 'ਕਾਂਗਰਸ' ਨੂੰ ਇਹ ਤਾਂ ਪੰਜਾਬੀ ਚੋਣਾਂ ਵਿਚ ਹੀ ਦੱਸਣਗੇ, ਪਰਵਾਸੀਆਂ ਪੰਜਾਬੀਆਂ ਦਾ ਪੰਜਾਬ ਵਿਧਾਨ ਸਭਾ ਚੋਣਾਂ 'ਤੇ ਕਿੰਨਾਂ ਕੁ ਪ੍ਰਭਾਵ ਪਵੇਗਾ ਇਹ ਵੀ ਅਜੇ ਭਵਿੱਖ ਦੇ ਗਰਭ ਵਿਚ ਹੀ ਹੈ।

# ਮਨਜੀਤ ਕੌਰ ਗਿੱਲ ਦੀ ਕਿਤਾਬ 'ਰੂਹ ਦੀ ਅੱਖ ਵਿਚੋਂ' ਰਿਲੀਜ਼

**ਸਿਆਟਲ, ਵਾਸ਼ਿੰਗਟਨ (ਬਿਊਰੋ):** ਪੰਜਾਬੀ ਲਿਖਾਰੀ ਸਭਾ ਸਿਆਟਲ ਵਲੋਂ ਮਨਜੀਤ ਕੌਰ ਗਿੱਲ ਦੀ ਕਿਤਾਬ 'ਰੂਹ ਦੀ ਅੱਖ ਵਿਚੋਂ' ਲੰਘੀ 21 ਮਈ ਨੂੰ ਰਿਲੀਜ਼ ਕੀਤੀ ਗਈ। ਮਨਜੀਤ ਗਿੱਲ ਇਸ ਤੋਂ ਪਹਿਲਾਂ ਦੋ ਹੋਰ ਕਿਤਾਬਾਂ 'ਰੂਹ ਦੇ ਰਿਸ਼ਤੇ' ਅਤੇ 'ਰੂਹ ਦੀਆਂ ਗੱਲਾਂ' ਪੰਜਾਬੀ ਮਾਂ ਬੋਲੀ ਦੀ ਝੋਲੀ ਪਾ ਚੁੱਕੀ ਹੈ। ਇਸ ਤੀਸਰੀ ਕਿਤਾਬ ਵਿਚ ਉਸ ਨੇ ਸਮਾਜਿਕ ਪੀੜਾਂ ਦੇ ਅੱਥਰੂ ਆਪਣੀ ਅੱਖੀਂ ਵਹਾਏ ਹਨ ਤੇ ਉਸ ਦੀ ਕਵਿਤਾ ਲੋਕਾਂ ਦੇ ਦੁੱਖਾਂ ਦੀ ਬਾਤ ਪਾਉਂਦੀ ਹੈ।

ਇਸ ਮੌਕੇ ਹਰਭਜਨ ਸਿੰਘ ਬੈਂਸ, ਸਵਰਾਜ ਕੌਰ, ਡਾ. ਜੇ ਬੀ ਸਿੰਘ, ਡਾ. ਜਸਬੀਰ ਕੌਰ, ਅਵਤਾਰ ਸਿੰਘ ਆਦਮਪੁਰੀ, ਸੁਰਿੰਦਰ ਕੌਰ, ਮਨਜੀਤ ਕੌਰ ਗਿੱਲ, ਸ਼ੰਗਾਰ ਸਿੰਘ ਸਿੱਧੂ, ਸਾਧੂ ਸਿੰਘ ਦਿਲਸ਼ਾਦ, ਗੁਰਮੇਲ ਕੌਰ, ਮਹਿੰਦਰ ਸਿੰਘ ਚੀਮਾ, ਸਾਧੂ ਸਿੰਘ ਝੱਜ ਅਤੇ ਸਰੀ (ਕੈਨੇਡਾ) ਤੋਂ ਵਿਸ਼ੇਸ਼ ਤੌਰ 'ਤੇ ਪਹੁੰਚੇ ਸੁਖਵਿੰਦਰ ਕੌਰ ਨੇ ਰਚਨਾਵਾਂ ਸੁਣਾਈਆਂ। ਪੰਜਾਬੀ ਮਾਂ ਬੋਲੀ, ਵਿਰਸੇ ਅਤੇ ਸਭਿਆਚਾਰ ਨੂੰ ਦਰਪੇਸ਼ ਮੁਸ਼ਕਿਲਾਂ 'ਤੇ ਵੀ ਵਿਚਾਰ-ਵਟਾਂਦਰਾ ਕੀਤਾ ਗਿਆ। ਹੋਰ ਜਾਣਕਾਰੀ ਫੋਨ 253-335-6062 ਜਾਂ 206-992-8265 ਰਾਹੀਂ ਲਈ ਜਾ ਸਕਦੀ ਹੈ।



# ਭਾਈ ਬਲੜਵਾਲ ਦਾ ਰਾਗੀ ਜਥਾ 5 ਜੂਨ ਨੂੰ ਪੁੱਜੇਗਾ ਅਮਰੀਕਾ

**ਨਿਊ ਯਾਰਕ (ਬਿਊਰੋ):** ਗੁਰਦੁਆਰਾ ਬਾਬਾ ਮੱਖਣ ਸ਼ਾਹ ਲੁਬਾਣਾ ਨਿਊ ਯਾਰਕ ਦੇ ਸੱਦੇ 'ਤੇ ਭਾਈ ਗੁਰਪ੍ਰੀਤ ਸਿੰਘ ਬਲੜਵਾਲ ਦਾ ਰਾਗੀ ਜਥਾ ਆਪਣੇ 3 ਮਹੀਨਿਆਂ ਦੇ ਟੂਰ ਲਈ ਅਗਲੇ ਹਫ਼ਤੇ ਅਮਰੀਕਾ ਆਵੇਗਾ। ਜਥਾ ਬਾਬਾ ਪ੍ਰੇਮ ਸਿੰਘ ਮੁਰਾਲੇਵਾਲਿਆਂ ਦੀ ਬਰਸੀ ਮੌਕੇ 5 ਜੂਨ ਨੂੰ ਮਨਾਈ ਸ਼ਬਦ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕਰੇਗਾ।

ਜਥੇ ਵਿਚ ਉਨ੍ਹਾਂ ਤੋਂ ਇਲਾਵਾ ਭਾਈ ਜਗਜੀਤ ਸਿੰਘ ਤੇ ਭਾਈ ਗੁਰਜੀਤ ਸਿੰਘ ਵੀ ਸ਼ਾਮਿਲ ਹਨ। ਜਥਾ ਕੈਲੀਫੋਰਨੀਆ ਅਤੇ ਸ਼ਿਕਾਗੋ ਵੀ ਜਾਏਗਾ।



*ਭਾਈ ਗੁਰਪ੍ਰੀਤ ਸਿੰਘ ਬਲੜਵਾਲ ਦਾ ਰਾਗੀ ਜਥਾ*

# ਕਰਮਨ ਪੰਜਾਬੀ ਸਕੂਲ ਵਿਚ ਹੋਇਆ 'ਸਪੈਲਿੰਗ ਬੀ' ਮੁਕਾਬਲਾ



*ਸਪੈਲਿੰਗ ਬੀ ਮੁਕਾਬਲੇ ਦੇ ਜੇਤੂ ਬੱਚੇ ਅਧਿਆਪਕਾਂ ਅਤੇ ਪ੍ਰਬੰਧਕਾਂ ਨਾਲ*

**ਫਰਿਜ਼ਨੋ (ਬਿਊਰੋ):** ਸੈਂਟਰਲ ਵੈਲੀ ਕੈਲੀਫੋਰਨੀਆ ਦੇ ਸ਼ਹਿਰ ਕਰਮਨ ਵਿਚ ਚਲਾਏ ਜਾ ਰਹੇ ਪੰਜਾਬੀ ਸਕੂਲ ਦੇ ਪ੍ਰਬੰਧਕਾਂ ਵੱਲੋਂ ਕਰਵਾਏ ਗਏ 'ਸਪੈਲਿੰਗ ਬੀ' ਮੁਕਾਬਲੇ ਵਿਚ 80 ਦੇ ਕਰੀਬ ਬੱਚਿਆਂ ਨੇ ਹਿੱਸਾ ਲਿਆ। ਵੱਖ ਵੱਖ ਗਰੁਪਾਂ ਵਿਚ ਕਰਵਾਇਆ ਗਿਆ ਇਹ ਮੁਕਾਬਲਾ ਬੱਚਿਆਂ ਲਈ ਇਕ ਚੈਲਿੰਜ ਸੀ। ਇਸ ਮੁਕਾਬਲੇ ਦਾ ਮਨੋਰਥ ਬੱਚਿਆਂ ਦੀ ਪੰਜਾਬੀ ਵਿਦਿਅਕ ਯੋਗਤਾ ਅਤੇ ਸਿੱਖ ਇਤਿਹਾਸ ਸਬੰਧੀ ਆਮ ਜਾਣਕਾਰੀ ਪਰਖਣਾ ਸੀ। ਇਸ ਤੋਂ ਇਲਾਵਾ ਪੰਜਾਬੀ ਪੜ੍ਹਨ ਅਤੇ ਲਿਖਣ ਸਮੇਂ ਸ਼ਬਦ ਜੋੜਾਂ ਪ੍ਰਤੀ ਸੁਜੱਗਤਾ ਵੀ ਪਰਖੀ ਗਈ। ਸਿੱਖ ਇਤਿਹਾਸ ਅਤੇ ਸੱਭਿਆਚਾਰ ਸਬੰਧੀ ਪ੍ਰਸ਼ਨ ਵੀ ਬੱਚਿਆਂ ਨੂੰ ਦਿੱਤੇ ਗਏ।

ਇਸ ਸਕੂਲ ਵੱਲੋਂ ਕਰਵਾਇਆ ਗਿਆ ਅਜਿਹਾ ਦੂਜਾ ਮੁਕਾਬਲਾ ਸੀ। ਦਿਲਜੋਤ ਸਿੰਘ, ਸਿਮਰਨ ਕੌਰ, ਊਦੇਵੀਰ ਸਿੰਘ, ਖੁਸ਼ਮੀਤ ਕੌਰ, ਹਰਅੰਮ੍ਰਿਤ ਸਿੰਘ ਅਤੇ ਜਸਲੀਨ ਕੌਰ ਵੱਖ ਵੱਖ ਗਰੁਪਾਂ ਵਿਚ ਅੱਵਲ ਰਹੇ। ਪ੍ਰਬੰਧਕਾਂ ਨੇ ਬੱਚਿਆਂ ਨੂੰ ਉਤਸ਼ਾਹਿਤ ਕਰਨ ਲਈ ਉਨ੍ਹਾਂ ਨੂੰ ਸਨਮਾਨ ਪੱਤਰ ਅਤੇ ਨਕਦ ਇਨਾਮ ਦਿੱਤੇ ਅਤੇ ਅਜਿਹੇ ਮੁਕਾਬਲੇ ਕਰਾਉਂਦੇ ਰਹਿਣ ਦੀ ਗੱਲ ਕਹੀ।

## ਨਾਟਕਕਾਰ ਟੋਨੀ ਬਾਤਿਸ਼ ਦਾ ਦੇਹਾਂਤ

**ਬਠਿੰਡਾ:** ਪੰਜਾਬੀ ਰੰਗਮੰਚ ਦੀ ਮਹਾਨ ਹਸਤੀ ਤੇ ਉਘੇ ਨਾਟਕਕਾਰ ਟੋਨੀ ਬਾਤਿਸ਼ ਦਾ ਦੇਹਾਂਤ ਹੋ ਗਿਆ। ਦੱਸਣਯੋਗ ਹੈ ਕਿ ਨਾਟਕਕਾਰ ਟੋਨੀ ਬਾਤਿਸ਼ ਬੀਤੇ ਦਿਨੀਂ ਬਰੇਨ ਹੈਮਰੇਜ ਹੋਣ ਤੋਂ ਬਾਅਦ ਕੋਮਾ ਵਿਚ ਸਨ। ਉਨ੍ਹਾਂ ਨੂੰ ਲੁਧਿਆਣਾ ਦੇ ਇਕ ਹਸਪਤਾਲ ਵਿਚ ਲਿਜਾਇਆ ਗਿਆ ਸੀ, ਪਰ ਹਾਲਤ ਵਿਚ ਕੋਈ ਸੁਧਾਰ ਨਾ ਹੋਣ ਉਤੇ ਉਨ੍ਹਾਂ ਨੂੰ ਬਠਿੰਡਾ ਵਿਚ ਲਿਆਉਣ ਤੋਂ ਬਾਅਦ ਨਾਮਦੇਵ ਰੋਡ ਸਥਿਤ ਹਸਪਤਾਲ ਵਿਚ ਭਰਤੀ ਕਰਵਾਇਆ ਗਿਆ ਸੀ, ਜਿਥੇ ਉਨ੍ਹਾਂ ਦੀ ਮੌਤ ਹੋ ਗਈ। ਡਾਇਰੈਕਟਰ ਨਾਟਿਅਮ ਜੈਤੋ ਕੀਰਤੀ ਕਿਰਪਾਲ ਨੇ ਦੱਸਿਆ ਕਿ ਟੋਨੀ ਬਾਤਿਸ਼ ਬੱਚਿਆਂ ਲਈ ਥੀਏਟਰ ਵਰਕਸ਼ਾਪ ਮੁਫਤ ਲਗਾਉਂਦੇ ਸੀ।

**Guru Nanak Sikh Center, Lansing, MI**
4701 Pleasant Grove, Lansing, MI 48910 Ph: 517-272-0231

**ਦੂਖ ਨਿਵਾਰਨ ਕੈਂਪ**

**10, 11 ਅਤੇ 12 ਜੂਨ, 2016**
ਸ਼ਾਮ 3 ਤੋਂ ਰਾਤ 7 ਵਜੇ ਤੱਕ



ਗੁਰਬਾਣੀ ਸ਼ਬਦ, ਸਿਮਰਨ ਅਤੇ ਜਾਪ ਰਾਹੀਂ ਰੋਗ ਅਤੇ ਦੁੱਖ ਦੂਰ ਕਰਨ ਲਈ ਇਕ ਦੂਖ ਨਿਵਾਰਨ ਕੈਂਪ 10 ਤੋਂ 12 ਜੂਨ ਤੱਕ ਲਾਇਆ ਜਾ ਰਿਹਾ ਹੈ। ਸਮੂਹ ਸੰਗਤ ਨੂੰ ਬੇਨਤੀ ਹੈ ਕਿ ਇਸ ਕੈਂਪ ਵਿਚ ਹਾਜ਼ਰੀ ਭਰ ਕੇ 'ਸਰਬ ਰੋਗ ਕਾ ਅਉਖਧ ਨਾਮ' ਗੁਰਬਾਣੀ ਦਾ ਲਾਹਾ ਲਓ ਜੀ। ਇਸ ਪ੍ਰੋਗਰਾਮ ਵਿਚ ਪ੍ਰੋ. ਸਰਬਜੀਤ ਸਿੰਘ ਗੋਬਿੰਦਪੁਰੀ ਵਿਸ਼ੇਸ਼ ਤੌਰ 'ਤੇ ਪਹੁੰਚ ਰਹੇ ਹਨ। ਉਨ੍ਹਾਂ ਨਾਲ ਫੋਨ 646-464-1818 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

ਹੋਰ ਜਾਣਕਾਰੀ ਲਈ ਸੰਪਰਕ ਕਰੋ
**ਲਾਡੀ ਮੁਲਤਾਨੀ, ਫੋਨ: 517-204-4171**
22-23



# ਚੋਣ ਨਤੀਜਿਆਂ ਨੇ ਦਿਤੇ ਸਿਆਸੀ ਧਿਰਾਂ ਦੇ ਭਵਿੱਖ ਬਾਰੇ ਵੱਡੇ ਸੰਕੇਤ

## ਖੇਤਰੀ ਧਿਰਾਂ ਵੱਲ ਵੋਟਰਾਂ ਦਾ ਵੱਧ ਉਲਾਰ



**ਨਵੀਂ ਦਿੱਲੀ**: ਪੰਜ ਸੂਬਿਆਂ ਦੇ ਵਿਧਾਨ ਸਭਾ ਚੋਣ ਨਤੀਜਿਆਂ ਨੇ ਭਾਰਤ ਦੀਆਂ ਕੌਮੀ ਸਿਆਸੀ ਧਿਰਾਂ ਦੇ ਭਵਿੱਖ ਬਾਰੇ ਵੱਡੇ ਸੰਕੇਤ ਦਿੱਤੇ ਹਨ। ਇਨ੍ਹਾਂ ਚੋਣਾਂ ਵਿਚ ਕਾਂਗਰਸ ਨੂੰ ਜਿਥੇ ਵੱਡੀ ਨਮੋਸ਼ੀ ਝੱਲਣੀ ਪਈ, ਉਥੇ ਕੇਂਦਰ ਵਿਚ ਸੱਤਾਧਾਰੀ ਭਾਜਪਾ ਨੂੰ ਕੁਝ ਰਾਹਤ ਮਿਲੀ ਹੈ, ਪਰ ਇਨ੍ਹਾਂ ਚੋਣਾਂ ਵਿਚ ਖੇਤਰੀ ਪਾਰਟੀਆਂ ਦਾ ਬੋਲਬਾਲਾ ਰਿਹਾ।

ਪੱਛਮੀ ਬੰਗਾਲ ਵਿਚ ਮੁੱਖ ਮੰਤਰੀ ਮਮਤਾ ਬੈਨਰਜੀ ਦੀ ਤ੍ਰਿਣਮੂਲ ਕਾਂਗਰਸ ਪਾਰਟੀ ਨੇ ਕਾਂਗਰਸ ਤੇ ਖੱਬੇ ਪੱਖੀ ਮੁਹਾਜ਼ ਉਤੇ ਆਧਾਰਤ ਮਹਾਜੁੱਟ ਨੂੰ ਨਾ ਸਿਰਫ ਪਛਾੜਿਆ ਸਗੋਂ ਖੱਬੇ ਮੁਹਾਜ਼ ਨੂੰ ਤਾਂ ਤੀਜੇ ਨੰਬਰ 'ਤੇ ਪਹੁੰਚਾ ਦਿੱਤਾ। ਕੇਰਲਾ ਵਿਚ ਖੱਬੇ ਪੱਖੀ ਪਾਰਟੀਆਂ ਦੀ ਅਗਵਾਈ ਵਾਲੇ ਖੱਬੇ ਪੱਖੀ ਜਮਹੂਰੀ ਮੋਰਚੇ ਨੇ ਐਲ.ਡੀ.ਐਫ ਕਾਂਗਰਸ ਦੀ ਅਗਵਾਈ ਵਾਲੇ ਯੂ.ਡੀ.ਐਫ. ਨੂੰ ਹਰਾ ਕੇ ਕਾਂਗਰਸ ਦੇ ਸੰਗਠਨ ਦੇ ਅਮਲ ਨੂੰ ਵੱਧ ਪ੍ਰਬਲ ਬਣਾ ਦਿੱਤਾ। ਉਂਜ, ਕੇਰਲਾ ਵਿਚਲੀ ਜਿੱਤ ਦੇ ਬਾਵਜੂਦ ਸੀ.ਪੀ.ਐਮ. ਨੂੰ ਬੰਗਾਲ ਵਿਚ ਜੋ ਨਮੋਸ਼ੀ ਝੱਲਣੀ ਪਈ ਹੈ, ਉਹ ਉਸ ਦੀ ਲੀਡਰਸ਼ਿਪ ਲਈ ਚਿੰਤਾ ਦਾ ਵਿਸ਼ਾ ਹੈ। ਇਹ ਮੰਨਿਆ ਜਾ ਰਿਹਾ ਹੈ ਕਿ ਸੀ.ਪੀ.ਐਮ. ਦੀ ਅਗਵਾਈ ਵਾਲੇ ਖੱਬੀ ਪੱਖੀ ਮੁਹਾਜ਼ ਵੱਲੋਂ ਕਾਂਗਰਸ ਨਾਲ ਕੀਤਾ ਗਿਆ ਗੱਠਬੰਧਨ ਖੱਬੇ-ਪੱਖੀਆਂ ਨੂੰ ਪੁੱਠਾ ਪਿਆ। ਭਾਰਤੀ ਜਨਤਾ ਪਾਰਟੀ ਲਈ ਇਹ ਚੋਣ ਨਤੀਜੇ ਖੁਸ਼ੀਆਂ ਲੈ ਕੇ ਆਏ ਹਨ। ਪਾਰਟੀ ਨੇ ਅਸਾਮ ਵਿਚ ਜਿੱਤ ਦੇ ਝੰਡੇ ਗੱਡੇ ਹਨ। ਲਗਾਤਾਰ ਤਿੰਨ ਵਾਰ ਚੋਣਾਂ ਜਿੱਤ ਕੇ ਮੁੱਖ ਮੰਤਰੀ ਬਣਦੇ ਰਹੇ ਤਰੁਣ ਗੋਗੋਈ ਨੂੰ ਇਸ ਵਾਰ ਸੱਤਾ-ਵਿਰੋਧੀ ਲਹਿਰ ਡੋਬ ਗਈ।

ਆਸਾਮ ਵਿਚ ਪਿਛਲੇ 15 ਸਾਲਾਂ ਤੋਂ ਸੱਤਾ ਵਿਚ ਕਾਇਮ ਕਾਂਗਰਸ ਦੀ ਹਕੂਮਤ ਦਾ ਭੋਗ ਪੈ ਗਿਆ। ਭਾਵੇਂ ਇਸ ਦਾ ਆਸਾਮ ਦੀਆਂ ਪ੍ਰਾਂਤਕ ਪਾਰਟੀਆਂ ਆਸਾਮ ਗਣ ਪ੍ਰੀਸ਼ਦ ਅਤੇ ਬੋਡੋਲੈਂਡ ਪੀਪਲਜ਼ ਫਰੰਟ ਨਾਲ ਗਠਜੋੜ ਸੀ, ਪਰ ਭਾਜਪਾ ਨੇ ਆਪਣੇ ਬਲਬੂਤੇ ਵੀ ਇਥੇ ਆਪਣਾ ਵੱਡਾ ਆਧਾਰ ਬਣਾ ਲਿਆ ਹੈ। ਦੂਜੇ ਚਾਰ ਰਾਜਾਂ ਵਿਚ ਚਾਹੇ ਭਾਜਪਾ ਨੂੰ ਕੋਈ ਬਹੁਤੀਆਂ ਸੀਟਾਂ ਤਾਂ ਪ੍ਰਾਪਤ ਨਹੀਂ ਹੋਈਆਂ, ਪਰ ਪਹਿਲਾਂ ਨਾਲੋਂ ਇਨ੍ਹਾਂ ਵਿਚ ਇਸ ਪਾਰਟੀ ਦੀ ਕਾਰਗੁਜ਼ਾਰੀ ਚੰਗੀ ਰਹੀ ਹੈ।

ਪੱਛਮੀ ਬੰਗਾਲ, ਆਸਾਮ, ਕੇਰਲ ਤੇ ਤਾਮਿਲਨਾਡੂ ਵਿਚ ਕਾਂਗਰਸ ਚੋਣ ਨਤੀਜਿਆਂ ਵਿਚ ਬੁਰੀ ਤਰ੍ਹਾਂ ਪਛੜ ਗਈ। ਸਭ ਤੋਂ ਵੱਡਾ ਉਲਟ-ਫੇਰ ਆਸਾਮ ਵਿਚ ਹੋਇਆ ਹੈ ਜਿਥੇ ਪਹਿਲੀ ਵਾਰ ਭਾਜਪਾ ਦੀ ਸਰਕਾਰ ਬਣੀ ਹੈ। ਪੱਛਮੀ ਬੰਗਾਲ ਵਿਚ ਮਮਤਾ ਬੈਨਰਜੀ, ਤਾਮਿਲਨਾਡੂ ਵਿਚ ਜੈਲਲਿਤਾ ਤੇ ਆਸਾਮ ਵਿਚ ਸਰਬੋਨੰਦ ਸੋਨਵਾਲਾ ਲਈ ਮੁੱਖ ਮੰਤਰੀ ਦਾ ਰਾਹ ਸਾਫ ਕਰ ਦਿੱਤਾ। ਆਸਾਮ ਵਿਚ ਭਾਜਪਾ ਨੂੰ 66, ਕਾਂਗਰਸ 18 ਤੇ ਹੋਰਨਾਂ ਨੂੰ ਪੰਜ ਸੀਟਾਂ ਮਿਲੀਆਂ ਹਨ। ਕਾਂਗਰਸ ਨੇ ਚੋਣ ਨਤੀਜਿਆਂ ਤੋਂ ਬਾਅਦ ਆਖਿਆ ਹੈ ਕਿ ਪਾਰਟੀ ਹਾਰ ਦੇ ਕਾਰਨਾਂ ਦੀ ਸਮੀਖਿਆ ਕਰ ਰਹੀ ਹੈ। ਦੂਜੇ ਪਾਸੇ ਪੱਛਮੀ ਬੰਗਾਲ ਦੇ ਚੋਣ ਨਤੀਜਿਆਂ ਨੇ ਵੀ ਖੱਬੀਆਂ ਧਿਰਾਂ ਦੀ ਸੱਤਾ ਵਿਚ ਵਾਪਸੀ ਦੀਆਂ ਕੋਸ਼ਿਸ਼ਾਂ ਨੂੰ ਫੇਲ੍ਹ ਕਰ ਦਿੱਤਾ ਹੈ। ਮਮਤਾ ਬੈਨਰਜੀ ਨੇ ਨਾ ਸਿਰਫ ਸੱਤਾ ਵਿਚ ਵਾਪਸੀ ਕੀਤੀ ਹੈ ਸਗੋਂ ਪਹਿਲਾਂ ਨਾਲੋਂ ਵੀ ਵੱਧ ਸੀਟਾਂ ਉਤੇ ਕਬਜ਼ਾ ਕੀਤਾ ਹੈ। ਪੱਛਮੀ ਬੰਗਾਲ ਦੇ ਚੋਣ ਨਤੀਜਿਆਂ ਨੇ ਦਰਸਾ ਦਿੱਤਾ ਹੈ ਕਿ ਇਥੋਂ ਦੇ ਵੋਟਰ ਖੱਬੀਆਂ ਧਿਰਾਂ ਦੀਆਂ ਨੀਤੀਆਂ ਦੇ ਖਿਲਾਫ ਹਨ। ਇਸੇ ਤਰ੍ਹਾਂ ਤਾਮਿਲਨਾਡੂ ਵਿਚ ਸ਼ੁਰੂਆਤੀ ਤੌਰ ਉੱਤੇ ਕਰੁਣਾਨਿਧੀ ਤੇ ਜੈਲਲਿਤਾ ਵਿਚ ਜ਼ਬਰਦਸਤ ਟੱਕਰ ਦੇਖਣ ਨੂੰ ਮਿਲੀ, ਪਰ ਅੰਤ ਵਿਚ ਜੈਲਲਿਤਾ ਨੇ ਬਾਜ਼ੀ ਮਾਰ ਲਈ। ਕਾਂਗਰਸ ਦੀ ਸਾਖ ਨੂੰ ਪੁੱਡੂਚੇਰੀ ਬਚਾ ਗਈ, ਜਿਥੇ ਉਹ ਡੀ.ਐਮ.ਕੇ. ਨਾਲ ਰਲ ਕੇ ਸਰਕਾਰ ਬਣਾਏਗੀ। ਭਾਜਪਾ ਇਸ ਰਾਜ ਵਿਚ ਏ.ਜੀ.ਪੀ. ਤੇ ਬੋਡੋ ਪੀਪਲਜ਼ ਫਰੰਟ ਨਾਲ ਰਲ ਕੇ ਮੈਦਾਨ ਵਿਚ ਉਤਰੀ ਸੀ। ਇਸ ਗਠਜੋੜ ਨੇ ਵਿਧਾਨ ਸਭਾ ਦੀਆਂ ਕੁੱਲ 126 ਸੀਟਾਂ ਵਿਚੋਂ 86 ਜਿੱਤ ਲਈਆਂ, ਜਦ ਕਿ ਕਾਂਗਰਸ ਨੂੰ 26, ਏ.ਡੀ.ਯੂ.ਐਫ. ਨੂੰ 13 ਤੇ ਹੋਰ ਨੂੰ ਇਕ ਸੀਟ ਮਿਲੀ। ਪਿਛਲੀਆਂ ਚੋਣਾਂ ਵਿਚ ਕਾਂਗਰਸ ਨੂੰ ਅਸਾਮ ਵਿਚ 78 ਸੀਟਾਂ ਮਿਲੀਆਂ ਸਨ। ਅਸਾਮ ਦੇ ਗੁਆਂਢੀ ਸੂਬੇ ਵਿਚ ਮੁੱਖ ਮੰਤਰੀ ਮਮਤਾ ਬੈਨਰਜੀ ਦੀ ਤ੍ਰਿਣਮੂਲ ਕਾਂਗਰਸ ਨੇ ਵਿਧਾਨ ਸਭਾ ਵਿਚ ਦੋ ਤਿਹਾਈ ਬਹੁਮਤ ਹਾਸਲ ਕਰਕੇ ਮੁੜ ਸੱਤਾ ਹਾਸਲ ਕਰ ਲਈ। ਸੂਬੇ ਦੀਆਂ ਕੁੱਲ 294 ਸੀਟਾਂ ਵਿਚੋਂ ਤ੍ਰਿਣਮੂਲ ਨੂੰ 211 ਸੀਟਾਂ ਹਾਸਲ ਹੋਈਆਂ।

## ਭਾਜਪਾ ਨੂੰ ਪੰਜਾਬ ਵਿਚ ਵੀ ਇਹੋ ਜਿਹੀ ਉਮੀਦ

**ਚੰਡੀਗੜ੍ਹ:** ਭਾਰਤੀ ਜਨਤਾ ਪਾਰਟੀ ਦੇ ਸਾਬਕਾ ਸੂਬਾ ਪ੍ਰਧਾਨ ਕਮਲ ਸ਼ਰਮਾ ਨੇ ਪੰਜ ਸੂਬਿਆਂ ਦੇ ਚੋਣ ਨਤੀਜਿਆਂ ਉਤੇ ਖੁਸ਼ੀ ਜ਼ਾਹਰ ਕਰਦਿਆਂ ਦਾਅਵਾ ਕੀਤਾ ਕਿ ਇਸ ਦਾ ਅਸਰ ਪੰਜਾਬ ਦੀ ਰਾਜਨੀਤੀ ਉਤੇ ਵੀ ਪਵੇਗਾ ਤੇ ਅਗਲੇ ਸਾਲ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਵਿਚ ਅਕਾਲੀ-ਭਾਜਪਾ ਗਠਜੋੜ ਜਿੱਤ ਦੀ ਹੈਟ੍ਰਿਕ ਮਾਰੇਗਾ। ਉਨ੍ਹਾਂ ਕਿਹਾ ਕਿ ਕਾਂਗਰਸ ਨੂੰ ਇਨ੍ਹਾਂ ਚੋਣ ਨਤੀਜਿਆਂ ਤੋਂ ਸਬਕ ਲੈਂਦਿਆਂ ਟਕਰਾਅ ਦੀ ਰਾਜਨੀਤੀ ਛੱਡ ਕੇ ਦੇਸ਼ ਦੇ ਵਿਕਾਸ ਲਈ ਮੋਦੀ ਸਰਕਾਰ ਨੂੰ ਰਚਨਾਤਮਕ ਸਹਿਯੋਗ ਦੇਣਾ ਚਾਹੀਦਾ ਹੈ। ਉਨ੍ਹਾਂ ਅਸਾਮ ਵਿਚ ਪਹਿਲੀ ਵਾਰ ਦੋ ਤਿਹਾਈ ਬਹੁਮਤ ਨਾਲ ਭਾਜਪਾ ਦੀ ਸਰਕਾਰ ਬਣਨ ਉਤੇ ਖੁਸ਼ੀ ਜ਼ਾਹਰ ਕਰਦਿਆਂ ਇਸ ਜਿੱਤ ਲਈ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਤੇ ਪਾਰਟੀ ਪ੍ਰਧਾਨ ਅਮਿਤ ਸ਼ਾਹ ਨੂੰ ਵਧਾਈ ਦਿੱਤੀ।

## ਰਾਹੁਲ ਸਿਰ ਤਾਜ ਸਜਾਉਣ ਦੀ ਤਿਆਰੀ?

**ਨਵੀਂ ਦਿੱਲੀ:** ਪੰਜ ਰਾਜਾਂ ਦੀਆਂ ਵਿਧਾਨ ਸਭਾ ਦੇ ਚੋਣ ਨਤੀਜਿਆਂ ਤੋਂ ਮਿਲੀ ਭਾਰੀ ਨਿਰਾਸ਼ਾ ਦੇ ਬਾਵਜੂਦ ਪਾਰਟੀ ਰਾਹੁਲ ਦੇ ਸਿਰ ਤਾਜ ਸਜਾ ਸਕਦੀ ਹੈ। ਪਾਰਟੀ ਦੇ ਬੁਲਾਰੇ ਰਣਦੀਪ ਸਿੰਘ ਸੁਰਜੇਵਾਲਾ ਨੇ ਰਾਹੁਲ ਗਾਂਧੀ ਨੂੰ ਕਾਂਗਰਸ ਪ੍ਰਧਾਨ ਬਣਾਏ ਜਾਣ ਵੱਲ ਇਸ਼ਾਰਾ ਕੀਤਾ ਹੈ। ਹਾਲਾਂਕਿ ਅਜਿਹੀ ਚਰਚਾ ਪਹਿਲਾਂ ਵੀ ਹੋ ਚੁੱਕੀ ਹੈ, ਪਰ ਉਸ ਵੇਲੇ ਸਾਰੀਆਂ ਸੰਭਾਵਨਾਵਾਂ ਨੂੰ ਆਨੇ-ਬਹਾਨੇ ਟਾਲ ਦਿੱਤਾ ਗਿਆ ਸੀ। ਰਾਹੁਲ ਦੇ ਕਰੀਬੀ ਮੰਨੇ ਜਾਂਦੇ ਇਕ ਹੋਰ ਕਾਂਗਰਸ ਆਗੂ ਨੇ ਕਿਹਾ ਕਿ ਰਾਹੁਲ ਨੂੰ ਤੁਸੀਂ ਜਿੰਨਾ ਸੋਚਦੇ ਹੋ ਉਸ ਤੋਂ ਜਲਦੀ ਤਰੱਕੀ ਦਿੱਤੀ ਜਾਏਗੀ।" ਸੁਰਜੇਵਾਲਾ ਨੇ ਕਿਹਾ ਕਿ "ਹਰ ਚੋਣ ਦੇ ਆਪਣੇ ਮੁੱਦੇ ਹੁੰਦੇ ਹਨ। ਅਸੀਂ ਕਿਸੇ ਇਕ ਵਿਅਕਤੀ ਤਰੁਣ ਗੋਗੋਈ ਜਾਂ ਓਮਾਨ ਚਾਂਡੀ ਦੇ ਲਿਹਾਜ ਨਾਲ ਸੂਬਿਆਂ ਦੀ ਚੋਣ ਨੂੰ ਨਹੀਂ ਦੇਖਦੇ।

## ਕੈਨੇਡਾ ਬੈਠੀ ਪਤਨੀ ਨੇ ਕਰਵਾਇਆ ਐਨ.ਆਰ.ਆਈ. ਪਤੀ ਦਾ ਕਤਲ

**ਮੁਹਾਲੀ:** 16 ਮਾਰਚ 2015 ਨੂੰ ਮੁਹਾਲੀ ਨੇੜੇ ਇਕ ਕੈਨੇਡੀਅਨ ਐਨ.ਆਰ.ਆਈ. ਜਸਕਰਨ ਸਿੰਘ ਦਾ ਕਤਲ ਕਰ ਦਿੱਤਾ ਗਿਆ ਸੀ। ਹਰ ਪਹਿਲੂ ਤੋਂ ਪੜਤਾਲ ਪਿਛੋਂ ਆਖਰ ਪੁਲਿਸ ਨੇ ਚਾਰ ਮੁਲਜ਼ਮਾਂ ਨੂੰ ਗ੍ਰਿਫਤਾਰ ਕਰ ਲਿਆ ਹੈ। ਇਹ ਕਤਲ ਮ੍ਰਿਤਕ ਦੀ ਕੈਨੇਡਾ ਬੈਠੀ ਪਤਨੀ ਨੇ ਕਰਵਾਇਆ ਸੀ। ਪੁਲਿਸ ਮੁਤਾਬਕ ਇਹ ਸੁਪਾਰੀ ਕਿਲਿੰਗ ਸੀ।

ਪੁਲਿਸ ਮੁਤਾਬਕ ਜਸਕਰਨ ਦੀ ਕੈਨੇਡਾ ਰਹਿੰਦੀ ਪਤਨੀ ਪਵਨਪ੍ਰੀਤ ਕੌਰ ਨੇ ਹੀ ਜਾਇਦਾਦ ਵਿਵਾਦ ਦੇ ਚੱਲਦੇ ਸੁਪਾਰੀ ਦੇ ਕੇ ਇਹ ਕਤਲ ਕਰਵਾਇਆ। ਮੁਲਜ਼ਮਾਂ ਨੂੰ ਵੈਸਟਰਨ ਯੂਨੀਅਨ ਰਾਹੀਂ ਕਤਲ ਲਈ ਦੋ ਲੱਖ ਰੁਪਏ ਭੇਜੇ ਗਏ ਸਨ।


ਇੰਡੀਆ ਵਿੱਚ ਕਦੇ ਇਕ ਗੋਲਡਨ ਸਟੇਟ ਹੁੰਦੀ ਸੀ ਪੰਜਾਬ ।
ਉਹ ਪੰਜਾਬ ਜਿਥੇ ਦੁਨੀਆ ਭਰ ਦੀ ਲੋਕਾਈ ਦੇ ਭਲੇ ਲਈ ਸਿੱਖ
ਗੁਰੂਆਂ ਨੇ ਅਵਤਾਰ ਧਾਰੇ । ਅਨਗਿਣਤ ਰਿਸ਼ੀਆਂ - ਮੁਨੀਆਂ ਅਤੇ
ਸੂਫ਼ੀ ਫ਼ਕੀਰਾਂ ਨੇ ਸਰਬੱਤ ਦੇ ਭਲੇ ਲਈ ਕਮਾਈਆਂ ਕੀਤੀਆਂ ।
ਗੁਰੂਆਂ ਦੀ ਅਸੀਮ ਅਸੀਸ ਸਦਕਾ ਜਗ ਜਿਤਨ ਵਾਲਾ ਮਾਨਵ
ਪੰਜਾਬੀ ਹੋਂਦ ਵਿੱਚ ਆਇਆ । ਗੁਰੂਆਂ ਨੇ ਪੰਜਾਬੀ ਨੂੰ ਪੰਜਾਬੀ
ਬੋਲੀ ਦੀ ਮਾਂ ਗੁਰਮੁਖੀ ਲਿਪੀ ਨਾਲ ਨਿਵਾਜਿਆ ।
ਪੰਜਾਬ ਨੇ ਅਨੇਕਾਂ ਸੂਰਮੇ ਅਤੇ ਯੋਧੇ ਪੈਦਾ ਕੀਤੇ ਜਿਨਾਂ ਦੇ ਕਾਰਨਾਮੇ
ਵਿਸ਼ਵ ਇਤਿਹਾਸ ਵਿੱਚ ਬੇਮਿਸਾਲ ਹਨ ।
ਪੰਜਾਬ ਨੇ ਸੰਸਾਰ ਨੂੰ ਰੂਹਾਨੀ ਇਸ਼ਕ ਕਰਨ ਵਾਲੇ ਸੱਚੇ ਆਸ਼ਿਕ ਦਿਤੇ ।
ਪੰਜਾਬ ਨੇ ਪਹਾੜ ਜਿੱਡਾ ਜਿਗਰਾ ਅਤੇ ਸੰਸਾਰ ਜਿਤਨ ਦਾ ਹੌਸਲਾ ਰਖਣ
ਵਾਲੇ ਪੰਜਾਬੀ ਪੈਦਾ ਕੀਤੇ । ਪੰਜਾਬੀਆਂ ਨੇ ਹਮੇਸ਼ਾ ਅਪਣੀ ਵਖਰੀ ਪਹਿਚਾਣ ਬਨਾਈ ।
ਹਿੰਦੁਸਤਾਨ ਦੀ ਕਿਸਮਤ ਨਾਲ ਬੱਝੇ ਹੋਏ ਪੰਜਾਬੀਆਂ ਨੇ ਗੁਲਾਮ ਹੁੰਦਿਆਂ
ਗੋਰੇ ਮਾਲਿਕਾਂ ਲਈ ਸੰਸਾਰ ਜੰਗਾਂ ਲੜੀਆਂ ਅਤੇ ਜਿੱਤੀਆਂ ।
ਹਿੰਦੁਸਤਾਨ ਦੀ ਜੰਗੇ ਆਜ਼ਾਦੀ ਵਿੱਚ ਪੰਜਾਬੀਆਂ ਨੇ ਵੱਡੀ ਭਾਈਵਾਲੀ ਕੀਤੀ
ਅਤੇ ਦੇਸ਼ ਨੂੰ ਗੁਲਾਮੀ ਤੋਂ ਬੰਦ ਖਲਾਸੀ ਦਵਾਈ ! ਪਰ.....

ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਅਹਿਲਕਾਰੋ !

ਬਹੁਤ ਜਲਦ ਆ ਰਿਹਾ ਹੈ ਇਕ ਅਜਿਹਾ




ਜੋ ਤੁਹਾਡੀ ਬੇਬਾਕ ਅਤੇ ਬੇਲਾਗ ਤਰਜਮਾਨੀ ਕਰੇਗਾ

ਕਿਉਂਕਿ ਉਸ ਲਈ ਹੈ ਪੰਜਾਬ ਨੰਬਰ 1.

# ਸਟਾਕਟਨ 'ਚ ਪੰਜਾਬੀ ਕਹਾਣੀ ਕਾਨਫਰੰਸ 7 ਅਗਸਤ ਨੂੰ

**ਸਟਾਕਟਨ (ਬਿਊਰੋ):** ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ (ਸਟਾਕਟਨ ਇਕਾਈ) ਵੱਲੋਂ ਛੇਵੀਂ ਅਮਰੀਕੀ ਪੰਜਾਬੀ ਕਹਾਣੀ ਕਾਨਫਰੰਸ ਇਸ ਵਰ੍ਹੇ 7 ਅਗਸਤ, ਐਤਵਾਰ ਨੂੰ ਰਾਇਲ ਇੰਡੀਆ ਕੁਜ਼ੀਨ ਅਤੇ ਬੈਂਕੁਇਟ ਹਾਲ (7610 Pacific Ave B-1 Stockton, CA 95207) ਵਿਖੇ ਕਰਵਾਈ ਜਾਵੇਗੀ।

ਇਸ ਸਬੰਧੀ ਫੈਸਲਾ ਪ੍ਰੋ. ਹਰਭਜਨ ਸਿੰਘ ਦੇ ਨਿਵਾਸ (ਪੈਟਰਸਨ) ਵਿਖੇ ਗੁਰਦਿਆਲ ਸਿੰਘ ਸੰਘਾ ਯਾਦਗਾਰੀ ਸਾਹਿਤਕ ਬੈਠਕ ਦੌਰਾਨ ਲਿਆ ਗਿਆ। ਇਸ ਕਾਨਫਰੰਸ ਵਿਚ ਦੋ ਖੋਜ ਪੱਤਰ ਪੜ੍ਹੇ ਜਾਣਗੇ। ਪਹਿਲਾ ਖੋਜ ਪੱਤਰ 'ਬਹੁ-ਸਭਿਆਚਾਰਕ ਡਾਇਸਪੋਰਕ ਸੰਦਰਭਾਂ ਵਿਚ ਪੰਜਾਬੀ ਪਛਾਣ ਦੀ ਬਿਰਤਾਂਤਕਾਰੀ' ਡਾ. ਜਸਵਿੰਦਰ ਸਿੰਘ (ਪ੍ਰੋਫੈਸਰ ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ) ਪੇਸ਼ ਕਰਨਗੇ ਜਦੋਂ ਕਿ ਦੂਜਾ ਪਰਚਾ 'ਦਿਸਹੱਦਿਆਂ ਦੇ ਆਰ-ਪਾਰ: ਸਭਿਆਚਾਰਕ ਸੰਵਾਦਾਂ ਦਾ ਬਿਰਤਾਂਤਕ ਪ੍ਰਵਚਨ' ਡਾ. ਧਨਵੰਤ ਕੌਰ (ਡੀਨ ਭਾਸ਼ਾਵਾਂ, ਪੰਜਾਬੀ ਯੂਨੀਵਰਸਿਟੀ,ਪਟਿਆਲਾ) ਪੜ੍ਹਨਗੇ।

ਕਾਨਫਰੰਸ ਦੌਰਾਨ ਪ੍ਰੋ. ਹਰਭਜਨ ਸਿੰਘ, ਸੁਰਿੰਦਰ ਸੋਹਲ ਤੇ ਹਰਜਿੰਦਰ ਪੰਧੇਰ ਵਲੋਂ ਸੰਪਾਦਿਤ ਨਵ-ਪ੍ਰਕਾਸ਼ਿਤ ਪਰਵਾਸੀ ਪੰਜਾਬੀ ਕਹਾਣੀ-ਸੰਗ੍ਰਿਹ 'ਦਿਸਹੱਦਿਆਂ ਦੇ ਆਰ-ਪਾਰ' ਰਿਲੀਜ਼ ਕੀਤਾ ਜਾਵੇਗਾ। ਇਸ ਸੰਗ੍ਰਿਹ ਵਿਚ ਅਮਰੀਕਾ, ਕੈਨੇਡਾ ਅਤੇ ਇੰਗਲੈਂਡ ਦੇ ਵੀਹ ਕਹਾਣੀਕਾਰਾਂ ਦੀਆਂ ਨਵੀਆਂ ਕਹਾਣੀਆਂ ਸ਼ਾਮਲ ਹਨ। ਕਾਨਫਰੰਸ ਦੇ ਦੂਜੇ ਸੈਸ਼ਨ ਵਿਚ ਕਵੀ ਦਰਬਾਰ ਹੋਵੇਗਾ। ਇਹ ਕਾਨਫਰੰਸ ਪ੍ਰਸਿੱਧ ਰੰਗ-ਕਰਮੀ (ਮਰਹੂਮ) ਗੁਰਸ਼ਰਨ ਸਿੰਘ ਭਾਅ ਜੀ ਦੀ ਲੋਕ-ਹਿਤੈਸ਼ੀ ਸਾਹਿਤਕ ਸਭਿਆਚਾਰਕ ਦੇਣ ਨੂੰ ਸਮਰਪਿਤ ਹੋਵੇਗੀ।

ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ ਦੀ ਇਸ ਬੈਠਕ ਦੇ ਸ਼ੁਰੂ ਵਿਚ ਸਭਾ ਦੇ ਪ੍ਰਧਾਨ ਹਰਜਿੰਦਰ ਪੰਧੇਰ ਨੇ ਸਭ ਨੂੰ ਜੀ ਆਇਆਂ ਆਖਿਆ। ਉਪਰੰਤ ਸਤਨਾਮ 'ਜੰਗਲਨਾਮਾ' ਨੂੰ ਸ਼ਰਧਾਂਜਲੀ ਭੇਟ ਕੀਤੀ ਗਈ, ਜਿਸ ਨੇ ਆਪਣੀ ਸਾਰੀ ਜ਼ਿੰਦਗੀ ਲੋਕ ਹਿੱਤਾਂ ਅਤੇ ਲੋਕ ਸੰਘਰਸ਼ਾਂ ਨੂੰ ਅਰਪਣ ਕੀਤੀ। ਉਸ ਦੇ ਗੌਰਵਮਈ ਸੰਘਰਸ਼ਮਈ ਜੀਵਨ ਦੇ ਬਾਵਜੂਦ, ਖੁਦਕੁਸ਼ੀ ਵਰਗੇ ਅੰਤ 'ਤੇ ਸਭਾ ਨੇ ਦੁੱਖ ਪ੍ਰਗਟਾਇਆ। ਇਸ ਦੌਰਾਨ ਕਾਲਾ ਸੰਘਿਆਂ ਸੰਘਰਸ਼ (1969-1973) ਦੇ ਸ਼ਹੀਦਾਂ ਨੂੰ ਵੀ ਯਾਦ ਕੀਤਾ ਗਿਆ, ਜਿਨ੍ਹਾਂ ਵਿਚ ਗੁਰਦਿਆਲ ਸਿੰਘ ਸੰਘਾ, ਤੇਜਾ ਸਿੰਘ ਸੰਘਾ, ਜੁਗਿੰਦਰ ਸਿੰਘ ਸੰਘਾ ਸ਼ਾਮਲ ਹਨ।



ਬੈਠਕ ਵਿਚ ਦੋ ਕਹਾਣੀਆਂ ਪੜ੍ਹੀਆਂ ਗਈਆਂ। ਪਹਿਲੀ ਕਹਾਣੀ ਮਹਿਮਾਨ ਕੈਨੇਡੀਅਨ ਕਹਾਣੀਕਾਰ ਅਮਰਜੀਤ ਚਾਹਲ ਨੇ 'ਵਿਸਾਖੀ ਦੀਆਂ ਵਧਾਈਆਂ!' ਸਰੋਤਿਆਂ ਨਾਲ ਸਾਂਝੀ ਕੀਤੀ। ਫਿਰ ਪ੍ਰਿੰਸੀਪਲ ਹਰਨੇਕ ਸਿੰਘ ਨੇ 'ਅਸਮਾਨੋਂ ਡਿੱਗਿਆ...' ਪੜ੍ਹ ਕੇ ਸੁਣਾਈ। ਦੋਹਾਂ ਕਹਾਣੀਆਂ ਬਾਰੇ ਵਿਸਥਾਰ ਸਹਿਤ ਉਸਾਰੂ ਤੇ ਸਾਰਥਕ ਚਰਚਾ ਹੋਈ, ਜਿਸ ਵਿਚ ਹਰਜਿੰਦਰ ਪੰਧੇਰ, ਪ੍ਰੋ. ਬਲਜਿੰਦਰ ਸਿੰਘ, ਮਨਦੀਪ ਗੋਰਾ, ਤਾਰਾ ਸਿੰਘ ਸਾਗਰ, ਪ੍ਰਿੰਸੀਪਲ ਹਜ਼ੂਰਾ ਸਿੰਘ, ਸਤਵਿੰਦਰ ਸਿੰਘ, ਰੁਪਿੰਦਰ ਕੌਰ, ਪਰਮਜੀਤ ਭਾਨੂੰ ਤੇ ਮ੍ਰਿਗਇੰਦਰ ਕੌਰ ਪੰਧੇਰ ਨੇ ਹਿੱਸਾ ਲਿਆ। ਅੰਤ ਵਿਚ ਪ੍ਰੋਫੈਸਰ ਹਰਭਜਨ ਸਿੰਘ ਨੇ ਕਹਾਣੀ ਲੇਖਣ ਕਲਾ ਬਾਰੇ ਕਈ ਬੁਨਿਆਦੀ ਪਹਿਲੂਆਂ ਬਾਰੇ ਆਪਣੇ ਵਿਚਾਰ ਪੇਸ਼ ਕੀਤੇ, ਇਨ੍ਹਾਂ ਵਿਚ ਘਟਨਾਵਾਂ ਦੇ ਗਲਪੀਕਰਨ ਅਤੇ ਵਿਸ਼ੇ-ਵਸਤੂ ਦੇ ਨਵੀਨੀਕਰਨ ਦੇ ਮੁੱਦੇ ਵੀ ਸ਼ਾਮਲ ਸਨ।









# ਵਾਣੀ ਦੀ ਬੁਲੰਦੀ

## ਦੱਖਣੀ ਸੁਰਬਾਲਾ ਵਾਣੀ ਜੈਰਾਮ ਦਾ ਸੰਗੀਤ



## ਕਲਾ ਪਰਿਕਰਮਾ

ਸੁਰਾਂ ਦੀ ਰਾਣੀ ਵਾਣੀ ਜੈਰਾਮ ਨੇ ਪਿਛਲੇ ਚਾਰ ਦਹਾਕਿਆਂ ਦੌਰਾਨ ਹਿੰਦੀ, ਉਰਦੂ, ਤਾਮਿਲ, ਤੈਲਗੂ, ਕੰਨੜ, ਮਲਿਆਲਮ, ਬੰਗਲਾ, ਭੋਜਪੁਰੀ, ਤੁੱਲੂ ਅਤੇ ਉੜੀਆ ਵਿਚ ਅਣਗਿਣਤ ਗੀਤ ਅਤੇ ਭਜਨ ਗਾਏ ਹਨ। ਵਾਣੀ ਤਾਮਿਲਨਾਡੂ ਦੇ ਕਸਬੇ ਵੈਲੋਰ ਵਿਚ 30 ਨਵੰਬਰ 1945 ਨੂੰ ਜਨਮੀ ਸੀ। ਉਸ ਦਾ ਸਾਰਾ ਪਰਿਵਾਰ ਸੰਗੀਤ ਨਾਲ ਜੁੜਿਆ ਹੋਇਆ ਸੀ। ਸਿੱਟੇ ਵਜੋਂ ਬਚਪਨ ਵਿਚ ਹੀ ਉਸ ਦੀ ਸੰਗੀਤ

**ਜਗਜੀਤ ਸਿੰਘ ਸੇਖੋਂ**

ਸਿਖਲਾਈ ਸ਼ੁਰੂ ਹੋ ਗਈ। ਸਭ ਤੋਂ ਪਹਿਲਾਂ ਉਸ ਨੇ ਪਟਿਆਲਾ ਘਰਾਣੇ ਨਾਲ ਸਬੰਧਤ ਉਸਤਾਦ ਅਬਦੁਲ ਰਹਿਮਾਨ ਖਾਨ ਤੋਂ ਹਿੰਦੁਸਤਾਨੀ ਕਲਾਸੀਕਲ ਸੰਗੀਤ ਦੀ ਸਿੱਖਿਆ ਲਈ। ਠੁਮਰੀ, ਭਜਨ ਅਤੇ ਗਜ਼ਲਾਂ ਬਾਰੇ ਗੁਰ



ਚੜ੍ਹਦੀ ਉਮਰ ਵੇਲੇ ਵਾਣੀ ਜੈਰਾਮ।



ਵਾਣੀ ਜੈਰਾਮ

ਸਿੱਖ ਕੇ ਉਸ ਨੇ ਪਹਿਲੀ ਵਾਰ 1969 ਵਿਚ ਮੁੰਬਈ ਵਿਚ ਪ੍ਰੋਗਰਾਮ ਪੇਸ਼ ਕੀਤਾ। ਉਥੇ ਸੰਗੀਤਕਾਰ ਵਸੰਤ ਦੇਸਾਈ ਦੀ ਨਿਗ੍ਹਾ ਉਸ ਉਤੇ ਪੈ ਗਈ। ਇਸ ਤੋਂ ਬਾਅਦ 1971 ਵਿਚ ਆਈ ਹਿੰਦੀ ਫਿਲਮ 'ਗੁੱਡੀ' ਦੇ ਸਾਰੇ ਦੇ ਸਾਰੇ ਗਾਣੇ ਵਾਣੀ ਨੇ ਹੀ ਗਾਏ। ਇਹ ਫਿਲਮ ਰਿਸ਼ੀਕੇਸ਼ ਮੁਖਰਜੀ ਨੇ ਨਿਰਦੇਸ਼ ਕੀਤੀ ਸੀ ਤੇ ਇਸ ਫਿਲਮ ਦਾ ਗੀਤ 'ਬੋਲੇ ਰੇ ਪਪੀਹਾ' ਅੱਜ ਵੀ ਹਰ ਸੰਗੀਤ ਪ੍ਰੇਮੀਆਂ ਦੀ ਜ਼ੁਬਾਨ ਉਤੇ ਹੈ। 'ਬਿਨਾਕਾ ਗੀਤ ਮਾਲਾ' ਵਿਚ ਇਹ ਗੀਤ ਖੂਬ ਵੱਜਿਆ। ਇਸ ਤੋਂ ਬਾਅਦ ਗੁਲਜ਼ਾਰ ਦੀ ਫਿਲਮ 'ਮੀਰਾ' ਜੋ 1979 ਵਿਚ ਰਿਲੀਜ਼ ਹੋਈ ਸੀ, ਵਿਚ ਉਸ ਦੇ ਗਾਏ ਭਜਨਾਂ ਨੇ ਸਭ ਨੂੰ ਮੰਤਰ-ਮੁਗਧ ਕਰ ਦਿੱਤਾ। ਇਸ ਫਿਲਮ ਵਿਚ ਵਾਣੀ ਨੇ ਕੁੱਲ 21 ਗੀਤ ਗਾਏ ਅਤੇ 'ਮੇਰੇ ਤੋ ਗਿਰਧਰ ਗੋਪਾਲ' ਗੀਤ ਲਈ ਉਸ ਨੂੰ ਸਾਲ 1980 ਦੀ ਸਰਵੋਤਮ ਗਾਇਕਾ ਦਾ ਇਨਾਮ ਮਿਲਿਆ। ਇਸ ਤੋਂ ਬਾਅਦ ਫਿਰ ਤਾਂ ਚੱਲ ਸੋ ਚੱਲ, ਉਹਨੇ ਪਿਛੇ ਮੁੜ ਕੇ ਨਹੀਂ ਦੇਖਿਆ।

ਵਾਣੀ ਨੇ ਹਿੰਦੀ ਸਿਨੇਮਾ ਦੇ ਬਹੁਤ ਸਾਰੇ ਸੰਗੀਤਕਾਰਾਂ ਲਈ ਗੀਤ ਗਾਏ ਜਿਨ੍ਹਾਂ ਵਿਚ ਚਿੱਤਰਗੁਪਤ, ਨੌਸ਼ਾਦ, ਮਦਨ ਮੋਹਨ, ਓ.ਪੀ. ਨਈਅਰ, ਆਰ.ਡੀ. ਬਰਮਨ, ਕਲਿਆਣਜੀ-ਆਨੰਦਜੀ, ਲਕਸ਼ਮੀ ਕਾਂਤ-ਪਿਆਰੇ ਲਾਲ, ਜੈਦੇਵ ਅਤੇ ਪੰਡਿਤ ਰਵੀਸ਼ੰਕਰ ਆਦਿ ਸ਼ਾਮਲ ਹਨ। ਉਹਨੇ ਆਸ਼ਾ ਭੋਸਲੇ, ਯੇਸੂਦਾਸ, ਏ. ਆਰ. (ਅੱਲਾ ਰੱਖਾ) ਰਹਿਮਾਨ, ਐਸ.ਪੀ. ਬਾਲਾਸੁਕਰਾਮਨੀਅਮ ਵਰਗੇ ਗਾਇਕਾਂ ਨਾਲ ਗੀਤ ਗਾਏ। ਅੱਜ ਦੇ ਗਾਇਕਾਂ ਬਾਰੇ ਵਾਣੀ ਕਹਿੰਦੀ ਹੈ ਕਿ ਕਿਸੇ ਗਾਇਕ ਦੀ ਦੂਜੇ ਨਾਲ ਤੁਲਨਾ ਕਰਨੀ ਠੀਕ ਨਹੀਂ ਹੈ, ਹਰ ਕਿਸੇ ਦਾ ਆਪੋ-ਆਪਣਾ ਦੌਰ, ਅੰਦਾਜ਼ ਅਤੇ ਰੰਗ ਹੁੰਦਾ ਹੈ। ਉਂਜ ਉਹ ਅਲਕਾ ਯਾਗਨਿਕ, ਸ਼੍ਰੇਆ ਘੋਸ਼ਾਲ ਦੀਆਂ ਤਾਰੀਫਾਂ ਦੇ ਪੁਲ ਬੰਨ੍ਹਦੀ ਆਖਦੀ ਹੈ ਕਿ ਅਜਿਹੇ ਉਮਦਾ ਗਾਇਕ ਸੰਗੀਤ ਦੀ ਰਵਾਇਤ ਨੂੰ ਵਧੀਆ ਢੰਗ ਨਾਲ ਅੱਗੇ ਤੋਰ ਰਹੇ ਹਨ। ਉਂਜ ਵੀ ਉਹ ਨਵੇਂ ਗਾਇਕਾਂ ਅਤੇ ਸੰਗੀਤਕਾਰਾਂ ਨੂੰ ਹੱਲਾਸ਼ੇਰੀ ਦਿੰਦੀ ਰਹਿੰਦੀ ਹੈ। ਸੰਗੀਤਕਾਰ ਏ.ਆਰ. ਰਹਿਮਾਨ ਦੀ ਉਦੋਂ ਅਜੇ ਖਾਸ ਚੜ੍ਹਤ ਨਹੀਂ ਸੀ ਹੋਈ ਅਤੇ ਵਾਣੀ ਜੈਰਾਮ ਉਸ ਦੇ ਸੱਦੇ 'ਤੇ ਇਕ ਵਿਸ਼ੇਸ਼ ਸਮਾਗਮ ਵਿਚ ਪੁੱਜ ਗਈ ਸੀ। ਉਹ ਹੁੱਬ ਕੇ ਦੱਸਦੀ ਹੈ ਕਿ ਅੱਜ ਏ.ਆਰ. ਰਹਿਮਾਨ ਕਿਸ ਬੁਲੰਦੀ ਉਤੇ ਪਹੁੰਚ ਚੁੱਕਾ ਹੈ, ਅਜਿਹੇ ਲੋਕਾਂ ਨੂੰ ਹਰ ਖੇਤਰ ਵਿਚ ਹੱਲਾਸ਼ੇਰੀ ਮਿਲਣੀ ਚਾਹੀਦੀ ਹੈ।

### ਤਾਮਿਲਨਾਡੂ ਤੋਂ ਮੁੰਬਈ ਤਕ...

*ਵਾਣੀ ਦਾ ਜਨਮ, ਪਾਲਣ-ਪੋਸ਼ਣ, ਸਿੱਖਿਆ-ਦੀਖਿਆ, ਸਭ ਤਾਮਿਲਨਾਡੂ ਵਿਚ ਹੀ ਹੋਇਆ। ਜੈਰਾਮ ਨਾਲ ਵਿਆਹ ਤੋਂ ਬਾਅਦ ਉਹ ਮੁੰਬਈ ਜਾ ਵਸੀ। ਉਹਦੇ ਕਰੀਅਰ ਵਿਚ ਉਹਦਾ ਪਤੀ ਜੈਰਾਮ ਫੁੱਲ ਬਣ ਕੇ ਖਿੜਿਆ ਅਤੇ ਇਸ ਦੇ ਨਾਲ ਹੀ ਉਹਦੇ ਨਾਂ ਨਾਲ ਸਦਾ-ਸਦਾ ਲਈ 'ਜੈਰਾਮ' ਵੀ ਜੁੜ ਗਿਆ। ਉਹ ਆਪਣੇ ਸਭ ਇਨਾਮ ਆਪਣੇ ਪਤੀ ਨੂੰ ਸਮਰਪਿਤ ਕਰਦੀ ਹੈ ਜਿਸ ਦੀ ਹੱਲਾਸ਼ੇਰੀ ਕਰ ਕੇ ਉਹ ਇਸ ਮੁਕਾਮ ਤਕ ਅੱਪੜਨ ਵਿਚ ਸਫਲ ਰਹੀ ਹੈ। ਉਸ ਦਾ ਆਖਣਾ ਹੈ ਕਿ ਅਜਿਹੀ ਹੱਲਾਸ਼ੇਰੀ ਤੋਂ ਬਗੈਰ ਉਸ ਦੀ ਆਵਾਜ਼ ਇੰਨੀ ਬੁਲੰਦ ਨਹੀਂ ਸੀ ਹੋ ਸਕਣੀ। ਮੋੜਵੇਂ ਰੂਪ ਵਿਚ ਜੈਰਾਮ ਵੀ ਉਸ ਤੇ ਉਸ ਦੀ ਕਲਾ ਦੀ ਖੂਬ ਕਦਰ ਕਰਦਾ ਹੈ।*



ਵਾਣੀ ਆਪਣੇ ਪਤੀ ਜੈਰਾਮ ਨਾਲ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 4 ਜੂਨ 2016 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-223



*ਕਾਪੀ ਉਤੇ ਨਹੀਂ ਬਣਾਉਂਦੇ ਅਧਿਆਪਕ ਹੁਣ ਤਸਵੀਰ।*
*ਆਪਾਂ ਕੋਈ ਕਮਾਲ ਵਿਖਾਈਏ, ਆਜਾ ਬਣ ਕੇ ਵੀਰ।*
*ਹੋਲੀ ਵਾਲੇ ਰੰਗਾਂ ਦੇ ਨਾਲ, ਵੇਖ ਲੈ ਕਰ ਕਮਾਲ ਦਿੱਤਾ।*
*ਫਰਸ਼ ਦੇ ਉਤੇ ਕਿੰਨਾ ਸੋਹਣਾ ਮੋਰ ਹੈ ਅਸੀਂ ਬਣਾ ਦਿੱਤਾ।*

## ਕੈਪਸ਼ਨ ਮੁਕਾਬਲਾ-221



ਹੱਥਾਂ, ਪਿੱਠਾਂ, ਲੱਤਾਂ ਉਪਰ
ਬੜੇ ਤਸ਼ੱਦਦ ਹੀ ਹੋਏ।
ਦੋਵੇਂ ਹੱਥ ਚੁੱਕ ਉਤਾਂਹ,
ਬੈਂਚਾਂ ਉਪਰ ਵੀ ਖਲੋਏ।
ਚੂੰਡੀ ਵੱਖੀ ਵਿਚ ਵਢਾਉਣੀ,
ਮੂੰਹੋਂ ਨਿੱਕਲਦੀ ਸੀ ਓਏ।
ਸਭ ਤੋਂ ਔਖਾ ਮੁਰਗੇ ਬਣਨਾ,
ਕਿੰਨੀ ਵਾਰ ਅਸੀਂ ਰੋਏ।
ਸੁਆਦ ਔਲੇ ਦਾ ਪਿੱਛੋਂ ਆਵੇ,
ਪਹਿਲਾਂ ਭਾਵੇਂ ਖੱਟਾ ਹੋਏ।
***-ਜਗਮੀਤ ਸਿੰਘ ਪੰਧੇਰ***

---

ਸਕੂਲੇ ਛੱਡ ਆਉਣ ਹਰ ਰੋਜ਼ ਘਰਦੇ
ਮਾਸਟਰ ਜੀ ਬਣਾ ਲਏ ਜਾਂਦੇ ਮੁਰਗੇ।
ਲੱਭਦੇ ਨਹੀਂ ਉਨ੍ਹਾਂ ਨੂੰ ਕਾਗਜ਼ਾਤ ਸੀ
ਆਈ ਜਰੂਰੀ ਅੱਜ ਸਰਕਾਰੀ ਡਾਕ ਸੀ।
ਇੱਲਤਾਂ ਸਾਡੀਆਂ ਗੁੱਸਾ ਚੜ੍ਹਾਇਆ ਏ
ਪੁੱਠਾ ਦਿਸੇ ਮੇਜ਼ ਜੋ ਪਿੱਛੇ ਡਾਹਿਆ ਏ।
ਮੈਡਮ ਜੀ ਨੂੰ ਕਿਹਾ ਤੁਸੀਂ ਚਾਹ ਧਰਲੋ
ਬਚਾਉਣ ਜੋ ਸਰ ਉਹ ਵੀ ਗਏ ਫਰਲੋ।
ਲੱਭੇ ਨਾ ਬਹਾਨਾ ਕਿਵੇਂ ਜਾਈਏ ਬੱਚ ਕੇ
ਮਾਫ਼ੀ ਅਸੀਂ ਮੰਗਾਂਗੇ ਕੰਨੀਂ ਹੱਥ ਧਰ ਕੇ।
***-ਸਤਵਿੰਦਰ ਥਾਂਦੀ ਦੌਲਤਪੁਰੀਆ***

---

ਨਿੱਕੇ ਹੁੰਦਿਆਂ ਹੱਥ ਮੂੰਹ ਧੋ ਕੇ
ਜਦੋਂ ਪੜ੍ਹਨ ਸਕੂਲੇ ਜਾਂਦੇ ਸੀ।
ਚਿੱਟੀ ਕਮੀਜ ਪਾ ਕੇ ਖਾਕੀ ਨਿੱਕਰ
ਉਦੋਂ ਨੱਸ ਨੱਸ ਦੌੜਾਂ ਲਾਉਂਦੇ ਸੀ।
ਸਕੂਲ ਦਾ ਕੰਮ ਬਹੁਤੇ ਆਪ ਹੀ ਕਰਦੇ
ਕੁਝ ਨਿੱਤ ਨਵਾਂ ਬਹਾਨਾ ਘੜਦੇ ਸੀ।

ਸ਼ਾਬਾਸ਼! ਪੁੱਤਰੋ ਕਰੋ ਪੜ੍ਹਾਈਆਂ
ਮਾਸਟਰ ਦੂਜਿਆਂ ਲਈ ਡੰਡਾ ਫੜ੍ਹਦੇ ਸੀ।
ਕੰਨ ਫੜ੍ਹਾਉਂਦੇ ਲੱਤਾਂ ਹੇਠੋਂ
ਫਿਰ ਉਤੋਂ ਛਿੱਤਰ ਵਰ੍ਹਨਾ ਜੀ।
'ਤੱਕਲੇ ਵਾਂਗੂ ਹੋ ਜਾਓ ਸਿੱਧੇ'
ਹੁਣ ਢੀਠ ਬਣ ਨਾ ਸਰਨਾ ਜੀ।
ਡਰ ਦੇ ਮਾਰੇ ਘਰ ਨਾ ਦੱਸਦੇ
ਬਾਪੂ ਹੋਰ ਮਾਰੂਗਾ ਯਾਰੋ ਬਈ।
ਢੂਹੀ ਦਾ ਕੀ ਵਿਗੜ ਚੱਲਿਆ
ਹੁਣ ਵੱਟ ਕਸੀਸ ਹੀ ਸਾਰੋ ਬਈ।
ਸਮਾਂ ਬਦਲਿਆ ਮਾਂ-ਪਿਓ ਬਦਲੇ
ਬੱਚੇ ਨੂੰ ਹੱਥ ਲਾਇਆਂ ਨਾ ਜਰੇ ਕੋਈ
ਬੱਚੇ ਕਹਿਣਾ ਮੰਨਣੋਂ ਹਟ ਗਏ
ਹੁਣ ਮਾਸਟਰ ਭੀ ਕੀ ਕਰੇ ਕੋਈ।
***-ਸੇਵਾ ਸਿੰਘ ਨੂਰਪੁਰੀ, ਸੈਨ ਹੋਜ਼ੇ***

---

ਮਾਸਟਰ ਕਈ ਬੜੇ ਕੱਬੇ ਹੁੰਦੇ
ਬਿਨਾਂ ਮਤਲਬ ਤਲਖੀ ਖਾ ਜਾਂਦੇ।
ਓ ਤੂੰ 'ਦਿੱਤਾ ਕੰਮ ਨਹੀਂ ਕੀਤਾ?
ਫੜ੍ਹ ਕੰਨ ਲੱਤਾਂ ਥੱਲੇ ਦੀ।
ਬਣ ਜਾ ਮੁਰਗਾ, ਹੋਰ ਉਚਾ ਹੋ,
ਨਹੀਂ ਤਾਂ ਪੈਂਦੀ ਹੈ ਬੈਂਤ।
ਡਰ ਮਾਸਟਰ ਦਾ, ਰਾਤ ਨੂੰ
ਸੁਪਨਿਆਂ 'ਚ ਵੀ ਆਵੇ
ਕੰਨ ਫੜ੍ਹਨੇ ਸੌਖਾ ਕੰਮ ਨਹੀਂ
ਪੈਰ, ਲੱਤਾਂ ਸਾਰਾ ਸਰੀਰ ਹੀ
ਨਿੰਮੋਝੂਣਾ ਜਿਹਾ ਹੋ ਜਾਂਦਾ।
ਬੋਝ ਇਸੇ ਦਾ ਫਿਰ
ਕੰਮ ਅਧੂਰਾ ਨਾ ਰਹਿੰਦਾ ਕਦੀ।
***-ਦਰਸ਼ਨਪਾਲ ਦੋਸਾਂਝ***

---

ਕੀਤੇ ਨਹੀਂ ਹੋਣੇ ਹੱਲ ਸੁਆਲ
ਮਾਸਟਰ ਜੀ ਕੀਤਾ ਇਹ ਹਾਲ।
ਕੰਨ ਫੜ੍ਹ ਕੇ ਲੱਤਾਂ ਹੇਠ ਦੀ
ਹੁਣ ਹੋਈ ਜਾਂਦੀ ਇਨ੍ਹਾਂ ਦੀ ਬੱਸ।
ਵੇਖ ਕੇ ਦੂਜੀ ਵਿਦਿਆਰਥੀ ਵੀ
ਰਹੇ ਹੋਣੇ ਨੇ ਇਨ੍ਹਾਂ 'ਤੇ ਹੱਸ।
ਡਰਦੇ ਫਿਰ ਕੰਮ ਵੀ ਸੀ ਕਰਦੇ।
ਹਿਸਾਬ ਦੇ ਫਾਰਮੂਲੇ ਚੇਤੇ ਕਰਦੇ।
ਚੰਗੇ ਨੰਬਰ ਆਉਂਦੇ ਸੀ ਫਿਰ
ਮਾਸਟਰ ਜੀ ਦੇ ਗੁਣ ਗਾਉਂਦੇ ਸੀ।
***-ਗੋਰਾ ਪ੍ਰਜਾਪਤ, ਨਿਊ ਯਾਰਕ***




**Diamond Sponsors:** Inder Dosanjh Fremont & Dublin Automotive Retailing Group Inc.

**Gold Sponsors:** S. Bhupinder (Bob) Singh Dhillon, Pilot Fuel Station Inc., S. Pritam Singh Grewal, Gakhal Bros (A&I Trucking), Mangal Singh Bhandal (Bhandal Bros), TEC Equipments, Surinder Singh Pabla (Paul Liquor)

**Silver Sponsors:** Pritam Singh Grewal (Gilroy), Hardev Singh Takhar, Sukhdev Singh Bainiwal, Dr. Hardev Singh Mangat, Inderjit Singh Thind, Harpal Singh Saran, Ravinder Singh Bainiwal, Harjeet Singh Gill, Manraj Natt, Raj Bhanot, Jasvir Singh Nahal, Charan Singh Bhandal, Sarabjot Singh Sawaddi, Jasvinder Sohal, Parminder Singh Kahlon, Sarabjit Singh Sandhu, Khusvinder Singh, SJ Yellow Cab, Gursharan Singh Sekhon, Dr. Davinder Singh Shokker

**Bronze Sponsors:** Kirpal Atwal, Kulwant Khera, Raja Sweets, Gurmeet Takhar, Surjeet Bains, GENCO, Mandeep Muhar, Kulwinder Bains, Balbir Johal, Bhadur Deol, Manjit Sandhu, Kasmir Dugha, Narinder Maheru, Pritpal Kaur, Sandeep Dhaliwal, Neetu Kahlon, Balbir Bains, Gurbux Dhillon, Premjit Takhar, Hazoor Bajwa, Jaswant Sra, Bhajan Singh, Sky Kitchen Inc., Onkar Sangha, 8 Elements Restaurant, Travel 4 Less, Avtar Bains, Sukhvir Singh, Sukhvir Mander, Kambow Inc., Baldev Dhillon, Surjit Sohal, Karj Dhillon, Raghbir (Kala) Gakhal, Auto Bhan, Sohan S. Danotta, Winchester Auto, Raja Sweets, Satwant Insurance, Skylark Limo, Bikram Singh, J. Braich, Apex Marble, Surjit Sohal, Jimmy Auto Dealership, Satinder Singh, Jagtar Otal, Pritpal Singh, Apna Punjab & Indo American, Gurpreet Sethi.

# ਪਿੰਡਾਂ ਵਿਚ ਹੱਕ ਪ੍ਰਾਪਤੀ ਲਈ ਦਲਿਤ ਭਾਈਚਾਰੇ ਦੀ ਲਾਮਬੰਦੀ

**ਸੰਗਰੂਰ:** ਪੰਚਾਇਤੀ ਜ਼ਮੀਨਾਂ ਵਿਚੋਂ ਦਲਿਤ ਭਾਈਚਾਰੇ ਲਈ ਤੀਜੇ ਹਿੱਸੇ ਦੀ ਰਾਖਵੀਂ ਜ਼ਮੀਨ ਨੂੰ ਠੇਕੇ ਉਤੇ ਦੇਣ ਦੀਆਂ ਬੋਲੀਆਂ ਦਾ ਵਿਵਾਦ ਭਖਦਾ ਜਾ ਰਿਹਾ ਹੈ। ਪਿੰਡਾਂ ਵਿਚ ਇਕਜੁੱਟ ਹੋਇਆ ਦਲਿਤ ਭਾਈਚਾਰਾ ਘੱਟ ਰੇਟ ਉਤੇ ਜ਼ਮੀਨ ਹਾਸਲ ਕਰ ਕੇ ਸਾਂਝੇ ਰੂਪ ਵਿਚ ਖੇਤੀ ਕਰਨਾ ਚਾਹੁੰਦਾ ਹੈ, ਪਰ ਪ੍ਰਸ਼ਾਸਨ ਕਾਨੂੰਨ ਅਨੁਸਾਰ ਖੁੱਲ੍ਹੀ ਬੋਲੀ ਰਾਹੀਂ ਜ਼ਮੀਨ ਦੇਣ ਦੇ ਹੱਕ ਵਿਚ ਹੈ।

ਪ੍ਰਸ਼ਾਸਨ ਅਤੇ ਦਲਿਤ ਭਾਈਚਾਰੇ ਵਿਚਕਾਰ ਗੱਲਬਾਤ ਰਾਹੀਂ ਮਾਮਲਾ ਕਿਸੇ ਤਣ ਪੱਤਣ ਨਾ ਲੱਗਣ ਕਾਰਨ ਪਿੰਡਾਂ ਵਿਚ ਤਣਾਅ ਵਾਲਾ ਮਾਹੌਲ ਪੈਦਾ ਹੋ ਰਿਹਾ ਹੈ। ਵਿਵਾਦ ਕਾਰਨ ਹੁਣ ਤੱਕ ਤਕਰੀਬਨ ਦੋ ਦਰਜਨ ਪਿੰਡਾਂ ਵਿਚ ਬੋਲੀਆਂ ਰੱਦ ਹੋ ਚੁੱਕੀਆਂ ਹਨ। ਬੋਲੀ ਤੋਂ ਨਾਖੁਸ਼ ਹੋਏ ਦੋ ਪਿੰਡਾਂ ਦੇ ਦਲਿਤ ਪਰਿਵਾਰਾਂ ਵੱਲੋਂ ਤੀਜੇ ਹਿੱਸੇ ਦੀ ਜ਼ਮੀਨ ਉਪਰ ਜਬਰੀ ਕਬਜ਼ਾ ਕਰ ਲਿਆ ਗਿਆ ਹੈ ਜਦਕਿ ਦੋ ਪਿੰਡਾਂ ਦੇ ਦਲਿਤਾਂ ਨੇ ਪਲਾਟਾਂ ਦੀ ਜ਼ਮੀਨ ਉਤੇ ਹੱਕ ਜਤਾਉਂਦਿਆਂ ਕਬਜ਼ਾ ਕੀਤਾ ਹੈ।

ਜ਼ਿਲ੍ਹਾ ਸੰਗਰੂਰ ਵਿਚ ਰਾਖਵੇਂ ਕੋਟੇ ਦੀ ਪੰਚਾਇਤੀ ਜ਼ਮੀਨ ਦੀਆਂ ਬੋਲੀਆਂ ਦਾ ਵਿਵਾਦ ਤਕਰੀਬਨ 43 ਪਿੰਡਾਂ ਤੱਕ ਫੈਲ ਚੁੱਕਿਆ ਹੈ। ਹੁਣ ਤੱਕ ਜਿਹੜੇ 10 ਪਿੰਡਾਂ ਵਿਚ ਬੋਲੀ ਹੋ ਚੁੱਕੀ ਹੈ, ਉਨ੍ਹਾਂ ਪਿੰਡਾਂ 'ਚ ਦਲਿਤ ਭਾਈਚਾਰੇ ਨੂੰ ਸਾਂਝੇ ਰੂਪ ਵਿਚ ਜ਼ਮੀਨ ਨਸੀਬ ਨਹੀਂ ਹੋਈ। ਇਨ੍ਹਾਂ ਵਿਚੋਂ ਦੋ ਪਿੰਡਾਂ ਝਨੇੜੀ ਅਤੇ ਜਲੂਰ ਵਿਚ ਦਲਿਤ ਭਾਈਚਾਰੇ ਨੇ ਬੋਲੀ ਨੂੰ ਮੰਨਣ ਤੋਂ ਇਨਕਾਰ ਕਰਦਿਆਂ ਰਾਖਵੇਂ ਕੋਟੇ ਦੀ ਜ਼ਮੀਨ ਉਪਰ ਕਬਜ਼ਾ ਕਰ ਲਿਆ ਹੈ। ਪਿੰਡ ਝਨੇੜੀ ਵਿਚ ਰਾਖਵੇਂ ਕੋਟੇ ਦੀ ਤਕਰੀਬਨ 40 ਏਕੜ ਜਦਕਿ ਜਲੂਰ ਵਿਚ ਕਰੀਬ 16 ਏਕੜ ਜ਼ਮੀਨ ਹੈ। ਬੋਲੀਆਂ ਨੂੰ ਲੈ ਕੇ ਪੈਦਾ ਹੋਏ ਵਿਵਾਦ ਕਾਰਨ ਰਾਖਵੇਂ ਕੋਟੇ ਦੀ

## ਪੰਚਾਇਤੀ ਜ਼ਮੀਨਾਂ 'ਚ ਹਿੱਸੇ ਲਈ ਸੰਘਰਸ਼ ਮੁੜ ਤਿੱਖਾ




ਤਕਰੀਬਨ 3500 ਬਿਘੇ ਜ਼ਮੀਨ ਅਜੇ ਤੱਕ ਬੋਲੀ ਦੀ ਉਡੀਕ ਵਿਚ ਹੈ। ਦਲਿਤ ਭਾਈਚਾਰੇ ਨੂੰ ਅਜੇ ਤੱਕ ਸਾਂਝੇ ਰੂਪ ਵਿਚ ਸਿਰਫ 5 ਪਿੰਡਾਂ ਦੀ 300 ਬਿਘੇ ਜ਼ਮੀਨ ਹੀ ਪ੍ਰਾਪਤ ਹੋਈ ਹੈ ਜਦਕਿ ਬਾਕੀ ਪਿੰਡਾਂ ਦੀ ਜ਼ਮੀਨ ਪ੍ਰਾਪਤੀ ਲਈ ਜਦੋਜਹਿਦ ਜਾਰੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਇਸ ਸੰਘਰਸ਼ ਦੇ ਮੋਢੀ ਪਿੰਡ ਬਾਲਦ ਕਲਾਂ ਵਿਚ ਰਾਖਵੇਂ ਕੋਟੇ ਦੀ ਤਕਰੀਬਨ 550 ਬਿਘੇ ਜ਼ਮੀਨ ਦੀ ਬੋਲੀ ਅਜੇ ਤੱਕ ਨਹੀਂ ਹੋਈ। ਪਿੰਡ ਘਰਾਚੋਂ, ਧੰਦੀਵਾਲ, ਬੌਪੁਰ, ਘਾਬਦਾਂ, ਨਦਾਮਪੁਰ, ਬੁਰਜ, ਜੌਲੀਆਂ, ਗੁਆਰਾ ਅਤੇ ਖੇੜੀ ਆਦਿ ਵਿਚ ਦੋ-ਦੋ ਵਾਰ ਰਾਖਵੀਂ ਜ਼ਮੀਨ ਦੀ ਬੋਲੀ ਮੁਲਤਵੀ ਹੋ ਚੁੱਕੀ ਹੈ ਜਦਕਿ ਭੜੋਂ, ਭੱਟੀਵਾਲ ਕਲਾਂ, ਨਾਰੀਕੇ, ਨਿਆਮਤਪੁਰ, ਨਰੈਣਗੜ੍ਹ, ਬਾਗੜੀਆਂ, ਰਾਏਧਰਾਨਾ, ਮੰਡਵੀ ਆਦਿ ਪਿੰਡਾਂ ਵਿਚ ਇਕ-ਇਕ ਵਾਰ ਬੋਲੀ ਮੁਲਤਵੀ ਹੋਈ ਹੈ। ਰਾਖਵੇਂ ਕੋਟੇ ਦੀਆਂ ਪੰਚਾਇਤੀ ਜ਼ਮੀਨਾਂ ਦੀ ਬੋਲੀਆਂ ਦਾ ਜ਼ਿਆਦਾਤਰ ਵਿਵਾਦ ਉਨ੍ਹਾਂ ਪਿੰਡਾਂ ਵਿਚ ਹਨ, ਜਿਥੇ ਦਲਿਤ ਪਰਿਵਾਰਾਂ ਦੀ ਆਪਸੀ ਏਕਤਾ ਨੂੰ ਸੰਨ੍ਹ ਲੱਗ ਚੁੱਕੀ ਹੈ, ਜਿਸ ਦੀ ਉਦਾਹਰਣ ਪਿੰਡ ਝਨੇੜੀ ਅਤੇ ਜਲੂਰ ਵਿਚ ਹੋਈਆਂ ਬੋਲੀਆਂ ਹਨ। ਪਿੰਡ ਬਾਲਦ ਕਲਾਂ ਵਿਚ ਵੀ ਕੁਝ ਪਰਿਵਾਰ ਆਪਸੀ ਸਾਂਝ ਤੋਂ ਕਿਨਾਰਾ ਕਰ ਚੁੱਕੇ ਹਨ ਜਿਸ ਕਾਰਨ ਬੋਲੀ ਦਾ ਮਾਮਲਾ ਲਟਕਿਆ ਹੋਇਆ ਹੈ। ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦਾ ਦਾਅਵਾ ਹੈ ਕਿ ਬਾਲਦ ਕਲਾਂ ਦੇ ਇਕ ਦੋ ਪਰਿਵਾਰਾਂ ਨੇ ਤਾਂ ਮੰਨਿਆ ਵੀ ਹੈ ਕਿ ਉਨ੍ਹਾਂ ਨੂੰ ਆਪਣੀਆਂ ਆਰਥਿਕ ਲੋੜਾਂ ਪੂਰੀਆਂ ਕਰਨ ਲਈ ਵੱਖ ਹੋਣ ਦਾ ਅੱਕ ਚੱਬਣਾ ਪਿਆ ਹੈ। ਇਸ ਸ਼ਰਤ ਉਤੇ ਆਰਥਿਕ ਮਦਦ ਲਈ ਹੈ ਕਿ ਉਹ ਰਾਖਵੇਂ ਕੋਟੇ ਦੀ ਜ਼ਮੀਨ ਦੀ ਬੋਲੀ ਦੇਣਗੇ।

## *ਪਿੰਡ ਬਾਲਦ ਤੋਂ ਸ਼ੁਰੂ ਹੋਇਆ ਸੀ ਸੰਘਰਸ਼*

**ਸੰਗਰੂਰ:** ਸਾਲ 2014 ਵਿਚ ਪਿੰਡ ਬਾਲਦ ਕਲਾਂ ਤੋ ਜ਼ਮੀਨ ਪ੍ਰਾਪਤੀ ਲਈ ਸ਼ੁਰੂ ਹੋਇਆ ਸੰਘਰਸ਼ ਕਈ ਮਹੀਨੇ ਜਾਰੀ ਰਿਹਾ ਸੀ। ਸੰਘਰਸ਼ ਦੌਰਾਨ ਦਲਿਤ ਪਰਿਵਾਰਾਂ ਦੇ 48 ਵਿਅਕਤੀਆਂ ਉਪਰ ਇਰਾਦਾ ਕਤਲ ਵਰਗੇ ਦੋਸ਼ਾਂ ਤਹਿਤ ਪੁਲਿਸ ਕੇਸ ਦਰਜ ਹੋਏ ਅਤੇ ਜੇਲ੍ਹ ਵੀ ਜਾਣਾ ਪਿਆ। ਇਸ ਮਗਰੋਂ 143 ਦਲਿਤ ਪਰਿਵਾਰਾਂ ਨੂੰ ਸਾਂਝੇ ਰੂਪ ਵਿਚ 550 ਬਿਘੇ ਜ਼ਮੀਨ ਪ੍ਰਾਪਤ ਹੋਈ ਸੀ। ਪਿੰਡ ਬੌਪੁਰ ਵਿਚ ਦਲਿਤਾਂ ਨੂੰ ਸਮਾਜਿਕ ਬਾਈਕਾਟ ਦਾ ਸਾਹਮਣਾ ਕਰਨਾ ਪਿਆ ਸੀ। ਜ਼ਿਲ੍ਹੇ ਦੇ ਪਿੰਡ ਮਤੋਈ ਵਿਚ ਵੀ ਸਾਲ 2014 ਵਿਚ ਏਕਤਾ ਕਲੱਬ ਦੀਆਂ ਨੌਜਵਾਨ ਕੁੜੀਆਂ ਵੱਲੋਂ ਜ਼ਮੀਨ ਪ੍ਰਾਪਤੀ ਲਈ ਸੰਘਰਸ਼ ਕਰ ਕੇ ਮਿਸਾਲ ਪੈਦਾ ਕੀਤੀ ਗਈ ਸੀ। ਦੋ ਪਿੰਡਾਂ ਖੇੜੀ ਅਤੇ ਨਦਾਮਪੁਰ ਵਿਚ ਪਲਾਟਾਂ ਦੇ ਮਾਮਲੇ ਨੂੰ ਲੈ ਕੇ ਵਿਵਾਦ ਜਿਉਂ ਦਾ ਤਿਉਂ ਬਣਿਆ ਹੋਇਆ ਹੈ। ਖੇੜੀ ਵਿਚ 56 ਪਰਿਵਾਰ 59 ਪਲਾਟਾਂ ਦੀ ਜ਼ਮੀਨ ਉਪਰ ਕਬਜ਼ਾ ਕਰ ਕੇ ਬੈਠੇ ਹਨ।

## ਦਲਿਤਾਂ ਦੇ ਏਕੇ ਦੇ ਸਿਆਸੀ ਸੰਕੇਤ

**ਚੰਡੀਗੜ੍ਹ:** ਸ਼ਾਮਲਾਟ ਜ਼ਮੀਨ ਵਿਚੋਂ ਇਕ ਤਿਹਾਈ ਹਿੱਸੇ ਦੇ ਕਾਨੂੰਨੀ ਹੱਕ ਨੂੰ ਅਮਲੀ ਰੂਪ ਵਿਚ ਲਾਗੂ ਕਰਵਾਉਣ, ਬੇਘਰਿਆਂ ਨੂੰ ਪੰਜ ਮਰਲੇ ਦੇ ਪਲਾਟ ਦੇਣ ਦੀ ਨੀਤੀ ਅਤੇ ਮੰਗ ਆਧਾਰਤ ਰੁਜ਼ਗਾਰ ਦੀ ਪਹਿਲੀ ਸਕੀਮ ਮਗਨਰੇਗਾ ਤਹਿਤ ਕੰਮ ਮੰਗਣ ਦੀ ਜਾਗਰੂਕਤਾ 32 ਫੀਸਦੀ ਦਲਿਤ ਆਬਾਦੀ ਵਾਲੇ ਸੂਬੇ ਵਿਚ ਕਈ ਨਵੇਂ ਸਿਆਸੀ ਸੰਕੇਤ ਵੀ ਦੇ ਰਹੀ ਹੈ। ਆਜ਼ਾਦੀ ਦੇ ਲਗਪਗ ਸੱਤ ਦਹਾਕਿਆਂ ਬਾਅਦ ਵੀ ਬੇਘਰਿਆਂ ਲਈ ਘਰ ਬੁਨਿਆਦੀ ਮੁੱਦਾ ਬਣੇ ਹੋਏ ਹਨ।

ਪਿੰਡਾਂ ਵਿਚ ਲੋੜਵੰਦਾਂ ਨੂੰ ਸ਼ਾਮਲਾਟ ਜ਼ਮੀਨ 'ਚੋਂ ਘਰ ਬਣਾਉਣ ਲਈ ਪੰਜ ਮਰਲੇ ਦੇ ਪਲਾਟ ਦੇਣ ਦੀ ਸਕੀਮ 2001 ਵਿਚ ਬਣਾ ਦਿੱਤੀ ਗਈ ਸੀ, ਪਰ ਅਫਸਰਾਂ ਅਤੇ ਪੰਚਾਇਤੀ ਰਾਜ ਸੰਸਥਾਵਾਂ ਦੇ ਮੋਹਰੀਆਂ ਦੀ ਮਾਨਸਿਕਤਾ ਇਸ ਨੂੰ ਲਾਗੂ ਕਰਨ ਦੇ ਰਾਹ ਦਾ ਰੋੜਾ ਬਣ ਰਹੀ ਹੈ। ਖੱਬੇ ਪੱਖੀ ਅਤੇ ਅਗਾਂਹਵਧੂ ਜਥੇਬੰਦੀਆਂ ਵੱਲੋਂ ਇਹ ਮੁੱਦਾ ਸੂਬਾਈ ਪੱਧਰ ਉਤੇ ਉਠਾਇਆ ਜਾ ਰਿਹਾ ਹੈ। ਕਈ ਥਾਂਵਾਂ ਉਤੇ ਪ੍ਰਸ਼ਾਸਨ ਨਾਲ ਟਕਰਾਅ ਦੀ ਨੌਬਤ ਵੀ ਆ ਰਹੀ ਹੈ। ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਵੱਲੋਂ ਸੱਤਾਧਾਰੀ ਆਗੂਆਂ ਦੇ ਬਾਈਕਾਟ ਦਾ ਐਲਾਨ ਕੀਤਾ ਗਿਆ ਹੈ। ਕਮੇਟੀ ਨੇ ਰਾਖਵੇਂ ਕੋਟੇ ਦੀਆਂ ਪੰਚਾਇਤੀ ਜ਼ਮੀਨਾਂ ਵਿਚੋਂ ਹੱਕ ਲੈਣ ਲਈ ਜੂਝ ਰਹੇ ਦਲਿਤ ਪਰਿਵਾਰਾਂ ਨੂੰ ਪਿੰਡਾਂ ਵਿਚ ਸੱਤਾਧਾਰੀ ਆਗੂਆਂ ਦੇ ਬਾਈਕਾਟ ਦਾ ਸੱਦਾ ਦਿੱਤਾ ਹੈ। ਸੰਘਰਸ਼ ਕਮੇਟੀ ਨੇ ਦੋਸ਼ ਲਾਇਆ ਕਿ ਸੱਤਾਧਾਰੀ ਪਾਰਟੀ ਦੀ ਸ਼ਹਿ 'ਤੇ ਇਕ ਸਾਜ਼ਿਸ਼ ਤਹਿਤ ਦਲਿਤਾਂ ਨੂੰ ਆਪਸ ਵਿਚ ਲੜਾਇਆ ਜਾ ਰਿਹਾ ਹੈ ਅਤੇ ਪੁਲਿਸ ਕੇਸ ਦਰਜ ਕਰ ਕੇ ਜੇਲ੍ਹਾਂ ਵਿਚ ਬੰਦ ਕੀਤਾ ਜਾ ਰਿਹਾ ਹੈ ਤਾਂ ਜੋ ਘੱਟ ਰੇਟ 'ਤੇ ਪੰਚਾਇਤੀ ਜ਼ਮੀਨਾਂ ਦੀ ਮੰਗ ਕਰ ਰਹੇ ਦਲਿਤਾਂ ਦੇ ਸੰਘਰਸ਼ ਨੂੰ ਦਬਾਇਆ ਜਾ ਸਕੇ।

# ਰਾਮੂਵਾਲੀਆ ਭਰਾਵਾਂ ਦਾ ਜਾਇਦਾਦ ਬਾਰੇ ਵਿਵਾਦ ਭਖਿਆ

**ਮੋਗਾ:** ਉੱਤਰ ਪ੍ਰਦੇਸ਼ ਦੇ ਕੈਬਨਿਟ ਮੰਤਰੀ ਤੇ ਸੀਨੀਅਰ ਸਮਾਜਵਾਦੀ ਆਗੂ ਬਲਵੰਤ ਸਿੰਘ ਰਾਮੂਵਾਲੀਆ ਦੇ ਪਰਵਾਸੀ ਭਰਾ ਪ੍ਰੋ. ਇਕਬਾਲ ਸਿੰਘ ਰਾਮੂਵਾਲੀਆ ਨੇ ਆਪਣੇ ਭਰਾ ਉਤੇ ਉਨ੍ਹਾਂ ਨੂੰ ਡਰਾਉਣ ਦੇ ਦੋਸ਼ ਲਾਏ। ਉਨ੍ਹਾਂ ਖਦਸ਼ਾ ਪ੍ਰਗਟਾਇਆ ਕਿ ਪੰਜਾਬ ਪੁਲਿਸ ਉਨ੍ਹਾਂ ਦੇ ਭਰਾ ਦੇ ਸਿਆਸੀ ਰਸੂਖ਼ ਹੇਠ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਕਿਸੇ ਝੂਠੇ ਮੁਕੱਦਮੇ ਵਿਚ ਫਸਾ ਸਕਦੀ ਹੈ।



ਇਕਬਾਲ ਸਿੰਘ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਪਿੰਡ ਰਾਮੂਵਾਲੀਆ ਵਿਚ ਸਥਿਤ ਉਸ ਦੀ ਤਿੰਨ ਏਕੜ ਜੱਦੀ ਜ਼ਮੀਨ ਨੂੰ ਬਲਵੰਤ ਸਿੰਘ ਹਥਿਆਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਉਨ੍ਹਾਂ ਦੇ ਭਰਾ ਨੇ ਮੋਗਾ ਪੁਲਿਸ ਦੀ ਮਦਦ ਨਾਲ ਉਨ੍ਹਾਂ ਦਾ ਜੱਦੀ ਘਰ ਵੀ ਹਥਿਆ ਲਿਆ ਹੈ। ਉਨ੍ਹਾਂ ਦੱਸਿਆ ਕਿ 1985-86 ਵਿਚ ਉਨ੍ਹਾਂ ਨੇ ਬਲਵੰਤ ਸਿੰਘ ਦੀ ਲੜਕੀ ਨੂੰ ਗੋਦ ਲਿਆ ਸੀ ਤੇ ਉਸ ਨੂੰ ਕੈਨੇਡਾ ਲੈ ਗਏ ਸਨ। ਉਨ੍ਹਾਂ ਨੇ ਉਸ ਦੀ ਪੜ੍ਹਾਈ ਤੇ ਵਿਆਹ ਦਾ ਖਰਚਾ ਕੀਤਾ। ਹੁਣ ਉਹ ਗੁੜਗਾਓਂ ਵਿਚ ਰਹਿ ਰਹੀ ਹੈ ਤੇ ਕੈਬਨਿਟ ਮੰਤਰੀ ਬਲਵੰਤ ਸਿੰਘ ਰਾਮੂਵਾਲੀਆ ਦੇ ਦਬਾਅ ਹੇਠ ਉਨ੍ਹਾਂ ਦੀ ਜਾਇਦਾਦ ਵਿਚੋਂ ਹਿੱਸਾ ਮੰਗ ਰਹੀ ਹੈ।

ਉਨ੍ਹਾਂ ਨੇ ਪੰਜਾਬ ਪੁਲਿਸ ਦੇ ਉੱਚ ਅਧਿਕਾਰੀਆਂ ਨੂੰ ਬਲਵੰਤ ਸਿੰਘ ਵੱਲੋਂ ਉਨ੍ਹਾਂ ਦੇ ਪਰਿਵਾਰ ਨੂੰ ਦਿੱਤੇ ਜਾ ਰਹੇ ਡਰਾਵਿਆਂ ਬਾਰੇ ਲਿਖਿਆ ਹੈ ਤੇ ਕਾਨੂੰਨੀ ਕਾਰਵਾਈ ਦੀ ਮੰਗ ਕੀਤੀ ਹੈ। ਇਸ ਬਾਰੇ ਜਦੋਂ ਕੈਬਨਿਟ ਮੰਤਰੀ ਬਲਵੰਤ ਸਿੰਘ ਰਾਮੂਵਾਲੀਆ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਨੇ ਆਪਣੇ ਉਤੇ ਲੱਗੇ ਦੋਸ਼ਾਂ ਨੂੰ ਨਕਾਰਦਿਆਂ ਕਿਹਾ ਕਿ ਉਨ੍ਹਾਂ ਦੀ ਲੜਕੀ ਨੂੰ ਉਨ੍ਹਾਂ ਦੇ ਭਰਾ ਨੇ ਗੋਦ ਲਿਆ ਸੀ ਤੇ ਹੁਣ ਉਨ੍ਹਾਂ ਵਿਚਕਾਰ ਜੋ ਵੀ ਵਿਵਾਦ ਹੈ, ਉਸ ਨਾਲ ਉਨ੍ਹਾਂ ਦਾ ਕੋਈ ਲੈਣਾ ਦੇਣਾ ਨਹੀਂ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਆਪਣੇ ਭਰਾ ਦੀ ਜਾਇਦਾਦ ਹਥਿਆਉਣ ਦਾ ਕੋਈ ਇਰਾਦਾ ਨਹੀਂ ਹੈ।

# ਸ਼ੇਰ-ਏ-ਪੰਜਾਬ ਦੀ ਜੱਦੀ ਹਵੇਲੀ ਉਤੇ ਭੂ-ਮਾਫੀਆ ਕਾਬਜ਼

**ਅੰਮ੍ਰਿਤਸਰ:** ਪਾਕਿਸਤਾਨੀ ਸ਼ਹਿਰਾਂ ਵਿਚ ਮਹਾਰਾਜਾ ਰਣਜੀਤ ਸਿੰਘ ਦੀਆਂ ਯਾਦਗਾਰਾਂ ਕਾਇਮ ਕਰਨ ਦੇ ਦਾਅਵੇ ਕਰਨ ਵਾਲੀ ਪਾਕਿ ਸਰਕਾਰ ਅਜੇ ਤੱਕ ਭੂ-ਮਾਫੀਆ ਦੇ ਕਬਜ਼ੇ ਵਿਚੋਂ ਮਹਾਰਾਜਾ ਰਣਜੀਤ ਸਿੰਘ ਦੇ ਜਨਮ ਸਥਾਨ ਨੂੰ ਕਬਜ਼ਾ ਮੁਕਤ ਨਹੀਂ ਕਰਵਾ ਸਕੀ। ਜ਼ਿਕਰਯੋਗ ਹੈ ਕਿ ਚਾਰ ਵਰ੍ਹੇ ਪਹਿਲਾਂ ਪਾਕਿਸਤਾਨੀ ਭੂ-ਮਾਫੀਆ ਵੱਲੋਂ ਪਲਾਜ਼ਾ ਬਣਾਏ ਜਾਣ ਹਿੱਤ ਵਿਰਾਸਤੀ ਹਵੇਲੀ ਨੂੰ ਡੇਗਣ ਦੀ ਅਰੰਭੀ ਗਈ ਕਾਰਵਾਈ ਦੇ ਤੁਰਤ ਬਾਅਦ ਇਹ ਮਾਮਲਾ ਪਾਕਿ ਸਰਕਾਰ ਸਾਹਮਣੇ ਲਿਆਉਣ ਉਤੇ ਹਵੇਲੀ ਦਾ ਵੱਡਾ ਹਿੱਸਾ ਢਾਹੇ ਜਾਣ ਤੋਂ ਬਚਾ ਲਿਆ ਗਿਆ ਪਰ ਹਵੇਲੀ ਦਾ ਅਗਲਾ ਸਾਰਾ ਹਿੱਸਾ ਢਹਿ ਗਿਆ।

ਗੁੱਜਰਾਂਵਾਲਾ ਦੀ ਪੁਰਾਣੀ ਸਬਜ਼ੀ ਮੰਡੀ ਵਿਚ ਮੌਜੂਦ ਹਵੇਲੀ ਦੀ ਉਪਰਲੀ ਮੰਜ਼ਲ ਦੇ ਕਮਰੇ ਦੇ ਬਾਹਰ ਲੱਗੀ ਪੱਥਰ ਦੀ ਸਿੱਲ੍ਹ ਉਤੇ ਅੰਗਰੇਜ਼ੀ ਤੇ ਉਰਦੂ ਵਿਚ 'ਮਹਾਰਾਜਾ ਰਣਜੀਤ ਸਿੰਘ-ਜਨਮ 2 ਨਵੰਬਰ 1780' ਉਕਰਿਆ ਹੋਇਆ ਹੈ। ਇਹ ਸਿੱਲ੍ਹ ਸੰਨ 1891 'ਚ ਗੁਜਰਾਂਵਾਲਾ ਦੇ ਡਿਪਟੀ ਕਮਿਸ਼ਨਰ ਮਿ. ਜੇ ਉਬਸਟਨ ਨੇ ਲਗਵਾਈ ਸੀ। ਹੁਣ ਇਹ ਵਿਰਾਸਤੀ ਹਵੇਲੀ ਖੰਡਰ ਦਾ ਰੂਪ ਧਾਰਨ ਕਰ ਗਈ ਹੈ ਅਤੇ ਇਸ ਦੇ ਪਿਛਲੇ ਹਿੱਸੇ ਵਿਚ ਨਾਜਾਇਜ਼ ਢੰਗ ਨਾਲ ਪਾਰਕਿੰਗ ਸ਼ੁਰੂ ਕੀਤੀ ਗਈ ਹੈ। ਕੁਝ ਸਮਾਂ ਪਹਿਲਾਂ ਪੁਲਿਸ ਨੇ ਇਥੋਂ ਨਸ਼ਾ ਅਤੇ ਜੂਆ ਖੇਡਦੇ ਅਪਰਾਧੀਆਂ ਨੂੰ ਰੰਗੇ ਹੱਥੀਂ ਕਾਬੂ ਵੀ ਕੀਤਾ ਸੀ।

ਦੱਸਣਯੋਗ ਹੈ ਕਿ ਸ਼ੇਰੇ-ਪੰਜਾਬ ਨਾਲ ਸਬੰਧਤ ਇਸ ਵਿਰਾਸਤੀ ਹਵੇਲੀ ਦੀ ਹੇਠਲੀ ਮੰਜ਼ਿਲ ਵਿਚ ਪਿਛਲੇ ਪਾਸੇ ਅਪਰੈਲ 2012 ਤੱਕ ਡੰਪ-ਹਾਊਸ (ਕੂੜਾ-ਘਰ) ਕਾਇਮ ਸੀ। ਹੁਣ ਗੁਜਰਾਂਵਾਲਾ ਜ਼ਿਲ੍ਹਾ ਪ੍ਰਸ਼ਾਸਨ ਨੇ ਇਥੋਂ ਕੂੜਾ-ਘਰ ਹਟਾ ਦਿੱਤਾ, ਪਰ ਪਾਰਕਿੰਗ ਬਣਾ ਲਈ ਗਈ।

# ਬਰਾੜ ਨੇ ਚੱਪੜਚਿੜੀ ਦੇ ਮੈਦਾਨ 'ਚ ਕੈਪਟਨ-ਬਾਦਲ ਨੂੰ ਲਲਕਾਰਿਆ

**ਮੁਹਾਲੀ:** ਕਾਂਗਰਸ ਵਿਚੋਂ ਬਾਹਰ ਕੱਢੇ ਜਾਣ ਪਿੱਛੋਂ ਪੰਜਾਬ ਵਿਚ ਨਵੀਂ ਸਿਆਸੀ ਜ਼ਮੀਨ ਤਲਾਸ਼ ਰਹੇ ਜਗਮੀਤ ਸਿੰਘ ਬਰਾੜ ਨੇ ਚੱਪੜਚਿੜੀ ਦੇ ਇਤਿਹਾਸਕ ਮੈਦਾਨ ਤੋਂ ਪੰਜਾਬ ਵਿਚ ਪਰਿਵਾਰਵਾਦ ਤੇ ਰਜਵਾੜਾਸ਼ਾਹੀ ਖਿਲਾਫ਼ ਜੰਗ ਦਾ ਐਲਾਨ ਕੀਤਾ। ਇਕੱਠ ਨੂੰ ਸੰਬੋਧਨ ਕਰਦਿਆਂ ਜਗਮੀਤ ਸਿੰਘ ਬਰਾੜ ਨੇ ਆਖਿਆ ਕਿ ਇਸ ਸਮੇਂ ਸੂਬੇ ਵਿਚ ਹਰ ਵਰਗ ਦਾ ਬੁਰਾ ਹਾਲ ਹੈ। ਇਹ ਇਕੱਠ ਕੋਈ ਸਿਆਸੀ ਨਹੀਂ ਸਗੋਂ ਪਰਿਵਾਰਵਾਦ ਤੇ ਰਜਵਾੜਾਸ਼ਾਹੀ ਦੇ ਖਿਲਾਫ਼ ਗਦਰ ਹੈ। ਨਸ਼ੇ ਦੇ ਮੁੱਦੇ ਉਤੇ ਕਿਸੇ ਦਾ ਨਾਮ ਲਏ ਬਿਨਾਂ ਜਗਮੀਤ ਸਿੰਘ ਬਰਾੜ ਨੇ ਆਖਿਆ ਕਿ ਸਾਲਾ ਤੇ ਭਣੋਈਆ ਚਿੱਟਾ ਵੇਚ ਰਹੇ ਹਨ ਜਿਸ ਕਾਰਨ ਨੌਜਵਾਨ ਪੀੜੀ ਦਾ ਬੁਰਾ ਹਾਲ ਹੋਇਆ ਪਿਆ ਹੈ। ਉਨ੍ਹਾਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਪਾਖੰਡੀ ਤੱਕ ਦੱਸਿਆ। ਉਨ੍ਹਾਂ ਆਖਿਆ ਕਿ ਨਸ਼ੇ ਦੇ ਮੁੱਦੇ ਉੱਤੇ ਕੈਪਟਨ ਤੇ ਬਾਦਲ ਇਕੋ ਹੀ ਹਨ। ਇਸ ਕਰ ਕੇ ਪੂਰੇ ਮਾਮਲੇ ਦੀ ਸੀ.ਬੀ.ਆਈ. ਜਾਂਚ ਹੋਣੀ ਚਾਹੀਦੀ ਹੈ। ਸ੍ਰੀ ਬਰਾੜ ਨੇ ਚੱਪੜਚਿੜੀ ਵਿਚ ਸ਼ਕਤੀ ਪ੍ਰਦਰਸ਼ਨ ਕਰਦਿਆਂ ਐਲਾਨ ਕੀਤਾ ਕਿ ਉਹ ਪੰਜਾਬ ਨੂੰ ਨਸ਼ਿਆਂ, ਕਿਸਾਨੀ ਕਰਜ਼ਿਆਂ, ਖ਼ੁਦਕੁਸ਼ੀਆਂ, ਪਰਿਵਾਰਵਾਦ ਅਤੇ ਰਜਵਾੜਾਸ਼ਾਹੀ ਤੋਂ ਮੁਕਤੀ ਦਿਵਾਉਣ ਲਈ



ਪੰਜਾਬ ਸੁਧਾਰ ਲਹਿਰ ਸ਼ੁਰੂ ਕਰਨਗੇ। ਉਨ੍ਹਾਂ ਆਮ ਆਦਮੀ ਪਾਰਟੀ ਵਿਚ ਜਾਣ ਜਾਂ ਭਵਿੱਖ ਵਿਚ ਕੋਈ ਨਵੀਂ ਪਾਰਟੀ ਬਣਾਉਣ ਦਾ ਜ਼ਿਕਰ ਨਹੀਂ ਕੀਤਾ।

ਆਪਣੇ 50 ਮਿੰਟ ਦੇ ਸ਼ੇਅਰੋ-ਸ਼ੇਅਰੀ, ਭਾਵੁਕ ਅਤੇ ਜੋਸ਼ੀਲੇ ਅਲੰਕਾਰਾਂ ਵਾਲੇ ਭਾਸ਼ਣ ਵਿਚ ਸ੍ਰੀ ਬਰਾੜ ਨੇ ਐਲਾਨ ਕੀਤਾ ਕਿ ਜੇ ਕੇਂਦਰ ਅਤੇ ਪੰਜਾਬ ਸਰਕਾਰ ਨੇ ਕਿਸਾਨਾਂ ਤੇ ਮਜ਼ਦੂਰਾਂ ਨੂੰ ਕਰਜ਼ਿਆਂ ਅਤੇ ਖ਼ੁਦਕੁਸ਼ੀਆਂ ਤੋਂ ਮੁਕਤੀ ਦਿਵਾਉਣ ਲਈ 15 ਅਗਸਤ ਤੱਕ ਕੋਈ ਕਾਰਗਰ ਨੀਤੀ ਨਾ ਬਣਾਈ ਤਾਂ ਉਹ ਵਿਆਪਕ ਅੰਦੋਲਨ ਸ਼ੁਰੂ ਕਰਨਗੇ। ਉਨ੍ਹਾਂ ਕਿਹਾ ਕਿ ਬਾਦਲ ਪਰਿਵਾਰ ਆਪਣੀ ਸ਼ਖ਼ਸੀ ਪੂਜਾ ਕਰਾ ਰਿਹਾ ਹੈ। ਉਨ੍ਹਾਂ ਉਪ ਮੁੱਖ ਮੰਤਰੀ ਅਤੇ ਸ੍ਰੀ ਮਜੀਠੀਆ ਦਾ ਨਾਂ ਲੈ ਕੇ ਪੰਜਾਬ ਵਿਚ ਚਿੱਟੇ ਦਾ ਕਾਰੋਬਾਰ ਕਰਨ ਦੇ ਵੀ ਦੋਸ਼ ਲਾਏ। ਉਨ੍ਹਾਂ ਜਗਦੀਸ਼ ਭੋਲੇ ਦੇ ਗਰੁੱਪ ਵੱਲੋਂ 2012 ਦੀਆਂ ਚੋਣਾਂ ਸਮੇਂ ਕੈਪਟਨ ਅਮਰਿੰਦਰ ਸਿੰਘ ਨੂੰ 10 ਕਰੋੜ ਦਾ ਚੋਣ ਫੰਡ ਦੇਣ ਦਾ ਵੀ ਦੋਸ਼ ਲਾਇਆ।

ਸਾਬਕਾ ਸੰਸਦ ਮੈਂਬਰ ਨੇ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਦੇ 25 ਸਾਲ ਰਾਜ ਕਰਨ ਦੇ ਦਾਅਵਿਆਂ ਦਾ ਮਜ਼ਾਕ ਉਡਾਉਂਦਿਆਂ ਕਿਹਾ ਕਿ ਅੱਜ ਪੰਜਾਬ ਦੇ ਲੋਕਾਂ ਦੀ ਸਭ ਤੋਂ ਵੱਧ ਨਫਰਤ ਦਾ ਪਾਤਰ ਉਪ ਮੁੱਖ ਮੰਤਰੀ ਹੀ ਹੈ। ਉਨ੍ਹਾਂ ਕਿਹਾ ਕਿ ਰਾਜ ਵਿਚ ਨਾ ਕੋਈ ਖੇਤੀ ਨੀਤੀ ਹੈ, ਨਾ ਖੇਡ, ਭਾਸ਼ਾ, ਸੱਭਿਆਚਾਰ, ਵਿੱਦਿਅਕ, ਆਰਥਿਕ ਤੇ ਸਿਹਤ ਨੀਤੀ, ਅਜਿਹੀ ਸਥਿਤੀ ਵਿਚ ਅਕਾਲੀ ਦਲ ਪੱਚੀ ਸਾਲ ਰਾਜ ਕਰਨ ਦੇ ਸੁਪਨੇ ਕਿਵੇਂ ਵੇਖ ਸਕਦਾ ਹੈ।

ਸ੍ਰੀ ਬਰਾੜ ਨੇ ਕਾਂਗਰਸ ਹਾਈ ਕਮਾਂਡ ਦੀ ਨਿਖੇਧੀ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਸੱਚ ਬੋਲਣ ਦੀ ਸਜ਼ਾ ਦਿੱਤੀ ਗਈ ਹੈ। ਇਸ ਮੌਕੇ ਉਨ੍ਹਾਂ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਵੱਲੋਂ ਕੋਮਾਗਾਟਾਮਾਰੂ ਸਾਕੇ ਲਈ ਮੁਆਫੀ ਮੰਗਣ ਦੀ ਪ੍ਰਸ਼ੰਸਾ ਕਰਦਿਆਂ ਮੁੱਖ ਮੰਤਰੀ ਬਾਦਲ ਤੋਂ ਮੰਗ ਕੀਤੀ ਕਿ ਉਹ ਆਪਣੇ ਪੁਰਖਿਆਂ ਵੱਲੋਂ ਜੈਤੋ ਮੋਰਚੇ ਵਿਚ ਨਿਭਾਈ ਸਿੱਖ ਵਿਰੋਧੀ ਭੂਮਿਕਾ ਲਈ ਤੁਰਤ ਮੁਆਫੀ ਮੰਗਣ। ਉਨ੍ਹਾਂ ਕੈਪਟਨ ਅਮਰਿੰਦਰ ਸਿੰਘ ਨੂੰ ਉਨ੍ਹਾਂ ਦੇ ਪੁਰਖਿਆਂ ਵੱਲੋਂ 1857 ਦੇ ਵਿਦਰੋਹ ਅਤੇ 1947 ਸਮੇਂ ਅੰਗਰੇਜ਼ਾਂ ਦੀ ਮਦਦ ਕਰਨ ਦੇ ਮਾਮਲਿਆਂ ਸਬੰਧੀ ਦੇਸ਼ ਤੋਂ ਮੁਆਫੀ ਮੰਗਣ ਲਈ ਕਿਹਾ। ਸ੍ਰੀ ਬਰਾੜ ਨੇ ਬੇਅਦਬੀ ਦੀਆਂ ਘਟਨਾਵਾਂ ਲਈ ਬਾਦਲ ਪਰਿਵਾਰ ਨੂੰ ਜ਼ਿੰਮੇਵਾਰ ਦੱਸਿਆ।

## ਗੈਂਗਸਟਰ ਸੁੱਖਾ ਬਾੜੇਵਾਲੀਆ ਨੂੰ ਘਰ ਵਿਚ ਮਾਰੀਆਂ ਗੋਲੀਆਂ

**ਲੁਧਿਆਣਾ:** ਸਨਅਤੀ ਸ਼ਹਿਰ ਵਿਚ ਦੋ ਗੈਂਗਸਟਰ ਗੁੱਟਾਂ ਵਿਚ ਲੜਾਈ ਹੋਈ ਜਿਸ ਵਿਚ ਗੈਂਗਸਟਰ ਸੁੱਖਾ ਬਾੜੇਵਾਲੀਆ ਨੂੰ ਘਰ ਅੰਦਰ ਦਾਖਲ ਹੋ ਕੇ ਦੂਜੇ ਧੜੇ ਸੰਜੀਵ ਸੰਨੀ ਅਤੇ ਨਾਨਕ ਨੇ ਗੋਲੀਆਂ ਮਾਰ ਦਿੱਤੀਆਂ। ਗੋਲੀਆਂ ਮਾਰਨ ਤੋਂ ਬਾਅਦ ਮੁਲਜ਼ਮ ਲਲਕਾਰੇ ਮਾਰਦੇ ਹੋਏ ਫਰਾਰ ਹੋ ਗਏ। ਸੁੱਖੇ ਨੂੰ ਉਸ ਦੀ ਪਤਨੀ ਅਤੇ ਆਸ ਪਾਸ ਦੇ ਲੋਕਾਂ ਨੇ ਡੀ.ਐਮ.ਸੀ. ਹਸਪਤਾਲ ਵਿਚ ਦਾਖਲ ਕਰਾਇਆ ਹੈ। ਸੁੱਖਾ ਬਾੜੇਵਾਲੀਆ 'ਤੇ ਤਕਰੀਬਨ 19 ਵੱਖ-ਵੱਖ ਕੇਸ ਦਰਜ ਹਨ। ਉਹ ਮਾਣਕਵਾਲ ਇਲਾਕੇ ਵਿਚ ਕਿਰਾਏ ਦੇ ਕਮਰੇ ਵਿਚ ਰਹਿੰਦਾ ਹੈ ਅਤੇ ਕੁਝ ਸਮਾਂ ਪਹਿਲਾਂ ਹੀ ਉਸ ਦਾ ਵਿਆਹ ਹੋਇਆ ਸੀ।

ਪੁਲਿਸ ਮੁਤਾਬਕ ਸੁੱਖਾ ਆਪਣੇ ਘਰ ਵਿਚ ਬੈਠਾ ਹੋਇਆ ਸੀ ਤਾਂ ਰਾਤ ਤਕਰੀਬਨ ਅੱਠ ਤੋਂ ਸਾਢੇ ਅੱਠ ਵਜੇ ਦੌਰਾਨ ਦੂਜੇ ਗੁੱਟ ਦੇ ਸਾਥੀ ਸੰਜੀਵ ਸੰਨੀ ਅਤੇ ਨਾਨਕ ਆਪਣੇ ਦੋ ਹੋਰ ਸਾਥੀਆਂ ਨਾਲ ਉਥੇ ਆਏ। ਪਹਿਲਾਂ ਉਨ੍ਹਾਂ ਸੁੱਖੇ ਨਾਲ ਮੁਲਾਕਾਤ ਕੀਤੀ ਅਤੇ ਕੁਝ ਚਿਰ ਬਾਅਦ ਬਹਿਸ ਕਰਦੇ ਹੋਏ ਉਸ ਉਤੇ ਤਿੰਨ ਗੋਲੀਆਂ ਚਲਾ ਦਿੱਤੀਆਂ।

# ਜ਼ਿੰਦਗੀ ਦੀ ਥਾਂ ਮੌਤ ਵੰਡਣ ਲੱਗੇ ਪੰਜਾਬ ਦੇ ਸਰਕਾਰੀ ਹਸਪਤਾਲ

**ਚੰਡੀਗੜ੍ਹ:** ਪੰਜਾਬ ਦੇ ਸਰਕਾਰੀ ਹਸਪਤਾਲਾਂ ਵਿਚ ਹੁਣ ਮੌਤਾਂ ਦੀ ਗਿਣਤੀ ਵਧਣ ਲੱਗੀ ਹੈ। ਆਰ.ਟੀ.ਆਈ. ਤਹਿਤ ਮਿਲੇ ਵੇਰਵਿਆਂ ਅਨੁਸਾਰ ਲੁਧਿਆਣਾ ਦੇ ਸਿਵਲ ਹਸਪਤਾਲ ਵਿਚ ਚਾਰ ਵਰ੍ਹਿਆਂ ਵਿਚ 3,145 ਮੌਤਾਂ ਹੋਈਆਂ ਹਨ। ਇਸ ਹਸਪਤਾਲ ਵਿਚ ਹਰ ਵਰ੍ਹੇ ਔਸਤਨ 786 ਮਰੀਜ਼ ਦਮ ਤੋੜ ਜਾਂਦੇ ਹਨ। ਮਾਲਵਾ ਖਿੱਤੇ ਵਿਚੋਂ ਬਰਨਾਲਾ ਦੇ ਸਿਵਲ ਹਸਪਤਾਲ ਵਿਚ ਹਰ ਵਰ੍ਹੇ 116 ਮੌਤਾਂ ਹੁੰਦੀਆਂ ਹਨ। ਔਸਤਨ ਹਰ ਤੀਜੇ ਦਿਨ ਇਕ ਮਰੀਜ਼ ਦੀ ਮੌਤ ਹੁੰਦੀ ਹੈ। ਪ੍ਰਵਾਨਿਤ 21 ਡਾਕਟਰਾਂ ਵਿਚੋਂ ਸਿਰਫ ਤਿੰਨ ਅਸਾਮੀਆਂ ਖਾਲੀ ਹਨ। ਸਾਲ 2007 ਤੋਂ ਫਰਵਰੀ 2016 ਤੱਕ ਇਸ ਹਸਪਤਾਲ ਵਿਚ 1048 ਮਰੀਜ਼ ਮੌਤ ਦੇ ਮੂੰਹ ਜਾ ਪਏ ਹਨ। ਸਿਵਲ ਸਰਜਨ ਬਰਨਾਲਾ ਡਾ. ਕੇ.ਐਸ. ਸੈਣੀ ਆਖਦੇ ਹਨ ਕਿ ਹਸਪਤਾਲ ਵਿਚ ਵਧੇਰੇ ਰੈਫਰ ਕੀਤੇ ਹੋਏ ਅਤੇ ਗੰਭੀਰ ਕੇਸ ਆਉਂਦੇ ਹਨ। ਮਰੀਜ਼ਾਂ ਦੀ ਭੀੜ ਜ਼ਿਆਦਾ ਹੈ, ਜਿਸ ਕਰ ਕੇ ਮੌਤਾਂ ਦੀ ਗਿਣਤੀ ਦਾ ਅਨੁਪਾਤ ਜ਼ਿਆਦਾ ਜਾਪਦਾ ਹੈ।



ਰੋਪੜ ਦੇ ਸਿਵਲ ਹਸਪਤਾਲ ਵਿਚ ਹਰ ਵਰ੍ਹੇ ਔਸਤਨ 114 ਮੌਤਾਂ ਹੋ ਜਾਂਦੀਆਂ ਹਨ। ਨੌਂ ਵਰ੍ਹਿਆਂ ਵਿਚ 1034 ਮੌਤਾਂ ਹੋਈਆਂ ਹਨ। ਇਥੇ 23 ਡਾਕਟਰ ਤਾਇਨਾਤ ਹਨ ਅਤੇ ਚਾਰ ਅਸਾਮੀਆਂ ਖਾਲੀ ਹਨ। ਮੁਹਾਲੀ ਦੇ ਹਸਪਤਾਲ ਵਿਚ ਨੌਂ ਵਰ੍ਹਿਆਂ ਵਿਚ 217 ਮੌਤਾਂ ਹੋਈਆਂ ਹਨ ਅਤੇ ਇਥੇ ਡਾਕਟਰਾਂ ਦੀ ਗਿਣਤੀ 40 ਹੈ। ਫਰੀਦਕੋਟ ਦੇ ਸਿਵਲ ਹਸਪਤਾਲ ਵਿਚ ਨੌਂ ਵਰ੍ਹਿਆਂ ਵਿਚ 444 ਮਰੀਜ਼ਾਂ ਨੇ ਦਮ ਤੋੜਿਆ ਹੈ। ਇਥੇ ਡਾਕਟਰਾਂ ਦੀ ਮਨਜ਼ੂਰ ਗਿਣਤੀ 110 ਹੈ ਅਤੇ 41 ਅਸਾਮੀਆਂ ਖਾਲੀ ਹਨ। ਗੜ੍ਹਸ਼ੰਕਰ ਦੇ ਸਿਵਲ ਹਸਪਤਾਲ ਵਿਚ ਔਸਤਨ ਸਾਲਾਨਾ 49 ਮਰੀਜ਼ ਦਮ ਤੋੜਦੇ ਹਨ। ਪਿਛਲੇ ਨੌਂ ਵਰ੍ਹਿਆਂ ਵਿਚ ਮੁਕਤਸਰ ਦੇ ਸਿਵਲ ਹਸਪਤਾਲ ਵਿਚ 280 ਮੌਤਾਂ, ਰਾਮਪੁਰਾ ਫੂਲ ਦੇ ਹਸਪਤਾਲ ਵਿਚ 685 ਮੌਤਾਂ, ਬਠਿੰਡਾ ਦੇ ਚਿਲਡਰਨ ਤੇ ਜਨਰਲ ਹਸਪਤਾਲ ਵਿਚ 176 ਮੌਤਾਂ ਅਤੇ ਤਲਵੰਡੀ ਸਾਬੋ ਦੇ ਹਸਪਤਾਲ ਵਿਚ 165 ਮੌਤਾਂ ਹੋਈਆਂ। ਕੁਰਾਲੀ ਦੇ ਸਿਵਲ ਹਸਪਤਾਲ ਵਿਚ ਨੌਂ ਵਰ੍ਹਿਆਂ ਵਿਚ 113, ਬੁਢਲਾਡਾ ਹਸਪਤਾਲ ਵਿਚ 68, ਗਿੱਦੜਬਾਹਾ ਹਸਪਤਾਲ ਵਿਚ 46 ਅਤੇ ਸ਼ਾਮ ਚੁਰਾਸੀ ਦੇ ਸਿਵਲ ਹਸਪਤਾਲ ਵਿਚ 28 ਮੌਤਾਂ ਹੋਈਆਂ ਹਨ।

ਡਾਕਟਰਾਂ ਦਾ ਕਹਿਣਾ ਹੈ ਕਿ ਸਰਕਾਰ ਵੱਲੋਂ ਉਨ੍ਹਾਂ ਨੂੰ ਹੋਰ ਸਕੀਮਾਂ ਵਿਚ ਜ਼ਿਆਦਾ ਸਮਾਂ ਉਲਝਾ ਕੇ ਰੱਖਿਆ ਜਾਂਦਾ ਹੈ। ਜਾਣਕਾਰੀ ਅਨੁਸਾਰ ਮੁੱਖ ਮੰਤਰੀ ਦੇ ਪਿੰਡ ਬਾਦਲ ਦੇ ਸਿਵਲ ਹਸਪਤਾਲ ਵਿਚ ਐਮਰਜੈਂਸੀ ਦੀ ਸਹੂਲਤ ਤਾਂ ਹੈ ਪਰ ਅਜ ਤੱਕ ਇਥੇ ਐਮਰਜੈਂਸੀ ਅਟੈਂਡ ਨਹੀਂ ਹੋਈ। ਐਮਰਜੈਂਸੀ ਕੇਸਾਂ ਨੂੰ ਇਸ ਹਸਪਤਾਲ ਦੇ ਡਾਕਟਰ ਲੰਬੀ ਭੇਜ ਦਿੰਦੇ ਹਨ। ਪੈਰਾ ਮੈਡੀਕਲ ਐਂਡ ਹੈਲਥ ਐਂਪਲਾਈਜ਼ ਫਰੰਟ ਦੇ ਸੂਬਾਈ ਪ੍ਰਧਾਨ ਸਵਰਨਜੀਤ ਸਿੰਘ ਦਾ ਕਹਿਣਾ ਹੈ ਕਿ ਆਬਾਦੀ ਦਾ ਵੱਡਾ ਹਿੱਸਾ ਸਰਕਾਰੀ ਹਸਪਤਾਲਾਂ 'ਤੇ ਨਿਰਭਰ ਹੈ ਅਤੇ ਚੇਤਨਾ ਦੀ ਕਮੀ ਕਰ ਕੇ ਬਿਮਾਰੀ ਹੱਦੋਂ ਵਧਣ ਮਗਰੋਂ ਮਰੀਜ਼ ਹਸਪਤਾਲ ਪੁੱਜਦੇ ਹਨ, ਜੋ ਮੌਤਾਂ ਵਧਣ ਦਾ ਮੁੱਖ ਕਾਰਨ ਹੈ। ਦੂਜਾ ਕਾਰਨ ਐਮਰਜੈਂਸੀ ਸੇਵਾਵਾਂ ਵਿਚ ਸਟਾਫ਼ ਦੀ ਵੱਡੀ ਕਮੀ ਤੇ ਸਰਕਾਰੀ ਡਾਕਟਰਾਂ ਵੱਲੋਂ ਪ੍ਰਾਈਵੇਟ ਪ੍ਰੈਕਟਿਸ ਨੂੰ ਤਰਜੀਹ ਦੇਣਾ ਹੈ। ਸਿਹਤ ਵਿਭਾਗ ਪੰਜਾਬ ਦੇ ਡਾਇਰੈਕਟਰ ਐਚ.ਐਸ. ਬਾਲੀ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਧਿਆਨ ਵਿਚ ਅਜਿਹੇ ਤੱਥ ਨਹੀਂ ਹਨ ਅਤੇ ਹਸਪਤਾਲਾਂ ਦੀਆਂ ਸੇਵਾਵਾਂ ਵਿਚ ਕਾਫੀ ਸੁਧਾਰ ਹੋਇਆ ਹੈ। ਉਨ੍ਹਾਂ ਆਖਿਆ ਕਿ ਹਸਪਤਾਲਾਂ 'ਤੇ ਨਿਰਭਰ ਆਬਾਦੀ ਜ਼ਿਆਦਾ ਹੈ, ਇਸ ਦੇ ਬਾਵਜੂਦ ਇਲਾਜ ਦੀ ਗੁਣਵਤਾ ਵਧੀ ਹੈ।

### ਸਰਕਾਰੀ ਹਸਪਤਾਲਾਂ ਵਿਚ ਮਰੀਜ਼ ਦੁੱਗਣੇ ਹੋਏ

**ਚੰਡੀਗੜ੍ਹ:** ਸਰਕਾਰੀ ਹਸਪਤਾਲਾਂ ਵਿਚ ਮਰੀਜ਼ਾਂ ਦੀ ਆਮਦ ਵੀ ਵਧੀ ਹੈ। ਲੁਧਿਆਣਾ ਦੇ ਹਸਪਤਾਲ ਵਿਚ ਸਾਲ 2007 ਵਿਚ 34,122 ਮਰੀਜ਼ ਦਾਖਲ ਹੋਏ, ਜਦੋਂ ਕਿ ਸਾਲ 2015 ਵਿਚ ਇਹ ਗਿਣਤੀ 61,961 ਹੋ ਗਈ।

ਬਰਨਾਲਾ ਹਸਪਤਾਲ ਵਿਚ ਦਾਖਲ ਮਰੀਜ਼ਾਂ ਦੀ ਸਾਲ 2007 ਵਿਚ ਗਿਣਤੀ 10 ਹਜ਼ਾਰ ਅਤੇ ਸਾਲ 2015 ਵਿਚ 17,257 ਹੋ ਗਈ। ਮੁਕਤਸਰ ਦੇ ਹਸਪਤਾਲ ਵਿਚ ਸਾਲ 2008 ਵਿਚ ਚਾਰ ਹਜ਼ਾਰ ਮਰੀਜ਼ ਦਾਖਲ ਹੋਏ ਅਤੇ ਸਾਲ 2015 ਵਿਚ ਇਹ ਗਿਣਤੀ 12,188 ਹੋ ਗਈ। ਮੁਹਾਲੀ ਦੇ ਹਸਪਤਾਲ ਵਿਚ ਦਾਖਲ ਮਰੀਜ਼ਾਂ ਦੀ ਗਿਣਤੀ ਨੌਂ ਵਰ੍ਹਿਆਂ ਵਿਚ ਦੁੱਗਣੀ ਹੋ ਗਈ ਹੈ।

# ਜਾਟ ਅੰਦੋਲਨ: ਲਾਪਰਵਾਹ ਅਫਸਰਾਂ ਦੀ ਆਈ ਸ਼ਾਮਤ

**ਚੰਡੀਗੜ੍ਹ:** ਹਰਿਆਣਾ ਸਰਕਾਰ ਨੇ ਜਾਟ ਰਾਖਵਾਂਕਰਨ ਅੰਦੋਲਨ ਨਾਲ ਨਜਿੱਠਣ ਲਈ ਆਪਣੀ ਡਿਊਟੀ ਵਿਚ ਕੋਤਾਹੀ ਤੇ ਲਾਪਰਵਾਹੀ ਦਿਖਾਉਣ ਦੇ ਦੋਸ਼ ਵਿਚ ਤਿੰਨ ਐਚ.ਸੀ.ਐਸ. ਅਧਿਕਾਰੀਆਂ ਤੇ 10 ਡਿਪਟੀ ਸੁਪਰਡੈਂਟ ਪੁਲਿਸ ਨੂੰ ਮੁਅੱਤਲ ਕਰ ਦਿੱਤਾ ਹੈ। ਸਰਕਾਰੀ ਹਲਕਿਆਂ ਅਨੁਸਾਰ ਇਸ ਕਾਰਵਾਈ ਦਾ ਫੈਸਲਾ ਪ੍ਰਕਾਸ਼ ਸਿੰਘ ਕਮੇਟੀ ਦੀ ਰਿਪੋਰਟ ਦੇ ਆਧਾਰ 'ਤੇ ਲਿਆ ਗਿਆ ਹੈ, ਜਿਸ ਨੇ ਕੁਝ ਦਿਨ ਪਹਿਲਾਂ ਹੀ ਛੋਟੇ ਤੇ ਵੱਡੇ 90 ਪੁਲਿਸ ਤੇ ਸਿਵਲ ਅਧਿਕਾਰੀਆਂ ਉਤੇ ਉਂਗਲੀ ਉਠਾਈ ਸੀ। ਇਨ੍ਹਾਂ ਅਧਿਕਾਰੀਆਂ ਵਿਚ ਵਧੇਰੇ ਗਿਣਤੀ ਜ਼ਿਲ੍ਹਾ ਰੋਹਤਕ ਦੀ ਹੈ, ਜਿਥੇ ਟੁੱਟ-ਭੱਜ ਤੇ ਲੁੱਟਮਾਰ ਸਭ ਤੋਂ ਵੱਧ ਹੋਈ ਸੀ।



ਗ੍ਰਹਿ ਵਿਭਾਗ ਦੇ ਵਧੀਕ ਮੁੱਖ ਸਕੱਤਰ ਪੀ.ਕੇ. ਦਾਸ ਨੂੰ ਪਹਿਲਾਂ ਹੀ ਬਦਲਿਆ ਜਾ ਚੁੱਕਿਆ ਹੈ। ਦੱਸਿਆ ਗਿਆ ਹੈ ਕਿ ਅਗਲੇ ਕੁਝ ਦਿਨਾਂ ਵਿਚ ਇਸ ਤਰ੍ਹਾਂ ਦੀ ਹੋਰ ਕਾਰਵਾਈ ਵੀ ਕੀਤੀ ਜਾ ਸਕਦੀ ਹੈ, ਜਿਨ੍ਹਾਂ ਵਿਚ ਕੁਝ ਡਿਪਟੀ ਕਮਿਸ਼ਨਰ, ਐਡੀਸ਼ਨਲ ਡਿਪਟੀ ਕਮਿਸ਼ਨਰ, ਐਸ.ਡੀ.ਓ. ਸਿਵਲ ਤੇ ਪੁਲਿਸ ਅਧਿਕਾਰੀ ਸ਼ਾਮਲ ਹੋ ਸਕਦੇ ਹਨ।

ਸਰਕਾਰ ਨੇ ਜਿਨ੍ਹਾਂ ਅਧਿਕਾਰੀਆਂ ਨੂੰ ਤੁਰਤ ਮੁਅੱਤਲ ਕੀਤਾ ਕੀਤਾ ਹੈ, ਉਨ੍ਹਾਂ ਵਿਚ ਤਿੰਨ ਐਚ.ਸੀ.ਐਸ. ਅਧਿਕਾਰੀ ਧਰਮੇਂਦਰ ਸਿੰਘ, ਪੰਕਜ ਕੁਮਾਰ ਅਤੇ ਜਗਦੀਪ ਸਿੰਘ ਸ਼ਾਮਲ ਹਨ। ਸਰਕਾਰੀ ਬੁਲਾਰੇ ਨੇ ਦਸਿਆ ਕਿ ਮੁਅੱਤਲ ਅਵਧੀ ਦੌਰਾਨ ਇਨ੍ਹਾਂ ਦਾ ਮੁੱਖ ਦਫਤਰ ਚੰਡੀਗੜ੍ਹ ਵਿਚ ਸਰਵਿਸ -1 ਬ੍ਰਾਂਚ ਵਿਚ ਹੋਵੇਗਾ। ਉਹ ਮੁੱਖ ਸਕੱਤਰ ਦੀ ਇਜਾਜ਼ਤ ਤੋਂ ਬਿਨਾਂ ਮੁੱਖ ਦਫ਼ਤਰ ਨਹੀਂ ਛੱਡਣਗੇ।

ਮੁਅੱਤਲ ਕੀਤੇ ਗਏ ਪੁਲਿਸ ਡਿਪਟੀ ਸੁਪਰਡੈਂਟਾਂ ਵਿਚ ਸੁਖਬੀਰ ਸਿੰਘ, ਡੀ.ਐਸ.ਪੀ. ਰਾਜ ਅਪਰਾਧ ਸ਼ਾਖਾ (ਇਸ ਤੋਂ ਪਹਿਲਾਂ ਡੀ.ਐਸ.ਪੀ. ਰੋਹਤਕ ਐਟ ਕਲਾਨੌਰ ਵਜੋਂ ਤਾਇਨਾਤੀ), ਸੁਰੇਂਦਰ ਸਿੰਘ, ਡੀ.ਐਸ.ਪੀ., ਐਸ.ਸੀ.ਬੀ. (ਇਸ ਤੋਂ ਪਹਿਲਾਂ ਡੀ.ਐਸ.ਪੀ. ਮਹਿਮ ਵਜੋਂ ਤਾਇਨਾਤੀ), ਵਿਜੇਂਦਰ ਸਿੰਘ, ਡੀ.ਐਸ.ਪੀ. ਮੁੱਖ ਦਫ਼ਤਰ, ਰੋਹਤਕ ਅਤੇ ਪਵਨ ਕੁਮਾਰ, ਡੀ.ਐਸ.ਪੀ., ਰੋਹਤਕ ਸ਼ਾਮਲ ਹਨ। ਯਾਦ ਰਹੇ ਕਿ ਇਸ ਅੰਦੋਲਨ ਵਿਚ 30 ਵਿਅਕਤੀਆਂ ਦੀ ਮੌਤ ਹੋ ਗਈ ਸੀ।

# ਅਮਰੀਕਾ 'ਚ ਫਰਜ਼ੀ ਵਿਆਹ ਕਰਵਾਉਣ ਵਾਲੇ ਭਾਰਤੀਆਂ ਨੂੰ ਪਿਆ ਘੇਰਾ

**ਵਾਸ਼ਿੰਗਟਨ:** ਅਮਰੀਕਾ ਵਿਚ ਕਈ ਭਾਰਤੀ ਵੀਜ਼ਾ ਧੋਖਾਧੜੀ ਦੇ ਦੋਸ਼ ਵਿਚ ਫਸ ਗਏ ਹਨ। ਉਨ੍ਹਾਂ ਉਤੇ ਯੂ-ਵੀਜ਼ਾ ਪ੍ਰਾਪਤ ਕਰਨ ਅਤੇ ਅਮਰੀਕਾ ਵਿਚ ਦਾਖਲ ਹੋਣ ਲਈ ਫਰਜ਼ੀ ਵਿਆਹ ਕਰਨ ਦਾ ਦੋਸ਼ ਲਗਾਇਆ ਗਿਆ ਹੈ। ਜਾਂਚ ਅਧਿਕਾਰੀਆਂ ਨੇ ਦੱਸਿਆ ਕਿ ਇਨ੍ਹਾਂ ਲੋਕਾਂ ਨੇ ਅਮਰੀਕਾ 'ਚ ਦਾਖਲ ਹੋਣ ਦੇ ਇਰਾਦੇ ਨਾਲ ਦੇਸ਼ ਦੇ ਨਾਗਰਿਕਾਂ ਨਾਲ ਫਰਜ਼ੀ ਵਿਆਹ ਕੀਤਾ। ਇਸ ਦੇ ਬਾਅਦ ਵਿਸ਼ੇਸ਼ ਸ਼੍ਰੇਣੀ ਦਾ ਯੂ-ਵੀਜ਼ਾ ਪ੍ਰਾਪਤ ਕਰਨ ਲਈ ਧੋਖਾਧੜੀ ਨਾਲ ਅਰਜ਼ੀ ਦਾਇਰ ਕੀਤੀ। ਯੂ-ਵੀਜ਼ਾ ਆਮ ਤੌਰ ਉਤੇ ਅਪਰਾਧ ਪੀੜਤਾਂ ਨੂੰ ਹੀ ਜਾਰੀ ਕੀਤਾ ਜਾਂਦਾ ਹੈ। ਲਗਾਏ ਦੋਸ਼ਾਂ ਅਨੁਸਾਰ ਅਟਾਰਨੀ ਸਿੰਪਸਨ ਲਾਇਡ ਗੁਡਮੈਨ ਨੇ ਦੂਸਰੇ ਸਹਿ ਦੋਸ਼ੀ ਦੇ ਵੀਜ਼ਾ ਪ੍ਰਾਪਤ ਕਰਨ ਲਈ ਯੂ.ਐਸ. ਸਿਟੀਜ਼ਨਸ਼ਿਪ ਐਂਡ ਇੰਮੀਗ੍ਰੇਸ਼ਨ ਸਰਵਿਸਿਜ਼ ਵਿਚ ਫਰਜ਼ੀ ਦਸਤਾਵੇਜ਼ ਪੇਸ਼ ਕੀਤੇ ਸਨ। ਇਨ੍ਹਾਂ ਦਸਤਾਵੇਜ਼ਾਂ ਵਿਚ ਫਰਜ਼ੀ ਪੁਲਿਸ ਰਪੋਰਟ ਲਗਾਈ ਸੀ। ਇਸ ਨੂੰ ਜੈਕਸਨ ਪੁਲਿਸ ਵਿਭਾਗ ਦੇ ਅਧਿਕਾਰੀ ਆਈਵਰੀ ਲੀ ਹੈਰਿਸ ਨੇ ਤਿਆਰ ਕੀਤਾ ਸੀ। ਯੂ-ਵੀਜ਼ਾ ਧੋਖਾਧੜੀ ਦੇ ਦੋਸ਼ੀ ਬਣਾਏ ਗਏ ਲੋਕਾਂ ਵਿਚ ਸਚਿਨ ਗਿਰੀਸ਼ ਕੁਮਾਰ ਪਟੇਲ, ਤਰੁਣ ਕੁਮਾਰ, ਪੁਰਸ਼ੋਤਮ ਭਾਈ ਪਟੇਲ, ਸਿੰਪਸਨ ਲਾਇਡ ਗੁਡਮੈਨ, ਅਈਵਰੀ ਹੈਰਿਸ, ਸੰਜੇ ਰਥਿਲਾਲ ਪਟੇਲ, ਮਹੇਸ਼ ਕੁਮਾਰ ਮੰਗਲਦਾਸ ਪਟੇਲ, ਆਸ਼ਾਬੇਨ ਮੁਕੇਸ਼ਭਾਈ ਪਟੇਲ, ਰਾਜਨ ਨਰੇਸ਼ ਕੁਮਾਰ ਪਟੇਲ, ਗੋਪਾਲਦਾਸ ਖੋਦਾਭਾਈ, ਸਚਿਨ ਖੋਦੀਦਾਸ ਪਟੇਲ ਅਤੇ ਬਲਦੇਵਭਾਈ ਰਾਮਭਾਈ ਪਟੇਲ ਸ਼ਾਮਲ ਹਨ।



# ਕਿਸਾਨ ਖੁਦਕੁਸ਼ੀ ਮਸਲੇ ਉਤੇ ਕੇਂਦਰ ਤੇ ਪੰਜਾਬ ਸਰਕਾਰ ਦੀ ਖਿਚਾਈ

**ਚੰਡੀਗੜ੍ਹ:** ਕਰਜ਼ੇ ਦੇ ਬੋਝ ਹੇਠਾਂ ਦੱਬੇ ਪੰਜਾਬ ਦੇ ਕਿਸਾਨਾਂ ਵੱਲੋਂ ਲਗਾਤਾਰ ਕੀਤੀਆਂ ਜਾ ਰਹੀਆਂ ਖੁਦਕੁਸ਼ੀਆਂ ਦੇ ਮਾਮਲੇ ਵਿਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਪੰਜਾਬ ਸਰਕਾਰ ਸਮੇਤ ਕੇਂਦਰ ਨੂੰ ਨੋਟਿਸ ਜਾਰੀ ਕਰ ਕੇ ਜਵਾਬ ਮੰਗਿਆ ਹੈ। ਇਹ ਨੋਟਿਸ ਜਸਟਿਸ ਐਸ.ਐਸ. ਸਾਰੋਂ ਅਤੇ ਜਸਟਿਸ ਗੁਰਮੀਤ ਰਾਮ ਦੇ ਡਿਵੀਜ਼ਨ ਬੈਂਚ ਨੇ ਇਕ ਪਟੀਸ਼ਨ ਉਤੇ ਸੁਣਵਾਈ ਕਰਦਿਆਂ ਜਾਰੀ ਕੀਤਾ ਹੈ। ਬੈਂਚ ਨੇ ਇਸ ਨੋਟਿਸ ਦਾ ਜਵਾਬ 26 ਜੁਲਾਈ ਨੂੰ ਮੰਗਿਆ ਹੈ। ਇਸੇ ਦਿਨ ਇਸ ਪਟੀਸ਼ਨ ਉਤੇ ਸੁਣਵਾਈ ਹੋਵੇਗੀ। ਇਹ ਪਟੀਸ਼ਨ ਲੁਧਿਆਣਾ ਦੇ ਰਹਿਣ ਵਾਲੇ ਸੇਵਾਮੁਕਤ ਲੈਫਟੀਨੈਂਟ ਕਰਨਲ ਜਸਜੀਤ ਸਿੰਘ ਗਿੱਲ ਵੱਲੋਂ ਪਾਈ ਗਈ ਹੈ।

ਪਟੀਸ਼ਨ ਵਿਚ ਦੱਸਿਆ ਗਿਆ ਹੈ ਕਿ ਪੰਜਾਬ ਸਰਕਾਰ ਨੇ 1934 ਵਿਚ ਬਣੇ ਪੰਜਾਬ ਸੈਟਲਮੈਂਟ ਆਫ ਐਗਰੀਕਲਚਰ ਇਨਡੇਬਟਨੈਸ ਨੂੰ ਖ਼ਤਮ ਕਰ ਕੇ ਇਸੇ ਸਾਲ 2016 ਵਿਚ ਕਿਸਾਨਾਂ ਦੀਆਂ ਖੁਦਕੁਸ਼ੀਆਂ ਨੂੰ ਰੋਕਣ ਲਈ ਨਵਾਂ ਐਕਟ ਬਣਾਇਆ ਹੈ। ਇਸ ਐਕਟ ਤਹਿਤ ਕਰਜ਼ੇ ਦੀ ਵਸੂਲੀ ਚਾਹੇ ਉਹ ਕਿਸੇ ਬੈਂਕ ਵੱਲੋਂ ਕਿਸੇ ਵਿਅਕਤੀ ਵੱਲੋਂ ਕੀਤੀ ਜਾਣੀ ਹੈ, ਉਸ ਦੇ ਨਿਪਟਾਰੇ ਦੇ ਲਈ ਟ੍ਰਿਬਿਊਨਲ ਅਤੇ ਸਬ ਕਮੇਟੀਆਂ ਦੀ ਤਜਵੀਜ਼ ਹੈ। ਇਹ ਟ੍ਰਿਬਿਊਨਲ ਅਤੇ ਕਮੇਟੀਆਂ ਕਿਸਾਨਾਂ ਦੇ ਕਰਜ਼ੇ ਦੀ ਪਰਖ ਕਰ ਕੇ ਉਸ ਦਾ ਨਿਪਟਾਰਾ ਕਰਨਗੀਆਂ। ਕਿਹਾ ਗਿਆ ਹੈ ਕਿ ਅਜੇ ਤੱਕ ਸਰਕਾਰ ਨੇ ਇਹ ਟ੍ਰਿਬਿਊਨਲ ਦਾ ਗਠਨ ਹੀ ਨਹੀਂ ਕੀਤਾ। ਪਟੀਸ਼ਨ ਵਿਚ ਕਿਹਾ ਗਿਆ ਹੈ ਕਿ ਪਹਿਲਾਂ ਇਸ ਕਾਨੂੰਨ ਨੂੰ ਲਾਗੂ ਕੀਤਾ ਜਾਵੇ, ਉਸ ਤੋਂ ਬਾਅਦ ਕਿਸਾਨਾਂ ਤੋਂ ਕਰਜ਼ੇ ਦੀ ਵਸੂਲੀ ਕੀਤੀ ਜਾਵੇ।




ਪਟੀਸ਼ਨ ਵਿਚ ਇਹ ਵੀ ਮੰਗ ਕੀਤੀ ਗਈ ਹੈ ਕਿ ਕਿਸਾਨਾਂ ਨੇ ਕਰਜ਼ਾ ਚਾਹੇ ਬੈਂਕ ਤੋਂ ਲਿਆ ਹੈ ਜਾਂ ਫਿਰ ਕਿਸੇ ਵਿਅਕਤੀ ਤੋਂ, ਉਸ ਉਤੇ ਭਾਰਤੀ ਰਿਜ਼ਰਵ ਬੈਂਕ ਵੱਲੋਂ ਤੈਅ ਵਿਆਜ਼ ਦਰ ਦੇ ਹਿਸਾਬ ਨਾਲ ਹੀ ਵਸੂਲੀ ਕੀਤੀ ਜਾਵੇ। ਬੈਂਚ ਨੇ ਇਸ ਬਾਰੇ ਪੰਜਾਬ ਤੇ ਕੇਂਦਰ ਸਰਕਾਰ ਨੂੰ ਨੋਟਿਸ ਜਾਰੀ ਕਰ ਕੇ ਪੁੱਛਿਆ ਹੈ ਕਿ ਕਿਸਾਨਾਂ ਦੇ ਕਰਜ਼ੇ ਦੀ ਸੈਟਲਮੈਂਟ ਲਈ ਕੀ ਕੀਤਾ ਜਾ ਰਿਹਾ ਹੈ।

### ਆੜ੍ਹਤੀਏ ਤੋਂ ਦੁਖੀ ਕਿਸਾਨ ਪਰਿਵਾਰ ਨੇ ਖਾਧਾ ਜ਼ਹਿਰ

**ਮਾਛੀਵਾੜਾ:** ਪਿੰਡ ਮਿਲਕੋਵਾਲ ਦੇ ਕਿਸਾਨ ਗੁਰਦੀਪ ਸਿੰਘ (40) ਨੇ ਆੜ੍ਹਤੀ ਕੋਲ ਆਪਣੀ ਜ਼ਮੀਨ ਵਿਕ ਜਾਣ ਉਤੇ ਪਰੇਸ਼ਾਨ ਹੋਏ ਨੇ ਜਿਥੇ ਖੁਦ ਜ਼ਹਿਰ ਖਾ ਕੇ ਜਾਨ ਦੇ ਦਿੱਤੀ, ਉਥੇ ਪਰਿਵਾਰ ਨੂੰ ਵੀ ਮਾਰਨ ਦੀ ਕੋਸ਼ਿਸ਼ ਕੀਤੀ ਪਰ ਉਹ ਵਾਲ-ਵਾਲ ਬਚ ਗਏ।

ਮ੍ਰਿਤਕ ਕਿਸਾਨ ਦੇ ਹਿੱਸੇ ਅੱਠ ਕਨਾਲ ਜ਼ਮੀਨ ਆਉਂਦੀ ਸੀ ਅਤੇ ਆੜ੍ਹਤੀ ਕੋਲ ਕਰਜ਼ੇ ਵਿਚ ਡੁੱਬੇ ਕਿਸਾਨ ਤੋਂ ਆੜ੍ਹਤੀ ਨੇ ਆਪਣੀ ਰਕਮ ਬਦਲੇ ਪਰਿਵਾਰਕ ਮੈਂਬਰਾਂ ਤੋਂ ਚੋਰੀ ਉਸ ਦੀ ਜ਼ਮੀਨ ਦੀ ਰਜਿਸਟਰੀ ਆਪਣੇ ਨਾਂ ਕਰਵਾ ਲਈ ਸੀ। ਹੁਣ ਇਕ ਸਾਲ ਬਾਅਦ ਇਸ ਦਾ ਖੁਲਾਸਾ ਉਦੋਂ ਹੋਇਆ ਜਦੋਂ 17 ਮਈ ਨੂੰ ਆੜ੍ਹਤੀ ਆਪਣਾ ਟਰੈਕਟਰ ਅਤੇ ਹੋਰ ਬੰਦੇ ਲੈ ਕੇ ਜ਼ਮੀਨ 'ਤੇ ਕਬਜ਼ਾ ਕਰਨ ਆ ਗਿਆ ਅਤੇ ਉਸ ਨੇ ਇਹ ਜ਼ਮੀਨ ਵਾਹ ਦਿੱਤੀ। ਗੁਰਦੀਪ ਸਿੰਘ ਨੇ ਉਸ ਸਮੇਂ ਦੱਸਿਆ ਸੀ ਕਿ ਆੜ੍ਹਤੀ ਨੂੰ ਜ਼ਮੀਨ ਵੇਚਣ ਸਮੇਂ ਇਹ ਤੈਅ ਹੋਇਆ ਸੀ ਕਿ ਉਹ ਕਬਜ਼ਾ ਨਹੀਂ ਲਵੇਗਾ ਅਤੇ ਉਸ ਦਾ ਪਰਿਵਾਰ ਖੇਤੀ ਕਰ ਕੇ ਜਦੋਂ ਕਰਜ਼ਾ ਉਤਾਰ ਦੇਵੇਗਾ ਤਾਂ ਜ਼ਮੀਨ ਵਾਪਸ ਕਰ ਦਿੱਤੀ ਜਾਵੇਗੀ।

# ਡਾ. ਮਨਮੋਹਨ ਦੀ ਪੁਸਤਕ 'ਦਸਮ ਗ੍ਰੰਥ 'ਚ ਮਿਥ ਰੂਪਾਂਤਰਨ' ਰਿਲੀਜ਼

**ਚੰਡੀਗੜ੍ਹ:** ਗੁਰੂ ਗੋਬਿੰਦ ਸਿੰਘ ਦੁਆਰਾ ਰਚਿਤ ਦਸਮ ਗ੍ਰੰਥ ਨੂੰ ਆਧਾਰ ਬਣਾ ਕੇ ਡਾ. ਮਨਮੋਹਨ ਵੱਲੋਂ ਲਿਖੀ ਗਈ ਪੁਸਤਕ 'ਦਸਮ ਗ੍ਰੰਥ ਵਿਚ ਮਿਥ ਰੂਪਾਂਤਰਨ ਰੂਪ ਤੇ ਅਰਥ ਦਾ ਚਿੰਨ੍ਹ, ਵਿਗਿਆਨਕ ਵਿਸ਼ਲੇਸ਼ਣ' ਲੋਕ ਅਰਪਣ ਕੀਤੀ ਗਈ। ਸ੍ਰੀ ਮਨਮੋਹਨ ਸਿੰਘ ਨੇ ਦੱਸਿਆ 'ਦਸਮ ਗ੍ਰੰਥ ਵਿਚ ਮਿਥ ਰੂਪਾਂਤਰਨ' ਉਨ੍ਹਾਂ ਦੀ 20-25 ਵਰ੍ਹਿਆਂ ਦੀ ਘਾਲਣਾ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦਾ ਪੀ.ਐਚ.ਡੀ. ਦਾ ਵਿਸ਼ਾ ਵੀ ਇਹੋ ਸੀ। ਇਸ ਵਿਚ ਗ੍ਰੰਥ ਦੇ ਰੂਪ, ਅਰਥ, ਚਿੰਨ੍ਹ ਤੇ ਉਸ ਦਾ ਵਿਗਿਆਨਕ ਵਿਸ਼ਲੇਸ਼ਣ ਹੈ।

ਲੇਖਕ ਨੇ ਦੱਸਿਆ ਕਿ ਦਸਮ ਗ੍ਰੰਥ ਦੇ ਵਿਵਾਦਤ ਵਿਸ਼ੇ 'ਤ੍ਰਿਆ ਚਿਰੱਤਰ' ਨੂੰ ਛੂਹਿਆ ਹੀ ਨਹੀਂ। ਦਸਮ ਗ੍ਰੰਥ ਦੇ ਕਾਵਿ ਰੂਪ ਨੂੰ ਤੇ ਉਸ ਦੇ ਵੱਖੋ ਵੱਖ ਪਹਿਲੂਆਂ ਨੂੰ ਕਿਤਾਬ ਵਿਚ ਸੰਜੋਇਆ ਹੈ। ਉਨ੍ਹਾਂ ਸਪਸ਼ਟ ਕੀਤਾ ਕਿ ਭਾਈ ਰਣਧੀਰ ਸਿੰਘ ਵੱਲੋਂ ਸੰਪਾਦਤ ਪੁਸਤਕ, ਜਿਸ ਨੂੰ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਪ੍ਰਕਾਸ਼ਤ ਕੀਤਾ ਹੈ, ਨੂੰ ਇਸ ਦਾ ਆਧਾਰ ਬਣਾਇਆ ਗਿਆ ਹੈ। ਉਨ੍ਹਾਂ ਦੀ ਪੰਜਾਬੀ ਕਵਿਤਾਵਾਂ ਦਾ ਹਿੰਦੀ ਸੰਗ੍ਰਹਿ 'ਕੋਹਮ' ਜਲਦੀ ਪ੍ਰਕਾਸ਼ਤ ਹੋ ਰਿਹਾ ਹੈ। ਜ਼ਿਕਰਯੋਗ ਹੈ ਕਿ ਭਾਰਤੀ ਪੁਲਿਸ ਸੇਵਾ ਵਿਚ ਉੱਚ ਅਧਿਕਾਰੀ ਡਾ. ਮਨਮੋਹਨ ਸਾਹਿਤਕ ਖੇਤਰ ਵਿਚ ਵੱਡਾ ਮੁਕਾਮ ਰੱਖਦੇ ਹਨ।



# ਗੈਂਗਸਟਰ ਬਣੇ ਪੰਜਾਬ ਦੇ ਅਮਨ ਲਈ ਵੰਗਾਰ

ਕਿਸੇ ਸਮੇਂ ਖੁਸ਼ਹਾਲ ਅਤੇ ਅਮਨਪਸੰਦ ਰਹੇ ਪੰਜਾਬ ਨੂੰ ਕਿਸੇ ਦੀ ਭੈੜੀ ਨਜ਼ਰ ਲੱਗ ਗਈ ਹੈ। ਪੰਜਾਬ ਹੁਣ ਗੈਂਗਸਟਰਾਂ ਦਾ ਗੜ੍ਹ ਬਣ ਗਿਆ ਹੈ। ਉਨ੍ਹਾਂ ਦੇ ਮਨਾਂ 'ਚ ਪੁਲਿਸ ਦਾ ਡਰ ਖਤਮ ਹੋ ਗਿਆ ਹੈ ਅਤੇ ਉਹ ਦਿਨ-ਦਿਹਾੜੇ ਜੁਰਮਾਂ ਨੂੰ ਅੰਜਾਮ ਦਿੰਦੇ ਹਨ। ਅਸਲੀਅਤ ਤਾਂ ਇਹ ਹੈ ਕਿ ਉਹ ਖੁਦ 'ਕਾਨੂੰਨਸਾਜ਼' ਬਣ ਗਏ ਹਨ ਜਿਨ੍ਹਾਂ ਨੂੰ ਪੁਲਿਸ ਅਤੇ ਸਿਆਸਤਦਾਨਾਂ ਦੀ ਸ਼ਹਿ ਹਾਸਲ ਹੈ। ਪੰਜਾਬ ਨੇ ਇਕ ਦਹਾਕੇ ਤੋਂ ਵੱਧ ਸਮੇਂ ਤੱਕ ਅਤਿਵਾਦ ਦੇ ਕਾਲੇ ਦੌਰ ਨੂੰ ਆਪਣੇ ਪਿੰਡੇ 'ਤੇ ਹੰਢਾਇਆ ਹੈ। 1992 'ਚ ਅਤਿਵਾਦ ਦੇ ਸਫਾਏ ਮਗਰੋਂ ਸੂਬੇ 'ਚ ਸ਼ਾਂਤੀ ਪਰਤੀ ਅਤੇ ਲੋਕਾਂ ਨੇ

**ਕੇ ਐਸ ਚਾਵਲਾ**
ਫੋਨ: +91-99886-44244

ਸੁੱਖ ਦਾ ਸਾਹ ਲਿਆ ਸੀ, ਪਰ ਹੁਣ ਗੈਂਗਸਟਰਾਂ ਵੱਲੋਂ ਫਿਰੌਤੀ ਮੰਗਣ, ਲੁੱਟਮਾਰ ਅਤੇ ਦਿਨ-ਦਿਹਾੜੇ ਡਕੈਤੀਆਂ ਮਾਰਨ ਨਾਲ ਲੋਕਾਂ 'ਚ ਫਿਰ ਭੈਅ ਦਾ ਮਾਹੌਲ ਬਣ ਗਿਆ ਹੈ। ਸ਼ਹਿਰਾਂ 'ਚ ਗਰੋਹਾਂ ਵਿਚਕਾਰ ਦੁਸ਼ਮਣੀ ਨੇ ਲੋਕਾਂ ਦੀਆਂ ਚਿੰਤਾਵਾਂ ਨੂੰ ਹੋਰ ਵਧਾ ਦਿੱਤਾ ਹੈ। ਪੰਜਾਬ ਪੁਲਿਸ ਦੇ ਡਾਇਰੈਕਟਰ ਜਨਰਲ ਸੁਰੇਸ਼ ਅਰੋੜਾ ਨੇ ਖੁਦ ਕਬੂਲਿਆ ਹੈ ਕਿ ਸੂਬੇ 'ਚ ਕਰੀਬ 60 ਗੈਂਗ ਸਰਗਰਮ ਹਨ ਜਿਨ੍ਹਾਂ 'ਚੋਂ ਬਹੁਤੇ ਮੈਂਬਰ ਸਲਾਖਾਂ ਪਿਛੇ ਹਨ।

ਹੈਰਾਨੀ ਦੀ ਗੱਲ ਇਹ ਹੈ ਕਿ ਇਹ ਗਰੋਹ ਕੋਈ ਇਕ ਦਿਨ 'ਚ ਨਹੀਂ ਬਣੇ ਅਤੇ ਪੁਲਿਸ ਹੱਥ 'ਤੇ ਹੱਥ ਧਰੇ ਬੈਠੀ ਰਹੀ। ਲੋਕਾਂ 'ਚ ਇਸ ਗੱਲ ਦਾ ਰੋਸ ਹੈ ਕਿ ਜੇ ਪੁਲਿਸ ਵੱਲੋਂ ਸਮੇਂ ਸਿਰ ਕਾਰਵਾਈ ਕੀਤੀ ਹੁੰਦੀ ਤਾਂ ਸੂਬੇ 'ਚ ਦਹਿਸ਼ਤ ਦਾ ਮਾਹੌਲ ਸਿਰ ਨਾ ਚੁਕਦਾ। ਮੰਦਭਾਗੀ ਗੱਲ ਇਹ ਹੈ ਕਿ ਜ਼ਿਆਦਾਤਰ ਗੈਂਗਸਟਰ ਪੜ੍ਹੇ-ਲਿਖੇ ਹਨ ਅਤੇ ਚੰਗੇ ਪਰਿਵਾਰਾਂ 'ਚੋਂ ਆਉਂਦੇ ਹਨ। ਖੇਡਾਂ 'ਚ ਮੱਲਾਂ ਮਾਰਨ ਵਾਲੇ ਬਹੁਤੇ ਖਿਡਾਰੀ ਗਰੋਹਾਂ ਨਾਲ ਜੁੜ ਗਏ ਹਨ। ਕੁਝ ਨੇ ਹੈਮਰ ਥਰੋਅ, ਸ਼ਾਟਪੁੱਟ ਅਤੇ ਕਬੱਡੀ 'ਚ ਨਾਮ ਕਮਾਇਆ ਹੈ ਪਰ ਉਹ ਗਰੋਹਾਂ 'ਚ ਸ਼ਾਮਲ ਹੋ ਗਏ ਹਨ। ਕਿਸੇ ਹੱਦ ਤੱਕ ਬੇਰੁਜ਼ਗਾਰੀ ਦੀ ਸਮੱਸਿਆ ਵੀ ਇਸ ਲਈ ਜ਼ਿੰਮੇਵਾਰ ਹੈ।

ਪੰਜਾਬ ਦੀਆਂ ਜੇਲ੍ਹਾਂ 'ਚ ਬੈਠੇ ਗੈਂਗਸਟਰਾਂ ਨੇ ਆਪਣਾ ਧੰਦਾ ਸਲਾਖਾਂ ਪਿਛੋਂ ਹੀ ਚਲਾਇਆ ਹੋਇਆ ਹੈ। ਉਹ ਬਾਹਰ ਬੈਠੇ ਆਪਣੇ ਚੇਲਿਆਂ ਨੂੰ ਨਿਰਦੇਸ਼ ਦੇ ਕੇ ਵਾਰਦਾਤਾਂ ਨੂੰ ਅੰਜਾਮ ਦਿੰਦੇ ਹਨ। ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਜਦੋਂ ਐਮਰਜੈਂਸੀ ਵੇਲੇ ਜੇਲ੍ਹ 'ਚ ਡੱਕਿਆ ਸੀ ਤਾਂ ਉਨ੍ਹਾਂ ਆਪਣੇ 18 ਮਹੀਨਿਆਂ ਦੇ ਸਮੇਂ ਦੌਰਾਨ ਜੇਲ੍ਹਾਂ ਅਤੇ ਕੈਦੀਆਂ ਦੀ ਹਾਲਤ ਦੇਖ ਕੇ ਉਨ੍ਹਾਂ ਨੂੰ 'ਸੁਧਾਰ ਘਰ' ਵਜੋਂ ਬਦਲਣਾ ਦਾ ਤਹੱਈਆ ਕੀਤਾ ਸੀ। ਉਨ੍ਹਾਂ ਕੈਦੀਆਂ ਦੇ ਸੁਧਾਰ ਲਈ ਸੁਝਾਅ ਦਿੱਤੇ ਸਨ। ਇਨ੍ਹਾਂ 'ਚੋਂ ਇਕ ਸੁਝਾਅ ਕੈਦੀਆਂ ਨੂੰ ਕੰਮ 'ਤੇ ਲਗਾਉਣ ਦਾ ਸੀ ਤਾਂ ਜੋ ਉਹ ਆਪਣੀ ਸਜ਼ਾ ਦੌਰਾਨ ਕੋਈ ਕੰਮ-ਕਾਰ ਸਿੱਖ ਕੇ ਜੇਲ੍ਹ ਤੋਂ ਬਾਹਰ ਨਿਕਲਣ 'ਤੇ ਕਿਸੇ ਆਹਰੇ ਲੱਗ ਸਕਣ, ਪਰ ਇੰਜ ਜਾਪਦਾ ਹੈ ਕਿ ਉਨ੍ਹਾਂ ਦੀਆਂ ਸਾਰੀਆਂ ਮੁਰਾਦਾਂ ਮਿੱਟੀ 'ਚ ਰੋਲ ਦਿੱਤੀਆਂ ਗਈਆਂ।

ਐਮਰਜੈਂਸੀ ਵੇਲੇ ਜੇਲ੍ਹਾਂ 'ਚ ਬੰਦ ਨੌਜਵਾਨ ਵਰਗ ਘੱਟ ਪੜ੍ਹਿਆ-ਲਿਖਿਆ ਸੀ ਤੇ ਉਹ ਗੰਭੀਰ ਅਪਰਾਧਾਂ ਨਾਲ ਜੁੜੇ ਹੋਏ ਸਨ। ਪੁਲਸੀਆ ਭਾਸ਼ਾ 'ਚ ਇਨ੍ਹਾਂ ਅਪਰਾਧੀਆਂ ਨੂੰ 'ਬਸਤਾ ਅਲਫ ਅਤੇ ਬਸਤਾ ਬੇ' ਯਾਨੀ ਏ ਅਤੇ ਬੀ ਵਰਗਾਂ 'ਚ ਵੰਡਿਆ ਜਾਂਦਾ ਸੀ। ਅਪਰਾਧੀਆਂ ਦੀ ਹਿਸਟਰੀ ਸ਼ੀਟ (ਪੂਰਾ ਵੇਰਵਾ) ਇਕ ਵਾਰ ਖੁੱਲ੍ਹ ਜਾਂਦੀ ਸੀ ਤਾਂ ਪੁਲਿਸ ਰਿਕਾਰਡ 'ਚ ਉਸ ਦੀ ਤਸਵੀਰ ਵੀ ਲੱਗ ਜਾਂਦੀ ਸੀ ਅਤੇ ਉਸ ਨੂੰ ਇਲਾਕੇ ਦੇ ਥਾਣੇ 'ਚ ਹਾਜ਼ਰੀ ਲਵਾਉਣੀ ਪੈਂਦੀ ਸੀ, ਪਰ ਇਹ ਸਾਰੀਆਂ ਹਦਾਇਤਾਂ ਹੁਣ ਬੀਤੇ ਦੀਆਂ ਗੱਲਾਂ ਰਹਿ ਗਈਆਂ ਹਨ।

ਸੂਬੇ 'ਚ ਪਿਛਲੇ ਕੁਝ ਸਮੇਂ ਦੌਰਾਨ ਜੁਰਮ ਦੇ ਗ੍ਰਾਫ ਅਤੇ ਗਰੋਹਾਂ ਦੀ ਗਿਣਤੀ 'ਚ ਅਚਾਨਕ ਵਾਧਾ ਦੇਖਿਆ ਗਿਆ ਹੈ। ਗੈਂਗਸਟਰਾਂ ਦੀ ਵਧ ਰਹੀ ਗਿਣਤੀ ਬਾਰੇ ਇਕ ਸੀਨੀਅਰ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਸਿੱਖਿਆ ਦੇ ਪਸਾਰ ਨੇ ਇਸ 'ਚ ਆਪਣੇ ਢੰਗ ਨਾਲ ਭੂਮਿਕਾ ਅਦਾ ਕੀਤੀ ਹੈ। ਪਿੰਡ ਦਾ ਗੱਭਰੂ ਜਦੋਂ ਸ਼ਹਿਰ ਪਹੁੰਚਦਾ ਹੈ ਤਾਂ ਉਹ ਚਕਾਚੌਂਧ ਵੱਲ ਆਕਰਸ਼ਤ ਹੋ ਜਾਂਦਾ ਹੈ। ਹੌਲੀ-ਹੌਲੀ ਵਿਦਿਅਕ ਅਦਾਰਿਆਂ 'ਚ ਲੀਡਰਸ਼ਿਪ ਨੂੰ ਲੈ ਕੇ ਹੁੰਦੇ ਝਗੜਿਆਂ ਪ੍ਰਤੀ ਉਸ ਦਾ ਰੁਝਾਨ ਵੱਧ ਜਾਂਦਾ ਹੈ ਅਤੇ ਗਰੋਹਾਂ ਦੀ ਗੁੱਟਬਾਜ਼ੀ ਦਾ ਇਹ ਪਹਿਲਾ ਕਦਮ ਹੁੰਦਾ ਹੈ। ਲੀਡਰਸ਼ਿਪ ਨੂੰ ਲੈ ਕੇ ਵਿਦਿਅਕ ਸੰਸਥਾਵਾਂ 'ਚ ਗੈਂਗਵਾਰ ਸ਼ੁਰੂ ਹੋ ਜਾਂਦੀ ਹੈ। ਇਨ੍ਹਾਂ ਗੁੱਟਾਂ ਦੇ ਆਗੂ ਸਿਆਸਤਦਾਨਾਂ ਨਾਲ ਸੰਪਰਕ ਬਣਾਉਂਦੇ ਹਨ ਅਤੇ ਉਨ੍ਹਾਂ ਦੀ ਹਮਾਇਤ ਹਾਸਲ ਕਰਦੇ ਹਨ। ਸਿਆਸਤਦਾਨਾਂ ਨੂੰ ਵੀ ਬਾਹੂਬਲੀਆਂ ਦੀ ਲੋੜ ਹੁੰਦੀ ਹੈ ਅਤੇ 'ਇਕ ਹੱਥ ਲੈ, ਦੂਜੇ ਹੱਥ ਦੇ' ਦੇ ਅਖਾਣ ਅਨੁਸਾਰ ਦੋਹਾਂ ਧਿਰਾਂ ਦੀ ਗੰਢ-ਤੁੱਪ ਹੋਰ ਪੀਡੀ ਹੋ ਜਾਂਦੀ ਹੈ। ਅਧਿਕਾਰੀ ਮੁਤਾਬਕ ਪੁਲਿਸ ਦੀ ਸ਼ਮੂਲੀਅਤ ਨਾਲ ਗੈਂਗਸਟਰਾਂ ਨੂੰ ਹੋਰ ਹੱਲਾਸ਼ੇਰੀ ਮਿਲ ਜਾਂਦੀ ਹੈ। ਉਹ ਪਹਿਲਾਂ ਨਿੱਕੇ-ਮੋਟੇ ਜੁਰਮ ਕਰਦੇ ਹਨ ਅਤੇ ਫਿਰ ਵੱਡਾ ਆਗੂ ਬਣਨ 'ਤੇ ਉਹ ਲੁੱਟਮਾਰ ਅਤੇ ਹੱਤਿਆਵਾਂ ਵਰਗੇ ਸੰਗੀਨ ਅਪਰਾਧਾਂ ਨਾਲ ਆਪਣਾ ਨਾਤਾ ਜੋੜ ਲੈਂਦੇ ਹਨ। ਗਰੋਹ ਦਾ ਮੁਖੀ ਜਦੋਂ ਤਾਕਤਵਰ ਬਣ ਜਾਂਦਾ ਹੈ ਤਾਂ ਇਲਾਕੇ ਨੂੰ ਲੈ ਕੇ ਆਪਸੀ ਟਕਰਾਅ ਹੋ ਜਾਂਦੇ ਹਨ।

ਕਈ ਮਾਫੀਆ ਗੁੱਟ ਵੀ ਇਨ੍ਹਾਂ ਗੈਂਗਸਟਰਾਂ ਦੀ ਸ਼ਰਨ 'ਚ ਚਲੇ ਜਾਂਦੇ ਹਨ। ਪੁਲਿਸ ਅਧਿਕਾਰੀ ਮੁਤਾਬਕ ਪੰਜਾਬ 'ਚ ਜ਼ਮੀਨ ਮਾਫੀਆ, ਰੇਤ ਮਾਫੀਆ, ਸ਼ਰਾਬ ਮਾਫੀਆ ਅਤੇ ਨਸ਼ਾ ਮਾਫੀਆ ਸਮੇਤ ਹੋਰ ਕਈ ਤਰ੍ਹਾਂ ਦੇ ਮਾਫੀਏ ਸਰਗਰਮ ਹਨ। ਗੈਂਗਸਟਰ ਨਸ਼ੇ ਦੀ ਤਸਕਰੀ 'ਚ ਸ਼ਾਮਲ ਹਨ ਅਤੇ ਜ਼ਮੀਨ ਮਾਫੀਆ ਨੂੰ ਆਪਣੇ ਲੱਠਮਾਰਾਂ ਰਾਹੀਂ ਸਹਿਯੋਗ ਦਿੰਦੇ ਹਨ। ਇਸ ਅਧਿਕਾਰੀ ਨੇ ਮੰਨਿਆ ਕਿ ਵੱਖ-ਵੱਖ ਸੂਬਿਆਂ 'ਚ ਗੈਰ-ਕਾਨੂੰਨੀ ਹਥਿਆਰ ਆਸਾਨੀ ਨਾਲ ਮਿਲ ਜਾਂਦੇ ਹਨ। ਕਈ ਗੈਂਗਸਟਰ ਸਿਆਸਤਦਾਨਾਂ ਦੀ ਹਮਾਇਤ ਨਾਲ ਲਾਇਸੈਂਸੀ ਹਥਿਆਰ ਹਾਸਲ ਕਰ ਲੈਂਦੇ ਹਨ ਅਤੇ ਫਿਰ ਉਹ ਖੌਫ ਪੈਦਾ ਕਰਕੇ ਸ਼ਾਂਤੀ ਤੇ ਖੁਸ਼ਹਾਲੀ ਦੇ ਮਾਹੌਲ ਨੂੰ ਖਰਾਬ ਕਰ ਦਿੰਦੇ ਹਨ।

ਪਰਵਾਣੂ 'ਚ ਫਾਜ਼ਿਲਕਾ ਦੇ ਗੈਂਗਸਟਰ ਜਸਵਿੰਦਰ ਸਿੰਘ ਉਰਫ ਰੌਕੀ ਦੀ ਵਿਰੋਧੀ ਗੁੱਟ ਵੱਲੋਂ ਹੱਤਿਆ ਨਾਲ ਚਿੰਤਾਜਨਕ ਹਾਲਾਤ ਜੱਗ ਜ਼ਾਹਿਰ ਹੋ ਗਏ ਹਨ। ਮੀਡੀਆ 'ਚ ਖੌਫਜ਼ਦਾ 'ਪ੍ਰਾਪਤੀਆਂ' ਦੀਆਂ ਕਹਾਣੀਆਂ ਨੇ ਡਰ ਦਾ ਮਾਹੌਲ ਪੈਦਾ ਕਰ ਦਿੱਤਾ ਹੈ। ਗੈਂਗਸਟਰ ਸੋਸ਼ਲ ਮੀਡੀਆ ਅਤੇ ਫੇਸਬੁੱਕ ਰਾਹੀਂ ਆਪਣੀਆਂ 'ਪ੍ਰਾਪਤੀਆਂ' ਦਾ ਧੜੱਲੇ ਨਾਲ ਵਰਨਣ ਕਰਦੇ ਹਨ।

ਪਿਛਲੇ ਕੁਝ ਸਮੇਂ ਤੋਂ ਪੰਜਾਬੀ ਗਾਇਕਾਂ ਅਤੇ ਗੀਤਕਾਰਾਂ ਨੇ ਵੀ ਗੈਂਗਸਟਰਾਂ ਨੂੰ ਅਣਜਾਣੇ 'ਚ ਸਹੀ, ਹੱਲਾਸ਼ੇਰੀ ਦਿੱਤੀ ਹੈ ਜਿਸ ਕਾਰਨ ਜੁਰਮਾਂ 'ਚ ਵਾਧਾ ਹੋਇਆ ਹੈ। ਭੜਕਾਊ ਪੰਜਾਬੀ ਗੀਤ ਸੋਸ਼ਲ ਮੀਡੀਆ 'ਤੇ ਪਸੰਦ ਕੀਤੇ ਜਾ ਰਹੇ ਹਨ। ਇਨ੍ਹਾਂ ਗੀਤਾਂ 'ਚ ਅਪਰਾਧੀਆਂ ਦੇ ਸੋਹਲੇ ਗਾਏ ਜਾਂਦੇ ਹਨ। ਇਹ ਵੱਡੀ ਚਿੰਤਾ ਦਾ ਵਿਸ਼ਾ ਹੈ ਕਿਉਂਕਿ ਨੌਜਵਾਨ ਵਰਗ ਇਨ੍ਹਾਂ ਵੱਲ ਛੇਤੀ ਆਕਰਸ਼ਤ ਹੋ ਜਾਂਦਾ ਹੈ। ਪੰਜਾਬ ਪੁਲਿਸ ਦਾ ਸਾਈਬਰ ਕ੍ਰਾਈਮ ਸੈੱਲ ਇਸ ਬਾਬਤ ਨਕਾਰਾ ਸਾਬਤ ਹੋਇਆ ਹੈ। ਸ਼੍ਰੋਮਣੀ ਅਕਾਲੀ ਦਲ-ਭਾਜਪਾ ਗੱਠਜੋੜ ਸਰਕਾਰ ਪਿਛਲੇ ਕਰੀਬ 10 ਸਾਲਾਂ ਤੋਂ ਸੱਤਾ 'ਚ ਹੈ ਅਤੇ ਸੂਬੇ 'ਚ ਗੈਂਗਸਟਰਾਂ ਦੀ ਗਿਣਤੀ ਵੀ ਵਧੀ ਹੈ। ਸ਼੍ਰੋਮਣੀ ਅਕਾਲੀ ਦਲ ਦੇ ਆਗੂ ਆਪਣੇ ਸਿਆਸੀ ਹਿੱਤਾਂ ਅਤੇ ਸਹੂਲਤ ਮੁਤਾਬਕ ਥਾਣਿਆਂ ਦੇ ਵਿਧਾਨ 'ਚ ਫੇਰਬਦਲ ਕਰਦੇ ਰਹਿੰਦੇ ਹਨ। ਅਕਾਲੀ ਵਿਧਾਇਕਾਂ ਨੂੰ ਥਾਣਿਆਂ ਦਾ ਇੰਚਾਰਜ ਲਾਇਆ ਗਿਆ ਹੈ ਅਤੇ ਕਈ ਥਾਵਾਂ 'ਤੇ ਤਾਂ ਇਹ ਉਨ੍ਹਾਂ ਦੇ ਹਲਕਿਆਂ 'ਚ ਵੀ ਨਹੀਂ ਪੈਂਦੇ। ਪਾਰਟੀ ਨਾਲ ਜੁੜੇ ਕਈ ਯੂਥ ਵਿੰਗਾਂ ਦੇ ਵਰਕਰ ਇਨ੍ਹਾਂ ਵਿਧਾਇਕਾਂ ਨਾਲ ਜੁੜੇ ਰਹਿੰਦੇ ਹਨ। ਪੁਲਿਸ ਅਧਿਕਾਰੀ ਨੂੰ ਵੀ ਹੁਕਮਰਾਨਾਂ ਦਾ ਹੁਕਮ ਵਜਾਉਂਦੇ ਹਨ ਤਾਂ ਜੋ ਉਹ ਵੀ ਆਪਣੀ ਮਨਪਸੰਦ ਵਾਲੀ ਥਾਂ 'ਤੇ ਲੰਮੇ ਸਮੇਂ ਤੱਕ ਟਿਕੇ ਰਹਿ ਸਕਣ।

ਪੰਜਾਬ ਪੁਲਿਸ 'ਚ ਲੰਮੇ ਸਮੇਂ ਤੋਂ ਅਟਕੀਆਂ ਪਈਆਂ ਤਿੰਨ ਹਜ਼ਾਰ ਤੋਂ ਵੱਧ ਜਵਾਨਾਂ ਨੂੰ ਤਰੱਕੀਆਂ ਦਿੱਤੀਆਂ ਗਈਆਂ ਹਨ। ਇਨ੍ਹਾਂ ਤਰੱਕੀਆਂ ਨਾਲ ਵੀ ਕੋਈ ਵੱਡਾ ਬਦਲਾਓ ਦੇਖਣ ਨੂੰ ਨਹੀਂ ਮਿਲਿਆ। ਸਬ-ਇੰਸਪੈਕਟਰ ਤੋਂ ਲੈ ਕੇ ਐਸ.ਪੀ. ਰੈਂਕ ਤੱਕ ਦੇ ਅਧਿਕਾਰੀ ਆਪਣੀ ਤਾਇਨਾਤੀ ਵਾਲੀ ਥਾਂ 'ਤੇ ਹੀ ਟਿਕੇ ਰਹਿਣ 'ਚ ਕਾਮਯਾਬ ਰਹੇ ਹਨ। ਮੰਨਿਆ ਜਾ ਰਿਹਾ ਹੈ ਕਿ ਪੁਲਿਸ ਅਧਿਕਾਰੀਆਂ ਅਤੇ ਸਿਆਸਤਦਾਨਾਂ ਵਿਚਕਾਰ ਗੰਢ-ਤੁਪ ਕਰ ਕੇ ਕੋਈ ਵੱਡਾ ਫੇਰਬਦਲ ਨਹੀਂ ਹੋਇਆ। ਪੰਜਾਬ ਪੁਲਿਸ ਤੋਂ ਡੀ.ਜੀ.ਪੀ. ਦੇ ਅਹੁਦੇ ਤੋਂ ਰਿਟਾਇਰ ਹੋਏ ਡੀ. ਆਰ. ਭੱਟੀ ਜਿਨ੍ਹਾਂ ਅਤਿਵਾਦ ਦਾ ਦੌਰ ਵੀ ਵੇਖਿਆ, ਮਹਿਸੂਸ ਕਰਦੇ ਹਨ ਕਿ ਵਿਸ਼ੇਸ਼ ਪੁਲਿਸ ਦਸਤੇ ਬਣਾਉਣ ਦੀ ਲੋੜ ਹੈ। ਇਹ ਦਸਤੇ ਗੈਂਗਸਟਰਾਂ ਦੇ ਖਾਤਮੇ 'ਚ ਸਹਾਈ ਹੋ ਸਕਦੇ ਹਨ। ਭੱਟੀ ਦਾ ਕਹਿਣਾ ਹੈ ਕਿ ਹਥਿਆਰਾਂ ਦੇ ਲਾਇਸੈਂਸ ਸੁਖਾਲਿਆਂ ਨਹੀਂ ਮਿਲਣੇ ਚਾਹੀਦੇ। ਉਨ੍ਹਾਂ ਦਾ ਸੁਝਾਅ ਹੈ ਕਿ ਪੁਲਿਸ ਪੜਤਾਲ ਸਖਤ ਕਰਨ ਦੇ ਨਾਲ-ਨਾਲ ਉਸ 'ਤੇ ਨਜ਼ਰ ਰੱਖਣ ਦੀ ਵੀ ਲੋੜ ਹੈ।

ਗਰੋਹਾਂ ਦੀ ਤਾਦਾਦ ਵਧਣ ਦੇ ਨਾਲ ਸੂਬੇ 'ਚ ਅਮਨ ਕਾਨੂੰਨ ਦੀ ਹਾਲਤ ਲਗਾਤਾਰ ਵਿਗੜਦੀ ਜਾ ਰਹੀ ਹੈ। ਕਿਸੇ ਨੂੰ ਵੀ ਪੁਲਿਸ ਦਾ ਖੌਫ ਨਹੀਂ ਰਿਹਾ ਅਤੇ ਉਹ ਬੇਖੌਫ ਹੋ ਕੇ ਵਾਰਦਾਤਾਂ ਨੂੰ ਅੰਜਾਮ ਦਿੰਦੇ ਜਾ ਰਹੇ ਹਨ। ਸੰਤ ਰਣਜੀਤ ਸਿੰਘ ਢੱਡਰੀਆਂ ਵਾਲੇ 'ਤੇ 17 ਮਈ ਨੂੰ ਲੁਧਿਆਣਾ 'ਚ ਹੋਇਆ ਹਮਲਾ ਅਮਨ-ਕਾਨੂੰਨ ਦੀ ਵਿਗੜਦੀ ਹਾਲਤ ਦੀ ਗਵਾਹੀ ਭਰਦਾ ਹੈ। ਨਾਮਧਾਰੀ ਮੁਖੀ ਬਾਬਾ ਜਗਜੀਤ ਸਿੰਘ ਦੀ ਵਿਧਵਾ ਮਾਤਾ ਚੰਦ ਕੌਰ ਦੇ ਕਾਤਲਾਂ ਦੀ ਸੂਹ ਦੇਣ ਵਾਲੇ ਨੂੰ 20 ਲੱਖ ਰੁਪਏ ਦਾ ਇਨਾਮ ਦਾ ਐਲਾਨ ਕਰਨ ਦੇ ਬਾਵਜੂਦ ਪੁਲਿਸ ਇਸ ਸਾਜ਼ਿਸ਼ ਦਾ ਪਰਦਾਫਾਸ਼ ਨਹੀਂ ਕਰ ਸਕੀ ਹੈ। ਅਜਿਹੀਆਂ ਵਾਰਦਾਤਾਂ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੇ ਦਾਅਵਿਆਂ ਨੂੰ ਝੂਠਾ ਸਾਬਤ ਕਰਦੀਆਂ ਹਨ ਕਿ ਪੰਜਾਬ ਸਭ ਤੋਂ ਸੁਰੱਖਿਅਤ ਸੂਬਾ ਹੈ। -0-



ਗੈਂਗਵਾਰ ਤੋਂ ਬਾਅਦ ਚੈਕਿੰਗ ਲਈ ਲਾਇਆ ਨਾਕਾ।

*ਇਹ ਗਰੋਹ ਇਕ ਦਿਨ 'ਚ ਨਹੀਂ ਬਣੇ। ਲੋਕਾਂ 'ਚ ਰੋਸ ਹੈ ਕਿ ਜੇ ਪੁਲਿਸ ਵੱਲੋਂ ਸਮੇਂ ਸਿਰ ਕਾਰਵਾਈ ਕੀਤੀ ਹੁੰਦੀ ਤਾਂ ਸੂਬੇ 'ਚ ਦਹਿਸ਼ਤ ਦਾ ਮਾਹੌਲ ਸਿਰ ਨਾ ਚੁਕਦਾ। ਮੰਦਭਾਗੀ ਗੱਲ ਇਹ ਹੈ ਕਿ ਜ਼ਿਆਦਾਤਰ ਗੈਂਗਸਟਰ ਪੜ੍ਹੇ-ਲਿਖੇ ਹਨ ਅਤੇ ਚੰਗੇ ਪਰਿਵਾਰਾਂ 'ਚੋਂ ਹਨ। ਖੇਡਾਂ 'ਚ ਮੱਲਾਂ ਮਾਰਨ ਵਾਲੇ ਕਈ ਖਿਡਾਰੀ ਗਰੋਹਾਂ ਨਾਲ ਜੁੜ ਗਏ ਹਨ। ਕੁਝ ਨੇ ਹੈਮਰ ਥਰੋਅ, ਸ਼ਾਟਪੁੱਟ ਅਤੇ ਕਬੱਡੀ 'ਚ ਨਾਮ ਕਮਾਇਆ ਹੈ ਪਰ ਉਹ ਗਰੋਹਾਂ 'ਚ ਸ਼ਾਮਲ ਹੋ ਗਏ ਹਨ। ਕਿਸੇ ਹੱਦ ਤੱਕ ਬੇਰੁਜ਼ਗਾਰੀ ਦੀ ਸਮੱਸਿਆ ਵੀ ਇਸ ਲਈ ਜ਼ਿੰਮੇਵਾਰ ਹੈ।*

# ਕਿਉਂ ਤਲਖ ਹੋ ਰਿਹੈ ਪੰਜਾਬੀਆਂ ਦਾ ਸੁਭਾਅ

ਪੰਜਾਬ ਗੁਰਾਂ ਦੇ ਨਾਂ 'ਤੇ ਵੱਸਦਾ ਹੈ। ਗੁਰੂ ਸਾਹਿਬਾਨ ਨੇ ਜਿਥੇ ਪੰਜਾਬੀਆਂ ਨੂੰ ਨਾਮ ਜਪਣ, ਕਿਰਤ ਕਰਨ ਤੇ ਵੰਡ ਛਕਣ ਦਾ ਉਪਦੇਸ਼ ਦਿੱਤਾ ਹੈ, ਉਥੇ ਨਿਰਭਉ ਭਾਵ ਬਿਨਾਂ ਕਿਸੇ ਡਰ ਦੇ ਰਹਿਣਾ ਸਿਖਾਉਣ ਦੇ ਨਾਲ ਨਿਰਵੈਰ ਰਹਿਣ ਦੀ ਵੀ ਸਿੱਖਿਆ ਦਿੱਤੀ ਹੈ। ਇਹੀ ਨਹੀਂ,

**ਅਜੀਤ ਕਮਲ**
ਫੋਨ: +91-94173-76895

ਗੁਰਬਾਣੀ ਵਿਚ ਜਿਥੇ ਮਤ ਨੂੰ ਉਚੀ ਕਰਨ ਦੀ ਅਰਦਾਸ ਕੀਤੀ ਜਾਂਦੀ ਹੈ, ਉਥੇ ਮਨ ਨੂੰ ਨੀਵਾਂ ਰੱਖਣ ਦੀ ਅਰਦਾਸ ਵੀ ਕੀਤੀ ਜਾਂਦੀ ਹੈ, ਪਰ ਅਜੋਕੇ ਸਮੇਂ ਦੇ ਪੰਜਾਬੀ, ਗੁਰੂ ਸਾਹਿਬਾਨ ਦੇ ਦਰਸਾਏ ਮਾਰਗ ਤੋਂ ਪਿਛੇ ਹਟਦੇ ਜਾ ਰਹੇ ਹਨ। ਅੱਜ ਪੰਜਾਬੀ ਆਪਣੇ ਲਈ ਬਹੁਤ ਮੁਸੀਬਤਾਂ ਆਪ ਸਹੇੜ ਰਹੇ ਹਨ। ਇਸ ਦੀ ਮਿਸਾਲ ਨਿੱਤ ਦਿਨ ਵਾਪਰ ਰਹੀਆਂ ਘਟਨਾਵਾਂ ਹਨ। ਬੇਸ਼ੱਕ, ਅਜੋਕੀ ਭੱਜ-ਦੌੜ ਵਾਲੀ ਜ਼ਿੰਦਗੀ ਵਿਚ ਹਰ ਕੋਈ ਕਾਹਲੀ ਵਿਚ ਹੈ ਤੇ ਕੋਈ ਵੀ ਪੂਰੀ ਤਰ੍ਹਾਂ ਸੰਤੁਸ਼ਟ ਨਹੀਂ, ਪਰ ਇਸ ਦਾ ਮਤਲਬ ਇਹ ਨਹੀਂ ਕਿ ਕੋਈ ਤੁਹਾਨੂੰ ਰਸਤਾ ਵੀ ਪੁੱਛ ਲਵੇ ਤਾਂ ਉਸ ਦੇ ਟੁੱਟ ਕੇ ਗਲ ਪੈ ਜਾਵੋ। ਅੱਜ ਕੱਲ੍ਹ ਪੰਜਾਬ ਵਿਚ ਇਹ ਕੁਝ ਆਮ ਹੀ ਹੋ ਰਿਹਾ ਹੈ ਅਤੇ ਕਈ ਵਾਰ ਤਾਂ ਪਾਣੀ ਸਿਰ ਤੋਂ ਲੰਘ ਚੁੱਕਣ ਵਾਲੀਆਂ ਘਟਨਾਵਾਂ ਵੀ ਵਾਪਰ ਜਾਂਦੀਆਂ ਹਨ। ਸਮਝ ਨਹੀਂ ਆਉਂਦੀ ਪੰਜਾਬੀਆਂ ਦਾ ਸੁਭਾਅ ਇੰਨਾ ਤਲਖ ਕਿਉਂ ਹੁੰਦਾ ਜਾ ਰਿਹਾ ਹੈ ਕਿ ਉਹ ਪੁਲਿਸ ਜਿਸ ਤੋਂ ਲੋਕਾਈ ਡਰਦੀ ਹੈ, ਉਸ ਦੇ ਗਲੇ ਨੂੰ ਹੱਥ ਪਾਉਣੋਂ ਵੀ ਨਹੀਂ ਝਿਜਕਦੇ।

ਅਧਿਆਪਕ ਜਿਸ ਨੂੰ ਪੁਰਾਣੇ ਵੇਲਿਆਂ 'ਚ ਲੋਕ ਗੁਰੂ ਸਮਾਨ ਸਤਿਕਾਰ ਦਿੰਦੇ ਸਨ, ਉਨ੍ਹਾਂ ਨਾਲ ਮਾਰ-ਕੁਟਾਈ ਦੀਆਂ ਖ਼ਬਰਾਂ ਆਮ ਪੜ੍ਹਨ-ਸੁਣਨ ਨੂੰ ਮਿਲਦੀਆਂ ਹਨ। ਇਹ ਠੀਕ ਰੁਝਾਨ ਨਹੀਂ। ਪੁਲਿਸ ਲੋਕਾਈ ਦੀ ਮਦਦ ਲਈ ਹੁੰਦੀ ਹੈ ਅਤੇ ਜੇ ਲੋਕ ਉਨ੍ਹਾਂ ਨਾਲ ਹੀ ਠੀਕ ਤਰ੍ਹਾਂ ਪੇਸ਼ ਨਹੀਂ ਆਉਣਗੇ ਤਾਂ ਉਹ ਉਨ੍ਹਾਂ ਦੀਆਂ ਦੁੱਖ-ਤਕਲੀਫ਼ਾਂ ਕਿਵੇਂ ਸੁਣਨਗੇ ਤੇ ਕਿਵੇਂ ਉਨ੍ਹਾਂ ਦੇ ਮਸਲਿਆਂ ਦਾ ਹੱਲ ਹੋਊ? ਇਸ ਤੋਂ ਇਲਾਵਾ ਜੇ ਬੱਚੇ ਅਧਿਆਪਕ ਦਾ ਸਤਿਕਾਰ ਨਹੀਂ ਕਰਨਗੇ ਤਾਂ ਉਹ ਉਨ੍ਹਾਂ ਨੂੰ ਕਿਵੇਂ ਪੜ੍ਹਾਉਣਗੇ?

16 ਮਈ ਨੂੰ ਡੇਰਾ ਰੋਡ, ਬਟਾਲਾ ਵਿਖੇ ਵਾਪਰੇ ਸੜਕ ਹਾਦਸੇ ਵਿਚ ਟਰੈਕਟਰ-ਟਰਾਲੀ ਚਾਲਕ ਵੱਲੋਂ ਸੱਜੇ ਪਾਸੇ ਅਚਾਨਕ ਟਰਾਲੀ ਮੋੜਨ ਕਰ ਕੇ ਅੱਗਿਉਂ ਆ ਰਹੇ ਦੋ ਮੋਟਰਸਾਈਕਲ ਸਵਾਰ ਉਸ ਨਾਲ ਟਕਰਾ ਗਏ ਅਤੇ ਮੋਟਰਸਾਈਕਲ ਚਾਲਕ ਨੌਜਵਾਨ ਦੀ ਮੌਕੇ 'ਤੇ ਹੀ ਮੌਤ ਹੋ ਗਈ। ਉਸ ਦੇ ਪਿਛੇ ਬੈਠਾ ਨੌਜਵਾਨ ਗੰਭੀਰ ਜ਼ਖ਼ਮੀ ਹੋ ਗਿਆ। ਬਾਅਦ ਵਿਚ ਉਸ ਦੀ ਵੀ ਹਸਪਤਾਲ ਵਿਚ ਮੌਤ ਹੋ ਗਈ। ਪੁਲਿਸ ਨੂੰ ਕਿਸੇ ਨੇ ਸੂਚਿਤ ਕੀਤਾ ਤਾਂ ਮੌਕੇ 'ਤੇ ਪਹੁੰਚੇ ਏ.ਐਸ.ਆਈ. ਦੇ ਗਲ ਭੜਕੀ ਭੀੜ ਪੈ ਗਈ। ਇਥੋਂ ਤਕ ਕਿ ਉਸ ਨੂੰ ਦਰੱਖ਼ਤ ਨਾਲ ਬੰਨ੍ਹ ਕੇ ਉਸ ਦੀ ਮਾਰ-ਕੁਟਾਈ ਵੀ ਕੀਤੀ। ਬਾਅਦ ਵਿਚ ਹੋਰ ਪੁਲਿਸ ਫੋਰਸ ਨੇ ਆ ਕੇ ਉਸ ਏ.ਐਸ.ਆਈ. ਨੂੰ ਛੁਡਾਇਆ। ਇੰਜ ਹੀ ਬਟਾਲਾ ਜ਼ਿਲ੍ਹੇ ਵਿਚ ਇੱਕ ਹੋਰ ਥਾਂ ਪੁਲਿਸ ਪਾਰਟੀ ਕਿਸੇ ਦੋਸ਼ੀ ਨੂੰ ਜਦੋਂ ਫੜਨ ਗਈ ਤਾਂ ਦੋਸ਼ੀ ਅੱਗਿਉਂ ਪੁਲਿਸ ਦੇ ਗਲ ਪੈ ਗਏ। ਇਨ੍ਹਾਂ ਦੋਵਾਂ ਮਾਮਲਿਆਂ ਵਿਚ ਅੱਗੇ ਕਾਰਵਾਈ ਚੱਲ ਰਹੀ ਹੈ। ਇਸ ਤਰ੍ਹਾਂ ਦੀਆਂ ਇਹ ਕੋਈ ਇੱਕ-ਦੋ ਘਟਨਾਵਾਂ ਨਹੀਂ ਹਨ। 18 ਮਈ ਨੂੰ ਮਾਨਾਵਾਲਾ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਇੱਕ ਸਕੂਲ ਵਿਚ ਵਿਦਿਆਰਥੀਆਂ ਦੇ ਅਧਿਆਪਕ ਨਾਲ ਝਗੜੇ ਦੌਰਾਨ ਬਚਾਓ 'ਤੇ ਆਈ ਇੱਕ ਅਧਿਆਪਕਾ ਦਾ ਸਿਰ ਪਾਟ ਗਿਆ।

ਆਖਰ ਅਜਿਹਾ ਕਿਉਂ ਹੋ ਰਿਹਾ ਹੈ। ਬੱਚੇ ਜਿਨ੍ਹਾਂ ਦੀ ਪੜ੍ਹਨ ਲਿਖਣ ਦੀ ਉਮਰ ਹੈ, ਉਹ ਨਿੱਕੀ ਜਿਹੀ ਗੱਲ 'ਤੇ ਹੀ ਹਿੰਸਾ 'ਤੇ ਕਿਉਂ ਉਤਰ ਆਉਂਦੇ ਹਨ। ਇਸ ਦਾ ਕਾਰਨ ਸਾਨੂੰ ਸਮਾਜ ਤੇ ਮਾਪਿਆਂ ਕੋਲੋਂ ਤਲਾਸ਼ਣ ਦੀ ਲੋੜ ਹੈ। ਅਜੋਕੀ ਭੱਜ-ਦੌੜ ਵਾਲੀ ਜ਼ਿੰਦਗੀ ਵਿਚ ਹੋਰਾਂ ਤੋਂ ਅੱਗੇ ਨਿਕਲਣ ਲਈ ਅਸੀਂ ਸਭ ਕੁਝ ਪਿਛੇ ਛੱਡਦੇ ਜਾ ਰਹੇ ਹਾਂ। ਬੱਚਿਆਂ ਵੱਲ ਸਾਡਾ ਕੋਈ ਧਿਆਨ ਹੀ ਨਹੀਂ ਹੈ। ਮਾਪਿਆਂ ਨੂੰ ਚਾਹੀਦਾ ਹੈ ਕਿ ਪੈਸਾ ਕਮਾਉਣ ਵੱਲ ਹੀ ਨਾ ਲੱਗੇ ਰਹਿਣ ਅਤੇ ਆਪਣੇ ਤੇ ਬੱਚਿਆਂ ਵਾਸਤੇ ਜ਼ਰੂਰ ਸਮਾਂ ਕੱਢਣ। ਜੇ ਉਨ੍ਹਾਂ ਦੇ ਸੁਭਾਅ ਵਿਚੋਂ ਕਾਹਲ ਜਾਵੇਗੀ ਤਾਂ ਬੱਚੇ ਵੀ ਠੀਕ ਰਹਿਣਗੇ, ਕਿਉਂਕਿ ਕਾਹਲ ਹੀ ਗੁੱਸੇ ਨੂੰ ਜਨਮ ਦਿੰਦੀ ਹੈ।

ਰਹੀ ਗੱਲ ਪੁਲਿਸ ਨਾਲ ਆਮ ਲੋਕਾਂ ਵੱਲੋਂ ਕੀਤੀ ਜਾ ਰਹੀ ਧੱਕੇਸ਼ਾਹੀ ਦੀ, ਤਾਂ ਇਹ ਵੀ ਗਲਤ ਰੁਝਾਨ ਹੈ। ਬੇਸ਼ੱਕ ਅਜੋਕੇ ਸਿਸਟਮ ਨੇ ਲੋਕਾਂ ਦਾ ਵਿਸ਼ਵਾਸ ਨਿਆਂ ਪ੍ਰਣਾਲੀ ਤੋਂ ਉਠਾ ਦਿੱਤਾ ਹੈ, ਫਿਰ ਵੀ ਆਮ ਲੋਕਾਂ ਨੂੰ ਠਰ੍ਹੰਮੇ ਤੋਂ ਕੰਮ ਲੈਣਾ ਚਾਹੀਦਾ ਹੈ। ਪੰਜੇ ਉਂਗਲਾਂ ਇਕ ਬਰਾਬਰ ਨਹੀਂ ਹੁੰਦੀਆਂ। ਕੁਝ ਵੀ ਹੋਵੇ ਕਾਨੂੰਨ ਮੁਤਾਬਕ ਪੁਲਿਸ ਸਾਡੀ ਰੱਖਿਆ ਲਈ ਹੈ ਅਤੇ ਉਸ ਨਾਲ ਗਲਤ ਵਿਹਾਰ ਜਾਇਜ਼ ਨਹੀਂ। ਜੇ ਅਸੀਂ ਇਸ ਤਰ੍ਹਾਂ ਕਰਾਂਗੇ ਤਾਂ ਸਮਾਜ ਵਿਚ ਬਦਅਮਨੀ ਫੈਲਣ ਨੂੰ ਕੋਈ ਨਹੀਂ ਰੋਕ ਸਕਦਾ। ਪੁਲਿਸ ਨੂੰ ਵੀ ਆਪਣਾ ਅਕਸ ਸੁਧਾਰਨ ਲਈ ਲੋਕਾਂ ਦੀ ਸੁਰੱਖਿਆ ਤੇ ਸਹਾਇਤਾ ਲਈ ਤਤਪਰ ਰਹਿਣਾ ਚਾਹੀਦਾ ਹੈ। -0-



*ਅਧਿਆਪਕ ਜਿਸ ਨੂੰ ਪੁਰਾਣੇ ਵੇਲਿਆਂ 'ਚ ਲੋਕ ਗੁਰੂ ਸਮਾਨ ਸਤਿਕਾਰ ਦਿੰਦੇ ਸਨ, ਉਨ੍ਹਾਂ ਨਾਲ ਮਾਰ-ਕੁਟਾਈ ਦੀਆਂ ਖ਼ਬਰਾਂ ਆਮ ਪੜ੍ਹਨ-ਸੁਣਨ ਨੂੰ ਮਿਲਦੀਆਂ ਹਨ। ਇਹ ਠੀਕ ਰੁਝਾਨ ਨਹੀਂ। ਪੁਲਿਸ ਲੋਕਾਈ ਦੀ ਮਦਦ ਲਈ ਹੁੰਦੀ ਹੈ ਅਤੇ ਜੇ ਲੋਕ ਉਨ੍ਹਾਂ ਨਾਲ ਹੀ ਠੀਕ ਤਰ੍ਹਾਂ ਪੇਸ਼ ਨਹੀਂ ਆਉਣਗੇ ਤਾਂ ਉਹ ਉਨ੍ਹਾਂ ਦੀਆਂ ਦੁੱਖ-ਤਕਲੀਫ਼ਾਂ ਕਿਵੇਂ ਸੁਣਨਗੇ ਤੇ ਕਿਵੇਂ ਉਨ੍ਹਾਂ ਦੇ ਮਸਲਿਆਂ ਦਾ ਹੱਲ ਹੋਊ? ਇਸ ਤੋਂ ਇਲਾਵਾ ਜੇ ਬੱਚੇ ਅਧਿਆਪਕ ਦਾ ਸਤਿਕਾਰ ਨਹੀਂ ਕਰਨਗੇ ਤਾਂ ਉਹ ਉਨ੍ਹਾਂ ਨੂੰ ਕਿਵੇਂ ਪੜ੍ਹਾਉਣਗੇ?*

# ਧਰਮ, ਸਮਾਜ ਅਤੇ ਕਰਮ-ਕਾਂਡੀ ਮਾਨਵੀ ਬਲੀਆਂ

ਦੁਨੀਆਂ ਦੇ ਪ੍ਰਮੁਖ, ਪੁਖਤਾ ਤੇ ਖੋਜ ਸਮੱਗਰੀ ਆਧਾਰਿਤ ਪ੍ਰਮਾਣਿਕ ਲਿਖਤਾਂ ਲਈ ਜਾਣੇ ਜਾਂਦੇ ਕੌਮਾਂਤਰੀ ਸਾਇੰਸ ਖੋਜ ਪੱਤ੍ਰਿਕਾ 'ਨੇਚਰ' ਵਿਚ ਹੁਣੇ ਹੀ ਡਾ. ਜੋਜ਼ੇਫ਼ ਵਟਸ ਤੇ ਸਾਥੀਆਂ ਵੱਲੋਂ ਲਿਖਿਆ ਧਰਮ ਆਧਾਰਿਤ ਕਰਮ-ਕਾਂਡੀ ਮਾਨਵੀ ਬਲੀਆਂ ਤੇ ਸਮਾਜਿਕ ਦਰਜਾਬੰਦੀ ਦੀ ਵੰਡ ਨੂੰ ਬਣਾਈ ਰੱਖਣ ਬਾਰੇ ਲੇਖ ਛਪਿਆ ਹੈ। ਲੇਖਕਾਂ ਨੇ ਸਿੱਟਾ ਕੱਢਿਆ ਹੈ ਕਿ ਧਰਮ ਦੀ ਆੜ ਵਿਚ ਕਰਮ-ਕਾਂਡੀ ਮਾਨਵੀ ਬਲੀਆਂ ਨੇ ਸਮੇਂ ਦੇ ਹਾਕਮਾਂ ਅਤੇ ਅਮੀਰਾਂ ਨੂੰ

**ਸੁਖਦੇਵ ਸਿੰਘ**
ਫੋਨ: +91-94177-15730

ਸਮਾਜ ਦੇ ਸਿਖਰਲੇ ਡੰਡੇ 'ਤੇ ਬਣਾਈ ਰੱਖਣ ਲਈ ਧਰੂਵੀ ਰੋਲ ਅਦਾ ਕੀਤਾ ਹੈ। ਖੋਜ ਇਹ ਵੀ ਦਰਸਾਉਂਦੀ ਹੈ ਕਿ ਸਮਾਨਤਾਵਾਦੀ ਜਾਂ ਸਮਾਜਵਾਦੀ ਮੁਲਕਾਂ ਤੇ ਸਮੂਹਾਂ ਵਿਚ ਕਰਮ-ਕਾਂਡੀ ਬਲੀਆਂ ਘਟ ਹਨ ਜਦੋਂਕਿ ਗੁੰਝਲਦਾਰ ਤੇ ਵਧੇਰੇ ਦਰਜਾਬੰਦੀ ਵਾਲੇ ਮੁਲਕਾਂ ਵਿਚ ਰਸਮੀ ਬਲੀਆਂ ਵੱਧ ਹਨ। ਖੋਜ ਅਧੀਨ 93 ਐਸਟਰੋਨੇਸ਼ੀਆ ਸਭਿਆਚਾਰਾਂ (ਤਾਇਵਾਨ, ਮੈਡਗਾਸਕਰ, ਨਿਊਜ਼ੀਲੈਂਡ, ਹਵਾਈ ਤੇ ਉਤਰੀ ਆਈਲੈਂਡ ਆਦਿ) ਵਿਚੋਂ ਘਣੀ ਦਰਜਾਬੰਦੀ ਅਤੇ ਮੁਲਕਾਂ ਵਿਚ 67 ਫ਼ੀਸਦੀ, ਮੱਧ ਪੱਧਰੀ ਸਮਾਜਿਕ ਵੰਡ ਵਿਚ 37 ਫ਼ੀਸਦੀ ਤੇ ਸਮਾਨਤਾਵਾਦੀ ਮੁਲਕਾਂ ਵਿਚ 25 ਫ਼ੀਸਦੀ ਮਾਨਵੀ ਬਲੀਆਂ ਹੋਈਆਂ। ਮਾਨਵੀ ਬਲੀਆਂ ਦੇ ਮੁੱਖ ਰੂਪਾਂ ਵਿਚੋਂ ਇਨਸਾਨਾਂ ਨੂੰ ਜ਼ਿੰਦਾ ਜਲਾ ਕੇ, ਪਾਣੀ ਵਿਚ ਡਬੋ ਕੇ, ਲਟਕਾ ਕੇ, ਗਲਾ ਘੁੱਟ ਕੇ, ਜ਼ਮੀਨ ਵਿਚ ਦੱਬ ਕੇ ਜਾਂ ਬੇੜੀਆਂ ਥੱਲੇ ਕੁਚਲ ਕੇ ਮਾਰਨਾ ਸ਼ਾਮਲ ਹਨ ਅਤੇ ਬਲੀਆਂ ਚੜ੍ਹਨ ਵਾਲੇ ਆਮ ਤੌਰ 'ਤੇ ਗ਼ਰੀਬ ਜਾਂ ਸਾਧਨਹੀਣ ਲੋਕਾਂ ਵਿਚੋਂ ਹਨ। ਡਾ. ਵਟਸ ਮੁਤਾਬਿਕ 'ਧਰਮ ਦੇ ਕਰਮਵਿਕਾਸੀ ਸਿਧਾਂਤ ਭਾਵੇਂ ਇਸ ਦੇ ਕਿਰਿਆਤਮਕ, ਮਾਨਵ ਪੱਖੀ ਤੇ ਨੈਤਿਕ ਵਿਸ਼ਵਾਸਾਂ 'ਤੇ ਵਧੇਰੇ ਕੇਂਦ੍ਰਿਤ ਹਨ, ਪਰ ਸਾਡੀ ਖੋਜ ਧਰਮ ਅਤੇ ਆਧੁਨਿਕ ਸਮਾਜਾਂ ਵਿਚਲੀ ਦਰਜਾਬੰਦੀ ਦੇ ਕਰਮਵਿਕਾਸ ਬਾਰੇ 'ਨਿਰਾਸ਼ਾਜਨਕ ਰਿਸ਼ਤਾ' ਦਰਸਾਉਂਦੀ ਹੈ।' ਡਾ. ਵਟਸ ਦੀ ਖੋਜ ਬਾਰੇ ਕੁਝ ਪ੍ਰਸ਼ਨ ਚਿੰਨ੍ਹ ਭਾਵੇਂ ਜ਼ਰੂਰ ਹੋਣਗੇ, ਪਰ ਇਨ੍ਹਾਂ ਦੀਆਂ ਖੋਜ ਲੱਭਤਾਂ ਬਾਰੇ ਵੱਖ ਵੱਖ ਪੱਧਰਾਂ 'ਤੇ ਬਹਿਸ ਹੋ ਰਹੀ ਹੈ।

ਧਰਮ ਪਰਾ-ਮਨੁੱਖ, ਅਲੌਕਿਕ ਤੇ ਰਹੱਸਮਈ ਪਰਾ-ਕੁਦਰਤ ਸ਼ਕਤੀ ਹੈ। ਧਰਮ ਵਿਸ਼ੇਸ਼ ਸ਼ਕਤੀ ਉਤੇ ਵਿਸ਼ਵਾਸ ਹੈ ਅਤੇ ਉਹ ਸ਼ਕਤੀ ਮਾਨਵੀ ਸ਼ਕਤੀ ਤੋਂ ਉਚੀ ਤੇ ਨਿਰਪੱਖ ਮੰਨੀ ਗਈ ਹੈ। ਵਿਸ਼ਵਾਸ ਦਾ ਸੰਵੇਦਨਸ਼ੀਲ ਭਾਵਨਾਤਮਕ ਆਧਾਰ ਹੁੰਦਾ ਹੈ। ਧਰਮ ਸ਼ਕਤੀ ਤੋਂ ਮਨੁੱਖ ਆਪ ਦੀ ਸ਼ਰਧਾ, ਪੂਜਾ ਜਾਂ ਭਗਤੀ ਰਾਹੀਂ ਆਪਣੇ ਜੀਵਨ ਵਿਚ ਸੁੱਖ ਤੇ ਅਗਲੇਰੀ ਦੁਨੀਆਂ ਵਿਚ ਸ਼ਕਤੀ ਦੀ ਲੋਚਾ ਕਰਦਾ ਹੈ। ਇਨਸਾਨੀ ਜੀਵਨ ਦੀ ਹੋਂਦ ਤੋਂ ਹੀ ਮਨੁੱਖ ਆਪਣੇ ਜੀਵਨ ਦੇ ਇਸ ਬ੍ਰਹਿਮੰਡ ਵਿਚਲੇ ਰਹੱਸਾਂ ਬਾਰੇ ਜਾਣਨ ਦੀ ਇੱਛਾ ਰੱਖਦਾ ਆਇਆ ਹੈ। ਹਰ ਧਰਮ ਦੇ ਬਾਨੀਆਂ ਜਾਂ ਹੋਰ ਦੇਵੀ ਦੇਵਤਿਆਂ ਨੇ ਇਨਸਾਨ ਲਈ ਅਜਿਹੇ ਧਾਰਮਿਕ ਨੇਮ ਬਣਾਏ ਤੇ ਸਮਾਜਿਕ ਪਿਰਤਾਂ ਪਾਈਆਂ ਜੋ ਇਕ ਪਾਸੇ ਇਨਸਾਨ ਤੇ ਪਰਾ-ਭੌਤਿਕ ਸ਼ਕਤੀ ਸਬੰਧਾਂ ਨੂੰ ਦਰਸਾਉਂਦੀਆਂ ਹਨ ਤੇ ਲੋਕ ਉਨ੍ਹਾਂ ਸ਼ਕਤੀਆਂ ਕੋਲੋਂ ਆਪਣੀਆਂ ਦੁਨਿਆਵੀ ਲੋੜਾਂ ਦੀ ਪੂਰਤੀ ਕਰਨ ਦੀ ਅਭਿਲਾਸ਼ਾ ਕਰਦੇ ਹਨ; ਦੂਜੇ ਪਾਸੇ ਉਹ ਨਿਯਮ ਸਮਾਜਿਕ ਕੰਟਰੋਲ ਵਿਚ ਸਹਾਈ ਹੁੰਦੇ ਹਨ।

ਧਰਮ ਆਧਾਰਤ ਸਮਾਜਿਕ ਕੰਟਰੋਲ ਰਾਹੀਂ ਬਹੁਤ ਵਾਰ ਹੁਕਮਰਾਨਾਂ ਵੱਲੋਂ ਆਪਣੀ ਸਰਦਾਰੀ ਕਾਇਮ ਰੱਖਣ ਲਈ ਅਮਾਨਵੀ ਪੱਖਾਂ ਦਾ ਜਨਮ ਹੁੰਦਾ ਹੈ। ਕਬੀਲਾਵਾਦੀ ਅਤੇ ਰਵਾਇਤੀ ਸਮਾਜਾਂ ਵਿਚ ਤਾਂ ਅਣਸੋਧੇ ਧਰਮ, ਜਾਦੂ, ਰੂਹਾਂ, ਸਿਆਣਾਵਾਦ, ਮਿਥਾਂ ਤੇ ਪਰੰਪਰਾਵਾਂ ਦਾ ਰੋਲ ਅਜੋਕੇ ਸਮੇਂ ਤੋਂ ਵਧੇਰੇ ਸੀ ਅਤੇ ਸਮਾਜ ਦਾ ਕੋਈ ਵੀ ਪੱਖ ਧਰਮ ਦੀ ਰੰਗਤ ਤੋਂ ਬਿਨਾਂ ਨਹੀਂ ਸੀ। ਜਨਮ ਤੋਂ ਲੈ ਕੇ ਮਰਨ ਤਕ, ਫ਼ਸਲ ਦੀ ਬਿਜਾਈ ਤੋਂ ਲੈ ਕੇ ਅਨਾਜ ਘਰ ਆਉਣ ਤਕ, ਆਪਣੀਆਂ ਅਭਿਲਾਸ਼ਾਵਾਂ ਦੀ ਪੂਰਤੀ ਲਈ ਕੁਦਰਤੀ ਸ਼ਕਤੀਆਂ ਨੂੰ ਰਾਜ਼ੀ ਜਾਂ ਵੱਸ ਵਿਚ ਕਰਨ ਲਈ ਅਹੂਤੀਆਂ ਤੇ ਬਲੀਆਂ ਦਾ ਵਰਤਾਰਾ ਆਮ ਸੀ। ਸੰਸਾਰ ਪ੍ਰਸਿੱਧ ਕਲਾਸੀਕਲ ਮਾਨਵ ਵਿਗਿਆਨੀ ਜੇਮਜ਼ ਫਰੇਜ਼ਰ ਦੀ ਕਿਤਾਬ 'ਦਿ ਗੋਲਡਨ ਬੂਹ' ਕਬਾਇਲੀ ਤੇ ਰਵਾਇਤੀ ਸਮਾਜਾਂ ਦੇ ਧਾਰਮਿਕ ਵਰਤਾਰਿਆਂ ਬਾਰੇ ਪੁਖਤਾ ਕਿਰਤ ਹੈ ਜੋ ਇਸ਼ਾਰਾ ਕਰਦੀ ਹੈ ਕਿ ਉਨ੍ਹਾਂ ਸਮਿਆਂ ਵਿਚ ਧਰਮ ਦੀ ਵਰਤੋਂ ਕਿਸ ਭਿਆਨਕ ਹੱਦ ਤਕ ਕੀਤੀ ਜਾ ਸਕਦੀ ਸੀ। ਮਿਸਾਲ ਲਈ ਫ਼ਸਲ ਦੇ ਉਪਜਾਊਪਣ ਦੀ ਸ਼ਕਤੀ ਵਧਾਉਣ ਅਤੇ ਚੰਗੇ ਝਾੜ ਲਈ ਕਈ ਵਾਰ ਜ਼ਿੰਦਾ ਮਨੁੱਖਾਂ ਨੂੰ ਉਪਰੋਂ ਗਿਰਦੇ ਅੱਗ ਝੁਲਸਦੇ ਪੱਥਰਾਂ ਵਿਚ ਮਸਲ ਕੇ ਟੁਕੜੇ-ਟੁਕੜੇ ਕਰ ਕੇ ਮਾਰ ਦਿੱਤਾ ਜਾਂਦਾ। ਇਟਲੀ ਵਿਚ ਇਕ ਖਾਸ ਦੇਵਤੇ ਨੂੰ ਖੁਸ਼ ਕਰਨ ਹਿੱਤ ਜ਼ਿੰਦਾ ਇਨਸਾਨ ਦਾ ਦਿਲ ਕੱਢ ਕੇ ਭੇਟ ਕਰ ਦਿੱਤਾ ਜਾਂਦਾ ਸੀ। ਡਾ. ਵਟਸ ਦੀ ਖੋਜ ਮੁਤਾਬਿਕ ਬਹੁਤਾ ਕਰ ਕੇ ਬਲੀਆਂ ਸਾਧਨਹੀਣ ਜਾਂ ਗ਼ਰੀਬ ਲੋਕਾਂ ਕੋਲੋਂ ਕਰਵਾ ਦਿੱਤੀਆਂ ਜਾਂਦੀਆਂ ਅਤੇ ਅਜਿਹੇ ਵਰਤਾਰਾ ਅਜੋਕੇ ਸਮਾਜਾਂ ਵਿਚ ਵੀ ਪ੍ਰਚੱਲਿਤ ਹੈ। ਅੱਜ ਵੀ ਧਰਮ ਦੇ ਨਾਮ 'ਤੇ ਬਲੀਆਂ ਆਮ ਕਰ ਕੇ ਉਨ੍ਹਾਂ ਲੋਕਾਂ ਦੀਆਂ ਹੁੰਦੀਆਂ ਹਨ ਜੋ ਮਾੜੇ ਹੁੰਦੇ ਹਨ ਜਦੋਂਕਿ ਅਮੀਰ ਤੇ ਰਾਜ ਕਰਦੇ ਲੋਕ ਆਮ ਤੌਰ 'ਤੇ ਬਚ ਨਿਕਲਦੇ ਹਨ।

ਧਰਮ ਦੇ ਕਰਮਵਿਕਾਸੀ ਸਿਧਾਂਤਕਾਰਾਂ ਮੁਤਾਬਿਕ ਸਮੇਂ ਦੇ ਬੀਤਣ ਨਾਲ ਧਰਮ ਵਿਚ ਨਿਖਾਰਤਾ ਆ ਜਾਂਦੀ ਹੈ ਤੇ ਪੁਰਾਣੇ ਅੰਧਵਿਸ਼ਵਾਸੀ ਤੇ ਗ਼ੈਰ-ਮਨੁੱਖੀ ਪੱਖ ਲੁਪਤ ਹੋ ਜਾਂਦੇ ਹਨ। ਜਿਥੇ ਪੁਰਾਤਨ ਸਮਾਜਾਂ ਵਿਚ ਗ਼ਰੀਬੀ, ਅਗਿਆਨਤਾ, ਪਰਾ-ਭੌਤਿਕੀ ਸ਼ਕਤੀ ਦੇ ਡਰ ਕਾਰਨ ਮਨੁੱਖੀ ਮਨ ਅਣ-ਸੁਧਰੇ ਧਰਮ ਦੀਆਂ ਧਾਰਨਾਵਾਂ ਵਿਚ ਗ੍ਰਸਿਆ ਜਾਦੂ, ਬਹੁ-ਈਸ਼ਵਰਵਾਦ, ਜੀਵਵਾਦ ਅਤੇ



ਭੂਤਾਂ-ਪ੍ਰੇਤਾਂ ਵਿਚ ਵਿਸ਼ਵਾਸ ਰੱਖਦਾ ਸੀ, ਉਥੇ ਆਧੁਨਿਕ ਸਮਾਜਾਂ ਵਿਚ ਤਰਕਸੰਗਤ ਤੇ ਇਕ ਈਸ਼ਵਰਵਾਦ ਦੀ ਪ੍ਰਧਾਨਤਾ ਹੁੰਦੀ ਹੈ। ਕੀ ਹੁਣ ਸੱਚਮੁੱਚ ਅਜਿਹਾ ਵਾਪਰ ਰਿਹਾ ਹੈ? ਲਗਪਗ ਇਕ ਸਦੀ ਪਹਿਲਾਂ ਜਰਮਨ ਸਮਾਜ ਵਿਗਿਆਨੀ ਮੈਕਸ ਵੈਬਰ ਨੇ ਹੋਰ ਪੱਖਾਂ ਤੋਂ ਇਲਾਵਾ ਧਰਮ ਨੂੰ ਆਰਥਿਕ ਤਰੱਕੀ ਵਿਚ ਵੱਡਾ ਰੋੜਾ ਦੱਸਿਆ ਸੀ। ਆਪਣੀ ਪੁਸਤਕ 'ਪਰੋਟੈਸਟੈਂਟ ਐਥਿਕਸ ਐਂਡ ਸਪਿਰਿਟ ਆਫ ਕੈਪਿਟਲਿਜ਼ਮ' ਵਿਚ ਉਸ ਦਾ ਤਰਕ ਸੀ ਕਿ ਕੈਲਵਿਨਿਸਟ ਲੋਕ ਯੂਰਪ ਵਿਚ ਇਸ ਕਰ ਕੇ ਖੁਸ਼ਹਾਲ ਹੋਏ, ਕਿਉਂਕਿ ਉਨ੍ਹਾਂ ਨੇ ਚਰਚਾਂ ਜੋ ਕੁਝ ਸਮਾਂ ਪਹਿਲਾਂ ਤਕ ਇਕ ਸ਼ਕਤੀਸ਼ਾਲੀ ਸੰਸਥਾ ਸੀ, ਵਿਚ ਸਮਾਂ ਵਿਅਰਥ ਕਰਨ ਦੀ ਬਜਾਏ ਮਿਹਨਤ, ਸੰਜਮ, ਅਨੁਸ਼ਾਸਨ ਤੇ ਆਤਮ-ਵਿਸ਼ਵਾਸ ਨਾਲ ਆਰਥਿਕ ਕੰਮ-ਕਾਰ ਵਿਚ ਧਿਆਨ ਲਾਇਆ। ਵੈਬਰ ਮੰਨਦਾ ਹੈ ਕਿ ਪੂੰਜੀਵਾਦ ਦੀ ਜੜ੍ਹ ਵੀ ਇਸ ਸਮੂਹ ਦੀ ਕਾਰਗੁਜ਼ਾਰੀ ਵਿਚੋਂ ਨਿਕਲੀ। ਵੈਬਰ ਮੁਤਾਬਿਕ ਹੋਰ ਕਾਰਨਾਂ ਦੇ ਨਾਲ ਨਾਲ ਭਾਰਤ ਦੀ ਗ਼ਰੀਬੀ ਤੇ ਵਿਕਸਿਤ ਨਾ ਹੋਣ ਦਾ ਮੂਲ ਕਾਰਨ ਧਾਰਮਿਕ ਕਰਮ-ਕਾਂਡਾਂ ਤੇ ਵਿਸ਼ਵਾਸਾਂ ਵਿਚ ਵਧੇਰੇ ਸਮਾਂ ਨਸ਼ਟ ਕਰਨਾ ਹੈ। ਉਸ ਮੁਤਾਬਿਕ ਭਾਰਤੀ ਮਨੁੱਖ ਕਿਸਮਤਵਾਦ, ਸੰਸਾਰ ਤਿਆਗਣ, ਕਰਮ-ਕਾਂਡ ਤੇ ਅਣ-ਦੇਖੀ ਅਗਲੇਰੀ ਦੁਨੀਆਂ ਵੱਲ ਵਧੇਰੇ ਚਿੰਤਤ ਰਹਿੰਦੇ ਹਨ ਅਤੇ ਅਜਿਹੀ ਸੋਚ ਜਿਥੇ ਗ਼ੈਰ-ਕੁਦਰਤੀ ਤੇ ਮਨੁੱਖੀ ਸ਼ਕਤੀ ਨੂੰ ਅਣਉਪਜਾਊ ਕੰਮਾਂ ਵੱਲ ਧਕਦੀ ਹੈ, ਉਥੇ ਵਿਕਾਸ ਵੀ ਰੁਕਦਾ ਹੈ।

ਅਜੋਕੇ ਸਮੇਂ ਵਿਚ ਸਾਡੇ ਮੁਲਕ ਵਿਚ ਬਾਬੇ ਮਨੁੱਖੀ ਤੇ ਕੁਦਰਤੀ ਸ਼ਕਤੀ ਨੂੰ ਬੇਹਾਲ ਕਰਨ ਵਿਚ ਕੋਈ ਕਸਰ ਨਹੀਂ ਛੱਡ ਰਹੇ। ਅੱਜ ਵੀ ਬਲੀਆਂ, ਆਹੂਤੀਆਂ ਤੇ ਅੰਧ-ਵਿਸ਼ਵਾਸਾਂ ਦਾ ਵਰਤਾਰਾ ਜਾਰੀ ਹੈ। ਝਾਰਖੰਡ ਵਿਚ ਦੋ ਕੁ ਸਾਲ ਪਹਿਲਾਂ ਪੰਜ ਔਰਤਾਂ ਨੂੰ ਡੈਣਾਂ ਸਮਝ ਕੇ ਮਾਰ ਦੇਣ ਅਤੇ ਕਰਨਾਟਕ ਦੇ ਬੈਲੂਰ ਬਲਾਕ ਦੇ ਹੈਵਲ ਪਿੰਡ ਵਿਚ ਹੁਣੇ ਜਿਹੇ ਗ਼ਰੀਬ ਨੌਜਆਨ ਸੁਨੀਲ ਕੁਮਾਰ ਨੂੰ ਧਾਰਮਿਕ ਰਸਮਾਂ ਦੀ ਪੂਰਤੀ ਲਈ ਧਰਤੀ ਤੋਂ 20 ਫੁੱਟ ਉਚੇ ਬਣੇ ਘੁੰਮ ਰਹੇ ਯੰਤਰਾਂ ਤੋਂ ਗਿਰਾ ਕੇ ਮਾਰ ਦੇਣ ਤੋਂ ਇਲਾਵਾ ਅਣਗਿਣਤ ਅਜਿਹੇ ਕੇਸ ਵਾਪਰਦੇ ਹਨ ਜੋ ਰਿਪੋਰਟ ਨਹੀਂ ਹੁੰਦੇ। ਇਹ ਘਟਨਾਵਾਂ ਸਾਡੇ ਮੌਜੂਦਾ ਸਮਿਆਂ ਦੀ ਸੋਚ 'ਤੇ ਪ੍ਰਸ਼ਨ ਚਿੰਨ੍ਹ ਲਗਾਉਂਦੀਆਂ ਹਨ। ਸਾਇੰਸ ਪੱਖੋਂ ਅਸੀਂ ਫਾਡੀ ਹੋ ਰਹੇ ਹਾਂ। ਭਾਰਤ ਰਤਨ ਡਾ. ਸੀ.ਐਨ. ਰਾਓ ਮੁਤਾਬਿਕ 1980 ਵੇਲੇ ਭਾਰਤ ਅਤੇ ਚੀਨ ਦਾ ਸੰਸਾਰ ਵਿਚ ਸਾਇੰਸ ਨੂੰ ਯੋਗਦਾਨ 2.5 ਫ਼ੀਸਦੀ ਸੀ। ਚੀਨ ਅਜੋਕੇ ਵੇਲੇ 15 ਫ਼ੀਸਦੀ 'ਤੇ ਪਹੁੰਚ ਗਿਆ ਹੈ ਅਤੇ ਭਾਰਤ ਅੱਜ ਵੀ 2.5 ਫ਼ੀਸਦੀ 'ਤੇ ਖੜ੍ਹਾ ਹੈ। ਅਜੋਕੇ ਬਾਬੇ ਹੁਣ ਧਰਮ, ਸਮੂਹ ਤੇ ਕੁਦਰਤ ਦਾ ਖ਼ਿਆਲ ਘੱਟ ਤੇ ਮਾਰਕਿਟਿੰਗ ਦਾ ਹੇਜ ਵੱਧ ਕਰਦੇ ਹਨ। ਧਰਮ ਤੇ ਯੋਗ ਦੇ ਨਾਮ 'ਤੇ ਵੇਚੇ ਜਾ ਰਹੇ ਉਤਪਾਦ ਇਨ੍ਹਾਂ ਦੀਆਂ ਪ੍ਰਤੱਖ ਮਿਸਾਲਾਂ ਹਨ। ਭਾਰਤ ਵਿਚ ਮਿਹਨਤੀ ਤੇ ਹੱਕ ਦੀ ਕਮਾਈ ਕਰਨ ਵਾਲਾ ਇਨਸਾਨ ਉਮਰ ਦੇ ਅਖੀਰਲੇ ਸਾਲਾਂ ਵਿਚ ਕਿਤੇ ਲੱਖਾਂ ਰੁਪਏ ਦੇ ਦਰਸ਼ਨ ਕਰਦਾ ਹੈ ਜਦੋਂਕਿ ਬਾਬੇ ਚੜ੍ਹਦੀ ਉਮਰੇ ਹੀ ਅਰਬਾਂ ਰੁਪਇਆਂ ਵਿਚ ਖੇਡਦੇ ਹਨ, ਕਈ ਬਾਬਿਆਂ ਦਾ ਤਾਂ ਪਿਛੋਕੜ ਵੀ ਅਪਰਾਧਿਕ ਹੁੰਦਾ ਹੈ। ਅਜੋਕੇ ਮਸ਼ਹੂਰ, ਉਰਦੂ ਕਵੀ ਮੁਨੱਵਰ ਰਾਣਾ ਦੇ ਬੋਲ- 'ਸ਼ਹਰ ਕੋ ਜੰਗਲ ਬਨਾ ਦੇਨੇ ਮੇਂ ਜੋ ਮਸ਼ਹੂਰ ਥਾ, ਆਜ ਕਲ ਸੁਨਤੇ ਹੈਂ ਵੋ ਅੱਲ੍ਹਾ ਵਾਲਾ ਹੋ ਗਯਾ' ਇਨ੍ਹਾਂ 'ਤੇ ਸਹੀ ਢੁਕਦੇ ਹਨ।

ਧਰਮ ਦੇ ਅਜੋਕੇ ਵਰਤਾਰੇ ਦੇ ਇਕ ਹੋਰ ਰੂਪ ਜੋ ਬਹੁਤ ਵਾਰੀ ਅਮਾਨਵੀ ਹੋ ਨਿਬੜਦਾ ਹੈ, ਉਹ ਹੈ ਧਾਰਮਿਕ ਡੇਰਿਆਂ ਵਿਚ ਅਥਾਹ ਵਾਧਾ। ਪੰਜਾਬ ਸਮੇਤ ਭਾਰਤ ਵਿਚ ਹਜ਼ਾਰਾਂ ਹੀ ਡੇਰੇ ਹੋਂਦ ਵਿਚ ਆ ਚੁੱਕੇ ਹਨ ਜੋ ਆਪਣੇ ਨਵੇਂ ਬਣਾਏ ਧਾਰਮਿਕ ਨਿਯਮਾਂ ਨੂੰ ਉਤਸ਼ਾਹਿਤ ਕਰ ਰਹੇ ਹਨ। ਹਿਸਾਰ ਕੋਲ ਇਕ ਡੇਰੇ ਵਿਚ ਕੀ ਵਾਪਰਿਆ, ਸਾਰੀ ਦੁਨੀਆਂ ਜਾਣਦੀ ਹੈ। ਕਈ ਬਾਬੇ 'ਬਾਪੂ' ਆਪਣੀਆਂ ਕਰਤੂਤਾਂ ਕਾਰਨ ਜੇਲ੍ਹ ਦੀ ਹਵਾ ਖਾ ਰਹੇ ਹਨ। ਇਕ ਵੱਖਰੀ ਆਸਥਾ ਦੇ ਮ੍ਰਿਤਕ ਬਾਬੇ ਦੀ ਲਾਸ਼ ਨੂੰ ਫ੍ਰਿਜ ਵਿਚ ਲਾ ਕੇ ਰੱਖਣਾ ਅੰਧ-ਵਿਸ਼ਵਾਸ ਦੀ ਚਰਮ ਸੀਮਾ ਹੈ। ਸਰਕਾਰ ਵੱਲੋਂ ਵੋਟ ਬੈਂਕ ਖਾਤਿਆਂ ਕਾਰਨ ਇਨ੍ਹਾਂ ਬਾਬਿਆਂ ਵੱਲੋਂ ਲੋਕਾਂ ਨੂੰ ਗੁੰਮਰਾਹ ਕਰ ਕੇ ਉਨ੍ਹਾਂ ਦਾ ਸਰੀਰਕ, ਮਾਨਸਿਕ ਤੇ ਆਰਥਿਕ ਲੁੱਟ ਕਰਨ ਦੀਆਂ ਕਾਰਵਾਈਆਂ ਦੀ ਅਕਸਰ ਹੀ ਅਣਦੇਖੀ ਕੀਤੀ ਜਾਂਦੀ ਹੈ। ਮੁਸੀਬਤਾਂ ਮਾਰੇ, ਅਨਪੜ੍ਹ ਤੇ ਅਗਿਆਨੀ ਲੋਕ ਇਨ੍ਹਾਂ ਦੀ ਲੁੱਟ-ਖਸੁੱਟ ਦਾ ਸ਼ਿਕਾਰ ਹੋ ਰਹੇ ਹਨ। ਬਾਬਾ ਨਾਨਕ ਨੇ ਠੀਕ ਹੀ ਫ਼ਰਮਾਇਆ ਸੀ- ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ॥

ਅੱਜ ਮਨੁੱਖ ਸਿਸਟਮ ਵਿਚੋਂ ਟੁੱਟਿਆ ਅਸੁਰੱਖਿਅਤ ਮਹਿਸੂਸ ਕਰਨ ਕਰ ਕੇ ਅਤੇ ਸਮਾਜ ਤੋਂ ਬੇਮੁਖ ਹੋ ਕੇ ਆਸ਼ਰਮਾਂ ਵੱਲ ਜਾ ਰਿਹਾ ਹੈ ਅਤੇ ਅਖੌਤੀ ਬਾਬਿਆਂ ਦੀਆਂ ਗੁੱਝੀਆਂ ਚਾਲਾਂ ਤੇ ਆਰਥਿਕ ਮੰਤਵਾਂ ਤੋਂ ਬੇਖ਼ਬਰ ਆਮ ਲੋਕ ਜਿਥੇ ਆਪਣਾ ਸਮਾਂ ਵਿਅਰਥ ਕਰਦੇ ਹਨ, ਉਥੇ ਸਮਾਜ ਦੇ ਵਿਕਾਸ ਵਿਚ ਰੋੜਾ ਬਣਦੇ ਹਨ। ਭਾਰਤ ਦੇ ਉਪ ਰਾਸ਼ਟਰਪਤੀ ਹਾਮਿਦ ਅੰਸਾਰੀ ਨੇ ਧਰਮ ਤੇ ਰਾਜਨੀਤੀ ਦੇ ਘਿਨੌਣੇ ਮਿਲਾਪ ਬਾਰੇ ਕਿਹਾ ਹੈ ਕਿ ਧਰਮ ਕਾਰਨ ਦੇਸ਼ ਵਿਚ ਆਜ਼ਾਦੀ ਤੋਂ ਪਹਿਲਾਂ ਵੀ ਨੁਕਸਾਨ ਹੋਇਆ, ਆਜ਼ਾਦੀ ਵੇਲੇ ਵੀ ਹੋਇਆ ਤੇ ਹੁਣ ਆਜ਼ਾਦੀ ਤੋਂ ਬਾਅਦ ਵੀ ਹੋ ਰਿਹਾ ਹੈ।

ਵੱਖ ਵੱਖ ਧਰਮਾਂ ਦੇ ਬੁਨਿਆਦੀ ਤੇ ਮੂਲ ਤੱਥ ਮਾਨਵ ਕਲਿਆਣ ਅਤੇ ਕੁਦਰਤ ਦੇ ਸਾਵੇਂ ਹੋ ਕੇ ਚੱਲਣ ਦੀ ਤਾਕੀਦ ਕਰਦੇ ਹਨ, ਪਰ ਸਮਾਂ ਪਾ ਕੇ ਧਰਮਾਂ ਦੇ ਕੁਝ ਅਨੁਯਾਈਆਂ ਵਿਚ ਆਪਣੇ ਥੋੜ੍ਹਚਿਰੇ, ਲਾਲਚੀ ਅਤੇ ਸਿਆਸੀ ਹਿੱਤਾਂ ਕਰ ਕੇ ਮਹਾਨ ਧਾਰਮਿਕ ਸੰਸਥਾਵਾਂ ਦੇ ਨਿਆਰੇਪਣ ਨੂੰ ਦਾਹ ਲਗਦੀ ਹੈ ਅਤੇ ਕਈ ਵਾਰ ਮਸਲੇ ਧਾਰਮਿਕ ਰਸਮਾਂ ਤੋਂ ਸ਼ੁਰੂ ਹੋ ਕੇ ਬਲੀਆਂ ਤਕ ਪਹੁੰਚ ਜਾਂਦੇ ਹਨ। ਅਜੋਕੇ ਸਮੇਂ ਵਿਚ ਵੀ ਇਹ ਵਰਤਾਰਾ ਪ੍ਰਚੱਲਿਤ ਹੈ। ਅੱਜ ਪਵਿੱਤਰ ਧਾਰਮਿਕ ਸੰਸਥਾਵਾਂ ਨੂੰ ਬਚਾਉਣ ਦੀ ਲੋੜ ਹੈ ਤਾਂ ਜੋ ਮਨੁੱਖਤਾ ਦੀ ਭਲਾਈ ਲਈ ਬਣੀਆਂ ਇਹ ਸੰਸਥਾਵਾਂ ਇਨਸਾਨੀਅਤ ਦੇ ਦੁੱਖਾਂ ਦਾ ਕਾਰਨ ਨਾ ਬਣਨ। ਅਜੋਕੇ ਸਮੇਂ ਵਿਚ ਵੱਖ ਵੱਖ ਤਰ੍ਹਾਂ ਦੇ ਅੰਧਵਿਸ਼ਵਾਸਾਂ ਦੇ ਸੂਤਕਾਂ ਨੂੰ ਗੁਰੂ ਨਾਨਕ ਦੇ ਗਿਆਨ ਵਾਲੇ ਰਸਤੇ ਰਾਹੀਂ ਹੀ ਉਤਾਰਿਆ ਜਾ ਸਕਦਾ ਹੈ।

-0-

# ਭਾਰਤ ਅਤੇ ਭਾਰਤੀ ਜਨਤਾ ਪਾਰਟੀ

ਪੰਜ ਸੂਬਿਆਂ ਵਿਚ ਹੋਈਆਂ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਤੋਂ ਬਾਅਦ 'ਕਾਂਗਰਸ ਮੁਕਤ' ਭਾਰਤ ਦੀ ਚਰਚਾ ਤੇਜ਼ ਹੋ ਗਈ ਹੈ। ਭਾਜਪਾ ਦੇ ਕੌਮੀ ਪ੍ਰਧਾਨ ਅਮਿਤ ਸ਼ਾਹ ਨੇ ਵੀ ਇਹ ਕਹਿ ਕੇ ਇਸ ਨੂੰ ਹੋਰ ਹਵਾ ਦੇ ਦਿੱਤੀ ਹੈ ਕਿ ਇਨ੍ਹਾਂ ਚੋਣਾਂ ਤੋਂ ਬਾਅਦ ਉਨ੍ਹਾਂ ਨੇ ਕਾਂਗਰਸ ਮੁਕਤ ਭਾਰਤ ਵੱਲ ਦੋ ਕਦਮ ਹੋਰ ਵਧਾ ਦਿੱਤੇ ਹਨ। ਜੇ ਉਨ੍ਹਾਂ ਦੇ ਕਹਿਣ ਦਾ ਮਤਲਬ ਇਹ ਹੈ ਕਿ ਸਭ ਥਾਂਵਾਂ ਤੋਂ ਕਾਂਗਰਸ ਹਟ ਜਾਵੇਗੀ ਅਤੇ ਇਸ ਦੀ ਥਾਂ ਭਾਜਪਾ ਲੈ ਲਵੇਗੀ ਤਾਂ ਇਸ ਨਾਲ ਸਹਿਮਤ ਹੋਣਾ ਨਾਮੁਮਕਿਨ ਹੈ। ਆਸਾਮ ਦੀ ਜਿੱਤ ਦੀ ਆੜ ਵਿਚ

**ਅਭੈ ਕੁਮਾਰ ਦੂਬੇ**

ਇਹ ਤੱਥ ਲੁਕ ਨਹੀਂ ਸਕਦਾ ਕਿ ਭਾਜਪਾ ਸਿਰਫ ਉਥੇ ਹੀ ਜਿੱਤਦੀ ਹੈ, ਜਿਥੇ ਇਸ ਦਾ ਮੁਕਾਬਲਾ ਕਾਂਗਰਸ ਨਾਲ ਹੁੰਦਾ ਹੈ। ਇਹ ਖੇਤਰੀ ਪਾਰਟੀਆਂ ਤੋਂ ਬੁਰੀ ਤਰ੍ਹਾਂ ਹਾਰ ਜਾਂਦੀ ਹੈ। ਪਿਛਲੇ ਦੋ ਸਾਲਾਂ ਦਾ ਪੈਟਰਨ ਇਹੀ ਦੱਸਦਾ ਹੈ ਕਿ ਦਿੱਲੀ ਅਤੇ ਬਿਹਾਰ ਵਿਚ ਖੇਤਰੀ ਤਾਕਤਾਂ ਨੇ ਭਾਜਪਾ ਨੂੰ ਧੂੜ ਚਟਾਈ ਅਤੇ ਝਾਰਖੰਡ ਤੇ ਮਹਾਰਾਸ਼ਟਰ ਵਿਚ ਝਾਰਖੰਡ ਮੁਕਤੀ ਮੋਰਚੇ ਅਤੇ ਸ਼ਿਵ ਸੈਨਾ ਦੇ ਜ਼ੋਰਦਾਰ ਪ੍ਰਦਰਸ਼ਨ ਨਾਲ ਇਸ ਦੀ ਚੜ੍ਹਤ ਰੁਕ ਗਈ। ਇਸੇ ਤਰ੍ਹਾਂ ਉੜੀਸਾ, ਤਾਮਿਲਨਾਡੂ, ਆਂਧਰਾ ਪ੍ਰਦੇਸ਼, ਪੱਛਮੀ ਬੰਗਾਲ ਅਤੇ ਤੇਲੰਗਾਨਾ ਵਿਚ ਵੀ ਭਾਜਪਾ ਖੇਤਰੀ ਗਲਬੇ ਦੀ ਕਾਟ ਲੱਭ ਸਕਣ ਵਿਚ ਨਾਕਾਮ ਰਹੀ ਹੈ। ਉਤਰ ਪ੍ਰਦੇਸ਼ ਦਾ ਹਰ ਸਰਵੇਖਣ ਦੱਸ ਰਿਹਾ ਹੈ ਕਿ ਆਪਣੀਆਂ ਸਾਰੀਆਂ ਫ਼ਿਰਕੂ ਅਤੇ ਜਾਤੀਵਾਦੀ ਕਲਾਬਾਜ਼ੀਆਂ ਦੇ ਬਾਵਜੂਦ ਭਾਜਪਾ ਉਥੇ ਬਹੁਜਨ ਸਮਾਜ ਪਾਰਟੀ ਤੋਂ ਬਹੁਤ ਪਿਛੇ ਹੈ।

ਦੂਜੀ ਗੱਲ ਇਹ ਵੀ ਹੈ ਕਿ ਕਾਂਗਰਸ ਨੂੰ ਘੱਟ ਕਰ ਕੇ ਵੇਖਣਾ ਵੀ ਭਾਜਪਾ ਦੀ ਰਾਜਨੀਤਕ ਸਿਹਤਮੰਦੀ ਲਈ ਲਾਭਦਾਇਕ ਸਾਬਤ ਨਹੀਂ ਹੋਣ ਵਾਲਾ। ਇਸ ਵਿਚ ਕੋਈ ਸ਼ੱਕ ਨਹੀਂ ਕਿ ਕਾਂਗਰਸ ਦੇ ਬੁਰੇ ਦਿਨ ਚੱਲ ਰਹੇ ਹਨ ਅਤੇ ਅਗਲੇ ਸਾਲ ਵੀ ਇਹ ਬੁਰੇ ਦਿਨ ਜਾਰੀ ਰਹਿਣਗੇ। 2017 ਵਿਚ ਕਾਂਗਰਸ ਨੂੰ ਪੰਜਾਬ ਅਤੇ ਉਤਰ ਪ੍ਰਦੇਸ਼ ਵਿਚ ਆਮ ਆਦਮੀ ਪਾਰਟੀ ਅਤੇ ਬਹੁਜਨ ਸਮਾਜ ਪਾਰਟੀ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪਵੇਗਾ ਜਿਸ ਕਰ ਕੇ ਉਹ ਕ੍ਰਮਵਾਰ ਅਕਾਲੀ-ਭਾਜਪਾ ਗਠਜੋੜ ਅਤੇ ਸਮਾਜਵਾਦੀ ਪਾਰਟੀ ਦੇ ਖ਼ਿਲਾਫ਼ ਚੱਲ ਰਹੀਆਂ ਸੱਥਾਪਤੀ ਵਿਰੋਧੀ ਲਹਿਰਾਂ ਦਾ ਲਾਭ ਉਠਾਉਣ ਤੋਂ ਵਾਂਝੀ ਰਹਿ ਜਾਵੇਗੀ। ਸਿਰਫ ਉਤਰਾਖੰਡ ਵਿਚ ਹਰੀਸ਼ ਰਾਵਤ ਨੂੰ ਆਪਣੇ ਹੱਕ 'ਚ ਚੱਲਣ ਵਾਲੀ ਹਮਦਰਦੀ ਦੀ ਲਹਿਰ ਦਾ ਫਾਇਦਾ ਮਿਲ ਸਕਦਾ ਹੈ, ਪਰ ਇਸ ਦੇ ਬਾਵਜੂਦ ਇਸ ਹਕੀਕਤ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਆਪਣੇ ਬੁਰੇ ਦਿਨਾਂ ਵਿਚ ਵੀ ਦੇਸ਼ ਦੇ 12 ਸੂਬਿਆਂ ਵਿਚ ਕਾਂਗਰਸ ਜਾਂ ਤਾਂ ਸੱਤਾ ਦੀ ਮੁੱਖ ਦਾਅਵੇਦਾਰ ਹੈ ਜਾਂ ਫਿਰ ਮੁੱਖ ਵਿਰੋਧੀ ਧਿਰ ਹੈ। ਇਨ੍ਹਾਂ ਸੂਬਿਆਂ ਵਿਚ ਬਹੁਦਲੀ ਨਹੀਂ, ਸਗੋਂ ਦੋ-ਦਲੀ ਪ੍ਰਣਾਲੀ ਕੰਮ ਕਰ ਰਹੀ ਹੈ। ਇਹ ਸੂਬੇ ਹਨ ਰਾਜਸਥਾਨ, ਮੱਧ ਪ੍ਰਦੇਸ਼, ਗੁਜਰਾਤ, ਕਰਨਾਟਕ, ਹਿਮਾਚਲ ਪ੍ਰਦੇਸ਼, ਉਤਰਾਖੰਡ, ਛੱਤੀਸਗੜ੍ਹ, ਕੇਰਲਾ, ਉੜੀਸਾ, ਅਸਾਮ, ਆਂਧਰਾ ਪ੍ਰਦੇਸ਼ ਅਤੇ ਮਹਾਰਾਸ਼ਟਰ। ਇਕ ਅਜਿਹੀ ਪਾਰਟੀ ਜਿਸ ਦੀਆਂ ਪੈੜਾਂ ਇਤਿਹਾਸਕ ਤੌਰ 'ਤੇ ਇੰਨੀਆਂ ਗੂੜ੍ਹੀਆਂ ਅਤੇ ਵਿਆਪਕ ਹੋਣ, ਨੂੰ ਦ੍ਰਿਸ਼ ਤੋਂ ਇਸ ਤਰ੍ਹਾਂ ਆਸਾਨੀ ਨਾਲ ਹਟਾਇਆ ਨਹੀਂ ਜਾ ਸਕਦਾ। 1967 ਤੋਂ ਹੀ ਕਾਂਗਰਸ ਦੇ ਲੋਕ ਆਧਾਰ ਵਿਚ ਹੌਲੀ-ਹੌਲੀ ਨਿਘਾਰ ਆ ਰਿਹਾ ਹੈ, ਪਰ ਅਜੇ ਵੀ ਇਹ ਨਿਘਾਰ ਇੰਨਾ ਨਹੀਂ ਹੈ ਕਿ ਉਸ ਦੇ ਅੰਤ ਦਾ ਐਲਾਨ ਕੀਤਾ ਜਾ ਸਕੇ।

ਧਿਆਨ ਰਹੇ, ਉਤਰ ਪ੍ਰਦੇਸ਼ ਅਤੇ ਬਿਹਾਰ ਤੋਂ ਬਾਹਰ ਕਾਂਗਰਸ ਅੱਜ ਵੀ ਦਲਿਤਾਂ, ਮੁਸਲਮਾਨਾਂ ਅਤੇ ਆਦਿਵਾਸੀਆਂ ਲਈ ਖਿੱਚ ਦਾ ਕੇਂਦਰ ਹੈ ਅਤੇ ਭਾਜਪਾ ਜੇ ਥੋੜ੍ਹਾ ਜਿਹਾ ਵੀ ਤਿਲਕੇਗੀ, ਤਾਂ ਕਾਂਗਰਸ ਨੂੰ ਉਸ ਦੀ ਥਾਂ ਲੈਣ ਵਿਚ ਦੇਰ ਨਹੀਂ ਲੱਗੇਗੀ। ਭਾਜਪਾ ਭਲਾ ਇਹ ਵੇਖਣ ਤੋਂ ਕਿਵੇਂ ਉਕ ਸਕਦੀ ਹੈ ਕਿ ਹਾਰ ਦੇ ਬਾਵਜੂਦ 2014 ਦੀਆਂ ਲੋਕ ਸਭਾ ਚੋਣਾਂ ਦੇ ਮੁਕਾਬਲੇ ਕਾਂਗਰਸ ਦਾ ਪ੍ਰਦਰਸ਼ਨ ਹਰ ਸੂਬੇ ਵਿਚ ਸੁਧਰਿਆ ਹੈ ਅਤੇ ਅਸਾਮ ਵਿਚ ਤਾਂ ਉਸ ਨੂੰ ਪਈਆਂ ਵੋਟਾਂ (31 ਫ਼ੀਸਦੀ) ਜਿੱਤਣ ਵਾਲੀ ਭਾਜਪਾ (29.5 ਫ਼ੀਸਦੀ) ਤੋਂ ਵੱਧ ਹਨ। ਇਸ ਦੇ ਉਲਟ ਭਾਜਪਾ ਹਰਿਆਣਾ ਅਤੇ ਕੇਰਲਾ ਨੂੰ ਛੱਡ ਕੇ ਹੋਰ ਕਿਤੇ ਵੀ ਆਪਣਾ ਲੋਕ ਸਭਾ ਚੋਣਾਂ ਵਾਲਾ ਪ੍ਰਦਰਸ਼ਨ ਦੁਹਰਾ ਨਹੀਂ ਸਕੀ। ਦਰਅਸਲ ਇਹੀ ਉਹ ਅੰਦੇਸ਼ਾ ਹੈ ਜੋ ਭਾਜਪਾ ਨੂੰ 'ਕਾਂਗਰਸ ਮੁਕਤ ਭਾਰਤ' ਵਰਗਾ ਉਜੱਡ ਅਤੇ ਗ਼ੈਰ-ਜਮਹੂਰੀ ਨਾਅਰਾ ਦੇਣ ਲਈ ਮਜਬੂਰ ਕਰਦਾ ਹੈ। ਜੇ ਕੰਪਿਊਟਰ ਦੀ ਭਾਸ਼ਾ ਵਿਚ ਕਹੀਏ ਤਾਂ ਭਾਰਤ ਦੀ ਰਾਜਨੀਤੀ ਦੀ 'ਡਿਫਾਲਟ ਪੁਜੀਸ਼ਨ' ਅਜਿਹੀ ਹੈ ਕਿ ਜੇ ਕਾਂਗਰਸ ਦਾ ਗਰਾਫ਼ ਹੇਠਾਂ ਜਾਂਦਾ ਹੈ ਤਾਂ ਭਾਜਪਾ ਦਾ ਉਪਰ ਚੜ੍ਹਦਾ ਹੈ ਅਤੇ ਜੇ ਭਾਜਪਾ ਦਾ ਹੇਠਾਂ ਜਾਂਦਾ ਹੈ ਤਾਂ ਕਾਂਗਰਸ ਦਾ ਚੜ੍ਹਦਾ ਹੈ। ਨਰੇਂਦਰ ਮੋਦੀ ਇਸੇ 'ਡਿਫਾਲਟ ਪੁਜੀਸ਼ਨ' ਨੂੰ ਬਦਲਣਾ ਚਾਹੁੰਦੇ ਹਨ ਕਿ ਜੇ ਭਾਜਪਾ ਦੀ ਹਰਮਨ-ਪਿਆਰਤਾ ਵਿਚ ਕਮੀ ਆਵੇ ਵੀ, ਤਾਂ ਇਸ ਦਾ ਲਾਭ ਕਾਂਗਰਸ ਨੂੰ ਨਾ ਮਿਲੇ। ਜੇ ਕਾਂਗਰਸ ਮੁੱਖ ਦੌੜ ਵਿਚ ਨਹੀਂ ਰਹੇਗੀ ਅਤੇ ਭਾਜਪਾ ਹੀ ਇਕੋ ਪ੍ਰਭਾਵਸ਼ਾਲੀ ਕੌਮੀ ਸਿਆਸੀ ਤਾਕਤ ਰਹਿ ਜਾਵੇਗੀ ਤਾਂ ਇਹ ਖੇਤਰੀ ਤਾਕਤਾਂ ਦੇ ਇਕ ਹਿੱਸੇ ਨਾਲ ਗਠਜੋੜ ਕਰ ਲਵੇਗੀ ਅਤੇ ਬਾਕੀਆਂ ਨਾਲ ਸੰਘਰਸ਼ ਕਰਦੀ ਰਹੇਗੀ। ਇਸ ਤਰ੍ਹਾਂ ਦੇਸ਼ ਦੀ ਰਾਜਨੀਤੀ ਵਿਚ ਉਸ ਦੀ ਚੜ੍ਹਤ ਬਣੀ ਰਹੇਗੀ। ਦਰਅਸਲ, ਜਦੋਂ ਪੂਰੇ ਦੇਸ਼ ਦੇ ਪੈਮਾਨੇ 'ਤੇ ਮੋਦੀ ਦਾ ਗਰਾਫ਼ ਹੇਠਾਂ ਜਾਵੇਗਾ, ਤਾਂ ਵੇਖਣਾ ਹੋਵੇਗਾ ਕਿ ਕਾਂਗਰਸ ਦੀ ਸਥਿਤੀ ਵਿਚ ਕੀ ਫ਼ਰਕ ਆਉਂਦਾ ਹੈ। ਇਹ ਗਰਾਫ਼ ਹੇਠਾਂ ਜਾਣਾ ਸ਼ੁਰੂ ਹੋ ਗਿਆ ਹੈ। ਬਸ, ਇਸ ਦਾ ਪ੍ਰਗਟਾਵਾ ਅਜੇ ਪੂਰੀ ਤਰ੍ਹਾਂ ਨਹੀਂ ਹੋਣ ਲੱਗਾ।

ਤੀਜਾ ਸਾਲ ਜਦੋਂ ਅੱਧਾ ਲੰਘ ਜਾਵੇਗਾ, ਮਾਰਚ ਤੱਕ ਪੰਜਾਬ ਤੇ ਉਤਰ ਪ੍ਰਦੇਸ਼ 'ਚ ਭਾਜਪਾ ਦੀ ਸਥਿਤੀ ਸਪਸ਼ਟ ਹੋ ਚੁੱਕੀ ਹੋਵੇਗੀ, ਉਦੋਂ ਕੀ ਨਜ਼ਾਰਾ ਹੋਵੇਗਾ, ਇਸ ਦਾ ਅੰਦਾਜ਼ਾ ਲਗਾਉਣਾ ਮੁਸ਼ਕਿਲ ਨਹੀਂ। ਇਸੇ ਲਈ ਅਸਾਮ ਦੀ ਜਿੱਤ 'ਗੇਮਚੇਂਜਰ' ਨਹੀਂ ਹੈ। 'ਗੇਮਚੇਂਜਰ' ਤਾਂ ਉਤਰ ਪ੍ਰਦੇਸ਼ ਵਿਚ ਭਾਜਪਾ ਦਾ ਚੰਗਾ ਪ੍ਰਦਰਸ਼ਨ ਹੀ ਹੋ ਸਕਦਾ ਹੈ। ਉਥੇ ਭਾਜਪਾ ਦੇ ਮੁਕਾਬਲੇ ਕਾਂਗਰਸ ਇਸ ਲਈ ਫਾਇਦੇ ਵਿਚ ਹੈ ਕਿ ਭਾਜਪਾ ਲਈ ਉਤਰ ਪ੍ਰਦੇਸ਼ ਦੀ ਲੜਾਈ ਜਿੱਤਣੀ ਜ਼ਰੂਰੀ ਹੈ, ਜਦੋਂ ਕਿ ਕਾਂਗਰਸ ਜੇ ਉਥੇ 75 ਤੋਂ 100 ਸੀਟਾਂ ਵੀ ਲੈ ਆਵੇ ਤਾਂ ਉਸ ਦਾ ਮਨੋਬਲ ਬਹੁਤ ਵਧ ਜਾਵੇਗਾ। ਆਖਰਕਾਰ ਭਾਜਪਾ ਨੇ 2014 'ਚ ਉਤਰ ਪ੍ਰਦੇਸ਼ ਤੋਂ ਲੋਕ ਸਭਾ ਦੀਆਂ 71 ਸੀਟਾਂ ਜਿੱਤੀਆਂ ਸਨ ਜਿਨ੍ਹਾਂ ਦਾ ਵਿਧਾਨ ਸਭਾ ਚੋਣਾਂ ਵਿਚ ਅਨੁਵਾਦ ਹਰ ਹਾਲਤ ਵਿਚ ਸਵਾ ਦੋ ਸੌ ਸੀਟਾਂ ਦੇ ਰੂਪ ਵਿਚ ਹੋਣਾ ਚਾਹੀਦਾ ਹੈ। ਜੇ ਭਾਜਪਾ 50 ਤੋਂ 100 ਦੇ ਵਿਚਕਾਰ ਰਹਿ ਗਈ ਤਾਂ ਫਿਰ ਇਸ ਦੀ ਰਾਜਨੀਤਕ ਜਾਇਜ਼ਤਾ ਬੁਰੀ ਤਰ੍ਹਾਂ ਘਟ ਜਾਵੇਗੀ। ਬਹੁਤਿਆਂ ਦਾ ਆਪੋ-ਆਪਣੇ ਢੰਗ ਨਾਲ ਇਹ ਮੰਨਣਾ ਸੀ ਕਿ 2019 ਵਿਚ ਮੋਦੀ ਨੂੰ ਪਹਿਲਾਂ ਵਰਗੀ ਹਮਾਇਤ ਨਹੀਂ ਮਿਲੇਗੀ। ਇਹ ਪ੍ਰਤੀਕਰਮ ਗੇਂਦ ਨੂੰ ਕਾਂਗਰਸੀ ਲੀਡਰਸ਼ਿਪ ਦੇ ਪਾਲੇ ਵਿਚ ਲੈ ਆਉਂਦਾ ਹੈ। ਅਸਲੀ ਗੜਬੜ ਉਥੇ ਹੀ ਹੈ। ਇਕ ਹੀ ਪਰਿਵਾਰ 'ਤੇ ਕੇਂਦਰਿਤ ਹੋਣ ਦੇ ਬਾਵਜੂਦ ਇਹ ਲੀਡਰਸ਼ਿਪ ਇਕਜੁਟ ਅਤੇ ਪ੍ਰਭਾਵੀ ਨਜ਼ਰ ਨਹੀਂ ਆਉਂਦੀ। ਜਾਪਦਾ ਹੈ ਕਿ ਮਾਂ, ਬੇਟੇ ਅਤੇ ਬੇਟੀ ਨੇ ਲੀਡਰਸ਼ਿਪ ਦੇ ਤਿੰਨ ਮੁਕਾਮ ਬਣਾਏ ਹੋਏ ਹਨ ਜਿਨ੍ਹਾਂ ਵਿਚਕਾਰ ਮਤਭੇਦ ਵੀ ਹਨ। ਕਾਂਗਰਸ ਜਿਵੇਂ ਹੀ ਇਹ ਹਾਲਤ ਸੰਭਾਲ ਲਵੇਗੀ, ਉਸ ਦੇ ਨਤੀਜੇ ਸੁਧਰਨੇ ਸ਼ੁਰੂ ਹੋ ਜਾਣਗੇ।

*ਤੀਸਰਾ ਸਾਲ ਜਦੋਂ ਅੱਧਾ ਲੰਘ ਜਾਵੇਗਾ, ਮਾਰਚ ਤੱਕ ਪੰਜਾਬ ਅਤੇ ਉਤਰ ਪ੍ਰਦੇਸ਼ 'ਚ ਭਾਜਪਾ ਦੀ ਸਥਿਤੀ ਸਪਸ਼ਟ ਹੋ ਚੁੱਕੀ ਹੋਵੇਗੀ, ਉਦੋਂ ਕੀ ਨਜ਼ਾਰਾ ਹੋਵੇਗਾ, ਇਸ ਦਾ ਅੰਦਾਜ਼ਾ ਲਗਾਉਣਾ ਮੁਸ਼ਕਿਲ ਨਹੀਂ। ਇਸੇ ਲਈ ਅਸਾਮ ਦੀ ਜਿੱਤ 'ਗੇਮਚੇਂਜਰ' ਨਹੀਂ ਹੈ। 'ਗੇਮਚੇਂਜਰ' ਤਾਂ ਉਤਰ ਪ੍ਰਦੇਸ਼ ਵਿਚ ਭਾਜਪਾ ਦਾ ਚੰਗਾ ਪ੍ਰਦਰਸ਼ਨ ਹੀ ਹੋ ਸਕਦਾ ਹੈ।*

ਗੁਰਮਤਿ ਵਿਚਾਰ

# ਨਾਮ ਦਾਨੁ ਇਸਨਾਨੁ ਸੁਭਾਈ



ਡਾ. ਗੁਰਨਾਮ ਕੌਰ, ਕੈਨੇਡਾ

ਹਿੰਦੂ ਧਰਮ ਦੇ ਪਰੰਪਰਕ ਦਰਸ਼ਨਾਂ ਵਿਚ ਅਖ਼ੀਰਲਾ ਸ਼ਾਸਤਰ ਪਾਤੰਜਲੀ ਰਿਸ਼ੀ ਦਾ ਯੋਗ ਸੂਤਰ ਹੈ ਜਿਸ ਦੀ ਭਾਈ ਗੁਰਦਾਸ ਪਹਿਲੀ ਵਾਰ ਦੀ ਚੌਧਵੀਂ ਪਉੜੀ ਵਿਚ ਗੱਲ ਕਰ ਰਹੇ ਹਨ। ਵਿਦਵਾਨਾਂ ਅਨੁਸਾਰ ਯੋਗ ਦਰਸ਼ਨ ਜਾਂ ਪਰੰਪਰਾ ਦਾ ਮੱਧ ਯੁਗ ਤੱਕ ਭਾਰਤੀ ਵਿਚਾਰਧਾਰਾ ਅਤੇ ਜੀਵਨ ਦਰਸ਼ਨ 'ਤੇ ਬਹੁਤ ਜ਼ਿਆਦਾ ਅਸਰ ਰਿਹਾ ਹੈ। ਯੋਗ ਦਰਸ਼ਨ, ਯੋਗ ਸੂਤਰ ਜਾਂ ਯੋਗ ਸ਼ਾਸਤ੍ਰ 'ਤੇ ਆਧਾਰਤ ਹੈ ਜਿਸ ਦੇ 196 ਸੂਤਰ ਹਨ। ਯੋਗ ਸੂਤਰ ਦਾ ਸੰਕਲਨ 400 ਈਸਵੀ ਦੇ ਲਗਭਗ ਪਾਤੰਜਲੀ ਰਿਸ਼ੀ ਵੱਲੋਂ ਪੁਰਾਣੀਆਂ ਪਰੰਪਰਾਵਾਂ ਵਿਚੋਂ ਯੋਗ ਸਬੰਧੀ ਸਮੱਗਰੀ ਇਕੱਤਰ ਕਰਕੇ ਕੀਤਾ ਗਿਆ ਮੰਨਿਆ ਜਾਂਦਾ ਹੈ। ਇਸ ਸੂਤਰ ਦੇ ਨਾਲ ਹੀ ਪਾਤੰਜਲੀ ਵੱਲੋਂ ਕੀਤੀ ਉਸ ਦੀ ਵਿਆਖਿਆ ਸ਼ਾਮਲ ਕਰਕੇ ਇਹ ਪਾਤੰਜਲੀ ਦਾ ਯੋਗ ਸ਼ਾਸਤਰ ਅਖਵਾਉਂਦਾ ਹੈ।

ਪਾਤੰਜਲੀ ਦਾ ਯੋਗ ਸ਼ਾਸਤਰ ਪੁਰਾਤਨ ਭਾਰਤੀ ਸ਼ਾਸਤਰਾਂ ਵਿਚੋਂ ਅਜਿਹਾ ਹੈ ਜਿਸ ਦਾ ਮੱਧ ਯੁਗ ਵਿਚ ਸਭ ਤੋਂ ਵੱਧ ਅਨੁਵਾਦ ਕੀਤਾ ਗਿਆ। ਕਿਹਾ ਜਾਂਦਾ ਹੈ ਕਿ ਇਸ ਦਾ ਅਨੁਵਾਦ ਤਕਰੀਬਨ 40 ਭਾਰਤੀ ਬੋਲੀਆਂ ਵਿਚ ਅਤੇ ਦੋ ਗੈਰ-ਭਾਰਤੀ ਬੋਲੀਆਂ-ਪੁਰਾਣੀ ਜਵਨੀ ਅਤੇ ਅਰਬੀ ਭਾਸ਼ਾ ਵਿਚ ਹੋਇਆ। ਫਿਰ ਇਹ ਸ਼ਾਸਤਰ ਤਕਰੀਬਨ 700 ਸਾਲ 12ਵੀਂ ਸਦੀ ਤੋਂ ਲੈ ਕੇ 19ਵੀਂ ਸਦੀ ਤੱਕ ਗੁਮਨਾਮੀ ਵਿਚ ਚਲਾ ਗਿਆ ਅਤੇ ਇਸ ਦੀ ਵਾਪਸੀ 19ਵੀਂ ਸਦੀ ਵਿਚ ਹੋਈ। ਵੀਹਵੀਂ ਸਦੀ ਵਿਚ ਇਸ ਨੇ ਦੁਬਾਰਾ ਅਹਿਮੀਅਤ ਹਾਸਲ ਕਰ ਲਈ। ਅਮਲੀ ਰੂਪ ਵਿਚ ਯੋਗ ਪਰੰਪਰਾ ਦਾ ਆਮ ਭਾਰਤੀ ਜੀਵਨ 'ਤੇ ਏਨਾ ਜ਼ਿਆਦਾ ਅਸਰ ਰਿਹਾ ਹੈ ਕਿ ਇਸ ਨੂੰ ਹਿੰਦੂ ਧਰਮ ਤੋਂ ਇਲਾਵਾ ਜੈਨ ਅਤੇ ਬੋਧੀ ਪਰੰਪਰਾਵਾਂ ਵਿਚ ਵੀ ਖਾਸ ਸਥਾਨ ਪ੍ਰਾਪਤ ਰਿਹਾ ਹੈ। ਇਸ ਨੇ ਸਮਾਜਕ ਜੀਵਨ ਨੂੰ ਜਿਸ ਤਰ੍ਹਾਂ ਪ੍ਰਭਾਵਤ ਕੀਤਾ ਅਰਥਾਤ ਇੱਕ ਖਾਸ ਅਧਿਆਤਮਵਾਦੀ ਵਰਗ ਨੂੰ ਸਮਾਜਕ ਰਿਸ਼ਤਿਆਂ ਅਤੇ ਸਮਾਜਿਕ ਜ਼ਿੰਮੇਵਾਰੀ ਤੋਂ ਪਰੇ ਕਰੀ ਰੱਖਿਆ, ਇਹ ਸਾਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਤੋਂ ਵੀ ਪਤਾ ਲਗਦਾ ਹੈ।

ਗੁਰੂ ਨਾਨਕ ਸਾਹਿਬ ਨੇ ਯੋਗੀਆਂ ਨਾਲ ਖਾਸ ਸੰਵਾਦ ਰਚਾਇਆ ਤਾਂ ਕਿ ਉਨ੍ਹਾਂ ਨੂੰ ਸਮਾਜ ਪ੍ਰਤੀ ਅਧਿਆਤਮਕਤਾ ਦੀ ਜ਼ਿੰਮੇਵਾਰੀ ਦਾ ਅਹਿਸਾਸ ਕਰਾਇਆ ਜਾ ਸਕੇ। ਇਸ ਸੰਵਾਦ ਨੂੰ ਪ੍ਰਥਮ ਪਾਤਸ਼ਾਹ ਗੁਰੂ ਨਾਨਕ ਸਾਹਿਬ ਦੀ ਰਚਨਾ ਰਾਮਕਲੀ ਰਾਗੁ ਵਿਚ 'ਸਿਧ ਗੋਸਟਿ' ਦੇ ਸਿਰਲੇਖ ਹੇਠ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਕੀਤਾ ਗਿਆ ਹੈ। ਵੀਹਵੀਂ ਸਦੀ ਤੋਂ ਪਹਿਲਾਂ ਪਾਤੰਜਲੀ ਦੇ ਯੋਗ ਸ਼ਾਸਤਰ ਦੀ ਥਾਂ ਗੀਤਾ ਦੇ ਯੋਗ ਦਰਸ਼ਨ, ਯਜਨਵਾਕਿਆ ਦੁਆਰਾ ਰਚਿਤ ਮੰਨੇ ਜਾਂਦੇ ਯੋਗ ਵਸ਼ਿਸ਼ਟ ਅਤੇ ਪਸ਼ੂਪਤੀ ਯੋਗ ਨੇ ਥਾਂ ਮੱਲੀ ਰੱਖੀ। ਵੀਹਵੀਂ ਸਦੀ ਵਿਚ ਕਾਰਪੋਰੇਟ ਯੋਗਾ ਸਬ-ਕਲਚਰ ਨੇ ਪਾਤੰਜਲੀ ਦੇ ਯੋਗ ਸੂਤਰ ਨੂੰ ਉਤਾਂਹ ਚੁੱਕ ਲਿਆ।

ਪਾਤੰਜਲੀ ਦੇ ਯੋਗ ਸੂਤਰ ਦੇ ਅੱਠ ਅੰਗ ਮੰਨੇ ਜਾਂਦੇ ਹਨ ਜਿਸ ਕਰਕੇ ਇਸ ਨੂੰ ਅਸ਼ਟਾਂਗ ਯੋਗ ਵੀ ਕਿਹਾ ਜਾਂਦਾ ਹੈ। ਇਹ ਅੱਠ ਅੰਗ ਹਨ-ਯਮ, ਨਿਯਮ, ਆਸਨ, ਪ੍ਰਾਣਯਾਮ, ਪ੍ਰਤਿਯਹਾਰ, ਧਾਰਨ, ਧਿਆਨ ਅਤੇ ਸਮਾਧੀ। ਪਾਤੰਜਲੀ ਨੇ ਆਪਣੇ ਸਾਰੇ ਸੂਤਰ ਨੂੰ ਚਾਰ ਪਾਠਾਂ (ਸੰਸਕ੍ਰਿਤ-ਪਦ) ਵਿਚ ਵੰਡਿਆ ਹੈ ਜਿਸ ਵਿਚ ਕੁਲ 196 ਉਕਤੀਆਂ ਹਨ। ਸਮਾਧੀ ਪਦ ਵਿਚ 51 ਸੂਤਰ ਹਨ ਅਤੇ ਸਮਾਧੀ ਮਨ ਦੀ ਅਨੰਦਮਈ ਅਵਸਥਾ ਵੱਲ ਸੰਕੇਤ ਕਰਦੀ ਹੈ, ਜਿੱਥੇ ਯੋਗੀ ਉਸ ਇੱਕ ਵਿਚ ਵਿਲੀਨ ਹੋ ਜਾਂਦਾ ਹੈ। ਸਮਾਧੀ ਯੋਗ ਦੀ ਮੁੱਖ ਸ਼ੈਲੀ ਹੈ ਜੋ ਇੱਕ ਯੋਗੀ ਸਿੱਖਦਾ ਹੈ ਜਿਸ ਨਾਲ ਉਹ ਕੈਵਲਯ (ਮੁਕਤੀ) ਪ੍ਰਾਪਤ ਕਰਨ ਲਈ ਮਨ ਦੀਆਂ ਡੂੰਘਾਈਆਂ ਵਿਚ ਉਤਰ ਜਾਂਦਾ ਹੈ।

ਪਾਤੰਜਲੀ ਯੋਗ ਦੀ ਵਿਆਖਿਆ, ਫਿਰ ਉਸ ਦਾ ਸੁਭਾਅ ਅਤੇ ਸਮਾਧੀ ਨੂੰ ਪ੍ਰਾਪਤ ਕਰਨ ਦੇ ਸਾਧਨਾਂ ਦੀ ਚਰਚਾ ਕਰਦਾ ਹੈ। ਇਸ ਪਾਠ ਵਿਚ 'ਯੋਗਸ਼ ਚਿਤ-ਵ੍ਰਿਤੀ-ਨਿਰੋਧ' ਅਰਥਾਤ 'ਯੋਗ ਮਨ ਦੀਆਂ ਵ੍ਰਿਤੀਆਂ ਨੂੰ ਰੋਕਣਾ ਹੈ' ਸ਼ਾਮਲ ਹੈ। ਸਾਧਨਾ ਪਦ ਵਿਚ 55 ਸੂਤਰ ਹਨ। ਸਾਧਨਾ ਸੰਸਕ੍ਰਿਤ ਦਾ ਸ਼ਬਦ ਹੈ ਜਿਸ ਦਾ ਅਰਥ ਹੈ, ਅਨੁਸਾਸ਼ਨ ਦਾ ਅਭਿਆਸ। ਇਸ ਵਿਚ ਲੇਖਕ ਇੱਥੇ ਯੋਗ ਕ੍ਰਿਆ ਦੀਆਂ ਵਿਧੀਆਂ ਅਤੇ ਅਸ਼ਟਾਂਗ ਯੋਗ ਬਾਰੇ ਦੱਸਦਾ ਹੈ। ਕ੍ਰਿਆ ਯੋਗ ਕਰਮ ਯੋਗ ਨਾਲ ਨੇੜਿਓਂ ਸਬੰਧਤ ਹੈ ਜਿਸ ਦਾ ਵਰਨਣ ਭਗਵਤ ਗੀਤਾ ਦੇ ਤੀਸਰੇ ਪਾਠ ਵਿਚ ਕੀਤਾ ਹੋਇਆ ਹੈ, ਜਿੱਥੇ ਕ੍ਰਿਸ਼ਨ ਵੱਲੋਂ ਅਰਜਨ ਨੂੰ ਨਿਸ਼ਕਾਮ ਕਰਮ ਕਰਨ ਦੀ ਪ੍ਰੇਰਨਾ ਕੀਤੀ ਹੋਈ ਹੈ, ਜਿਸ ਦਾ ਅਰਥ ਹੈ ਕਿਸੇ ਫਲ ਦੀ ਆਸ ਤੋਂ ਬਿਨਾ ਕਰਮ ਕਰਨਾ। ਇਹ ਕਿਸੇ ਕਾਮਨਾ ਤੋਂ ਬਿਨਾ ਕਰਮ ਅਤੇ ਸੇਵਾ ਕਰਨ ਦਾ ਯੋਗ ਹੈ।

ਅਸ਼ਟਾਂਗ ਯੋਗ, ਯੋਗ ਦੇ ਅੱਠ ਅੰਗਾਂ ਦੀ ਵਿਆਖਿਆ ਕਰਦਾ ਹੈ ਜਿਨ੍ਹਾਂ ਨੂੰ ਮਿਲਾ ਕੇ ਰਾਜ ਯੋਗ ਬਣਦਾ ਹੈ। ਵਿਭੂਤੀ ਪਦ ਵਿਚ 56 ਸੂਤਰ ਹਨ। ਵਿਭੂਤੀ ਸੰਸਕ੍ਰਿਤ ਦਾ ਸ਼ਬਦ ਹੈ ਜਿਸ ਦਾ ਅਰਥ ਹੈ 'ਸ਼ਕਤੀ' ਜਾਂ 'ਪ੍ਰਕਾਸ਼/ਅਭਿਵਿਅੰਜਨ' ਅਰਥਾਤ ਯੋਗ ਦੇ ਅਭਿਆਸ ਰਾਹੀਂ ਅਦਭੁੱਤ ਸ਼ਕਤੀਆਂ (ਸਿੱਧੀ) ਹਾਸਲ ਕਰ ਲੈਣਾ। ਧਾਰਨ, ਧਿਆਨ ਅਤੇ ਸਮਾਧੀ ਦੇ ਅਭਿਆਸ ਨੂੰ ਮਿਲਾ ਕੇ ਸਮਯਮ ਕਰਨ ਦਾ ਹਵਾਲਾ ਮਿਲਦਾ ਹੈ ਅਤੇ ਇਸ ਨੂੰ ਵੱਖ ਵੱਖ ਤਰ੍ਹਾਂ ਦੀ ਪੂਰਨਤਾ ਜਾਂ ਸਿੱਧੀਆਂ ਪ੍ਰਾਪਤ ਕਰਨ ਦਾ ਸਾਧਨ ਮੰਨਿਆ ਹੈ। ਇਹ ਵੀ ਕਿਹਾ ਗਿਆ ਹੈ ਕਿ ਇਨ੍ਹਾਂ ਸ਼ਕਤੀਆਂ ਦੇ ਲਾਲਚ ਨੂੰ ਅੱਖੋਂ ਪਰੋਖੇ ਕਰਕੇ ਧਿਆਨ ਸਿਰਫ ਮੁਕਤੀ ਵੱਲ ਦੇਣਾ ਹੈ। ਸਮਾਧੀ ਦਾ ਉਦੇਸ਼ ਸਿੱਧੀਆਂ ਪ੍ਰਾਪਤ ਕਰਨਾ ਨਹੀਂ ਬਲਕਿ ਕੈਵਲਯ ਪ੍ਰਾਪਤ ਕਰਨਾ ਹੈ। ਸਿੱਧੀਆਂ ਕੈਵਲਯ (ਮੁਕਤੀ) ਵੱਲੋਂ ਧਿਆਨ ਹਟਾਉਂਦੀਆਂ ਹਨ। ਸਿੱਧੀਆਂ ਮਹਿਜ਼ ਮਾਇਆ ਅਤੇ ਭਰਮ ਹਨ। ਕੈਵਲਯ ਪਦ ਵਿਚ 34 ਸੂਤਰ ਹਨ। ਕੈਵਲਯ ਦਾ ਸ਼ਾਬਦਿਕ ਅਰਥ 'ਇਕਾਂਤ/ਅੱਡਰਾਪਣ' ਹੈ ਪਰ ਜਿਸ ਤਰ੍ਹਾਂ ਇਸ ਦੀ ਸੂਤਰ ਵਿਚ ਵਰਤੋਂ ਕੀਤੀ ਗਈ ਹੈ, ਇਹ ਮੁਕਤੀ ਦੇ ਅਰਥਾਂ ਵਿਚ ਹੈ ਅਤੇ ਮੋਕਸ਼ ਦੇ ਅਦਲ-ਬਦਲ ਵਿਚ ਵਰਤਿਆ ਗਿਆ ਹੈ ਜੋ ਕਿ ਯੋਗ ਦਾ ਲਕਸ਼ ਹੈ। ਕੈਵਲਯ ਪਦ ਮੁਕਤੀ ਦੇ ਅਮਲ ਦੀ ਅਤੇ ਅਨੁਭਵਅਤੀਤ ਸਵੈ ਦੀ ਅਸਲੀਅਤ ਦੀ ਵਿਆਖਿਆ ਕਰਦਾ ਹੈ।

ਪਾਤੰਜਲੀ ਆਪਣੇ ਯੋਗ ਸੂਤਰ ਦਾ ਅਰੰਭ ਪਹਿਲੇ ਹੀ ਸੂਤਰ ਵਿਚ ਆਪਣੇ ਰਚੇ ਸ਼ਾਸਤਰ ਦੇ ਮੰਤਵ ਦੀ ਵਿਆਖਿਆ ਨਾਲ ਕਰਦਾ ਹੈ ਅਤੇ ਫਿਰ ਦੂਸਰੇ ਸੂਤਰ ਵਿਚ 'ਯੋਗ' ਸ਼ਬਦ ਦੀ ਪਰਿਭਾਸ਼ਾ ਕਰਦਾ ਹੈ 'ਯੋਗ: ਚਿਤ-ਵ੍ਰਿਤੀ ਨਿਰੋਧ' ਯੋਗ ਮਨ ਦੀਆਂ ਵ੍ਰਿਤੀਆਂ ਦਾ ਨਿਰੋਧ ਹੈ ਅਰਥਾਤ ਮਨ ਦੀ ਵਿਭਿੰਨ ਦਸ਼ਾ ਨੂੰ ਰੋਕਣਾ ਹੈ। ਯੋਗ ਦਾ ਅਰਥ ਯੋਗ-ਅਭਿਆਸ ਰਾਹੀਂ ਚੇਤਨਾ ਦਾ ਉਸ ਸਤਰ 'ਤੇ ਪਹੁੰਚ ਜਾਣਾ ਹੈ ਜਿੱਥੇ ਉਹ ਕਿਸੇ ਵੀ ਕਿਸਮ ਦੇ ਵਿਚਾਰਾਂ ਜਾਂ ਚੀਜ਼ਾਂ ਦੇ ਬਾਹਰੀ ਦਖਲ ਤੋਂ ਸੁਤੰਤਰ ਅਤੇ ਬੇਖਬਰ ਹੋ ਜਾਂਦੀ ਹੈ। ਯੋਗ ਦੇ ਅੱਠ ਅੰਗ ਇਸ ਤਰ੍ਹਾਂ ਦੱਸੇ ਹਨ: ਪਹਿਲਾ ਯਮ-ਇਹ ਇੱਕ ਤਰ੍ਹਾਂ ਦੇ ਸਦਾਚਾਰਕ ਨਿਯਮ ਹਨ ਜਿਸ ਦੀ ਗਿਣਤੀ ਪਾਤੰਜਲੀ ਨੇ ਪੰਜ ਦੱਸੀ ਹੈ ਜਿਵੇਂ ਅਹਿੰਸਾ, ਸਤਿਯ, ਅਸਤਿਯ, ਬ੍ਰਹਮਚਰਯ, ਅਪਰਗ੍ਰਹਿ। ਦੂਸਰਾ ਅੰਗ ਹੈ ਨਿਯਮ, ਜਿਸ ਵਿਚ ਸ਼ੌਚ ਭਾਵ ਮਨ ਅਤੇ ਸਰੀਰ ਦੀ ਸਫਾਈ, ਪਵਿੱਤਰਤਾ। ਸੰਤੋਖ, ਦੂਸਰਿਆਂ ਨੂੰ ਕਬੂਲਣਾ, ਹਾਲਾਤ ਨੂੰ ਕਬੂਲਣਾ ਅਤੇ ਸਵੈ ਨੂੰ ਉਤਸ਼ਾਹ ਵਿਚ ਰੱਖਣਾ। ਤਪਸ-ਸਾਦਗੀ/ਕਠੋਰਤਾ ਅਤੇ ਅਟੱਲਤਾ। ਸਵਾਧਿਆਇਆ ਅਰਥਾਤ ਵੇਦਾਂ ਦਾ ਅਧਿਐਨ ਅਤੇ ਆਪੇ ਦੀ ਪੜਚੋਲ। ਈਸ਼ਵਰ ਨਿਧਾਨ ਭਾਵ ਈਸ਼ਵਰ 'ਤੇ ਵਿਚਾਰ ਕਰਨਾ।

ਪਾਤੰਜਲੀ ਦੱਸਦਾ ਹੈ ਕਿ ਨਿਯਮ ਕਿਸ ਤਰ੍ਹਾਂ ਆਪੇ ਦੇ ਵਿਕਾਸ ਵਿਚ ਹਿੱਸਾ ਪਾਉਂਦੇ ਹਨ। ਤੀਸਰਾ ਅੰਗ ਹੈ ਆਸਨ-ਪਾਤੰਜਲੀ ਆਸਨ ਦੀ ਵਿਆਖਿਆ ਇਸ ਤਰ੍ਹਾਂ ਸ਼ੁਰੂ ਕਰਦਾ ਹੈ, 'ਸਿਥਰਸੁਖਮਾਸਨਮ' ਅਰਥਾਤ ਆਸਨ ਉਹ ਹੈ ਜੋ ਸਥਿਰ, ਸੁਖਦਾਇਕ ਅਤੇ ਮੰਨਣਯੋਗ ਮੁਦਰਾ ਹੈ। ਚੌਥਾ ਹੈ, ਪ੍ਰਣਾਯਾਮ। ਇਹ ਦੋ ਸ਼ਬਦਾਂ ਤੋਂ ਬਣਿਆ ਹੈ: ਪ੍ਰਾਯ ਅਰਥਾਤ ਸਵਾਸ ਅਤੇ ਅਯਾਮ ਰੋਕਣਾ, ਖਿਚਣਾ ਅਤੇ ਕੱਢਣਾ। ਜਦੋਂ ਲੋੜੀਂਦੀ ਮੁਦਰਾ ਪ੍ਰਾਪਤ ਕਰ ਲਈ ਜਾਵੇ ਤਾਂ ਅਗਲਾ ਯੋਗ-ਅਭਿਆਸ ਪ੍ਰਣਾਯਾਮ ਹੈ।

ਪੰਜਵਾਂ ਹੈ ਪ੍ਰਤੀ-ਅਹਾਰ ਜੋ ਸੰਸਕ੍ਰਿਤ ਦੇ ਦੋ ਸ਼ਬਦਾਂ ਦੇ ਮੇਲ ਤੋਂ ਬਣਿਆ ਹੈ ਪ੍ਰਤੀ ਦਾ ਅਰਥ ਹੈ, ਸੇਧਤ ਜਾਂ ਵੱਲ ਅਤੇ ਅਹਾਰ ਦਾ ਅਰਥ ਹੈ, ਨੇੜੇ ਲਿਆਉਣਾ। ਜਿਸ ਦਾ ਮੁਕੰਮਲ ਭਾਵ ਹੈ ਆਪਣੇ ਵਿਚਾਰਾਂ ਨੂੰ ਬਾਹਰੀ ਵਸਤੂਆਂ, ਜੀਵਾਂ, ਹਾਲਾਤਾਂ ਵੱਲੋਂ ਹਟਾ ਕੇ ਆਪਣੇ ਅੰਦਰ ਵੱਲ, ਆਪਣੇ ਅੰਦਰੂਨੀ ਸੰਸਾਰ ਵੱਲ ਮੋੜਨਾ, ਆਪਣੇ ਸਵੈ ਦੇ ਸਤਿ ਵੱਲ ਲਿਆਉਣਾ, ਆਪਣੇ ਅੰਦਰੂਨੀ ਸੰਸਾਰ ਦੀ ਸੁਤੰਤਰਤਾ ਨੂੰ ਜਾਣਨਾ ਅਤੇ ਸਮਝਣਾ।

ਛੇਵਾਂ ਅੰਗ ਹੈ, ਧਾਰਨਾ ਜਿਸ ਦਾ ਅਰਥ ਹੈ ਮਨ ਨੂੰ ਇੱਕਸੁਰ ਕਰਕੇ ਇੱਕ ਨੁਕਤੇ 'ਤੇ ਟਿਕਾਉਣਾ। ਅਸਲ ਵਿਚ ਮਨ ਨੂੰ ਮੰਤਰ, ਸਵਾਸ, ਸੰਕਲਪ, ਵਿਚਾਰ 'ਤੇ ਟਿਕਾਉਣਾ। ਸੱਤਵਾਂ ਹੈ, ਧਿਆਨ। ਧਿਆਨ ਦਾ ਅਰਥ ਹੈ ਜਿਸ ਚੀਜ਼ ਤੇ ਧਾਰਨਾ ਟਿਕੀ ਹੈ ਉਸ ਦੀ ਵਿਚਾਰ ਕਰਨੀ, ਉਸ ਦਾ ਧਿਆਨ ਧਰਨਾ। ਉਦਾਹਰਣ ਲਈ ਜੇ ਧਾਰਨਾ ਕਿਸੇ ਦੇਵਤਾ ਤੇ ਟਿਕੀ ਹੈ ਤਾਂ ਉਸ ਤੇ ਮਨਣ ਕਰਨਾ, ਸੋਚਣਾ। ਇਹ ਵਿਚਾਰਨ ਦੀ ਬੇਰੋਕ ਸਥਿਤੀ ਹੈ। ਅੱਠਵਾਂ ਅੰਗ ਹੈ, ਸਮਾਧੀ। ਸਮਾਧੀ ਦੋ ਤਰ੍ਹਾਂ ਦੀ ਹੈ ਅਰਥਾਤ ਕਿਸੇ ਪਦਾਰਥ ਦੀ ਸਹਾਇਤਾ ਨਾਲ ਅਤੇ ਪਦਾਰਥ ਦੀ ਸਹਾਇਤਾ ਤੋਂ ਬਿਨਾ। ਸਮਾਧੀ ਅੱਗੇ ਹੋਰ ਕਈ ਤਰ੍ਹਾਂ ਦੀ ਹੈ ਜਿਸ ਦੇ ਵਿਸਥਾਰ ਵਿਚ ਜਾਣ ਦੀ ਇੱਥੇ ਲੋੜ ਨਹੀਂ ਜਾਪਦੀ।

ਭਾਈ ਗੁਰਦਾਸ ਵੱਲੋਂ ਦਿੱਤੀ ਵਿਆਖਿਆ ਵਿਚ ਜਾਣ ਤੋਂ ਪਹਿਲਾ ਇਹ ਪ੍ਰਸ਼ਨ ਕੀਤਾ ਜਾ ਸਕਦਾ ਹੈ ਕਿ ਭਾਈ ਗੁਰਦਾਸ ਨੂੰ ਕੀ ਜ਼ਰੂਰਤ ਪਈ ਸੀ ਭਲਾਂ ਹਿੰਦੂ ਸ਼ਾਸਤਰਾਂ ਜਾਂ ਗੁਰੂ ਨਾਨਕ ਸਾਹਿਬ ਦੇ ਜੋਤਿ ਪ੍ਰਕਾਸ਼ਨ ਤੋਂ ਪਹਿਲੇ ਧਰਮਾਂ ਵਿਚ ਜਾਣ ਦੀ? ਦਰਅਸਲ ਕਿਸੇ ਵੀ ਸਥਾਪਨਾ ਵਾਸਤੇ ਉਸ ਤੋਂ ਪੁਰਾਣੀ ਨੂੰ ਘੋਖਣਾ ਪੈਂਦਾ ਹੈ ਜਾਂ ਘੋਖਣਾ ਚਾਹੀਦਾ ਹੈ ਕਿਉਂਕਿ ਨਵੀਂ ਉਸਾਰੀ ਵਾਸਤੇ ਪਹਿਲੀ ਦੀ ਛਾਣ-ਬੀਣ ਜ਼ਰੂਰੀ ਹੁੰਦੀ ਹੈ। ਇਹ ਸਭ ਗੁਰੂ ਨਾਨਕ ਸਾਹਿਬ ਨੇ ਕੀਤਾ ਜੋ ਉਨ੍ਹਾਂ ਦੀ ਬਾਣੀ ਵਿਚੋਂ ਸਪੱਸ਼ਟ ਹੁੰਦਾ ਹੈ।

ਭਾਈ ਗੁਰਦਾਸ ਸਿੱਖ ਧਰਮ ਦੇ ਮੋਢੀ ਪ੍ਰਚਾਰਕਾਂ ਵਿਚੋਂ ਸਨ ਜਾਂ ਇਉਂ ਕਹਿਣਾ ਜ਼ਿਆਦਾ ਸਹੀ ਜਾਪਦਾ ਹੈ ਕਿ ਉਹ ਸਿੱਖ ਧਰਮ ਦੇ ਪਹਿਲੇ ਧਰਮ-ਸ਼ਾਸਤਰੀ ਅਰਥਾਤ ਧਰਮ-ਵਿਗਿਆਨੀ ਹਨ। ਭਾਈ ਗੁਰਦਾਸ ਪਾਤੰਜਲੀ ਰਿਸ਼ੀ ਦੁਆਰਾ ਰਚਿਤ ਯੋਗ ਸ਼ਾਸਤਰ ਦੀ ਗੱਲ ਕਰਦਿਆਂ ਕਹਿੰਦੇ ਹਨ ਕਿ ਪਾਤੰਜਲੀ ਰਿਸ਼ੀ ਨੇ, ਜਿਸ ਨੂੰ ਸ਼ੇਸ਼ਨਾਗ ਦਾ ਅਵਤਾਰ ਮੰਨਿਆ ਜਾਂਦਾ ਹੈ, ਬਹੁਤ ਸੋਚ-ਵਿਚਾਰ ਨਾਲ ਨਾਗ-ਸ਼ਾਸਤਰ, ਯੋਗ ਸ਼ਾਸਤਰ ਅਰਥਾਤ ਯੋਗ ਸੂਤਰ ਦੀ ਰਚਨਾ ਕੀਤੀ। ਭਾਈ ਗੁਰਦਾਸ ਨੇ ਪਾਤੰਜਲੀ ਰਿਸ਼ੀ ਨੂੰ ਸ਼ੇਸ਼ਨਾਗ ਦਾ ਅਵਤਾਰ ਕਿਉਂ ਕਿਹਾ ਹੈ? ਪਾਤੰਜਲੀ ਰਿਸ਼ੀ ਦੇ ਨਾਂ ਦੇ ਅਰਥ ਕਰਦਿਆਂ ਇਸ ਨੂੰ ਜੁੜੇ ਹੋਏ ਹੱਥਾਂ ਵਿਚ ਉੱਤੋਂ ਡਿਗਣਾ ਦੱਸਿਆ ਹੈ।

ਇੱਕ ਥਾਂ ਲਿਖਿਆ ਹੈ ਕਿ ਇੱਕ ਲੋਕ ਕਥਾ ਅਨੁਸਾਰ ਸ਼ੇਸ਼ ਨਾਗ (ਨਾਗ ਦੇਵਤਾ, ਨਾਗਾਂ ਦਾ ਰਾਜਾ) ਨੇ ਇੱਕ ਸਪੋਲੀਏ ਦੇ ਰੂਪ ਵਿਚ ਅਵਤਾਰ ਧਾਰਿਆ ਅਤੇ ਇੱਕ ਬ੍ਰਾਹਮਣ ਦੇ ਹੱਥਾਂ ਦੀ ਅੰਜਲੀ (ਹੱਥਾਂ ਨੂੰ ਜੋੜ ਕੇ ਬਣਾਈ ਹੋਈ) ਵਿਚ ਆ ਡਿਗਿਆ, ਜਿਸ ਤੋਂ ਉਸ ਦਾ ਨਾਮ ਪਾਤੰਜਲੀ ਪਿਆ। ਆਪਣੇ ਸ਼ਾਸਤਰ ਨੂੰ ਅਥ਼ਰਵ ਵੇਦ 'ਤੇ ਆਧਾਰਤ ਕਰਦਿਆਂ ਉਸ ਨੇ ਕਿਹਾ ਕਿ ਯੋਗ ਬਿਨਾਂ ਭਰਮ ਦੂਰ ਨਹੀਂ ਹੁੰਦਾ (ਅਸੀਂ ਪਾਤੰਜਲੀ ਰਿਸ਼ੀ ਦੇ ਯੋਗ ਸੂਤਰ ਦਾ ਸੰਖੇਪ ਵਰਨਣ ਕਰਦਿਆਂ ਦੇਖ ਚੁੱਕੇ ਹਾਂ ਕਿ ਪਾਤੰਜਲੀ ਦਾ ਪਹਿਲਾ ਸੂਤਰ ਹੀ ਯੋਗਾ ਚਿਤੀ-ਵ੍ਰਿਤੀ-ਨਿਰੋਧ ਦੱਸਿਆ ਹੈ ਜਿਸ ਦਾ ਅਰਥ ਚਿੱਤ ਦੀਆਂ ਚੇਸ਼ਟਾਵਾਂ ਨੂੰ ਰੋਕਣਾ ਹੈ)। ਅੱਗੇ ਆਰਸੀ ਭਾਵ ਸ਼ੀਸ਼ੇ ਦੀ ਉਦਾਹਰਣ ਦਿੱਤੀ ਹੈ ਜਿਸ ਰਾਹੀਂ ਆਪਣੇ ਚਿਹਰੇ ਨੂੰ ਨਿਹਾਰਿਆ ਜਾਂਦਾ ਹੈ।

ਭਾਈ ਗੁਰਦਾਸ ਮੁਤਾਬਕ ਪਾਤੰਜਲੀ ਅਨੁਸਾਰ ਯੋਗ ਰਾਹੀਂ ਹੀ ਮਨ ਨੂੰ ਭਰਮ-ਮੁਕਤ ਕਰਕੇ ਸਾਫ ਕੀਤਾ ਜਾ ਸਕਦਾ ਹੈ ਜੋ ਕਿ ਮੁਕਤੀ ਪ੍ਰਾਪਤੀ ਲਈ ਬਹੁਤ ਜ਼ਰੂਰੀ ਹੈ। ਮਨ ਨੂੰ ਭਰਮ-ਮੁਕਤ ਕੀਤੇ ਬਿਨਾਂ ਮਨੁੱਖ ਮੁਕਤੀ ਪ੍ਰਾਪਤ ਕਰਨ ਦੇ ਰਸਤੇ 'ਤੇ ਨਹੀਂ ਪੈ ਸਕਦਾ; ਉਸੇ ਤਰ੍ਹਾਂ ਜਿਵੇਂ ਸ਼ੀਸ਼ੇ ਵਿਚੋਂ ਆਪਣਾ ਚਿਹਰਾ ਸਪੱਸ਼ਟ ਰੂਪ ਵਿਚ ਦੇਖਣ ਲਈ ਸ਼ੀਸ਼ੇ ਨੂੰ ਸਾਫ ਕਰਨਾ ਅਤੇ ਲਿਸ਼ਕਾਉਣਾ ਜ਼ਰੂਰੀ ਹੈ। ਯੋਗ ਮਨ ਨੂੰ ਸਾਫ ਕਰਨ ਲਈ ਨੇਮ-ਅਭਿਆਸ ਹੈ, ਇੱਕ ਜ਼ਰੀਆ ਹੈ ਜਿਸ ਨਾਲ ਸੁਰਤੀ ਦਸਮ ਦੁਆਰ ਵਿਚ ਜੁੜ ਜਾਂਦੀ ਹੈ ਜਿੱਥੇ ਉਸ ਨੂੰ ਅਨਹਦ ਧੁਨੀ ਸੁਣਾਈ ਦਿੰਦੀ ਹੈ।

ਪਾਤੰਜਲੀ ਰਿਸ਼ੀ ਦੇ ਯੋਗ ਸ਼ਾਸਤਰ ਅਨੁਸਾਰ ਜਿਹੜਾ ਮਨੁੱਖ ਯੋਗ ਦੇ ਇਸ ਰਸਤੇ 'ਤੇ ਚੱਲਦਾ ਅਤੇ ਅਭਿਆਸ ਕਰਦਾ ਹੈ, ਉਸ ਗੁਰਮੁਖਿ ਯੋਗੀ ਦੇ ਪੈਰਾਂ ਉਤੇ ਨੌਂ ਨਿਧੀਆਂ ਅਤੇ ਅਠਾਰਾਂ ਸਿੱਧੀਆਂ ਆਪਣੇ ਆਪ ਆ ਡਿਗਦੀਆਂ ਹਨ। (ਯੋਗ ਅਭਿਆਸ ਰਾਹੀਂ ਸਿੱਧੀਆਂ ਕਿਵੇਂ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ? ਇਹ ਪਾਤੰਜਲੀ ਦੇ ਅਸ਼ਟਾਂਗ ਯੋਗ ਦੇ ਮਾਰਗ ਦਾ ਸੰਖੇਪ ਵਿਚ ਜ਼ਿਕਰ ਕਰਦਿਆਂ ਅਸੀਂ ਸੰਕੇਤ ਕਰ ਚੁੱਕੇ ਹਾਂ)।

ਭਾਈ ਗੁਰਦਾਸ ਅਨੁਸਾਰ ਪਹਿਲੇ ਤਿੰਨ ਯੁਗਾਂ ਵਿਚ ਜੋ ਅਧਿਆਤਮਕ ਪ੍ਰਾਪਤੀਆਂ ਨਹੀਂ ਹੋ ਸਕੀਆਂ, ਉਨ੍ਹਾਂ ਨੂੰ ਪਾਉਣ ਦਾ ਰਸਤਾ ਅਰਥਾਤ ਉਨ੍ਹਾਂ ਸਾਰੀਆਂ ਇੱਛਾਵਾਂ ਨੂੰ ਪਾਉਣ ਅਤੇ ਪੂਰਾ ਕਰਨ ਦਾ ਰਸਤਾ ਪਾਤੰਜਲੀ ਰਿਸ਼ੀ ਨੇ ਦੱਸ ਦਿੱਤਾ; ਉਸ ਨੇ ਸਾਰੀਆਂ ਇੱਛਾਵਾਂ ਪੂਰੀਆਂ ਕਰ ਲਈਆਂ। ਯੋਗ-ਭਗਤੀ ਦੇ ਰਸਤੇ ਦੀ ਪੂਰਨ ਪ੍ਰਾਪਤੀ ਇਹ ਹੈ ਕਿ ਇਸ ਵਿਚ ਸਾਰਾ ਕੁਝ ਨਾਲ ਦੀ ਨਾਲ ਹੀ ਪ੍ਰਾਪਤ ਹੋ ਜਾਂਦਾ ਹੈ। ਇਸ ਦਾ ਫਲ ਉਸੇ ਵੇਲੇ ਮਿਲ ਜਾਂਦਾ ਹੈ। ਭਾਈ ਗੁਰਦਾਸ ਆਖਰੀ ਪੰਕਤੀ ਵਿਚ ਸਿੱਟਾ ਕੱਢਦੇ ਹਨ ਕਿ ਮਨੁੱਖ ਲਈ ਅਸਲੀ ਰਸਤਾ ਨਾਮ, ਦਾਨ ਅਤੇ ਇਸ਼ਨਾਨ ਦਾ ਹੈ; ਉਸ ਅਕਾਲ ਪੁਰਖ ਨੂੰ ਸਦਾ ਯਾਦ ਕਰਨਾ ਉਸ ਦਾ ਨਾਮ ਸਿਮਰਨ ਕਰਨਾ, ਆਪਣੇ ਹੱਥਾਂ ਨਾਲ ਕਮਾਈ ਕਰਕੇ ਉਸ ਨੂੰ ਲੋੜਵੰਦਾਂ ਨਾਲ ਵੰਡ ਕੇ ਛਕਣਾ; ਅੰਦਰੂਨੀ ਤੇ ਬਾਹਰੀ ਇਸ਼ਨਾਨ ਕਰਨਾ ਭਾਵ ਮਨ ਨੂੰ ਸਵੱਛ ਰੱਖਣਾ, ਬੁਰਾਈਆ ਤੋਂ ਬਚਾ ਕੇ ਰੱਖਣਾ ਅਤੇ ਸਰੀਰ ਨੂੰ ਬਾਹਰੀ ਮੈਲ ਤੋਂ ਸਾਫ਼ ਰੱਖਣਾ:

ਸੇਖਨਾਗ ਪਾਤੰਜਲ ਮਥਿਆ
ਗੁਰਮੁਖਿ ਸਾਸਤ੍ਰ ਨਾਗਿ ਸੁਣਾਈ।
ਵੇਦ ਅਥਰਵਣ ਬੋਲਿਆ
ਜੋਗ ਬਿਨਾ ਨਹਿ ਭਰਮੁ ਚੁਕਾਈ।
ਜਿਉ ਕਰਿ ਮੈਲੀ ਆਰਸੀ
ਸਿਕਲ ਬਿਨਾ ਨਹਿ ਮੁਖਿ ਦਿਖਾਈ।
ਜੋਗੁ ਪਦਾਰਥ ਨਿਰਮਲਾ
ਅਨਹਦ ਧੁਨਿ ਅੰਦਰਿ ਲਿਵ ਲਾਈ।
ਅਸਟ ਦਸਾ ਸਿਧਿ ਨਉ ਨਿਧੀ
ਗੁਰਮੁਖਿ ਜੋਗੀ ਚਰਨ ਲਗਾਈ।
ਤ੍ਰਿਹੁ ਜੁਗਾਂ ਕੀ ਬਾਸਨਾ
ਕਲਿਜੁਗ ਵਿਚਿ ਪਾਤੰਜਲਿ ਪਾਈ।
ਹਥੋ ਹਥੀ ਪਾਈਐ
ਭਗਤਿ ਜੋਗ ਕੀ ਪੂਰ ਕਮਾਈ।
ਨਾਮੁ ਦਾਨੁ ਇਸਨਾਨੁ ਸੁਭਾਈ॥

ਪਾਤੰਜਲੀ ਰਿਸ਼ੀ ਦੇ ਯੋਗ ਸੂਤਰ ਦੀ ਸੰਖੇਪ ਜਾਣਕਾਰੀ ਵਿਚ ਅਸੀਂ ਵਿਭੂਤੀ ਪਦ ਦਾ ਵਰਨਣ ਕਰਦਿਆਂ ਦੇਖਿਆ ਹੈ ਕਿ ਪਾਤੰਜਲੀ ਨੇ ਸਪੱਸ਼ਟ ਕੀਤਾ ਹੈ ਕਿ ਯੋਗ-ਅਭਿਆਸ ਰਾਹੀਂ ਯੋਗੀ ਅਦਭੁੱਤ ਸ਼ਕਤੀਆਂ, ਜਿਨ੍ਹਾਂ ਨੂੰ ਸਿੱਧੀਆਂ ਕਿਹਾ ਹੈ, ਪ੍ਰਾਪਤ ਕਰ ਲੈਂਦਾ ਹੈ। ਧਾਰਨ, ਧਿਆਨ ਅਤੇ ਸਮਾਧੀ ਦੇ ਸੁਮੇਲ ਦੇ ਅਭਿਆਸ ਨਾਲ ਮਨੁੱਖ ਕੋਲ ਵਿਭਿੰਨ ਪੂਰਨਤਾਵਾਂ, ਭਾਈ ਗੁਰਦਾਸ ਦੇ ਸ਼ਬਦਾਂ ਵਿਚ ਨੌਂ ਨਿੱਧੀਆਂ ਅਤੇ ਅਠਾਰਾਂ ਸਿੱਧੀਆਂ, ਆ ਜਾਂਦੀਆਂ ਹਨ।

ਇਹ ਵੀ ਦੱਸਿਆ ਹੋਇਆ ਹੈ ਕਿ ਯੋਗੀ ਨੂੰ ਆਪਣਾ ਧਿਆਨ ਸਿੱਧੀਆਂ ਵੱਲੋਂ ਹਟਾ ਕੇ ਸਿਰਫ ਤੇ ਸਿਰਫ ਕੈਵਲਯ ਦੀ ਪ੍ਰਾਪਤੀ 'ਤੇ ਹੀ ਕੇਂਦਰਤ ਕਰਨਾ ਚਾਹੀਦਾ ਹੈ। ਪਰ ਅਸੀਂ ਦੇਖਦੇ ਹਾਂ ਕਿ ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ਨ ਸਮੇਂ ਯੋਗੀਆਂ ਦਾ ਜ਼ਿਆਦਾ ਝੁਕਾਅ ਵੱਖ ਵੱਖ ਸਿੱਧੀਆਂ ਪ੍ਰਾਪਤ ਕਰਨ ਵੱਲ ਹੀ ਲੱਗਾ ਹੋਇਆ ਸੀ। ਭਾਈ ਗੁਰਦਾਸ ਨੇ ਵੀ ਇਸ ਦਿਸ਼ਾ ਵਿਚ ਆਪਣੀਆਂ ਵਾਰਾਂ ਵਿਚ ਸੰਕੇਤ ਕੀਤਾ ਹੋਇਆ ਹੈ।

# ਮਾਤਾ ਪ੍ਰੀਤਿ ਕਰੇ ਪੁਤੁ ਖਾਇ

ਗੁਰਬਾਣੀ ਗਿਆਨ

**ਗਉੜੀ ਗੁਆਰੇਰੀ ਮਹਲਾ ੪**
ਮਾਤਾ ਪ੍ਰੀਤਿ ਕਰੇ ਪੁਤੁ ਖਾਇ॥
ਮੀਨੇ ਪ੍ਰੀਤਿ ਭਈ ਜਲਿ ਨਾਇ॥
ਸਤਿਗੁਰ ਪ੍ਰੀਤਿ ਗੁਰਸਿਖ ਮੁਖਿ ਪਾਇ॥੧॥
ਤੇ ਹਰਿ ਜਨ ਹਰਿ ਮੇਲਹੁ ਹਮ ਪਿਆਰੇ॥
ਜਿਨ ਮਿਲਿਆ ਦੁਖ ਜਾਹਿ ਹਮਾਰੇ॥੧॥ ਰਹਾਉ॥
ਜਿਉ ਮਿਲਿ ਬਛਰੇ ਗਊ ਪ੍ਰੀਤਿ ਲਗਾਵੈ॥
ਕਾਮਨਿ ਪ੍ਰੀਤਿ ਜਾ ਪਿਰੁ ਘਰਿ ਆਵੈ॥
ਹਰਿ ਜਨ ਪ੍ਰੀਤਿ ਜਾ ਹਰਿ ਜਸੁ ਗਾਵੈ॥੨॥
ਸਾਰਿੰਗ ਪ੍ਰੀਤਿ ਬਸੈ ਜਲ ਧਾਰਾ॥
ਨਰਪਤਿ ਪ੍ਰੀਤਿ ਮਾਇਆ ਦੇਖਿ ਪਸਾਰਾ॥
ਹਰਿ ਜਨ ਪ੍ਰੀਤਿ ਜਪੈ ਨਿਰੰਕਾਰਾ॥੩॥
ਨਰ ਪ੍ਰਾਣੀ ਪ੍ਰੀਤਿ ਮਾਇਆ ਧਨੁ ਖਾਟੇ॥
ਗੁਰਸਿਖ ਪ੍ਰੀਤਿ ਗੁਰੁ ਮਿਲੈ ਗਲਾਟੇ॥
ਜਨ ਨਾਨਕ ਪ੍ਰੀਤਿ ਸਾਧ ਪਗ ਚਾਟੇ॥੪॥

ਸਤਿਗੁਰੂ ਉਪਦੇਸ਼ ਕਰਦੇ ਹਨ- ਮਾਤਾ ਪ੍ਰੀਤਿ ਕਰੇ ਪੁਤੁ ਖਾਇ, ਹੇ ਭਾਈ! ਹਰ ਮਾਂ ਨੂੰ ਉਦੋਂ ਬਹੁਤ ਖੁਸ਼ੀ ਹੁੰਦੀ ਹੈ ਜਿਸ ਵੇਲੇ ਉਸ ਦਾ ਪੁੱਤਰ ਕੁਝ ਖਾਂਦਾ ਹੈ; ਮੀਨੇ ਪ੍ਰੀਤਿ ਭਈ ਜਲਿ ਨਾਇ, ਤੇ ਮੀਨ ਭਾਵ ਮੱਛੀ ਨੂੰ ਜਿਵੇਂ ਪਾਣੀ ਵਿਚ ਰਹਿ ਕੇ ਖੁਸ਼ੀ ਮਿਲਦੀ ਹੈ, ਪਾਣੀ ਹੀ ਉਸ ਦਾ ਜੀਵਨ ਹੈ; ਸਤਿਗੁਰ ਪ੍ਰੀਤਿ ਗੁਰਸਿਖ ਮੁਖਿ ਪਾਇ, ਤੇ ਭਾਈ! ਗੁਰੂ ਨੂੰ ਉਦੋਂ ਖੁਸ਼ੀ ਹੁੰਦੀ ਹੈ ਜਦੋਂ ਕੋਈ ਮਨੁੱਖ ਕਿਸੇ ਗੁਰਸਿੱਖ ਨੂੰ ਭੋਜਨ ਛਕਾਉਂਦਾ ਹੈ, ਸੇਵਾ ਕਰਦਾ ਹੈ।

ਤੇ ਹਰਿ ਜਨ ਹਰਿ ਮੇਲਹੁ ਹਮ ਪਿਆਰੇ॥
ਜਿਨ ਮਿਲਿਆ ਦੁਖ ਜਾਹਿ ਹਮਾਰੇ॥੧॥ ਰਹਾਉ॥

ਸ੍ਰੀ ਗੁਰੂ ਰਾਮਦਾਸ ਸ਼ਬਦ ਦੀ 'ਰਹਾਉ' ਵਾਲੀ ਪੰਕਤੀ ਵਿਚ ਅਕਾਲ ਪੁਰਖ ਪਰਮਾਤਮਾ ਅੱਗੇ ਅਰਦਾਸ ਕਰਦੇ ਹਨ, ਹੇ ਮੇਰੇ ਮਿਹਰਬਾਨ ਹਰੀ ਪ੍ਰਭ ਜੀਉ! ਮੈਨੂੰ ਉਨ੍ਹਾਂ ਆਪਣੇ ਪਿਆਰਿਆਂ ਦੇ ਮਿਲਾਪ ਕਰਾ ਦੇ, ਜਿਨ੍ਹਾਂ ਤੇਰੇ ਪਿਆਰਿਆਂ ਦੇ ਮਿਲਿਆਂ ਮੇਰੇ ਸਾਰੇ ਦੁੱਖ ਦੂਰ ਹੋ ਜਾਣ ਅਤੇ ਤੇਰੀ ਮਿਹਰ ਸਦਕਾ ਮੇਰੇ ਅੰਦਰ ਆਤਮਿਕ ਅਨੰਦ ਪੈਦਾ ਹੋ ਜਾਵੇ।

ਜਿਉ ਮਿਲਿ ਬਛਰੇ ਗਊ ਪ੍ਰੀਤਿ ਲਗਾਵੈ॥
ਕਾਮਨਿ ਪ੍ਰੀਤਿ ਜਾ ਪਿਰੁ ਘਰਿ ਆਵੈ॥
ਹਰਿ ਜਨ ਪ੍ਰੀਤਿ ਜਾ ਹਰਿ ਜਸੁ ਗਾਵੈ॥੨॥

ਜਿਉ ਮਿਲਿ ਬਛਰੇ ਗਊ ਪ੍ਰੀਤਿ ਲਗਾਵੈ, ਗੁਰਦੇਵ ਪਿਤਾ ਜੀ ਦ੍ਰਿਸ਼ਟਾਂਤ ਦਿੰਦੇ ਆਖਦੇ ਹਨ- ਹੇ ਭਾਈ! ਜਿਵੇਂ ਗਊ ਆਪਣੇ ਵੱਛੇ ਨੂੰ ਮਿਲ ਕੇ ਬਹੁਤ ਖੁਸ਼ ਹੁੰਦੀ ਹੈ; ਕਾਮਨਿ ਪ੍ਰੀਤਿ ਜਾ ਪਿਰੁ ਘਰਿ ਆਵੈ, ਕਾਮਨ ਭਾਵ ਇਸਤਰੀ ਨੂੰ ਖੁਸ਼ੀ ਹੁੰਦੀ ਹੈ, ਜਦੋਂ ਉਸ ਦਾ ਪਤੀ ਘਰ ਆਉਂਦਾ ਹੈ; ਹਰਿ ਜਨ ਪ੍ਰੀਤਿ ਜਾ ਹਰਿ ਜਸੁ ਗਾਵੈ, ਹੇ ਭਾਈ! ਬਿਲਕੁਲ ਉਸੇ ਤਰ੍ਹਾਂ ਹੀ ਪ੍ਰਭੂ ਪਰਮਾਤਮਾ ਦੇ ਸੇਵਕ ਨੂੰ ਉਦੋਂ ਖੁਸ਼ੀ ਹੁੰਦੀ ਹੈ, ਜਦੋਂ ਉਹ ਆਪਣੇ ਮਿਹਰਬਾਨ ਪ੍ਰਭੂ ਦੇ ਗੁਣਾਂ ਦਾ ਗਾਇਨ ਕਰਦਾ ਹੈ।

ਸਾਰਿੰਗ ਪ੍ਰੀਤਿ ਬਸੈ ਜਲ ਧਾਰਾ॥
ਨਰਪਤਿ ਪ੍ਰੀਤਿ ਮਾਇਆ ਦੇਖਿ ਪਸਾਰਾ॥
ਹਰਿ ਜਨ ਪ੍ਰੀਤਿ ਜਪੈ ਨਿਰੰਕਾਰਾ॥੩॥

ਗੁਰਦੇਵ ਪਿਤਾ ਜੀ ਇਨ੍ਹਾਂ ਪੰਕਤੀਆਂ ਵਿਚ ਫਿਰ ਦ੍ਰਿਸ਼ਟਾਂਤ ਦਿੰਦੇ ਆਖਦੇ ਹਨ, ਸਾਰਿੰਗ ਭਾਵ ਪਪੀਹੇ ਨੂੰ ਉਦੋਂ ਖੁਸ਼ੀ ਹੁੰਦੀ ਹੈ, ਜਦੋਂ ਇਕ ਖਾਸ ਰੁੱਤ ਵਿਚ ਮੋਹਲੇਧਾਰ ਮੀਂਹ ਵਰ੍ਹਦਾ ਹੈ; ਨਰਪਤਿ ਪ੍ਰੀਤਿ ਮਾਇਆ ਦੇਖਿ ਪਸਾਰਾ, ਤੇ ਜਿਵੇਂ ਕਿਸੇ ਨਰਪਤਿ ਭਾਵ ਰਾਜੇ ਨੂੰ ਮਾਇਆ ਦਾ ਪਸਾਰਾ ਦੇਖ ਕੇ ਖੁਸ਼ੀ ਹੁੰਦੀ ਹੈ, ਇਵੇਂ ਪ੍ਰਭੂ ਦੇ ਭਗਤ ਨੂੰ ਉਦੋਂ ਖੁਸ਼ੀ ਹੁੰਦੀ ਹੈ, ਜਦੋਂ ਉਹ ਆਪਣੇ ਪ੍ਰਭੂ ਦਾ ਨਾਮ ਜਪਦਾ ਹੈ।

ਨਰ ਪ੍ਰਾਣੀ ਪ੍ਰੀਤਿ ਮਾਇਆ ਧਨੁ ਖਾਟੇ॥
ਗੁਰਸਿਖ ਪ੍ਰੀਤਿ ਗੁਰੁ ਮਿਲੈ ਗਲਾਟੇ॥
ਜਨ ਨਾਨਕ ਪ੍ਰੀਤਿ ਸਾਧ ਪਗ ਚਾਟੇ॥੪॥

ਸ਼ਬਦ ਦੇ ਅਖੀਰ ਵਿਚ ਸਤਿਗੁਰੂ ਪਿਤਾ ਆਖਦੇ ਹਨ, ਹੇ ਭਾਈ! ਹਰ ਮਨੁੱਖ ਨੂੰ ਖੁਸ਼ੀ ਹੁੰਦੀ ਹੈ, ਜਦੋਂ ਉਹ ਮਾਇਆ ਕਮਾਉਂਦਾ ਹੈ, ਧਨ ਖੱਟਦਾ ਹੈ; ਹੇ ਭਾਈ! ਗੁਰੂ ਦੇ ਸਿੱਖ ਨੂੰ ਉਦੋਂ ਖੁਸ਼ੀ ਹੁੰਦੀ ਹੈ ਜਦੋਂ ਉਸ ਦਾ ਗੁਰੂ ਉਸ ਨੂੰ ਆਪਣੇ ਗਲ ਨਾਲ ਲਾ ਕੇ ਮਿਲਦਾ ਹੈ; ਜਨ ਨਾਨਕ ਪ੍ਰੀਤਿ ਸਾਧ ਪਗ ਚਾਟੇ, ਤੇ ਹੇ ਨਾਨਕ! ਪ੍ਰਭੂ ਦੇ ਸੇਵਕ ਨੂੰ ਉਦੋਂ ਖੁਸ਼ੀ ਮਿਲਦੀ ਹੈ, ਜਦੋਂ ਉਹ ਕਿਸੇ ਪ੍ਰਭੂ ਦੇ ਪਿਆਰੇ ਦੇ ਚਰਨ ਚੁੰਮਦਾ ਹੈ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

# ਸਰਘੀ ਦਾ ਵਾਸਤਾ

ਬੜੀ ਪੀੜਤ ਏ ਸਰਘੀ ਅਤੇ ਦੁੱਖੀ ਨੇ ਸਰਘੀ ਦੀਆਂ ਨਿਆਮਤਾਂ। ਜੀਵਨ-ਦਾਤਾਂ ਵੰਡਣ ਵਾਲਾ ਰਹਿਬਰ ਜਦ ਆਪਣੀ ਹੋਣੀ ਦੀ ਫਿਕਰਮੰਦੀ ਵਿਚ ਧੁੱਖਣ ਲੱਗ ਪਵੇ ਤਾਂ ਇਸ ਦਾ ਸੇਕ ਉਸ ਦੇ ਅੰਤਰੀਵ ਨੂੰ ਲੱਗਣਾ ਸੁਭਾਵਕ ਹੁੰਦਾ ਏ।

ਸਰਘੀ ਵਿਚਾਰੀ ਵੀ ਕੀ ਕਰੇ? ਕਿਸ ਕੋਲ ਫਰਿਆਦ ਕਰੇ? ਕੋਈ ਨਹੀਂ ਸੁਣਦਾ, ਉਸਦੇ ਦੁੱਖੜੇ। ਕਿਸੇ ਕੋਲ ਨਹੀਂ ਵਿਹਲ, ਉਸਦੇ ਗ਼ਮਾਂ ਦੀ ਹਾਥ ਪਾਉਣ ਦੀ ਅਤੇ ਚਸਕਦੇ ਜਖ਼ਮਾਂ 'ਤੇ ਮਰਹਮ ਲਾਉਣ ਦੀ? ਕਿਸੇ ਦੀ ਆਤਮਾ ਨਹੀਂ ਪਸੀਜਦੀ ਦਰਦ 'ਚ ਅਤੇ ਨਾ ਹੀ ਕਿਸੇ ਦੀ ਅੱਖ ਵਿਚ ਹੰਝੂ ਛਲਕਦਾ ਏ, ਵੇਦਨਾ ਸੁਣ ਕੇ? ਚਾਰੇ ਪਾਸਿਓਂ ਘਿਰੀ ਸਰਘੀ, ਰਹਿ ਗਈ ਏ ਦਰਦੀਲੀ ਗਾਥਾ ਦੀ ਪਾਤਰ। ਪਰ ਕੌਣ ਪੜ੍ਹੇਗਾ ਹਉਕਿਆਂ ਦੀ ਵਾਰਤਾ?



ਡਾ. ਗੁਰਬਖ਼ਸ਼ ਸਿੰਘ ਭੰਡਾਲ
ਫੋਨ: 1-216-556-2080

ਸਰਘੀ ਦਾ ਸਮੁੱਚ, ਅੰਗਹੀਣ। ਇਸ ਦੀਆਂ ਸੁਰਤਾਲਾਂ, ਅੰਤਹੀਣ। ਇਸ ਦਾ ਸੰਦਲਪਨ, ਰੰਗਹੀਣ। ਇਸ ਦੀ ਸੁੰਦਰਤਾ, ਕੋਹਝ ਦੀ ਮਾਰੀ। ਇਸ ਦੇ ਚੌਗਿਰਦੇ 'ਚ ਗੰਧਲਾਪਣ ਭਾਰੀ। ਇਸ ਦੇ ਨੂਰ-ਵਿਹੂਣੇ, ਹਨੇਰਿਆਂ ਦੀ ਸਰਦਾਰੀ। ਇਸ ਦੇ ਮੁੱਖੜੇ 'ਤੇ ਲਾਲੀ ਬਖੇਰਨ ਵਾਲਾ ਰੁੱਸਿਆ ਗਿਆ ਏ ਲਲਾਰੀ ਅਤੇ ਇਸ ਦੇ ਨੈਣ-ਸਮੁੰਦਰਾਂ ਵਿਚ ਖਾਰਾਪਣ ਤਾਰੀ।

ਮਾਨਵੀ ਕੁਕਰਮਾਂ ਦੀ ਸਜ਼ਾ ਭੁਗਤ ਰਹੀ ਏ ਸਰਘੀ। ਧੁਆਂਖੇ ਗਏ ਨੇ ਇਸ ਦੇ ਸਰੋਕਾਰ। ਮਲੀਆਮੇਟ ਕਰ ਦਿਤੇ ਨੇ ਜਿਉਣ ਜੋਗੇ ਪੈੜ-ਚਿੰਨ੍ਹ। ਵਾਸ਼ਪ ਹੋ ਗਏ ਨੇ ਮਨੁੱਖੀ ਰਾਹਾਂ ਵਿਚ ਡੋਲੇ ਜਾਣ ਵਾਲੇ ਪਾਣੀ ਅਤੇ ਚੇਤਿਆਂ 'ਚੋਂ ਖੁਰ ਰਹੀ ਏ ਇਸ ਦੀਆਂ ਕਰਾਮਾਤੀ ਦਾਤਾਂ ਦੀ ਸਦੀਆਂ ਪੁਰਾਣੀ ਕਹਾਣੀ।

ਕਦੇ ਵੇਲਾ ਸੀ ਕਿ ਅੰਮ੍ਰਿਤ ਵੇਲੇ, ਸਰਘੀ ਮਨੁੱਖਤਾ ਦੀ ਆਰਤੀ ਉਤਾਰਦੀ ਸੀ ਅਤੇ ਉਸ ਦੀ ਚਿਰੰਜੀਵਤਾ ਲਈ ਸੁੱਚੀਆਂ ਨਿਆਮਤਾਂ ਦੀ ਰਹਿਮਤ ਉਸ ਦੀ ਝੋਲੀ ਵਿਚ ਪਾਉਂਦੀ ਸੀ। ਲੰਮੀ ਉਮਰ ਦੀਆਂ ਦੁਆਵਾਂ, ਉਸ ਦੀ ਚਾਹਨਾ। ਜੀਵ-ਜੰਤੂਆਂ ਦੀ ਸਿਹਤਯਾਬੀ, ਉਸ ਦੀ ਅਰਦਾਸ। ਹਰ ਰੰਗ ਨੂੰ ਮਾਨਣ ਦੀ ਅਸੀਸ। ਸਰਬ ਜੀਵਾਂ ਵਿਚ ਇਕਸੁਰਤਾ ਅਤੇ ਇਕਸਾਰਤਾ, ਉਸ ਦੀ ਤਮੰਨਾ ਅਤੇ ਕਾਇਨਾਤ ਦੀ ਪ੍ਰਫੁੱਲਤਾ, ਉਸ ਦਾ ਧਰਮ।

ਹੁਣ ਨਜ਼ਰ ਨਹੀਂ ਆਉਂਦਾ ਸਰਘੀ ਦਾ ਤਾਰਾ। ਧੂੰਏਂ ਦੇ ਗੁਬਾਰ ਨੇ ਅਲੋਪ ਕਰ ਦਿਤਾ ਏ ਤਾਰਿਆਂ ਦਾ ਛੱਜ। ਤਾਰਿਆਂ ਸੰਗ ਗੁਫਤਗੂ ਬੀਤੇ ਦੀ ਬਾਤ। ਰਾਤ ਦੀ ਸ਼ਾਂਤੀ ਭੰਗ। ਰਾਤ ਦਾ ਸਹਿਜ ਅਤੇ ਇਸ ਦੀ ਸਾਰਥਿਕਤਾ ਮਨੁੱਖੀ ਦੌੜ ਨੇ ਖਾਧੀ। ਜੀਵਾਂ ਦਾ ਸੌਣਾ ਹਰਾਮ, ਹਰ ਪਾਸੇ ਦਿਨ-ਰਾਤ ਪੈ ਰਹੇ ਸ਼ੋਰ ਵਿਚ ਕੋਈ ਕਿਸ ਤਰ੍ਹਾਂ ਮਾਣ ਸਕਦਾ ਏ ਨੀਂਦ ਦਾ ਅਨੰਦ। ਸਰਘੀ ਦੇ ਤਾਰੇ ਜਿਹੀ ਹੋਣੀ ਵਾਲੇ ਮਨੁੱਖ ਦੀ ਅੱਖ ਵਿਚ ਕੌਣ ਧਰੇਗਾ ਚਾਨਣ ਦੀ ਕਾਤਰ ਅਤੇ ਕਿਹੜਾ ਮਸਤਕ ਕਰੇਗਾ ਤਾਰਾ-ਮੰਡਲ ਦੇ ਵਰਦਾਨਾਂ ਦੀ ਅਰਾਧਨਾ? ਵਾਸਤਾ ਈ! ਇਸ ਦੇ ਮੱਥੇ ਦਾ ਟਿੱਕਾ, ਸਰਘੀ ਦਾ ਤਾਰਾ ਕਿਤੋਂ ਤਾਂ ਢੂੰਡ ਲਿਆਵੋ ਅਤੇ ਕਰੂਪ ਸਰਘੀ ਨੂੰ ਸਜਾਵੋ।

ਸਰਘੀ ਕਿਸ ਤਰ੍ਹਾਂ ਸਰਘੀ ਕਹਿਣ ਦਾ ਹੱਕ ਜਤਾਵੇ ਜਦ ਉਸ ਦੀ ਤਾਸੀਰ ਹੀ ਫਿਜ਼ਾ ਨੂੰ ਸਿਸਕਦੇ ਸਾਹਾਂ ਦੀ ਖ਼ੈਰਾਤ ਪਾਵੇ। ਨਿਰਮਲ, ਤਾਜ਼ੀ ਅਤੇ ਸਾਫ ਹਵਾ ਦੇ ਲੰਮੇ ਲੰਮੇ ਸਾਹ ਬਖ਼ਸ਼ਣ ਵਾਲੀ ਸਰਘੀ ਵਿਚ ਘੁੱਲ ਗਈ ਏ ਧੂੰਏਂ ਅਤੇ ਧੂੜ ਦੇ ਕਣਾਂ ਦੀ ਬਹੁਤਾਤ। ਬਾਸੀ ਅਤੇ ਦੁਰਗੰਧਤ ਪੌਣ ਕਿਸ ਤਰ੍ਹਾਂ ਸਾਹ-ਸਾਜ ਵਜਾਵੇ ਅਤੇ ਲੰਮੇਰੀ ਉਮਰ ਦੀ ਕਾਮਨਾ ਹਰ ਪ੍ਰਾਣੀ ਦੇ ਨਾਮ ਲਾਵੇ? ਜਦ ਸਾਹਾਂ ਨੂੰ ਹੀ ਸਿਸਕਣਾ ਪੈ ਜਾਵੇ ਤਾਂ ਕੌਣ ਭਰੇਗਾ ਤੁਹਾਡੀ ਲਈ ਸ਼ੁਭ-ਕਾਮਨਾ ਦਾ ਹੁੰਗਾਰਾ?

ਭਲੇ ਵਕਤਾਂ 'ਚ ਬ੍ਰਿਖ ਦੇ ਪੱਤੇ ਗੁਣਗਣਾਉਂਦੇ, ਬੋਟ ਆਲ੍ਹਣਿਆਂ 'ਚ ਸੰਗੀਤਕ ਮਹਿਫ਼ਿਲਾਂ ਸਜਾਉਂਦੇ ਅਤੇ ਸ਼ੁਭ-ਸਵੇਰ ਦਾ



ਅਲਾਪ ਉਪਜਾਉਂਦੇ। ਪਰਿੰਦਿਆਂ ਦੀ ਗੁਟਕਣੀ, ਕੁਦਰਤ ਦੇ ਸਭ ਤੋਂ ਹੁਸੀਨ ਪਲ। ਇਹ ਪਲ ਹੀ ਰੂਹ ਦੀ ਖੁਰਾਕ ਅਤੇ ਜੀਵਨ ਦੀ ਮਘਦੀ ਚੰਗਿਆੜੀ। ਮਸ਼ੀਨੀ ਸ਼ੋਰ ਵਿਚ ਗੁੰਮ ਗਏ ਬੋਟਾਂ ਦੇ ਬੋਲ, ਹਵਾ ਦੀ ਰੁਮਕਣੀ, ਗੁਫਤਗੂ ਦੀ ਸਰਸਰਾਹਟ ਅਤੇ ਸੱਜਣਾਂ ਦੇ ਕਦਮਾਂ ਦੀ ਆਹਟ, ਪੈਦਾ ਕਰ ਰਹੀ ਏ ਮਨੁੱਖੀ ਸਹਿਜ ਵਿਚ ਘਬਰਾਹਟ। ਮਨ ਦੇ ਰੁਦਨ ਨੂੰ ਮਿਟਾਉਣ ਖਾਤਰ ਅਸੀਂ ਸਹੀ ਉਪਾਅ ਕਰਕੇ, ਸਰਘੀ ਦੇ ਸੁੰਘੜਦੇ ਸਾਹਾਂ ਨੂੰ ਕੁਝ ਰਾਹਤ ਤਾਂ ਦਿਵਾ ਸਕਦੇ ਹਾਂ।

ਕਦੇ ਤ੍ਰੇਲ ਧੋਤੇ ਪੱਤੇ, ਮਨੁੱਖੀ ਸੋਚ ਵਿਚ ਤਾਜ਼ਗੀ ਭਰਦਿਆਂ, ਬਣਦੇ ਸਨ ਮਾਨਵੀ ਗੁਣਾਂ ਦਾ ਆਧਾਰ, ਹੁੰਦਾ ਸੀ ਸੂਹਜ ਸੋਚ ਦਾ ਪਸਾਰ ਅਤੇ ਰਿਣਕਣੀ ਬਣਦੇ ਸਨ ਸੂਹੇ ਵਿਚਾਰ। ਕਰਮ ਸ਼ੈਲੀ ਵਿਚ ਸਪੱਸ਼ਟਤਾ ਅਤੇ ਸਾਫਗੋਈ ਅਪਨਾਉਣ ਦਾ ਕਰਦਾ ਸੀ ਮਨ ਇਕਰਾਰ ਅਤੇ ਇਸ ਨਾਲ ਹੁੰਦਾ ਸੀ ਸਰਬਰੰਗੀ ਸ਼ਖਸੀਅਤ ਦਾ ਵਿਸਥਾਰ।

ਉਹ ਵੀ ਵੇਲਾ ਹੁੰਦਾ ਸੀ ਜਦ ਖੂਹ ਦੀਆਂ ਟਿੰਡਾਂ ਵਿਚੋਂ ਝਰਦਾ ਪਾਣੀ ਸਰਘੀ ਨੂੰ ਖੁਸ਼ਆਮਦੀਦ ਕਹਿੰਦਾ ਸੀ, ਕੋਈ ਬਜ਼ੁਰਗ ਔਲੂ ਵਿਚ ਡੁੱਬਕੀਆਂ ਮਾਰਦਾ, ਵਾਹਿਗੁਰੂ ਦਾ ਨਾਮ ਉਚਾਰਦਾ, ਸਭ ਦੀ ਖੁਸ਼ਹਾਲੀ ਅਤੇ ਤੰਦਰੁਸਤੀ ਲਈ ਅਰਦਾਸ ਕਰਦਾ। ਕਿੱਧਰੇ ਪਹੀਏ ਦੇ ਮਿਠੜੇ ਬੋਲ ਫਿਜ਼ਾ ਵਿਚ ਸੁਗੰਧੀ ਫੈਲਾਉਂਦੇ ਸਨ, ਖੇਤਾਂ ਵਿਚ ਲਹਿਰਾਉਂਦੀਆਂ ਫਸਲਾਂ ਦਾ ਨਜ਼ਾਰਾ ਅਤੇ ਖਾਲਾਂ-ਬੰਨਿਆਂ 'ਤੇ ਅੰਮ੍ਰਿਤ ਵੇਲੇ ਦਾ ਗੇੜਾ ਮਨੁੱਖ ਦੇ ਅੰਦਰ ਕੋਮਲਤਾ ਰਮਾਉਂਦਾ ਸੀ। ਕੁਦਰਤ ਦਾ ਇਕ ਅਦਨਾ ਜਿਹਾ ਜੀਵ ਬਣ ਕੇ ਇਸ ਦੀ ਨਿੱਘੀ ਸੰਗਤ 'ਚੋਂ ਜੀਵਨ ਦਾ ਭੇਤ ਪਾਉਂਦਾ ਸੀ। ਪਰ ਹੁਣ ਇਹ ਸਭ ਬੀਤੇ ਵਕਤਾਂ ਦੀਆਂ ਗੱਲਾਂ, ਨੇ ਜੋ ਬਣ ਕੇ ਰਹਿ ਗਈਆਂ ਨੇ ਯਾਦਾਂ। ਸਹਿਜਮਈ ਜੀਵਨ 'ਤੇ ਭਾਰੂ ਏ ਮਕੈਨਕੀ ਜ਼ਿੰਦਗੀ। ਰੋਬੋਟ ਬਣੇ ਮਨੁੱਖ ਵਿਚੋਂ ਭਾਵਨਾਵਾਂ ਦਾ ਕਿਆਸ ਕਰਨਾ ਏ ਵਿਅਰਥ।

ਸਰਘੀ ਸਹਿਕਦੀ ਏ ਉਨ੍ਹਾਂ ਪਲਾਂ ਨੂੰ ਜਦ ਅਫਗਾਨੀ, ਇਰਾਕੀ, ਸੁਮਾਲੀ, ਕਬਾਇਲੀ ਜਾਂ ਆਦਿਵਾਸੀ ਬੱਚਿਆਂ ਦੀ ਸੋਚ ਵਿਚੋਂ ਬੰਬਾਂ ਅਤੇ ਗੋਲੀਆਂ ਦੀ ਦਹਿਸ਼ਤ ਅਲੋਪ ਹੋ ਜਾਵੇਗੀ। ਉਨ੍ਹਾਂ ਦੀਆਂ ਮਾਸੂਮ ਸੋਚ-ਤਰੰਗਾਂ ਵਿਚੋਂ ਪੂਰਨੇ, ਮੁਹਾਰਨੀਆਂ ਅਤੇ ਹਰਫਾਂ ਦੀ ਲੋਅ ਉਜਾਗਰ ਹੋਵੇਗੀ, ਆਂਦਰਾਂ ਦੀ ਸਹਿਕ 'ਚੋਂ ਟੁੱਕਰ ਦੀ ਭਾਲ ਦਾ ਹੇਰਵਾ ਨਹੀਂ ਰਹੇਗਾ ਅਤੇ ਉਹ ਆਪਣੇ ਬਚਪਨੇ ਨੂੰ ਮਾਣਦਿਆਂ ਕੁਦਰਤ ਦੇ ਲਾਡਲੇ ਖਿਡੌਣੇ ਬਣ ਕੇ ਸਰਘੀ ਦਾ ਜੀਅ ਪਰਚਾਉਣਗੇ।

ਯਾਦ ਰੱਖਣਾ! ਉਦੈ ਹੋਣ ਵਾਲਾ ਭਵਿੱਖਮੁਖੀ ਕਿਰਨ-ਕਾਫਲਾ ਹੀ ਆਉਣ ਵਾਲੀਆਂ ਪੀੜ੍ਹੀਆਂ ਦਾ ਮਾਰਗਦਰਸ਼ਨ ਕਰਦਾ ਏ ਜੋ ਸਮਾਜਿਕ ਮੁਹਾਂਦਰੇ ਨੂੰ ਨਿਖਾਰਨ ਲਈ ਪਹਿਲ ਬਣਦਾ ਏ।

ਸਰਘੀ ਨੂੰ ਆਸ ਏ ਕਿ ਕਦੇ ਤਾਂ ਉਸ ਦੇ ਚਾਨਣ ਵਿਚ ਨਹਾਉਣ ਵਾਲੇ ਮਨੁੱਖ ਦੀ ਜੀਵਨ-ਸ਼ੈਲੀ ਵਿਚ ਕੁਦਰਤ ਸੰਗ ਇਕਸੁਰਤਾ ਮੁੜ ਸੁਰਜੀਤ ਹੋਵੇਗੀ। ਉਹ ਹਵਾ, ਪਾਣੀ ਅਤੇ ਧਰਤ ਦੀ ਪਲੀਤੀ ਨੂੰ ਆਪਣਾ ਗੰਧਲਾਪਣ ਸਮਝ, ਇਸ ਦੀ ਸਫਾਫਤ ਵੰਨੀਂ ਉਚੇਚੇ ਸਾਰਥਕ ਉਪਰਾਲਿਆਂ ਦਾ ਸਿਰਲੇਖ ਬਣ ਕੇ, ਕੁਦਰਤੀ ਸਰੋਤਾਂ 'ਚੋਂ ਆਪਣੀ ਸਥਿਰਤਾ ਅਤੇ ਸਦੀਵਤਾ ਦਾ ਪਾਠ ਪੜ੍ਹਨਾ ਸ਼ੁਰੂ ਕਰੇਗਾ।



ਸਰਘੀ ਦੀ ਤਮੰਨਾ ਏ ਕਿ ਮਨੁੱਖੀ ਭਾਵਨਾਵਾਂ ਵਿਚੋਂ ਵਾਸ਼ਪ ਹੋ ਚੁੱਕੇ ਸੁੱਚੇ ਸਰੋਕਾਰਾਂ ਦੀ ਰਹਿਤਲ ਮੁੜ ਸੁਰਜੀਤ ਹੋਵੇ, ਅਬਲਾ ਦੇ ਦਰਦ ਵਿਚ ਪਸੀਜਣ ਦੀ ਜਾਚ ਆਵੇ, ਡੰਗੋਰੀ ਦੀ ਪੀੜਾ ਨੂੰ ਸਮਝਣ ਦੀ ਸੁਮੱਤ ਆਵੇ, ਛਾਂ ਅਤੇ ਛੱਤ ਵਿਹੂਣੇ ਬੋਟਾਂ ਦੀ ਦਰਦੀਲੀ ਗਾਥਾ ਨੂੰ ਆਪਣੇ ਅੰਤਰੀਵ ਵਿਚ ਉਤਾਰਨ ਦਾ ਵੱਲ ਆਵੇ, ਆਪਸੀ ਮੁਹੱਬਤ ਅਤੇ ਭਾਈਚਾਰਕ ਸਾਂਝ ਦੀ ਬਾਣੀ ਕੰਠ ਹੋ ਜਾਵੇ, ਤ੍ਰਿਸ਼ੂਲ ਅਤੇ ਤਲਵਾਰ ਗਰੀਬ ਦੀ ਢਾਲ ਬਣ ਜਾਵੇ, ਮਨੁੱਖੀ ਚੀਥੜਿਆਂ ਅਤੇ ਰੱਤ ਨਾਲ ਲਿਬੜੀ ਖੂਨੀ ਰੁੱਤ ਕਦੇ ਵੀ ਸਰਘੀ ਦਾ ਦਰ ਨਾ ਖੜਕਾਵੇ, ਧਰਤੀ 'ਤੇ ਪਸਰੀ ਗਹਿਰ, ਸੂਰਜ ਨੂੰ ਗ੍ਰਹਿਣ ਨਾ ਲਾਵੇ ਅਤੇ ਨਾ ਹੀ ਸਰਘੀ ਦਾ ਰੰਗਲਾਪਣ, ਪਿਲੱਤਣਾਂ ਦੀ ਜੂਨ ਹੰਢਾਵੇ।

ਸਰਘੀ ਚੁਸਣਾ ਚਾਹੁੰਦੀ ਏ ਚਿੱਟੀਆਂ ਚੁੰਨੀਆਂ ਦਾ ਰੁਦਨ, ਸੁੰਨੀਆਂ ਸੇਜਾਂ ਦੀ ਮਾਤਮੀ ਹੂਕ, ਮਰਨਹਾਰੀਆਂ ਆਸਾਂ ਦੀ ਵਿਲਕਣੀ, ਬਨੇਰਿਆਂ 'ਤੇ ਬੁਝੇ ਦੀਵਿਆਂ ਦੀ ਲੇਰ, ਮਰ ਗਈ ਉਡੀਕ ਦਾ ਸੋਗ, ਆਂਦਰਾਂ ਨੂੰ ਮਾਰੀ ਗੰਢ ਦਾ ਦੁਖੜਾ ਅਤੇ ਆਪਣੇ ਜਾਇਆਂ ਦੇ ਦੀਦ ਨੂੰ ਲੋਚਦੀ ਬਜ਼ੁਰਗੀ ਨੀਝ ਦਾ ਤਰਲਾ।

ਸਰਘੀ ਦੀ ਲੋਚਾ ਏ ਕਿ ਹਰ ਮਨੁੱਖ, ਇਨਸਾਨੀਅਤ ਦਾ ਮਾਰਗ ਅਪਨਾਵੇ, ਉਸ ਦੀ ਕਰਮ ਸ਼ੈਲੀ 'ਚੋਂ ਸਰਬਸੁੱਖ ਅਤੇ ਸੁਮੱਤ-ਕਾਮਨਾ ਦੀ ਸੁਗੰਧ ਆਵੇ, ਬਨਸਪਤੀ ਨੂੰ ਮੌਲਣ ਅਤੇ ਵਿਗਸਣ ਦਾ ਵਰ ਮਿਲੇ, ਜੀਵ-ਸੰਸਾਰ ਨੂੰ ਆਪਣੇ ਰੰਗ ਵਿਚ ਰਹਿਣ ਦਾ ਸੁਭਾਗ ਪ੍ਰਾਪਤ ਹੋਵੇ, ਹਰ ਪ੍ਰਾਣੀ ਨੂੰ ਆਪਣੀਆਂ ਰੀਝਾਂ ਅਤੇ ਸ਼ੌਕ ਪੁਗਾਉਣ ਦਾ ਮੌਕਾ ਤੇ ਮੁਹਲਤ ਮਿਲੇ, ਪਰਬਤਾਂ, ਸਮੁੰਦਰਾਂ, ਜੰਗਲਾਂ, ਮਾਰੂਥਲਾਂ ਵਿਚ ਜੀਵਨ ਦਾ ਕਾਰਵਾਂ ਚਲਦਾ ਰਹੇ, ਮਕਾਨ ਅਤੇ ਮਹਿਲ, ਘਰ ਬਣਨ, ਮਕੈਨਕੀ ਜ਼ਿੰਦਗੀ ਤੋਂ ਕੁਝ ਕੁ ਵਿੱਥ ਬਣੀ ਰਹੇ, ਖੇਤਾਂ 'ਚ ਉਗਦੀਆਂ ਰਹਿਣ ਜਿਉਣ ਜੋਗੀਆਂ ਫਸਲਾਂ ਤੇ ਹਰ ਸਾਹ ਨੂੰ ਮਿਲਦੀ ਰਹੇ ਉਪਜੀਵਕਾ।


ਨਵੀਂ ਸਰਘੀ ਦੀ ਆਮਦ 'ਤੇ, ਸਰਘੀ ਦਾ ਕਹਿਣਾ ਮੰਨੀਏ, ਸੁੰਗੜ ਰਹੀਆਂ ਕਿਸਮਤ ਰੇਖਾਵਾਂ ਨੂੰ ਲੰਮੇਰਾ ਕਰੀਏ, ਕਰਮਯੋਗਤਾ 'ਚੋਂ ਮਾਨਵੀ ਰਹਿਤਲ ਨੂੰ ਪਰਿਭਾਸ਼ਤ ਕਰੀਏ, ਪੌਣਾਂ ਦੇ ਨਾਮ ਰੁਮਕਣੀ ਤੇ ਦਰਿਆਵਾਂ ਦੇ ਨਾਂ ਰਵਾਨਗੀ ਕਰੀਏ, ਟੁੱਟੇ ਖੰਭਾਂ 'ਚ ਅੰਬਰੀ ਉਡਾਣ ਭਰੀਏ, ਵਿਲਕਦੇ ਬੋਟਾਂ ਲਈ ਚੋਗ ਦਾ ਆਹਰ ਕਰੀਏ ਤੇ ਆਪਣੇ ਸੋਚ-ਆਲ੍ਹੇ 'ਚ ਜਗਦਾ ਦੀਵਾ ਧਰੀਏ।

ਸਰਘੀ ਦਾ ਸੁਪਨਾ ਏ ਕਿ ਸਵੇਰੇ ਚਹਿਕਦੀਆਂ ਚਿੜੀਆਂ ਦਾ ਸੰਗੀਤ ਕਾਇਨਾਤ ਨੂੰ ਗੂੜ੍ਹੀ ਨੀਂਦ 'ਚੋਂ ਜਗਾਵੇ, ਹਰ ਡਾਲ ਹਰੀਆਂ ਕਚੂਰ ਪੱਤੀਆਂ ਨੂੰ ਪਿੰਡੇ ਦਾ ਹਾਰ ਬਣਾਵੇ, ਕੁਦਰਤ ਰਾਣੀ ਹਰ ਟਾਹਣੀ ਨੂੰ ਡੋਡੀਆਂ ਦਾ ਸ਼ਗਨ ਪਾਵੇ, ਹਰ ਡੋਡੀ ਨੂੰ ਖਿੜਨ ਦਾ ਵਰ ਮਿਲੇ, ਹਰ ਫੁੱਲ ਨੂੰ ਜਵਾਨੀ ਮਾਨਣ ਅਤੇ ਆਪਣੀ ਅਉਧ ਪੁਗਾਉਣ ਦੀ ਆਸਥਾ ਨਸੀਬ ਹੋਵੇ, ਫੁੱਲ ਪੱਤੀਆਂ 'ਤੇ ਡਲਕਦੀ ਤ੍ਰੇਲ 'ਚੋਂ ਚਾਨਣ ਝਰੇ, ਮਹਿਕਾਂ ਅਤੇ ਸੁਗੰਧੀਆਂ ਦਾ ਕਾਫਲਾ ਫਿਜ਼ਾ ਦੀ ਹਰ ਨੁੱਕਰ ਨੂੰ ਸੁਗੰਧਤ ਕਰੇ, ਭੌਰਿਆਂ ਅਤੇ ਤਿੱਤਲੀਆਂ ਦੇ ਪਰਾਂ 'ਚ ਸੰਗੀਤਕ ਛਹਿਬਰ ਵਰ੍ਹੇ ਅਤੇ ਚਹਿਕਦਾ ਚਮਨ, ਵਿਹੜੇ ਦੀ ਆਭਾ ਵਿਚ ਵਾਧਾ ਕਰੇ।

ਸਰਘੀ, ਸੁਪਨਿਆਂ ਨੂੰ ਸੋਚ ਦੇ ਹਾਣੀ ਬਣਾਉਣ ਦੀ ਦੁਆ ਕਰੇ। ਚਾਹੇ ਕਿ ਸਭ ਨੂੰ ਘਰ ਬਣਾਉਣ ਅਤੇ ਘਰਾਂ ਨੂੰ ਸਿਰਜਣਾਤਮਿਕਤਾ ਦੀ ਅਸੀਸ ਮਿਲੇ, ਰਿਸ਼ਤਿਆਂ ਵਿਚ ਨਿੱਘ ਅਤੇ ਸਕੂਨ ਦਾ ਵਾਸਾ ਹੋਵੇ ਅਤੇ ਤੁਹਾਡੇ ਮਸਤਕ ਵਿਚ ਸਹਿਜ, ਸੂਖਮ ਅਤੇ ਸੰਦਲੀ ਭਾਵਨਾਵਾਂ ਦਾ ਸੰਚਾਰ ਹੋਵੇ।

# ਵਪਾਰਕ ਪੌਣਾਂ ਦੀ ਕਾਢ

**ਸ਼ਬਦ ਝਰੋਖਾ**



ਬਲਜੀਤ ਬਾਸੀ
ਫੋਨ: 734-259-9353

ਸਕੂਲੀ ਪੜ੍ਹਾਈ ਦੌਰਾਨ ਭੂਗੋਲ ਦੀ ਕਿਤਾਬ ਵਿਚ 'ਵਪਾਰਕ ਪੌਣਾਂ' ਸ਼ਬਦ ਜੁੱਟ ਪਹਿਲੀ ਵਾਰ ਪੜ੍ਹਿਆ। ਭੂਗੋਲ ਦਾ ਮਜ਼ਮੂਨ ਸਾਨੂੰ ਪੜ੍ਹਾਉਂਦਾ ਸੀ ਬੁਢਾ ਮਾਸਟਰ ਹੰਸ ਰਾਜ, ਜਿਸ ਦੇ ਕੋਈ ਦੰਦ ਨਾ ਹੋਣ ਕਾਰਨ ਉਹ ਹਮੇਸ਼ਾ ਅਰਧ-ਗੋਲ ਜਿਹੀ ਮੁਸਕਰਾਹਟ ਛੱਡਦਾ ਲਗਦਾ। ਹੰਸ ਰਾਜ ਪੰਜਾਬ ਦੀ ਵੰਡ ਤੋਂ ਬਹੁਤ ਪਹਿਲਾਂ ਅੰਗਰੇਜ਼ਾਂ ਦੇ ਸਮੇਂ ਦਾ ਟੀਚਰ ਸੀ। ਉਦੋਂ ਸਕੂਲਾਂ ਵਿਚ ਤਾਲੀਮ ਦਾ ਜ਼ਰੀਆ ਪੰਜਾਬੀ ਦੀ ਥਾਂ ਉਰਦੂ ਸੀ। ਇਸ ਲਈ ਸਾਡਾ ਇਹ ਪਸੰਦੀਦਾ ਉਸਤਾਦ ਆਦਤਨ ਉਰਦੂ ਦੇ ਲਫ਼ਜ਼ ਬੋਲਦਾ। ਮਸਲਨ ਜੁਗਰਾਫੀਆ (ਭੂਗੋਲ), ਜ਼ਰਬ (ਗੁਣਾ), ਤਕਸੀਮ (ਭਾਗ), ਮਨਫੀ (ਘਟਾਉ), ਜੋੜ (ਜਮ੍ਹਾ), ਨਿਸਬਤ (ਅਨੁਪਾਤ), ਮਦਰੱਸਾ (ਸਕੂਲ), ਤਖ਼ਤਾ-ਸਿਆਹ (ਬਲੈਕ ਬੋਰਡ) ਆਦਿ। ਇਕ ਦਿਨ ਹੱਥ 'ਚ ਕਿਤਾਬ ਫੜ 'ਵਪਾਰਕ ਪੌਣਾਂ' ਸਮਝਾਉਂਦਿਆਂ ਵੀ ਉਸ ਨੇ ਇਸ ਲਕਬ ਲਈ 'ਤਜਾਰਤੀ ਹਵਾਏਂ' ਸ਼ਬਦ ਜੁੱਟ ਵਰਤਿਆ। ਪਾਠ-ਪੁਸਤਕ ਅਨੁਸਾਰ ਵੀ ਅਤੇ ਅਧਿਆਪਕ ਦੇ ਸਮਝਾਏ ਅਨੁਸਾਰ ਵੀ ਵਪਾਰਕ ਪੌਣਾਂ ਸਮੁੰਦਰ ਦੀਆਂ ਉਹ ਪੌਣਾਂ ਹਨ ਜਿਨਾਂ ਦੇ ਚੱਲਣ ਨਾਲ ਮਾਲ ਨਾਲ ਲੱਦੇ ਜਹਾਜ਼ਾਂ ਦੇ ਬਾਦਬਾਨਾਂ ਨੂੰ ਖੂਬ ਹੁਲਾਰਾ ਮਿਲਦਾ ਹੈ ਤੇ ਉਹ ਜਹਾਜ਼ਾਂ ਨੂੰ ਬੜੀ ਤੇਜ਼ੀ ਨਾਲ ਰੇੜ੍ਹ ਕੇ ਟਿਕਾਣੇ ਦੀ ਬੰਦਰਗਾਹ 'ਤੇ ਪਹੁੰਚਾ ਦਿੰਦੇ ਹਨ। ਸਿੱਟੇ ਵਜੋਂ ਸੌਦਾਗਰਾਂ ਦੇ ਵਪਾਰ ਵਿਚ ਵਾਧਾ ਹੁੰਦਾ ਸੀ, ਇਸੇ ਲਈ ਇਨ੍ਹਾਂ ਨੂੰ ਵਪਾਰਕ ਪੌਣਾਂ ਕਿਹਾ ਜਾਣ ਲੱਗਾ।

ਪਰ ਬਾਅਦ ਵਿਚ ਹੋਰ ਪੜ੍ਹੇ 'ਤੇ ਪਤਾ ਲੱਗਾ ਕਿ 'ਵਪਾਰਕ ਪੌਣਾਂ' ਨਾਮਕਰਣ ਬਾਰੇ ਇਹ ਕਾਰਨ ਸਹੀ ਨਹੀਂ ਹੈ। ਤਹਿ ਵਿਚ ਜਾਣ ਲਈ ਸਾਨੂੰ ਇਨ੍ਹਾਂ ਪੌਣਾਂ ਬਾਰੇ ਥੋੜੀ ਜਾਣਕਾਰੀ ਹਾਸਿਲ ਕਰਨੀ ਜ਼ਰੂਰੀ ਹੈ। ਵਪਾਰਕ ਪੌਣਾਂ ਧਰਤੀ ਦੇ ਦੋਨੋਂ ਗੋਲਾਰਧਾਂ ਵਿਚ 30 ਡਿਗਰੀ ਉਤਰੀ ਅਤੇ ਦੱਖਣੀ ਅਖਸ਼ਾਂਸ਼ ਦੇ ਉਪ-ਉਸ਼ਣਕਟੀਬੰਧੀ ਧਰਾਤਲ ਤੋਂ ਭੂ-ਮਧ ਰੇਖਾ ਵੱਲ ਸਾਲ ਭਰ ਚਲਦੀਆਂ ਰਹਿੰਦੀਆਂ ਹਨ। ਉਪ-ਉਸ਼ਣਕਟੀਬੰਧੀ ਧਰਾਤਲ ਵਿਚ ਠੰਡਕ ਹੋਣ ਕਾਰਨ ਹਵਾ ਦਾ ਦਬਾਅ ਵੱਧ ਹੁੰਦਾ ਹੈ ਤੇ ਭੂ-ਮਧ ਰੇਖਾ ਵਿਚ ਮੌਸਮ ਬਹੁਤ ਗਰਮ ਹੋਣ ਕਾਰਨ ਘਟ, ਇਸ ਲਈ ਇਨ੍ਹਾਂ ਪੌਣਾਂ ਦੀ ਦਿਸ਼ਾ ਵਧ ਦਬਾਅ ਤੋਂ ਘਟ ਦਬਾਅ ਵੱਲ ਹੁੰਦੀ ਹੈ। ਆਮ ਤੌਰ 'ਤੇ ਇਨ੍ਹਾਂ ਪੌਣਾਂ ਨੂੰ ਉਤਰੀ ਗੋਲਾਰਧ ਵਿਚ ਉਤਰ-ਪੂਰਬ ਤੋਂ ਦੱਖਣ ਦੀ ਦਿਸ਼ਾ ਵੱਲ ਅਤੇ ਦੱਖਣੀ ਗੋਲਾਰਧ ਵਿਚ ਦੱਖਣ-ਪੱਛਮ ਤੋਂ ਉਤਰ ਦੀ ਦਿਸ਼ਾ ਵੱਲ ਵਗਣਾ ਚਾਹੀਦਾ ਹੈ ਪਰੰਤੂ ਧਰਤੀ ਦੇ ਆਪਣੇ ਧੁਰੇ ਦੁਆਲੇ ਘੁੰਮਣ ਕਾਰਨ ਇਹ ਉਤਰੀ ਗੋਲਾਰਧ ਵਿਚ ਸੱਜੇ ਪਾਸੇ ਅਤੇ ਦੱਖਣੀ ਗੋਲਾਰਧ ਵਿਚ ਖੱਬੇ ਪਾਸੇ ਵੱਲ ਨੂੰ ਤਿਰਛੀਆਂ ਹੋ ਕੇ ਚਲਦੀਆਂ ਹਨ। ਬਾਦਬਾਨੀ ਦੌਰ ਵਿਚ ਮਲਾਹਾਂ ਨੂੰ ਹੋਰ ਕੀ ਚਾਹੀਦਾ ਸੀ- ਜਿਧਰ ਨੂੰ ਜਾਓ ਹਵਾ ਉਧਰ ਨੂੰ ਵਗਦੀ ਹੋਵੇ। ਯੂਰਪੀ ਮਲਾਹਾਂ ਨੇ ਇਨ੍ਹਾਂ ਨਿਯਮਿਤ ਅਤੇ ਭਰੋਸੇਮੰਦ ਪੌਣਾਂ ਦਾ ਖੂਬ ਲਾਹਾ ਲਿਆ ਤੇ ਵਾਰੇ ਨਿਆਰੇ ਕੀਤੇ। ਇਨ੍ਹਾਂ ਪੌਣਾਂ ਸਦਕਾ ਉਨ੍ਹਾਂ ਐਟਲਾਂਟਿਕ ਅਤੇ ਪ੍ਰਸ਼ਾਂਤ ਮਹਾਸਾਗਰਾਂ ਵਿਚ ਮੁਆਫਕ ਰਸਤੇ ਢੂੰਡ ਲਏ ਅਤੇ ਇਨ੍ਹਾਂ ਨੂੰ ਪਾਰ ਕਰਕੇ ਯੂਰਪੀ ਸਾਮਰਾਜ ਦਾ ਵਿਸਤਾਰ ਅਮਰੀਕੀ ਮਹਾਦੀਪ ਤੱਕ ਕਰ ਲਿਆ। ਇਹ ਹਵਾਵਾਂ ਨਾ ਹੁੰਦੀਆਂ ਤਾਂ ਜਹਾਜ਼ਾਂ ਦੇ ਬਾਦਬਾਨ ਫੜਫੜਾਉਂਦੇ ਰਹਿ ਜਾਂਦੇ, ਮਲਾਹਾਂ ਤੇ ਸੌਦਾਗਰਾਂ ਨੂੰ ਸਾਫ ਤਾਜ਼ਾ ਪਾਣੀ ਤੇ ਖਾਧ-ਖੁਰਾਕ ਨਾ ਲਭਦੀ।

ਕਿਹਾ ਜਾਂਦਾ ਹੈ ਕਿ 15ਵੀਂ ਸਦੀ ਵਿਚ ਕੋਲੰਬਸ ਨੇ ਇਨ੍ਹਾਂ ਪੌਣਾਂ ਦੀ ਖੋਜ ਕੀਤੀ। ਉਸ ਦੇ ਤਿੰਨ ਜਹਾਜ਼ ਮਰਾਕੋ ਦੇ ਕੈਨਰੀ ਦੀਪਾਂ ਤੋਂ ਚੱਲ ਕੇ ਕੁੱਲ ਛੱਤੀ ਦਿਨਾਂ ਵਿਚ ਐਟਲਾਂਟਿਕ ਸਾਗਰ ਦਾ 5400 ਮੀਲ ਦਾ ਸਫਰ ਤੈਅ ਕਰਕੇ ਬਾਹਮਾਜ਼ ਟਾਪੂ ਪਹੁੰਚ ਗਏ। ਸਾਮਰਾਜੀ ਦੁਨੀਆ ਦਾ ਤਾਂ ਨਕਸ਼ਾ ਹੀ ਫੈਲ ਗਿਆ। ਹੈ ਨਾ, ਰਾਹ ਪਿਆ ਜਾਣੀਏ, ਜਾਂ ਵਾਹ ਪਿਆ ਜਾਣੀਏ? ਸਰੋਤਾਂ ਅਨੁਸਾਰ 17ਵੀਂ ਸਦੀ ਵਿਚ ਇਕ ਮੁਹਾਵਰਾ ਪ੍ਰਚਲਿਤ ਸੀ, "The wind blows trade" ਅਰਥਾਤ ਹਵਾ ਆਪਣੇ ਰਾਹੇ ਪਈ ਹੈ ਮਤਲਬ ਹਵਾ ਇਕੋ ਦਿਸ਼ਾ 'ਚ ਬਾਕਾਇਦਾ ਚੱਲ ਰਹੀ ਹੈ। ਪਹਿਲਾਂ ਪਹਿਲ ਇਹ ਮੁਹਾਵਰਾ ਕਿਸੇ ਵੀ ਇਕੋ ਦਿਸ਼ਾ ਵੱਲ ਲਗਾਤਾਰ ਚਲਦੀ ਹਵਾ ਲਈ ਪ੍ਰਚਲਿਤ ਹੋਇਆ ਪਰ ਪਿਛੋਂ ਚਰਚਿਤ ਹਵਾਵਾਂ ਲਈ ਹੀ ਰੂੜ ਹੋ ਗਿਆ। ਮਲਾਹ ਇਨ੍ਹਾਂ ਪੌਣਾਂ ਨੂੰ ਅੰਗਰੇਜ਼ੀ ਵਿਚ Trade Winds ਕਹਿੰਦੇ ਸਨ ਜੋ ਬਾਕਾਇਦਾ ਇਕੋ ਦਿਸ਼ਾ ਵੱਲ ਚਲਦੀਆਂ ਸਨ।

ਧਿਆਨ ਦਿਓ ਕਿ ਏਥੇ ਅੰਗਰੇਜ਼ੀ ਸ਼ਬਦ ਟਰੇਡ ਦਾ ਅੱਜ ਕਲ੍ਹ ਆਮ ਜਾਣਿਆਂ ਜਾਂਦਾ ਅਰਥ ਵਪਾਰ ਨਹੀਂ ਹੈ। ਚੌਧਵੀਂ ਸਦੀ ਦੀ ਮਧ ਕਾਲੀ ਅੰਗਰੇਜ਼ੀ ਵਿਚ ਟਰੇਡ ਸ਼ਬਦ ਦਾ ਅਰਥ ਸੀ-ਟਰੈਕ, ਖੁਰਾ, ਰਾਹ, ਪਥ, ਪੈੜ, ਪਹੀਆ, ਮਾਰਗ, ਲੀਹ ਆਦਿ ਤੇ ਟਰੇਡ ਵਿੰਡ 'ਚ ਏਹੀ ਅਰਥ ਸਹੀ ਹੁੰਦਾ ਹੈ।

ਬਾਅਦ ਵਿਚ 18ਵੀਂ ਸਦੀ ਵਿਚ ਯੂਰਪ ਦੇ ਆਮ ਲੋਕਾਂ ਤੇ ਨਿਰੁਕਤਕਾਰਾਂ ਨੇ ਮਹਿਸੂਸ ਕੀਤਾ ਕਿ ਇਨ੍ਹਾਂ ਪੌਣਾਂ ਕਾਰਨ ਇੰਗਲੈਂਡ ਦੇ ਵਪਾਰਕ ਜਹਾਜ਼ਾਂ ਨੇ ਐਟਲਾਂਟਿਕ ਸਾਗਰ ਪਾਰ ਕਰਕੇ ਵਪਾਰ ਵਿਚ ਕਿੰਨੀਆਂ ਮੱਲਾਂ ਮਾਰੀਆਂ ਹਨ। ਸੋ, ਉਨ੍ਹਾਂ 14ਵੀਂ ਸਦੀ ਵਿਚ ਇਨ੍ਹਾਂ ਪੌਣਾਂ ਲਈ ਉਦੋਂ ਰੱਖੇ ਨਾਮ Trade Winds ਦੇ ਅਰਥਾਂ ਨੂੰ ਗਲਤ ਤੌਰ 'ਤੇ ਨਵੇਂ ਅਰਥਾਂ ਯਾਨਿ ਵਪਾਰ, ਵਣਜ ਆਦਿ ਵਜੋਂ ਸਮਝਿਆ। ਉਸ ਵੇਲੇ ਦੇ ਕੋਸ਼ਾਂ ਅਤੇ ਸਾਹਿਤ ਵਿਚ ਇਸ ਦੇ ਏਹੀ ਅਰਥ ਮਿਲਦੇ ਹਨ ਅਰਥਾਤ ਉਹ ਪੌਣਾਂ ਜੋ ਵਪਾਰ ਵਿਚ ਵਾਧਾ ਕਰਦੀਆਂ ਹਨ। ਭਾਰਤ ਤੇ ਹੋਰ ਕਈ ਦੇਸ਼ਾਂ ਦੀਆਂ ਭਾਸ਼ਾਵਾਂ ਵਿਚ ਵੀ ਇਸ ਦਾ ਇਸੇ ਤਰ੍ਹਾਂ ਗਲਤ ਅਨੁਵਾਦ ਹੋਣ ਲੱਗ ਪਿਆ ਜੋ ਹੁਣ ਤੱਕ ਪਾਠ-ਪੁਸਤਕਾਂ ਵਿਚ ਇਸੇ ਤਰ੍ਹਾਂ ਕਾਇਮ ਹੈ ਤੇ ਪੜ੍ਹਾਇਆ ਜਾਂਦਾ ਹੈ।

ਟਰੇਡ ਸ਼ਬਦ ਦੇ ਦੋ ਅਰਥਾਂ ਦੇ ਵਿਕਾਸ ਬਾਰੇ ਕੁਝ ਜਾਣ ਲਈਏ। ਪੰਦਰਵੀਂ ਸਦੀ ਦੀ ਅੰਗਰੇਜ਼ੀ 'ਚ ਟਰੇਡ ਸ਼ਬਦ ਦਾ ਅਰਥ ਸੀ-ਪਥ, ਮਾਰਗ, ਪਹੀਆ ਖਾਸ ਕਰ ਸਮੁੰਦਰੀ ਟਰੈਕ। ਸਮੁੰਦਰੀ ਮਲਾਹਾਂ ਨੇ ਇਹ ਸ਼ਬਦ ਉਦੋਂ ਦੀ ਡੱਚ ਜਾਂ ਜਰਮਨ ਭਾਸ਼ਾ ਦੇ ਹੀ ਸ਼ਬਦ ਟਰੇਡ ਤੋਂ ਲਿਆ। ਪਥ, ਮਾਰਗ ਦੇ ਅਰਥਾਂ ਤੋਂ ਕਿਸੇ ਬੰਦੇ ਵਲੋਂ ਅਪਨਾਇਆ ਆਪਣੇ ਕਿੱਤੇ ਦਾ ਰਾਹ ਭਾਵ ਪੇਸ਼ਾ, ਕਾਰੋਬਾਰ, ਕੰਮ ਦੇ ਅਰਥ ਪ੍ਰਗਟ ਹੋ ਗਏ। ਜਦ ਅਸੀਂ ਪੰਜਾਬੀ ਵਿਚ ਕਹਿੰਦੇ ਹਾਂ ਕਿ 'ਤੂੰ ਕੀ ਰਾਹ ਫੜਿਆ ਹੋਇਆ ਹੈ' ਤਾਂ ਸਾਡਾ ਵੀ ਏਹੋ ਹੁੰਦਾ ਹੈ ਕਿ ਤੂੰ ਕਿਹੜੇ ਕੰਮਾਂ ਵਿਚ ਪੈ ਗਿਆ ਏਂ, ਭਾਵੇਂ ਏਥੇ ਭਾਵ ਨਿਖੇਧਾਤਮਕ ਹਨ। ਬਾਅਦ ਵਿਚ ਟਰੇਡ ਸ਼ਬਦ ਦਾ ਹੋਰ ਅਰਥ-ਵਿਸਤਾਰ ਹੋ ਕੇ ਜਿਣਸਾਂ ਦਾ ਲੈਣ-ਦੇਣ ਮਤਲਬ ਵਪਾਰ ਹੀ ਹੋ ਗਿਆ। ਅੰਗਰੇਜ਼ੀ ਸ਼ਬਦ Tread ਜਿਸ ਦਾ ਅਰਥ ਪੈਰ ਮਾਰਨਾ, ਰਾਹ ਕੱਛਣਾ, ਲਿਤਾੜਨਾ ਹੈ, ਵੀ ਇਸੇ ਦਾ ਸੁਜਾਤੀ ਹੈ ਜੋ ਜਰਮੈਨਿਕ ਅਸਲੇ ਦਾ ਸ਼ਬਦ ਹੈ। ਨਿਰੁਕਤਕਾਰਾਂ ਅਨੁਸਾਰ ਰਲਦੇ ਮਿਲਦੇ ਅਰਥਾਂ ਵਾਲੇ ਅੰਗਰੇਜ਼ੀ ਸ਼ਬਦ ਟਰੈਕ (Track) ਤੇ ਟਰੈੱਕ (Trekk) ਵੱਖਰੇ ਮੂਲ ਦੇ ਹਨ।

# 1947 ਵਾਲੀ ਵੰਡ ਨੂੰ ਨਾ ਭੁੱਲਦਿਆਂ ਹੋਇਆਂ...

*ਹਿੰਦੁਸਤਾਨ ਦੀ ਆਜ਼ਾਦੀ ਵੇਲੇ ਹੋਈ ਪੰਜਾਬ ਦੀ ਵੰਡ ਅਜਿਹਾ ਨਾਸੂਰ ਹੈ ਜਿਸ ਦਾ ਦਰਦ ਪੀੜ੍ਹੀ-ਦਰ-ਪੀੜ੍ਹੀ ਅੱਜ ਤਕ ਅਗਾਂਹ ਚੱਲ ਰਿਹਾ ਹੈ। ਆਪਣੇ ਪੁਰਖਿਆਂ ਤੋਂ ਸੁਣੀਆਂ ਅਤੇ ਲਿਖੀਆਂ ਗੱਲਾਂ-ਬਾਤਾਂ ਅੱਜ ਵੀ ਅੱਖਾਂ ਵਿਚ ਹੰਝੂ ਅਤੇ ਦਿਲ ਵਿਚ ਦਰਦ ਭਰ ਦਿੰਦੀਆਂ ਹਨ। ਡਾਕਟਰ ਸਤਯਪਾਲ ਗੌਤਮ ਨੇ ਇਕ ਵੱਖਰੇ ਜ਼ਾਵੀਏ ਤੋਂ ਇਸ ਵੰਡ ਬਾਰੇ ਕੁਝ ਵਿਚਾਰ ਇਸ ਲੇਖ ਵਿਚ ਸਾਂਝੇ ਕੀਤੇ ਹਨ। ਵੰਡ ਨਾਲ ਜੁੜੀ ਹਰ ਯਾਦ ਅਤੇ ਦਰਦ ਦਾ ਤੋੜਾ ਇਕ ਹੀ ਗੱਲ 'ਤੇ ਟੁੱਟਦਾ ਹੈ ਕਿ ਆਵਾਮ ਤਾਂ ਸਾਂਝ ਦੀਆਂ ਤੰਦਾਂ ਮਜ਼ਬੂਤ ਕਰਨਾ ਲੋਚਦੇ ਹਨ, ਪਰ ਸੌੜੀ ਸਿਆਸਤ ਚਲਾਉਣ ਵਾਲੇ ਸਰਹੱਦ ਦੇ ਦੋਹੀਂ ਪਾਸੀਂ ਵਸੇ ਲੋਕਾਂ ਵਿਚ ਫਰਕ ਪਾਈ ਰੱਖਦੇ ਹਨ। ਲੇਖਕ ਨੇ ਇਸ ਲੇਖ ਵਿਚ ਉਸ ਨਫਰਤ ਦੀ ਨਿਸ਼ਾਨਦੇਹੀ ਵੀ ਕੀਤੀ ਹੈ ਜਿਹੜੀ ਦੋਹਾਂ ਪਾਸਿਆਂ ਦੇ ਸਿਆਸਤਦਾਨ ਲੋਕਾਂ ਦੇ ਦਿਲਾਂ ਉਤੇ ਨਿੱਤ ਦਿਨ ਥੋਪੀ ਜਾ ਰਹੇ ਹਨ। -ਸੰਪਾਦਕ*

ਮੇਰਾ ਜਨਮ ਵੰਡ ਤੋਂ ਬਾਅਦ ਪਿਛਲੀ ਸਦੀ ਦੇ ਛੇਵੇਂ ਦਹਾਕੇ ਦੇ ਪਹਿਲੇ ਸਾਲ ਵਿਚ ਹੋਇਆ। ਇਸ ਤਰ੍ਹਾਂ ਮੈਂ ਬਟਵਾਰੇ ਤੋਂ ਬਾਅਦ ਦੀ ਪਹਿਲੀ ਪੀੜ੍ਹੀ ਦਾ ਪੁੱਤ ਹਾਂ। ਮੇਰਾ ਬਚਪਨ ਦੁਆਬੇ ਦੇ ਪਿੰਡ ਮਸਾਣੀਆਂ ਵਿਚ ਗੁਜ਼ਰਿਆ। ਇਹ ਪਿੰਡ ਰੇਲਵੇ ਸਟੇਸ਼ਨ ਸ਼ਾਮ ਚੁਰਾਸੀ ਤੋਂ ਮੀਲ ਕੁ ਦੀ ਵਾਟ 'ਤੇ ਹੈ। ਜਲੰਧਰ-ਹੁਸ਼ਿਆਰਪੁਰ ਰੇਲਵੇ ਲਾਈਨ 'ਤੇ ਪੈਂਦੇ ਇਸ ਸਟੇਸ਼ਨ ਦਾ ਨਾਂ ਸ਼ਾਸਤਰੀ ਸੰਗੀਤ ਦੇ ਮਸ਼ਹੂਰ ਘਰਾਣੇ ਨਾਲ ਸਬੰਧਤ ਪਿੰਡ ਸ਼ਾਮ ਚੁਰਾਸੀ ਦੇ ਨਾਂ 'ਤੇ ਰੱਖਿਆ ਗਿਆ ਸੀ। ਇਸ ਪਿੰਡ ਦੇ ਸ਼ਾਸਤਰੀ ਸੰਗੀਤ ਨਾਲ ਪੀੜ੍ਹੀ-ਦਰ-ਪੀੜ੍ਹੀ ਜੁੜੇ ਪਰਿਵਾਰਾਂ ਵਿਚੋਂ ਸਲਾਮਤ ਅਲੀ ਅਤੇ ਅਮਾਨਤ ਅਲੀ ਭਰਾਵਾਂ ਨੇ ਪੰਜਾਬ ਦੀ ਵੰਡ ਪਿਛੋਂ ਸ਼ਾਮ ਚੁਰਾਸੀ ਘਰਾਣੇ ਦੀ ਇਸ ਪਰੰਪਰਾ ਨੂੰ ਲਹਿੰਦੇ ਪੰਜਾਬ ਵਿਚ ਜਿਉਂਦੀ ਰੱਖਿਆ ਤੇ ਅਗਾਂਹ ਤੋਰਿਆ।

ਮੇਰੇ ਦਾਦਾ ਜੀ ਦੱਸਿਆ ਕਰਦੇ ਸੀ ਕਿ ਪੰਜਾਬ ਦੀ ਵੰਡ ਤੋਂ ਪਹਿਲਾਂ ਸਾਡੇ ਆਲੇ-ਦੁਆਲੇ ਦੇ ਪਿੰਡਾਂ ਦੀ ਬਹੁਤੀ ਵਸੋਂ ਮੁਸਲਮਾਨਾਂ ਦੀ ਸੀ। ਇਹ ਵੀ ਦੱਸਦੇ ਸਨ ਕਿ ਵੰਡ ਹੋਣ ਤੋਂ ਪਹਿਲਾਂ ਪੰਜਾਬ ਦੇ ਤਿੰਨ ਮੁੱਖ ਫਿਰਕਿਆਂ-ਹਿੰਦੂਆਂ, ਮੁਸਲਮਾਨਾਂ ਤੇ ਸਿੱਖਾਂ ਨੇ ਕਦੀ ਸੋਚਿਆ ਵੀ ਨਹੀਂ ਸੀ ਕਿ ਪੰਜਾਬ



**ਸਤਯਪਾਲ ਗੌਤਮ**

ਦੇ ਟੁਕੜੇ ਹੋ ਜਾਣਗੇ। ਪੰਜਾਬੀਆਂ ਨੇ ਨਾ ਤਾਂ ਬਟਵਾਰੇ ਦੀ ਮੰਗ ਕੀਤੀ ਸੀ ਤੇ ਨਾ ਹੀ ਇਹਦੇ ਲਈ ਹੁੰਗਾਰਾ ਭਰਿਆ ਸੀ, ਪਰ ਇਸ ਵੰਡ ਨਾਲ ਸੋਚ-ਵਲੂੰਧਰਦੇ ਪਾਗਲਪਣ ਦਾ ਝੱਖੜ ਝੁੱਲਿਆ ਤੇ ਭਰਮ ਭੁਲੇਖੇ, ਹਫੜਾ-ਦਫੜੀ, ਲੁੱਟ-ਮਾਰ, ਉਥਲ-ਪੁਥਲ ਅਤੇ ਬਲਾਤਕਾਰਾਂ ਵਿਚ ਉਜਾਗਰ ਹੋਇਆ। ਇਸ ਅਜੀਬ ਪਾਗਲਪਣ ਦੀਆਂ ਕੌੜੀਆਂ ਯਾਦਾਂ, ਭਾਵੇਂ ਆਪ ਝੱਲੀਆਂ ਜਾਂ ਕਿਸੇ ਤੋਂ ਸੁਣੀਆਂ ਤਕਲੀਫ਼ਾਂ ਦੀਆਂ ਹੋਣ, ਅਜੇ ਤੀਕ ਉਨ੍ਹਾਂ ਸਾਰਿਆਂ ਨੂੰ, ਜਿਨ੍ਹਾਂ ਇਹ ਕਾਰੇ ਆਪ ਕੀਤੇ ਜਾਂ ਇਸ ਤੋਂ ਬਚੇ ਰਹਿ ਗਏ ਅਤੇ ਉਨ੍ਹਾਂ ਦੀਆਂ ਅਗਲੀਆਂ ਨਸਲਾਂ ਨੂੰ, ਵਾਰ-ਵਾਰ ਚੇਤੇ ਆਉਂਦੀਆਂ ਹਨ।

ਸਹਿਜੇ-ਸਹਿਜੇ ਹੀ ਸਹੀ ਪਰ ਪਿਛਲੀ ਸਦੀ ਦੇ ਬਾਅਦ ਪੰਜਾਬੀ ਲਗਾਤਾਰ ਮੌਖਿਕ ਸਭਿਆਚਾਰ ਤੋਂ ਕਿਸੇ ਹੱਦ ਤੱਕ ਪੜ੍ਹੇ ਲਿਖੇ ਮੁਆਸ਼ਰੇ ਵਿਚ ਤਬਦੀਲ ਹੋ ਗਏ। ਇਹ ਸਭ ਕੁਝ ਸਾਮਰਾਜੀ ਸ਼ਾਸਨ ਵਿਚ ਉਨ੍ਹੀਵੀਂ ਸਦੀ ਦੇ ਆਖਰਲੇ ਤੇ ਵੀਹਵੀਂ ਸਦੀ ਦੇ ਪਹਿਲੇ ਦਹਾਕਿਆਂ ਵਿਚ ਹੋਇਆ। ਜ਼ਾਹਿਰ ਹੈ ਕਿ ਇਹ ਗੱਲ ਭੁੱਲਣ ਵਾਲੀ ਨਹੀਂ, ਸਗੋਂ ਸਾਨੂੰ ਇਸ ਗੱਲ ਨੂੰ ਵਾਰ-ਵਾਰ ਚੇਤੇ ਕਰਨਾ ਚਾਹੀਦਾ ਹੈ ਕਿ ਬਦਲਾਓ ਦੇ ਇਸ ਇਤਿਹਾਸਕ ਦੌਰ ਨੇ ਕਈ ਜਟਿਲ ਅਤੇ ਅਣਕਿਆਸੇ ਮੰਜ਼ਰ ਪੇਸ਼ ਕੀਤੇ ਜਿਨ੍ਹਾਂ ਨੂੰ ਨਜਿੱਠਣ ਲਈ ਅਸੀਂ ਤਿਆਰ ਨਹੀਂ ਸਾਂ। ਪੜ੍ਹਨ ਲਿਖਣ ਦੇ ਫੈਲਾਅ ਨਾਲ ਜਿਹੜੇ ਨਵੇਂ ਮੌਕੇ ਪੇਸ਼ ਕੀਤੇ, ਉਹ ਪੰਜਾਬੀ ਭਾਸ਼ਾ ਅਤੇ ਸਭਿਆਚਾਰ ਦੀ ਪ੍ਰਗਤੀ ਅਤੇ ਵਾਧੇ ਵਿਚ ਅਹਿਮ ਕਦਮ ਹੋ ਸਕਦੇ ਸਨ। ਮੰਦੇ ਭਾਗੀਂ, ਸਾਡੇ ਵਡੇਰਿਆਂ ਨੇ ਰਲ-ਮਿਲ ਕੇ ਬਿਨਾਂ ਸੋਚੇ ਵਿਚਾਰੇ ਹੀ ਇਸ ਸੰਭਾਵਨਾ ਨੂੰ ਆਫ਼ਤ ਬਣਾ ਕੇ ਰੱਖ ਦਿੱਤਾ।

ਇਨ੍ਹਾਂ ਸਮਿਆਂ ਵਿਚ ਤਿੰਨੇ ਫਿਰਕਿਆਂ ਦੇ ਸਮਾਜਿਕ ਅਤੇ ਧਾਰਮਿਕ ਆਗੂਆਂ ਨੇ ਆਪੋ-ਆਪਣੀਆਂ ਧਾਰਮਿਕ ਲਿਪੀਆਂ ਨੂੰ ਪੰਜਾਬੀ ਭਾਸ਼ਾ ਦੀ ਲਿਪੀ ਵਜੋਂ ਮੰਨਵਾਉਣ ਜਾਂ ਲਾਗੂ ਕਰਾਉਣ ਦੀ ਸਿਰਤੋੜ ਕੋਸ਼ਿਸ਼ ਕੀਤੀ। ਇਹ ਖਿੱਚ-ਧੂਹ ਅਤੇ ਦੁਸ਼ਮਣੀ ਇਸ ਹੱਦ ਤੀਕ ਆਪਸੀ ਰੰਜਸ਼ ਅਤੇ ਝਗੜੇ ਵਿਚ ਫੈਲੀ ਕਿ ਮੁਸਲਮਾਨ ਅਤੇ ਹਿੰਦੂ ਸ੍ਰੇਸ਼ਠ ਵਰਗ ਨੇ ਆਪਣੀ ਨਾਸਮਝੀ ਵਿਚ ਪੰਜਾਬੀ ਨੂੰ ਤਿਲਾਂਜਲੀ ਦੇ ਦਿੱਤੀ ਅਤੇ ਉਰਦੂ ਤੇ ਹਿੰਦੀ ਨੂੰ ਆਪੋ-ਆਪਣੀਆਂ ਭਾਸ਼ਾਵਾਂ ਵਜੋਂ ਸਮੋ ਲਿਆ। ਨਤੀਜੇ ਵਜੋਂ ਪੰਜਾਬੀ ਦਾ ਮੰਦਭਾਗ ਇਹ ਹੋਇਆ ਕਿ ਪੰਜਾਬੀ ਪੰਜਾਬ ਦੀ ਭਾਸ਼ਾ ਨਾ ਹੋ ਕੇ ਲਗਭਗ ਸਿੱਖਾਂ ਦੇ ਪੱਲੇ ਵਿਚ ਸਿਮਟ ਗਈ। ਬਹੁਸੰਮਤੀ ਦੇ ਵਿਚਾਰਾਂ ਨੂੰ ਤਰਜੀਹ ਦੇਣ ਦੇ ਪਰਜਾਤੰਤਰੀ ਸਿਧਾਂਤ ਦੀ ਆੜ ਹੇਠ ਬਸਤੀਵਾਦੀ ਪ੍ਰਸ਼ਾਸਨ ਨੇ ਸਕੂਲਾਂ ਤੇ ਦਫਤਰੀ ਕੰਮਕਾਜ ਦੀ ਭਾਸ਼ਾ ਵਿਚ ਉਰਦੂ ਲਾਗੂ ਕਰ ਦਿੱਤੀ। ਇਸ ਤਰ੍ਹਾਂ ਵਿਦਿਅਕ ਢਾਂਚੇ ਵਿਚ ਪੰਜਾਬੀ ਸਿੱਖਣ/ਸਿਖਾਉਣ ਦਾ ਕੰਮ ਨਾਂ-ਮਾਤਰ ਹੀ ਰਹਿ ਗਿਆ।

ਅੰਗਰੇਜ਼ਾਂ ਦੇ ਜਾਣ ਅਤੇ ਪੰਜਾਬ ਦੀ ਵੰਡ ਪਿਛੋਂ ਚੜ੍ਹਦੇ ਪੰਜਾਬ ਦੇ ਹਿੰਦੂ ਤੇ ਸਿੱਖ ਨੇਤਾਵਾਂ ਵਿਚਾਲੇ ਪੰਜਾਬੀ ਭਾਸ਼ਾ ਦੀ ਢੁਕਵੀਂ ਲਿਪੀ ਦੇ ਮੁੱਦੇ ਨੇ ਫਿਰ ਸਿਰ ਚੁੱਕ ਲਿਆ। ਇਹ ਮੁੱਦਾ ਹਿੰਦੂ ਮੋਹਤਬਰਾਂ ਦੇ ਬੇ-ਬੁਨਿਆਦ ਦਾਅਵਿਆਂ ਦਾ ਸ੍ਰੋਤ ਬਣਿਆ ਅਤੇ ਸਿੱਟਾ ਇਹ ਨਿਕਲਿਆ ਕਿ 1966 ਵਿਚ ਪੰਜਾਬ ਅਤੇ ਹਰਿਆਣਾ ਦੇ ਰੂਪ ਵਿਚ ਸੂਬੇ ਦਾ ਢਾਂਚਾ ਦੁਬਾਰਾ ਉਲੀਕਿਆ ਗਿਆ। ਦੂਜੇ ਪਾਸੇ ਪੂਰਬੀ ਪਾਕਿਸਤਾਨ ਵੱਲੋਂ ਭਾਰੀ ਵਿਰੋਧ ਦੇ ਬਾਵਜੂਦ ਉਰਦੂ ਨੂੰ ਪਾਕਿਸਤਾਨ ਦੀ ਸਰਕਾਰੀ ਭਾਸ਼ਾ ਵਜੋਂ ਲਾਗੂ ਕਰ ਦਿੱਤਾ ਗਿਆ ਅਤੇ ਪੰਜਾਬ ਵਿਚ ਉਰਦੂ ਹੀ ਸਿੱਖਿਆ ਅਤੇ ਪ੍ਰਸ਼ਾਸਨ ਦੀ ਭਾਸ਼ਾ ਬਣੀ ਰਹੀ।

ਲਹਿੰਦੇ ਪੰਜਾਬ ਵਿਚ ਪੰਜਾਬੀ ਭਾਸ਼ਾ ਅਤੇ ਸੰਸਕ੍ਰਿਤੀ ਦੇ ਮਸਲੇ ਨੇ ਬੰਗਲਾਦੇਸ਼ ਦੇ ਆਜ਼ਾਦ ਮੁਲਕ ਬਣਨ ਬਾਅਦ ਦੁਬਾਰਾ ਸਿਰ ਚੁੱਕਿਆ। ਬਾਕੀ ਬਚੀਆਂ ਪਾਕਿਸਤਾਨੀ ਉਪ ਰਾਸ਼ਟਰੀ ਕੌਮਾਂ ਜਿਵੇਂ ਸਿੰਧੀ, ਬਲੋਚ ਅਤੇ ਪਖਤੂਨਾਂ ਨੇ ਵੀ ਆਪੋ-ਆਪਣੀ ਜ਼ੁਬਾਨ ਨੂੰ ਆਪਣੇ ਸੂਬਿਆਂ ਵਿਚ ਸਿੱਖਿਆ ਅਤੇ ਪ੍ਰਸ਼ਾਸਨ ਵਿਚ ਤਸਲੀਮ ਅਤੇ ਲਾਗੂ ਕਰਨ ਦੀ ਮੰਗ ਕਰਨੀ ਸ਼ੁਰੂ ਕਰ ਦਿੱਤੀ। ਇਹ ਗੱਲ ਹਾਸੋਹੀਣੀ ਲੱਗੇਗੀ ਕਿ ਪਾਕਿਸਤਾਨ ਦੀ ਸਰਕਾਰੀ ਐਲਾਨੀ ਰਾਸ਼ਟਰ ਭਾਸ਼ਾ ਉਰਦੂ, ਦਿੱਲੀ ਅਤੇ ਯੂ.ਪੀ. ਤੋਂ ਉਜੜ ਕੇ ਆਏ ਮੁਹਾਜਿਰਾਂ ਦੀ ਜ਼ਬਾਨ ਸੀ, ਨਾ ਕਿ ਪਾਕਿਸਤਾਨ ਵਿਚ ਰਹਿੰਦੀ ਪੁਰਾਣੀ ਵਸੋਂ ਦੀ।

ਇਨ੍ਹਾਂ ਹਾਲਾਤ ਵਿਚ ਲਹਿੰਦੇ ਪੰਜਾਬ ਦੇ ਪੰਜਾਬੀਆਂ ਨੂੰ ਵੀ 'ਦੇਰ ਆਇਦ ਦਰੁਸਤ ਆਇਦ' ਸੋਝੀ ਆਈ ਕਿ ਉਨ੍ਹਾਂ ਨੇ ਅਨਜਾਣੇ ਹੀ ਆਪਣੀ ਭਾਸ਼ਾ ਦਾ ਪਤਨ ਹੋਣ ਦਿੱਤਾ ਹੈ। ਪੰਜਾਬੀ ਭਾਸ਼ਾ ਅਤੇ ਸੰਸਕ੍ਰਿਤੀ ਬਾਰੇ ਇਸ ਦੇਰ ਨਾਲ ਕੀਤੇ ਫਿਕਰ ਨੇ ਜ਼ੋਰ ਫੜਿਆ ਜਿਸ ਸਦਕਾ ਪਿਛਲੀ ਸਦੀ ਦੇ ਸੱਤਰਵਿਆਂ ਵਿਚ ਪੱਛਮੀ ਪਾਕਿਸਤਾਨ ਦੇ ਲਹਿੰਦੇ ਪੰਜਾਬ ਵਿਚ ਲੋਕ ਵਿਰਸਾ ਲਹਿਰ ਸ਼ੁਰੂ ਹੋਈ ਤਾਂ ਜੋ ਪੰਜਾਬੀ ਬੋਲੀ ਨੂੰ ਆਪਣੀ ਬਣਦੀ ਥਾਂ ਫਿਰ ਦੁਆਈ ਜਾ ਸਕੇ। ਇਹ ਲਹਿਰ ਭਾਵੇਂ ਹੌਲੀ-ਹੌਲੀ ਵਧੀ ਪਰ ਇਹ ਸਹਿਜੇ ਸਹਿਜੇ ਆਪਣੇ ਮੁੱਖ ਮੰਤਵਾਂ ਨੂੰ ਇਸ ਸਦੀ ਦੇ ਸ਼ੁਰੂ ਤੱਕ ਪ੍ਰਾਪਤ ਕਰਨ ਵਿਚ ਸਫਲ ਹੋਈ। ਚੰਗਾ ਨਤੀਜਾ ਇਹ ਹੋਇਆ ਕਿ ਪਾਕਿਸਤਾਨੀ ਪੰਜਾਬ ਦੀ ਸੂਬਾ ਅਸੈਂਬਲੀ ਵਿਚ ਪੰਜਾਬੀ ਬੋਲਣਾ ਹੁਣ ਅਪਰਾਧ ਨਹੀਂ ਰਿਹਾ। ਲਹਿੰਦੇ ਪੰਜਾਬ ਦੇ ਸਕੂਲਾਂ ਵਿਚ ਤੀਸਰੀ ਜਮਾਤ ਤੋਂ ਸ਼ਾਹਮੁਖੀ ਲਿਪੀ ਵਿਚ ਪੰਜਾਬੀ ਪੜ੍ਹਾਉਣ ਲਈ ਕਦਮ ਚੁੱਕੇ ਜਾ ਰਹੇ ਹਨ।



*ਅਟਾਰੀ-ਵਾਹਗਾ ਸਰਹੱਦ ਉਤੇ ਮਿਲੇ ਦੋਸਤੀ ਦੇ ਹੱਥ।*

ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਵੀਹਵੀਂ ਸਦੀ ਪੰਜਾਬੀ ਭਾਸ਼ਾ, ਸਭਿਆਚਾਰ ਅਤੇ ਆਵਾਮ ਲਈ ਦੁਖਾਂਤਾਂ ਦੀ ਸਦੀ ਸੀ। ਪੰਜਾਬੀਆਂ ਨੇ ਸਿਰਫ ਆਪਣੇ ਆਪ ਨੂੰ ਇਕ ਲਿਪੀ ਦੇ ਮੁੱਦੇ 'ਤੇ ਹੀ ਨਹੀਂ ਵੰਡਿਆ, ਗੱਲ ਇਥੋਂ ਤੱਕ ਵਧੀ ਕਿ ਮੁਸਲਮਾਨਾਂ ਤੇ ਹਿੰਦੂਆਂ ਦੇ ਕੁਝ ਸਮੂਹਾਂ ਨੇ ਆਪਣੀ ਪਸੰਦੀਦਾ ਲਿਪੀ ਦੇ ਫਾਇਦੇ ਲਈ ਆਪਣੀ ਭਾਸ਼ਾ ਨੂੰ ਹੀ ਤਿਲਾਂਜਲੀ ਦੇ ਦਿੱਤੀ। ਇਸ ਸੋਚੀ ਸਮਝੀ ਦੁਸ਼ਮਣੀ ਦਾ ਮਾੜਾ ਅਸਰ ਆਪਣੇ ਅੱਡ-ਅੱਡ ਨਕਸ਼ਾਂ ਅਤੇ ਬਹਾਨਿਆਂ ਦੇ ਰੂਪ ਵਿਚ ਅਜੇ ਤੱਕ ਕਾਇਮ ਹੈ। ਕਿਸੇ ਵੀ ਧਰਮ ਨਾਲ ਸਬੰਧ ਰੱਖਣ ਵਾਲੇ ਅਤੇ ਸਰਹੱਦ ਦੇ ਦੋਵੇਂ ਪਾਸਿਆਂ ਦੇ ਪੰਜਾਬੀਆਂ ਨੂੰ ਪੰਜਾਬੀ ਭਾਸ਼ਾ ਅਤੇ ਸਭਿਆਚਾਰ ਨੂੰ ਭਵਿੱਖ ਵਿਚ ਅਧੋਗਤੀ ਅਤੇ ਢਾਹ ਲੱਗਣ ਤੋਂ ਬਚਾਉਣ ਲਈ ਸਾਂਝੇ ਯਤਨ ਕਰਨੇ ਪੈਣਗੇ, ਖਾਸ ਤੌਰ 'ਤੇ ਇਸ ਸੱਚ ਦੇ ਮੱਦੇਨਜ਼ਰ ਕਿ ਵਿਸ਼ਵੀਕਰਨ ਅਤੇ ਆਰਥਿਕ ਪ੍ਰਗਤੀ ਕਰ ਕੇ ਦੂਸਰੀਆਂ ਬੋਲੀਆਂ ਦਾ ਅਸਰ ਵਧ ਗਿਆ ਹੈ।

ਇਸ ਅਣਕਿਆਸੇ ਬਟਵਾਰੇ ਜਿਸ ਵਿਚ ਲਹਿੰਦਾ ਪੰਜਾਬ ਨਵੇਂ ਬਣੇ ਮੁਲਕ ਪਾਕਿਸਤਾਨ ਦਾ ਹਿੱਸਾ ਬਣ ਗਿਆ ਤੇ ਚੜ੍ਹਦਾ ਪੰਜਾਬ ਭਾਰਤ ਵਿਚ ਰਹਿ ਗਿਆ, ਨੇ ਲੋਕਾਂ ਨੂੰ ਇਕ ਤਬਾਹਕੁਨ ਉਜਾੜੇ ਲਈ ਇਸ ਤਰ੍ਹਾਂ ਮਜਬੂਰ ਕੀਤਾ ਕਿ ਉਹਦੇ ਨਾਲ ਆਪਸੀ ਕੁੜਿੱਤਣ ਤੇ ਪੁਰਾਣੀਆਂ ਦੁਸ਼ਮਣੀਆਂ ਹੋਰ ਗਹਿਰੀਆਂ ਹੋ ਗਈਆਂ। ਤਕਸੀਮ ਵੇਲੇ ਦੇ ਕਤਲੇਆਮ ਨੇ ਭੈਅ, ਡਰ, ਨਫ਼ਰਤ, ਦੁਸ਼ਮਣੀਆਂ ਤੇ ਹੋਰ ਨਾਕਾਰਾਤਮਕ ਬਿਰਤੀਆਂ ਨੂੰ ਜਨਮ ਦਿੱਤਾ ਜਿਸ ਦਾ ਅਸਰ ਇਹਦਾ ਸੇਕ ਝੱਲਣ ਵਾਲੀਆਂ ਅਤੇ ਇਸ ਨੂੰ ਅੰਜਾਮ ਦੇਣ ਵਾਲੀਆਂ ਦੋਹਾਂ ਧਿਰਾਂ 'ਤੇ ਹੋਇਆ। ਬੇਉਮੀਦੀ ਅਤੇ ਕਮਲਪਣ ਦੀਆਂ ਗਹਿਰਾਈਆਂ ਵਿਚ, ਹੱਦ ਦੇ ਦੋਵੇਂ ਪਾਸੀਂ ਇਕ ਦੂਸਰੇ ਨੂੰ ਇੰਜ ਵੇਖਿਆ ਤੇ ਦਰਸਾਇਆ ਜਾਂਦਾ ਰਿਹਾ ਹੈ। ਸਰਕਾਰੀ ਅਤੇ ਸਮਾਜਿਕ ਤੌਰ 'ਤੇ ਪਾਕਿਸਤਾਨੀ ਮੁਸਲਮਾਨ ਦਾ ਘੜਿਆ ਘੜਾਇਆ ਚਿਹਰਾ ਜ਼ਾਲਮ ਵਾਲਾ ਹੈ, ਤੁਹਾਡੇ 'ਤੇ ਹਮੇਸ਼ਾ ਨਜ਼ਰ ਰੱਖਣ ਵਾਲਾ ਘੁਸਪੈਠੀਆ ਜੋ ਜਿਹੜਾ ਵੀ ਉਹਦੇ ਰਾਹ ਵਿਚ ਆਏ, ਉਹਨੂੰ ਮਾਰ ਕੇ ਨੇਸਤੋ-ਨਾਬੂਦ ਕਰ ਦੇਵੇ!

ਸਾਡੇ ਪਾਸੇ ਸਾਨੂੰ ਸਕੂਲਾਂ ਵਿਚ ਪੜ੍ਹਾਇਆ ਜਾਂਦਾ ਸੀ ਕਿ ਸਾਡੇ ਮਹਾਨ ਮੁਲਕ ਨੂੰ ਮੁਸਲਮਾਨਾਂ ਨੇ ਦੋ ਟੋਟੇ ਕੀਤਾ ਸੀ, ਦੋ ਵਿਰੋਧੀ ਖਿੱਤਿਆਂ ਵਿਚ ਵੰਡਿਆ, ਜਿਨ੍ਹਾਂ ਦੀ ਹੋਂਦ ਦੂਸਰੇ ਦੇ ਖਾਤਮੇ 'ਤੇ ਟਿਕੀ ਹੋਈ ਹੈ। ਇਸ ਗੱਲ ਦਾ ਕਦੀ ਕਿਸੇ ਜ਼ਿਕਰ ਨਹੀਂ ਕੀਤਾ ਕਿ ਮੁਲਕ ਦੀ ਵੰਡ ਇੰਡੀਅਨ ਨੈਸ਼ਨਲ ਕਾਂਗਰਸ ਅਤੇ ਮੁਸਲਿਮ ਲੀਗ ਦੇ ਨੇਤਾਵਾਂ ਵਿਚਕਾਰ ਸਮਝੌਤੇ ਦਾ ਨਤੀਜਾ ਸੀ। ਇਹ ਪੰਜਾਬੀ ਹੀ ਸਨ ਜਿਨ੍ਹਾਂ ਨੂੰ ਆਪਣੀ ਭੋਇੰ, ਭਾਸ਼ਾ ਅਤੇ ਸਭਿਆਚਾਰ ਦੇ ਬਟਵਾਰੇ ਨੂੰ ਝੱਲਣਾ ਪਿਆ। ਸ਼ਾਇਦ ਬੰਗਾਲ ਅਤੇ ਕਸ਼ਮੀਰ ਬਾਰੇ ਵੀ ਇਹ ਗੱਲ ਉਨੀ ਹੀ ਠੀਕ ਹੈ। ਉਂਜ ਇਹ ਵੀ ਸੱਚ ਹੈ ਕਿ ਭਾਰਤੀ ਉਪ ਮਹਾਂਦੀਪ ਦੇ ਬਾਕੀ ਖਿੱਤਿਆਂ ਦੇ ਲੋਕਾਂ ਨੂੰ ਵੀ ਵੱਡੀ ਗਿਣਤੀ ਵਿਚ ਆਪਣੇ ਘਰ-ਬਾਰ ਛੱਡਣੇ ਪਏ ਤੇ ਤਕਲੀਫ਼ਾਂ ਝੱਲਣੀਆਂ ਪਈਆਂ।

ਪਿੰਡ ਵਿਚ ਪ੍ਰਾਇਮਰੀ ਸਕੂਲ ਤੋਂ ਅਗਾਂਹ ਦੀ ਪੜ੍ਹਾਈ ਨਾ ਹੋਣ ਕਰ ਕੇ ਅਗੇਰੇ ਪੜ੍ਹਾਈ ਲਈ ਮੈਨੂੰ ਪਿੰਡੋਂ ਸ਼ਹਿਰ ਘਲਾ ਦਿੱਤਾ। ਜਲੰਧਰ ਵਿਚ ਸਾਡਾ ਘਰ, ਬਾਜ਼ਾਰ ਨੌਹਰੀਆਂ ਵਿਚ ਸੀ। ਬਾਜ਼ਾਰ ਦੇ ਆਖੀਰ ਵਿਚ ਇਮਾਮ ਨਸੀਰ ਦੇ ਮਕਬਰੇ ਦੇ ਲੰਮ-ਸਲੰਮੇ, ਸੁੰਦਰ ਅਤੇ ਪ੍ਰਭਾਵਸ਼ਾਲੀ ਮਿਨਾਰ ਦਿਸਦੇ ਸਨ। ਸੱਠਵਿਆਂ ਦੇ ਅੰਧ ਤੀਕਰ, ਹਰ ਦੂਜੇ ਸਾਲ ਸ਼ਰਧਾਲੂਆਂ ਦੇ ਹਜੂਮ ਬਾਰਡਰ ਪਾਰੋਂ ਆਉਂਦੇ ਸਨ, ਇਮਾਮ ਨਸੀਰ ਦੇ ਉਰਸ 'ਤੇ ਉਹਨੂੰ ਸਿਜਦਾ ਕਰਨ। ਸ਼ਰਧਾਲੂਆਂ ਵਿਚ ਮੇਰੇ ਦਾਦਾ ਜੀ ਦੇ ਯਾਰ ਬੇਲੀ ਵੀ ਹੁੰਦੇ, ਜਿਹੜੇ ਸਾਡੇ ਘਰ ਆਉਂਦੇ; ਦੋਸਤੀ, ਮੋਹ, ਵਿਛੋੜਿਆਂ ਦੀਆਂ ਗੱਲਾਂ ਅਤੇ ਨਾਯਾਬ ਤੋਹਫੇ ਸਾਡੇ ਨਾਲ ਸਾਂਝੇ ਕਰਨਾ। ਉਨ੍ਹਾਂ ਦਾ ਨਿੱਘ, ਖ਼ਲੂਸ, ਹੁੱਬ ਤੇ ਦੋਸਤੀ ਮੈਨੂੰ ਭੰਬਲਭੂਸਿਆਂ ਵਿਚ ਪਾ ਦਿੰਦੀ, ਕਿਉਂਕਿ ਉਨ੍ਹਾਂ ਦਾ ਵਤੀਰਾ ਉਸ ਸਭ ਕੁਝ ਦੇ ਬਿਲਕੁਲ ਉਲਟ ਸੀ ਜੋ ਸਾਨੂੰ ਸਕੂਲਾਂ ਵਿਚ ਪੜ੍ਹਾਇਆ ਅਤੇ ਅਖਬਾਰਾਂ ਵਿਚ ਦਰਸਾਇਆ ਜਾਂਦਾ ਸੀ।

ਚੜ੍ਹਦੇ ਪੰਜਾਬ ਦੇ ਮੁੱਖ ਧਾਰਾ ਦੇ ਪ੍ਰਚਾਰ ਸਾਧਨਾਂ ਵਿਚ ਆਮ ਪਾਕਿਸਤਾਨੀ ਮੁਸਲਮਾਨ ਦਾ ਘੜਿਆ ਘੜਾਇਆ ਮੁਹਾਂਦਰਾ ਇੰਤਹਾਈ ਮਨਫ਼ੀ ਸੀ, ਪਰ ਜਿਹੜੇ ਲੋਕਾਂ ਨਾਲ ਮੈਨੂੰ ਮਿਲਣ ਦੇ ਮੌਕੇ ਮਿਲੇ, ਉਹ ਕਾਬਿਲੇ-ਤਾਰੀਫ਼ ਅਤੇ ਕਾਬਿਲੇ-ਰਸ਼ਕ ਸਨ। ਇਨ੍ਹਾਂ ਪਰਸਪਰ ਵਿਰੋਧੀ ਭਾਵਨਾਵਾਂ ਅਤੇ ਪ੍ਰਤੀਬਿੰਬਾਂ ਨੇ ਇਸ ਪ੍ਰਬਲ ਇੱਛਾ ਨੂੰ ਜਨਮ ਦਿੱਤਾ ਕਿ ਸਰਹੱਦ ਪਾਰ ਜਾ ਕੇ ਮੈਂ ਆਪ ਸਭ ਕੁਝ ਵੇਖ ਕੇ ਆਵਾਂ। ਕਿਸੇ ਇਹੋ ਜਿਹੇ ਸਕੇ ਸਬੰਧੀ ਜਿਨ੍ਹਾਂ ਨੂੰ ਜਬਰਨ ਲਹਿੰਦੇ ਪੰਜਾਬ ਵਿਚੋਂ ਬਾਹਰ ਕੱਢਿਆ ਗਿਆ ਹੋਵੇ, ਦੇ ਤਜਰਬਿਆਂ ਤੋਂ ਬਗੈਰ ਹੀ ਮੈਂ ਜਵਾਨ ਹੋਇਆਂ ਸਾਂ। ਸਿੱਟੇ ਵਜੋਂ ਪਾਕਿਸਤਾਨ ਜਾਣ ਦੀ ਮੇਰੀ ਖ਼ਾਹਸ਼, ਪੁਰਖਿਆਂ ਦੀ ਧਰਤੀ ਨੂੰ ਵਾਪਸ ਜਾਣ ਦੀ ਨਹੀਂ ਸੀ; ਜਿਵੇਂ ਲਹਿੰਦੇ ਪੰਜਾਬ ਵਿਚੋਂ ਉਜੜ ਕੇ ਆਏ ਪਰਿਵਾਰਾਂ ਦੇ ਕਈ ਵਾਰਸਾਂ ਦੀ ਸੀ। ਘਰੋਂ ਬੇਘਰ ਹੋਣ ਦੀ ਬਦਕਿਸਮਤੀ ਨੂੰ ਹੰਢਾਉਣ ਤੋਂ ਬਿਨਾਂ ਵੀ ਮੈਂ ਉਹ ਦਿਲ ਹਿਲਾਉਣ ਵਾਲੇ ਕਿੱਸੇ ਸੁਣੇ ਨੇ, ਜਿਨ੍ਹਾਂ ਵਿਚ ਮੁਸਲਮਾਨਾਂ ਨੂੰ 'ਤਕਸੀਮ' ਵੇਲੇ ਚੜ੍ਹਦਾ ਪੰਜਾਬ ਛੱਡਣਾ ਪਿਆ। ਮੈਂ ਕਈ ਵਾਰੀ ਸੋਚਦਾ ਸੀ ਕਿ ਹੱਦੋਂ ਪਾਰ ਦੇ ਪੰਜਾਬੀ ਵੀ ਸਾਡੇ ਬਾਰੇ ਇੰਜ ਦੀਆਂ ਹੀ ਨਾਕਾਰਾਤਮਕ ਸੋਚਾਂ ਲੈ ਗਏ ਹੋਣਗੇ।

ਸੱਠਵਿਆਂ ਦੇ ਸ਼ੁਰੂ ਵਿਚ ਸਾਡਾ ਇਕ ਰਿਸ਼ਤੇਦਾਰ ਝਬਾਲ (ਜ਼ਿਲ੍ਹਾ ਤਰਨ ਤਾਰਨ) ਵਿਚ ਡੰਗਰਾਂ ਦਾ ਡਾਕਟਰ ਸੀ। ਝਬਾਲ ਭਾਰਤ-ਪਾਕਿ ਸਰਹੱਦ ਦੇ ਨੇੜੇ ਹੀ ਹੈ। ਬਾਅਦ ਵਿਚ ਲੱਗੀ ਕੰਡੇਦਾਰ ਤਾਰ ਤੋਂ ਪਹਿਲਾਂ ਉਨ੍ਹੀਂ ਦਿਨੀਂ ਸਰਹੱਦਾਂ ਜ਼ਮੀਨ ਉਤੇ ਦਿਸਦੀਆਂ ਨਹੀਂ ਸਨ। ਦਿੱਸਦੇ ਸਨ ਤਾਂ ਸਿਰਫ ਫੌਜੀ ਜਿਨ੍ਹਾਂ ਨੇ ਪੋਸਟਾਂ ਵਿਚ ਤਾਇਨਾਤ ਰਹਿਣਾ ਸੀ ਤੇ ਗਾਰਡ ਡਿਊਟੀ ਦੇਣੀ ਸੀ। ਸਰਹੱਦੋਂ ਪਾਰ ਦੇ ਲੋਕ ਸਾਡੇ ਵਾਲੇ ਪਾਸੇ ਆਪਣੇ ਢੋਰਾਂ ਨੂੰ ਇਲਾਜ ਲਈ ਲੈ ਆਉਂਦੇ, ਕਿਉਂਕਿ ਇਹ ਸੌਖਾ ਪੈਂਦਾ ਸੀ। ਆਪਸੀ ਰੰਜਸ਼, ਦੁਸ਼ਮਣੀ ਜਾਂ ਲਾਗਤਬਾਜ਼ੀ ਦਾ ਕੋਈ ਨਾਮੋ-ਨਿਸ਼ਾਨ ਨਹੀਂ ਸੀ। ਪਹਿਰਾਵੇ ਤੇ ਬੋਲਣ ਦੇ ਵੱਖਰੇ ਅੰਦਾਜ਼ ਬਾਝੋਂ ਸਾਡੇ ਵਿਚ ਕੋਈ ਫਰਕ ਨਹੀਂ ਸੀ।

ਸਕੂਲ ਦੇ ਦਿਨਾਂ ਵਿਚ ਮੇਰੀ ਰੁਚੀ ਸੰਗੀਤ ਤੇ ਸਾਹਿਤ ਵਿਚ ਹੋਣ ਕਰ ਕੇ ਮੈਨੂੰ ਸੋਝੀ ਆਈ ਕਿ ਵੰਡ ਤੋਂ ਪਹਿਲਾਂ ਪੰਜਾਬ ਦੇ ਰਲਵੇਂ-ਮਿਲਵੇਂ ਸਭਿਆਚਾਰ ਨੂੰ ਉਤਸ਼ਾਹ ਨਾਲ ਤਸਲੀਮ ਕੀਤੇ ਬਿਨਾਂ ਸਾਡੀ ਸਾਹਿਤਕ, ਸੰਗੀਤਕ ਅਤੇ ਸਭਿਆਚਾਰਕ ਵਿਰਾਸਤ ਦਾ ਤਸੱਵੁਰ ਹੀ ਮੁਸ਼ਕਿਲ ਹੈ। ਵੱਖ-ਵੱਖ ਸਰੋਤਾਂ ਅਤੇ ਰਵਾਇਤਾਂ ਤੋਂ ਸਾਕਾਰਾਤਮਕ ਤੱਤਾਂ ਨੂੰ ਲੈ ਕੇ ਸਿੱਖ ਗੁਰੂਆਂ ਅਤੇ ਸੂਫੀਆਂ ਨੇ ਉਸਾਰੂ ਸੁਮੇਲ ਦਾ ਰਾਹ ਦਿਖਾਇਆ ਤਾਂ ਜੋ ਇਨਸਾਨਾਂ ਵਿਚਕਾਰ ਸਾਂਝੀਵਾਲਤਾ ਅਤੇ ਇਕਜੁਟਤਾ ਦੇ ਵਿਚਾਰਾਂ ਤੇ ਭਾਵਨਾਵਾਂ ਨੂੰ ਉਤਸ਼ਾਹਤ ਕੀਤਾ ਜਾ ਸਕੇ। ਉਨ੍ਹਾਂ ਜਾਤ-ਪਾਤ, ਲਿੰਗ ਅਤੇ ਧਰਮ ਦੀਆਂ ਹੱਦਬੰਦੀਆਂ ਅਤੇ ਅੱਡ-ਅੱਡ ਕਰਦੀਆਂ ਵੰਡਾਂ ਨੂੰ ਵੰਗਾਰਿਆ। ਸੰਗੀਤਮਈ ਕਵਿਤਾ ਵਿਚ ਢਲੇ ਉਨ੍ਹਾਂ ਦੇ ਸੁਨੇਹੇ ਨੇ ਸਦੀਆਂ ਤੱਕ ਪੰਜਾਬੀਆਂ ਵਿਚ ਸਾਂਝੀਵਾਲਤਾ ਦੀ ਰੂਹ ਰਮਾਈ ਰੱਖੀ। ਜੇ ਰਾਜਨੀਤਕ ਹੱਦਾਂ ਦੇ ਦੋਹੇਂ ਪਾਸਿਓਂ, ਦੋਹਾਂ ਪੰਜਾਬਾਂ ਦੇ ਵੱਡੀ ਗਿਣਤੀ ਵਿਚ ਲੋਕ ਇਸ ਸਾਂਝੇ ਵਿਰਸੇ ਨੂੰ ਉਤਸ਼ਾਹ ਨਾਲ ਨਹੀਂ ਸਵੀਕਾਰਦੇ ਤਾਂ ਇਹ ਸਾਂਝ ਦੀ ਰੂਹ ਗਰੀਬੜੀ ਤੇ ਨਿਮਾਣੀ ਹੀ ਨਹੀਂ ਹੋਏਗੀ, ਸਗੋਂ ਹਮੇਸ਼ਾ ਲਈ ਖੌਫ਼ ਦਾ ਸ਼ਿਕਾਰ ਰਹੇਗੀ।

ਮੇਰੀ ਪਾਕਿਸਤਾਨ ਜਾਣ ਦੀ ਆਸ ਨੂੰ ਬੂਰ ਉਸ ਵੇਲੇ ਪੈਣ ਦੀ ਆਸ ਬੱਝੀ ਜਦੋਂ 1997 ਵਿਚ ਪੰਜਾਬ ਯੂਨੀਵਰਸਿਟੀ ਲਾਹੌਰ ਦੇ ਫਿਲਾਸਫ਼ੀ ਵਿਭਾਗ ਦੀ ਮੁਖੀ ਪ੍ਰੋ. ਗਜ਼ਾਲਾ ਇਰਫ਼ਾਨ ਨੇ ਚੰਡੀਗੜ੍ਹ ਤੇ ਲਾਹੌਰ ਦੇ ਫਿਲਾਸਫ਼ੀ ਵਿਭਾਗ ਦੇ ਅਧਿਆਪਕਾਂ ਤੇ ਵਿਦਿਆਰਥੀਆਂ ਦੀ ਦੋ ਦਿਨਾਂ ਦੀ ਕਾਨਫਰੰਸ ਕਰਨ ਬਾਰੇ ਸਾਨੂੰ ਚੰਡੀਗੜ੍ਹ ਚਿੱਠੀ ਭੇਜੀ। ਮੈਂ ਉਦੋਂ ਚੰਡੀਗੜ੍ਹ ਵਿਚ ਫਿਲਾਸਫ਼ੀ ਵਿਭਾਗ ਦਾ ਮੁਖੀ ਸਾਂ। ਮੈਂ ਇਸ ਬਾਰੇ ਆਪਣੇ ਵਾਈਸ ਚਾਂਸਲਰ ਨਾਲ ਚਰਚਾ ਕੀਤੀ। ਉਹ ਇਸ ਬਾਰੇ ਬੜੇ ਉਤਸ਼ਾਹੀ ਸਨ ਅਤੇ ਆਪ ਵੀ ਸਾਡੇ ਨਾਲ ਲਾਹੌਰ ਜਾਣ ਦੇ ਚਾਹਵਾਨ ਸਨ। ਕੋਈ ਦੋ ਮਹੀਨੇ

(ਬਾਕੀ ਅਗਲੇ ਸਫੇ 'ਤੇ)

*ਮੇਰਾ ਬਚਪਨ ਦੁਆਬੇ ਦੇ ਪਿੰਡ ਮਸਾਣੀਆਂ ਵਿਚ ਗੁਜ਼ਰਿਆ। ਇਹ ਪਿੰਡ ਰੇਲਵੇ ਸਟੇਸ਼ਨ ਸ਼ਾਮ ਚੁਰਾਸੀ ਤੋਂ ਮੀਲ ਕੁ ਦੀ ਵਾਟ 'ਤੇ ਹੈ। ਜਲੰਧਰ-ਹੁਸ਼ਿਆਰਪੁਰ ਰੇਲਵੇ ਲਾਈਨ 'ਤੇ ਪੈਂਦੇ ਇਸ ਸਟੇਸ਼ਨ ਦਾ ਨਾਂ ਸ਼ਾਸਤਰੀ ਸੰਗੀਤ ਦੇ ਮਸ਼ਹੂਰ ਘਰਾਣੇ ਨਾਲ ਸਬੰਧਤ ਪਿੰਡ ਸ਼ਾਮ ਚੁਰਾਸੀ ਦੇ ਨਾਂ 'ਤੇ ਰੱਖਿਆ ਗਿਆ ਸੀ। ਇਸ ਪਿੰਡ ਦੇ ਸ਼ਾਸਤਰੀ ਸੰਗੀਤ ਨਾਲ ਪੀੜ੍ਹੀ-ਦਰ-ਪੀੜ੍ਹੀ ਜੁੜੇ ਪਰਿਵਾਰਾਂ ਨੂੰ ਪੰਜਾਬ ਦੀ ਵੰਡ ਵੇਲੇ ਸਲਾਮਤ ਅਲੀ ਅਤੇ ਅਮਾਨਤ ਅਲੀ ਭਰਾਵਾਂ ਨੇ ਸ਼ਾਮ ਚੁਰਾਸੀ ਘਰਾਣੇ ਦੀ ਇਸ ਪਰੰਪਰਾ ਨੂੰ ਲਹਿੰਦੇ ਪੰਜਾਬ ਵਿਚ ਜਿਉਂਦੀ ਰੱਖਿਆ ਤੇ ਅਗਾਂਹ ਤੋਰਿਆ।*



*ਸੁਰਾਂ ਦੀ ਛਹਿਬਰ: ਸਲਾਮਤ ਅਲੀ*

ਦੀ ਖ਼ਤੋ-ਖ਼ਿਤਾਬਤ ਬਾਅਦ ਇੰਜ ਜਾਪ ਰਿਹਾ ਸੀ ਕਿ ਅਸੀਂ ਦਸੰਬਰ ਸਤਾਨਵੇਂ ਵਿਚ ਲਾਹੌਰ ਜਾ ਸਕਾਂਗੇ। ਸਾਡੇ ਵਿਭਾਗ ਨੇ ਲਾਹੌਰ ਦੇ ਵਿਭਾਗ ਨੂੰ ਵੀਹ ਨਾਂਵਾਂ ਦੀ ਸੂਚੀ ਭੇਜੀ ਤਾਂ ਜੋ ਉਹ ਆਪਣੀ ਸਰਕਾਰ ਤੋਂ ਸਾਨੂੰ ਵੀਜ਼ਾ ਦਿਵਾਉਣ ਦਾ ਪ੍ਰਬੰਧ ਕਰ ਸਕਣ। ਮੈਨੂੰ ਆਸ ਸੀ ਕਿ ਸਾਰੇ ਨਾਂਵਾਂ ਨੂੰ ਪ੍ਰਵਾਨਗੀ ਮਿਲ ਜਾਵੇਗੀ, ਪਰ ਜਦੋਂ ਅਸੀਂ ਦਿੱਲੀ ਵਿਖੇ ਪਾਕਿਸਤਾਨੀ ਹਾਈ ਕਮਿਸ਼ਨ ਕੋਲ ਵੀਜ਼ੇ ਵਾਸਤੇ ਸੰਪਰਕ ਕੀਤਾ ਤਾਂ ਪਤਾ ਚੱਲਿਆ ਕਿ ਸਿਰਫ ਪੰਜ ਨਾਂਵਾਂ ਲਈ ਹੀ ਹੁੰਗਾਰਾ ਮਿਲਿਆ ਹੈ। ਨਤੀਜਾ ਇਹ ਹੋਇਆ ਕਿ ਸਾਡੇ ਵਿਚੋਂ ਕੋਈ ਵੀ ਨਾ ਜਾ ਸਕਿਆ। ਇਸ ਪ੍ਰੋਗਰਾਮ ਦੇ ਰੱਦ ਹੋਣ ਦਾ ਅਫਸੋਸ ਗਜ਼ਾਲਾ ਇਰਫ਼ਾਨ ਨੂੰ ਸਾਥੋਂ ਵੀ ਜ਼ਿਆਦਾ ਸੀ। ਇਸਤੰਬੋਲ ਵਿਚ ਆਲਮੀ ਫਿਲਾਸਫ਼ੀ ਕਾਨਫਰੰਸ ਦੌਰਾਨ ਗਜ਼ਾਲਾ ਨੇ ਮੈਨੂੰ ਦੱਸਿਆ ਕਿ ਸਾਡੀ ਗਲਤੀ ਇਹ ਸੀ ਕਿ ਅਸੀਂ ਆਪਣੇ ਵਫ਼ਦ ਵਿਚ ਚਾਰ ਨਾਂ ਉਹ ਦੇ ਦਿੱਤੇ ਸਨ ਜਿਹੜੇ ਯੂਨੀਵਰਸਿਟੀ ਦੇ ਹੋਰਨਾਂ ਵਿਭਾਗਾਂ ਦੇ ਅਧਿਆਪਕ ਸਨ, ਇਸੇ ਕਾਰਨ ਬਾਕੀਆਂ ਦਾ ਵੀ ਨੁਕਸਾਨ ਹੋ ਗਿਆ।

ਬਾਅਦ ਵਿਚ ਜਨਵਰੀ 2004 ਵਿਚ ਮੈਨੂੰ ਮੁੱਖ ਮੰਤਰੀ ਅਮਰਿੰਦਰ ਸਿੰਘ ਦੇ ਵਫ਼ਦ ਵਿਚ ਲਾਹੌਰ ਜਾਣ ਦਾ ਮੌਕਾ ਮਿਲਿਆ। ਸਾਡਾ ਵਫ਼ਦ ਤਕਰੀਬਨ 100 ਬੰਦਿਆਂ ਦਾ ਸੀ। ਇਹ ਵਫਦ ਲਹਿੰਦੇ ਪੰਜਾਬ ਦੇ ਮੁੱਖ ਮੰਤਰੀ ਪਰਵੇਜ਼ ਇਲਾਹੀ ਦੇ ਸੱਦੇ 'ਤੇ ਆਲਮੀ ਪੰਜਾਬੀ ਕਾਨਫਰੰਸ ਵਿਚ ਸ਼ਮੂਲੀਅਤ ਲਈ ਲਾਹੌਰ ਪੁੱਜਿਆ ਸੀ। ਇਸ ਵਿਚ ਯੂਨੀਵਰਸਿਟੀਆਂ ਤੇ ਕਾਲਜਾਂ ਦੇ ਅਧਿਆਪਕ, ਪੱਤਰਕਾਰ, ਸਾਹਿਤਕਾਰ, ਵਪਾਰੀ, ਸਨਅਤਕਾਰ ਅਤੇ ਸਰਕਾਰੀ ਅਫਸਰ ਸ਼ਾਮਲ ਸਨ। ਹਾਲਾਂਕਿ ਸਾਡਾ ਗਰੁਪ-ਵੀਜ਼ਾ ਸੀ ਤੇ ਸਿਰਫ ਲਾਹੌਰ ਵਾਸਤੇ ਹੀ ਸੀ, ਪਰ ਪਰਵੇਜ਼ ਇਲਾਹੀ ਦੀ ਦਰਿਆਦਿਲੀ ਨਾਲ ਸਾਨੂੰ ਪੰਜਾਬ ਦੀਆਂ ਹੱਦਾਂ ਅੰਦਰ ਸਰਕਾਰੀ ਇੰਤਜ਼ਾਮ ਹੇਠ ਕਿਤੇ ਵੀ ਜਾਣ ਦੀ ਸਹੂਲਤ ਦਿੱਤੀ ਗਈ। ਕੁਝ ਲੋਕਾਂ, ਜਿਨ੍ਹਾਂ ਦੇ ਪੁਰਖਿਆਂ ਦੇ ਘਰ ਵੰਡ ਤੋਂ ਪਹਿਲਾਂ ਲਹਿੰਦੇ ਪੰਜਾਬ ਵਿਚ ਸਨ, ਉਨ੍ਹਾਂ ਨੇ ਆਪਣੇ ਪੁਰਖਿਆਂ ਦੇ ਪਿੰਡਾਂ ਨੂੰ ਜਾ ਕੇ ਵੇਖਣ ਦਾ ਅਨੰਦ ਮਾਣਿਆ ਅਤੇ ਮੇਰੇ ਵਰਗੇ ਚੜ੍ਹਦੇ ਪੰਜਾਬ ਦੇ ਵਾਸੀਆਂ ਨੇ ਬਾਬਾ ਬੁੱਲ੍ਹੇ ਸ਼ਾਹ ਦੀ ਦਰਗਾਹ ਕਸੂਰ ਜਾਂ ਨਨਕਾਣਾ ਸਾਹਿਬ ਜਾਣ ਦਾ ਫੈਸਲਾ ਕੀਤਾ।

ਜਦੋਂ ਅਸੀਂ ਵਾਹਗਾ ਬਾਰਡਰ ਪਾਰ ਕੀਤਾ ਤਾਂ ਦੂਜੇ ਪਾਸੇ ਸਾਡੇ ਵਫ਼ਦ ਨੂੰ ਖੁਸ਼ਆਮਦੀਦ ਕਹਿਣ ਤੇ ਲਾਹੌਰ ਲਿਜਾਣ ਲਈ ਆਲਮੀ ਪੰਜਾਬੀ ਕਾਨਫਰੰਸ ਦੇ ਪ੍ਰਬੰਧਕ ਤੇ ਨੁਮਾਇੰਦੇ ਹਾਜ਼ਰ ਸਨ। ਢੋਲਾਂ ਤੇ ਨਗਾਰਿਆਂ ਨਾਲ ਸਾਡਾ ਸਵਾਗਤ ਕੀਤਾ ਗਿਆ ਤੇ ਲਗਜ਼ਰੀ ਬੱਸਾਂ ਵਿਚ ਬਿਠਾ ਕੇ ਲਾਹੌਰ ਲਿਜਾਇਆ ਗਿਆ। ਬਾਰਡਰ ਪਾਰ ਕਰਦਿਆਂ ਦੋਵਾਂ ਮੁਲਕਾਂ ਦੇ ਟੀ.ਵੀ. ਚੈਨਲਾਂ ਨੇ ਸਾਡੇ ਵਫਦ ਬਾਰੇ ਖਬਰਾਂ ਪ੍ਰਸਾਰਤ ਕੀਤੀਆਂ। ਦੋਵਾਂ ਪੰਜਾਬਾਂ ਵਿਚ ਵਫਦ ਬਾਰੇ ਲੋਕਾਂ ਨੂੰ ਜਾਣਕਾਰੀ ਸੀ। ਲਾਹੌਰ ਵਿਚ ਕਈ ਥਾਂਵਾਂ 'ਤੇ ਬੈਨਰ ਲਾ ਕੇ ਸਾਨੂੰ ਖੁਸ਼ਆਮਦੀਦ ਦਾ ਸੁਨੇਹਾ ਦਿੱਤਾ ਗਿਆ ਸੀ।

ਲਾਹੌਰ ਪੁੱਜ ਕੇ ਮੈਂ ਗਜ਼ਾਲਾ ਇਰਫ਼ਾਨ ਨੂੰ ਕਈ ਵਾਰ ਫੋਨ ਕਰਨ ਦੀ ਕੋਸ਼ਿਸ਼ ਕੀਤੀ, ਪਰ ਉਹ ਕਲਾਸ ਪੜ੍ਹਾ ਰਹੀ ਸੀ ਤੇ ਉਹਨੇ ਫੋਨ ਦੀ ਘੰਟੀ ਬੰਦ ਕੀਤੀ ਹੋਈ ਸੀ। ਇਸ ਕਾਰਨ ਸਾਡੀ ਗੱਲ ਨਾ ਹੋ ਸਕੀ। ਸ਼ਾਮ ਨੂੰ ਅਨਾਰਕਲੀ ਬਾਜ਼ਾਰ ਤੋਂ ਮੈਂ ਗਜ਼ਾਲਾ ਨੂੰ ਇਕ ਵਾਰ ਫਿਰ ਫੋਨ ਕੀਤਾ, ਇਸ ਵਾਰ ਉਸ ਦੀ ਆਵਾਜ਼ ਦਾ ਹੁੰਗਾਰਾ ਸੁਣਿਆ ਤੇ ਉਸ ਨੇ ਆਖਿਆ ਕਿ ਜੇ ਮੌਸਇਕੀ ਸੁਣਨੀ ਹੈ ਤਾਂ ਮੈਂ ਅਲ-ਹਮਰਾ ਕੰਪਲੈਕਸ ਵਿਚ ਛੋਟੇ ਆਡੀਟੋਰੀਅਮ ਨੰਬਰ ਤਿੰਨ ਵਿਚ ਆ ਜਾਵਾਂ। ਮੈਂ ਕਿਹਾ, ਮੇਰੇ ਨਾਲ ਹੋਰ ਵੀ ਬੰਦੇ ਹਨ। ਉਸ ਨੇ ਹੱਸਦਿਆਂ ਕਿਹਾ, ਪੁੱਛ ਇੰਵ ਰਿਹਾਂ ਜਿਵੇਂ ਢਾਈ ਸੌ ਬੰਦਾ ਤੇਰੇ ਨਾਲ ਆ, ਜਿੰਨੇ ਹੈਗੇ ਲੈ ਆ। ਅਲ-ਹਮਰਾ ਦਿੱਲੀ ਦੇ ਵਿਗਿਆਨ ਭਵਨ ਵਰਗਾ ਕੰਪਲੈਕਸ ਹੈ। ਜਦੋਂ ਅਸੀਂ ਛੋਟੇ ਆਡੀਟੋਰੀਅਮ ਨੰਬਰ ਤਿੰਨ ਕੋਲ ਪਹੁੰਚੇ ਤਾਂ ਉਥੇ ਪੁਲਿਸ ਦਾ ਤਕੜਾ ਪ੍ਰਬੰਧ ਸੀ। ਮੈਂ ਇਕ ਇੰਸਪੈਕਟਰ ਨੂੰ ਦੱਸਿਆ ਕਿ ਅਸੀਂ ਮੌਸਇਕੀ ਦੇ ਪ੍ਰੋਗਰਾਮ ਲਈ ਸੱਦੇ ਗਏ ਹਾਂ। ਇੰਸਪੈਕਟਰ ਨੇ ਮੇਰੇ ਸਾਥੀਆਂ ਨੂੰ ਕਿਹਾ ਕਿ ਇਨ੍ਹਾਂ ਨੂੰ ਮੈਂ ਅੰਦਰ ਲਿਜਾ ਰਿਹਾ ਹਾਂ, ਜੇ ਇਨ੍ਹਾਂ ਨੂੰ ਸੱਦਣ ਵਾਲਿਆਂ ਨੇ ਪਛਾਣ ਲਿਆ ਤਾਂ ਇਨ੍ਹਾਂ ਨੂੰ ਬਿਠਾ ਆਵਾਂਗਾ ਤੇ ਤੁਹਾਡੇ ਬੈਠਣ ਦਾ ਪ੍ਰਬੰਧ ਕਰਾਂਗਾ; ਨਹੀਂ ਤਾਂ ਇਨ੍ਹਾਂ ਨੂੰ ਬੇਇੱਜਤ ਕਰਨ ਦੀ ਜ਼ਿੰਮੇਵਾਰੀ ਤੁਹਾਡੀ ਹੈ। ਖ਼ੈਰ, ਮੈਂ ਪਛਾਣ ਲਿਆ ਗਿਆ। ਗਜ਼ਾਲਾ ਨੇ ਹੱਥ ਹਿਲਾ ਕੇ ਮੈਨੂੰ ਆਪਣੇ ਵੱਲ ਸੱਦ ਲਿਆ ਤੇ ਇੰਸਪੈਕਟਰ ਸਾਹਿਬ ਬਾਕੀਆਂ ਨੂੰ ਬਿਠਾਉਣ ਦਾ ਪ੍ਰਬੰਧ ਕਰਨ ਵਿਚ ਮਸਰੂਫ਼ ਹੋ ਗਏ। ਇਹ ਸਾਨੂੰ ਬਾਅਦ ਵਿਚ ਪਤਾ ਲੱਗਾ ਕਿ ਇਹ ਮਹਿਫ਼ਿਲ ਲਾਹੌਰ ਦੇ ਪਤਵੰਤਿਆਂ ਲਈ ਸੀ, ਇਸ ਕਰ ਕੇ ਪੁਲਿਸ ਦਾ ਅਜਿਹਾ ਪ੍ਰਬੰਧ ਸੀ। ਮੌਸਇਕੀ ਦੀ ਇਹ ਸ਼ਾਮ ਤਕਰੀਬਨ ਅੱਧੀ ਰਾਤ ਤਾਈਂ ਚੱਲੀ ਤੇ ਸਾਨੂੰ ਗ਼ਜ਼ਲਾਂ ਤੇ ਕੱਵਾਲੀਆਂ ਸੁਣਨ ਦਾ ਲੁਤਫ ਹਾਸਲ ਹੋਇਆ।

ਬਾਬਾ ਬੁੱਲ੍ਹੇ ਸ਼ਾਹ ਦੀ ਦਰਗਾਹ 'ਤੇ ਵਾਪਰੀ ਦਿਲਚਸਪ ਘਟਨਾ ਦਾ ਜ਼ਿਕਰ ਕਰਨਾ ਮੈਂ ਜ਼ਰੂਰੀ ਸਮਝਦਾ ਹਾਂ। ਜਦੋਂ ਅਸੀਂ ਦਰਗਾਹ ਦੇ ਅੰਦਰ ਜਾਣ ਲੱਗੇ ਤਾਂ ਸਾਨੂੰ ਮੌਲਵੀ ਨੇ ਆਖਿਆ ਕਿ ਖ਼ਵਾਤੀਨ (ਔਰਤਾਂ) ਮਕਬਰੇ ਤੋਂ ਬਾਹਰ ਰਹਿਣਗੀਆਂ, ਉਹ ਦਰਗਾਹ ਅੰਦਰ ਨਹੀਂ ਜਾਣਗੀਆਂ। ਮੌਲਵੀ ਨੇ ਅਜੇ ਆਪਣੀ ਹਦਾਇਤ ਪੂਰੀ ਨਹੀਂ ਕੀਤੀ ਸੀ ਕਿ ਸਾਡੇ ਜਥੇ ਵਿਚ ਸ਼ਾਮਲ ਇਕ ਬੀਬੀ ਨੇ ਬੜੀ ਉਚੀ ਦੇਣੀ ਰੋਹਬ ਭਰੀ ਆਵਾਜ਼ ਵਿਚ ਕਿਹਾ, "ਸਾਨੂੰ ਬਾਬਾ ਬੁੱਲ੍ਹੇ ਸ਼ਾਹ ਨੇ 'ਵਾਜ਼ਾਂ ਮਾਰ ਕੇ ਸੱਦਿਆ ਹੈ, ਤੁਸੀਂ ਕੌਣ ਹੁੰਦੇ ਹੋ ਦਰਗਾਹ 'ਤੇ ਸਿਜਦਾ ਕਰਨ ਤੋਂ ਰੋਕਣ ਵਾਲੇ।" ਮੈਨੂੰ ਇੰਜ ਜਾਪਿਆ ਜਿਵੇਂ ਇਸ ਕਿਸਮ ਦੀ ਬਹਿਸ ਕਿਸੇ ਪੰਗੇ ਵਾਲੇ ਝਗੜੇ ਵਿਚ ਨਾ ਬਦਲ ਜਾਵੇ, ਪਰ ਮੈਨੂੰ ਹੈਰਾਨੀ ਹੋਈ ਜਦੋਂ ਮੌਲਵੀ ਨੇ ਕਿਹਾ, "ਬੀਬੀ ਸੱਚ ਕਹਿੰਨੀ ਏਂ ਕਿ ਬੁੱਲ੍ਹੇ ਸ਼ਾਹ ਨੇ ਥੋਨੂੰ 'ਵਾਜ਼ਾਂ ਮਾਰ ਕੇ ਸੱਦਿਐ?" ਉਸ ਬੀਬੀ ਨੇ ਪਹਿਲਾਂ ਵਰਗੀ ਆਵਾਜ਼ ਵਿਚ ਕਿਹਾ, "ਹਾਂ ਮੌਲਵੀ ਜੀ, ਅਸੀਂ ਬਾਬਾ ਬੁੱਲ੍ਹੇ ਸ਼ਾਹ ਦੀ ਆਵਾਜ਼ ਆਪ ਸੁਣ ਕੇ ਹੀ ਆਈਆਂ।" ਮੌਲਵੀ ਨੇ ਬੜੀ ਨਿਮਰਤਾ ਨਾਲ ਕਿਹਾ, "ਜੇ ਥੋਨੂੰ ਬਾਬੇ ਨੇ ਆਪ ਸੱਦਿਆ ਹੈ ਤਾਂ ਮੈਂ ਰੋਕਣ ਵਾਲਾ ਕੌਣ ਹੁੰਨਾਂ।" ਮੇਰਾ ਖਦਸ਼ਾ ਦੂਰ ਹੋ ਗਿਆ ਸੀ ਅਤੇ ਸਾਡਾ ਸਾਰਾ ਵਫਦ ਦਰਗਾਹ ਦੇ ਅੰਦਰ ਬੀਬੀਆਂ ਦੇ ਨਾਲ ਸਿਜਦਾ ਕਰ ਰਿਹਾ ਸੀ!



*ਅਟਾਰੀ-ਵਾਹਗਾ ਸਰਹੱਦ ਉਤੇ ਹਿੰਦ-ਪਾਕਿ ਮੇਲੇ ਦੌਰਾਨ ਜੁੜੀ ਸੰਗਤ।*

ਇਥੇ ਕਾਨਫਰੰਸ ਦੌਰਾਨ ਚੜ੍ਹਦੇ ਪੰਜਾਬ ਦੇ ਵਫ਼ਦ ਦੇ ਇਕ ਨਾਮਵਰ ਨੁਮਾਇੰਦੇ ਨੇ ਬਿਨਾਂ ਸੋਚ ਸਮਝ ਦੇ ਸਰਹੱਦਾਂ ਖਤਮ ਕਰਨ ਅਤੇ ਵੰਡੇ ਗਏ ਪੰਜਾਬ ਵਿਚਾਲੇ ਪਾਈਆਂ ਕੰਧਾਂ ਢਾਹੁਣ ਬਾਰੇ ਬਰਲਿਨ ਦੀ ਕੰਧ ਤੋੜਨ ਦਾ ਹਵਾਲਾ ਦਿੰਦਿਆਂ ਜੋਸ਼-ਭਰਿਆ ਭਾਸ਼ਣ ਦਿੱਤਾ। ਉਸ ਦੇ ਜਵਾਬ ਵਿਚ ਪੱਛਮੀ ਪੰਜਾਬ ਦੇ ਮੁੱਖ ਮੰਤਰੀ ਪਰਵੇਜ਼ ਇਲਾਹੀ ਨੇ ਢੁਕਵੇਂ ਤਰੀਕੇ ਨਾਲ ਕਿਹਾ, "ਜਦੋਂ ਦੋ ਭਰਾ ਅੱਡ-ਅੱਡ ਹੋ ਜਾਣ ਤੇ ਜੱਦੀ ਜਾਇਦਾਦ ਵੰਡ ਲੈਣ ਤਾਂ ਇਕ ਦੂਜੇ ਦੇ ਮੱਥੇ ਲੱਗਣਾ ਤਕਲੀਫਦੇਹ ਤੇ ਸ਼ਰਮਨਾਕ ਹੁੰਦਾ ਹੈ। ਜਿਹੜੀ ਕੰਧ ਉਨ੍ਹਾਂ ਦੇ ਵੱਡ ਵਡੇਰਿਆਂ ਜਾਇਦਾਦ ਨੂੰ ਵੰਡਣ ਲਈ ਰਲ ਕੇ ਕੱਢੀ ਸੀ, ਉਨ੍ਹਾਂ ਨੂੰ ਇਕ ਦੂਜੇ ਲਈ ਓਪਰਾ ਤੇ ਅਪਹੁੰਚ ਕਰ ਦਿੰਦੀ ਹੈ। ਜੇ ਉਹ ਨੇਕ ਹੋਣ ਤਾਂ ਇਕ ਦੂਜੇ ਨਾਲ ਸਿੱਧੇ ਉਲਝਣ ਤੋਂ ਬਚਣ ਲਈ ਸੱਜੇ ਖੱਬੇ ਹੋ ਜਾਂਦੇ ਹਨ, ਨਹੀਂ ਤਾਂ ਦੋਹਾਂ ਧਿਰਾਂ ਲਈ ਹਮੇਸ਼ਾ ਝਗੜੇ ਦਾ ਖਦਸ਼ਾ ਬਣਿਆ ਰਹਿੰਦਾ ਹੈ। ਵੇਲੇ ਦੇ ਨਾਲ ਜਿਵੇਂ ਆਪਸੀ ਰੰਜਸ਼ ਦੇ ਚੇਤੇ ਮੱਧਮ ਪੈਣ ਲੱਗਣਗੇ, ਉਹ ਇਕ ਦੂਜੇ ਨੂੰ ਮਿਲਣ ਲੱਗ ਜਾਣਗੇ। ਫਿਰ ਵੀ ਮਦਦ ਜਾਂ ਆਸਰੇ ਲਈ ਇਕ-ਦੂਜੇ ਦਾ ਬੂਹਾ ਖੜਕਾਉਣ ਤੋਂ ਝਿਜਕਣਗੇ। ਜੇ ਕਿਸਮਤ ਵਾਲੇ ਹੋਏ, ਤਾਂ ਇੰਜ ਦੇ ਵੇਲੇ ਕੰਧ ਵਿਚ ਬਾਰੀ ਕੱਢਣ ਦਾ ਹੌਸਲਾ ਆ ਜਾਏਗਾ ਜਿਹਨੂੰ ਉਹ ਸਾਂਝੀ ਮੰਨਣਗੇ, ਤਾਂ ਜੋ ਆਪਸੀ ਮੇਲ ਜੋਲ ਤੇ ਲੈਣ ਦੇਣ ਆਸਾਨ ਹੋ ਸਕੇ, ਪਰ ਜੇ ਇਕ ਭਰਾ, ਮੰਦਭਾਗੇ ਬਟਵਾਰੇ ਨੂੰ ਖਤਮ ਕਰਨ ਦੀ ਕਾਹਲ ਵਿਚ ਕੰਧ ਢਾਹੁਣ ਦੀ ਗੱਲ ਕਰਨ ਲੱਗ ਪਵੇ ਤਾਂ ਸਾਂਝ ਪੈਣ ਦੀ ਥਾਂ ਡਰ, ਦੁਸ਼ਮਣੀ ਤੇ ਆਪਸੀ ਬਦਨੀਤੀ ਹੀ ਵਧਦੀ ਹੈ।"

ਪਿਛਲੇ ਸੱਤ ਦਹਾਕਿਆਂ ਤੋਂ ਰਾਜਨੀਤਕ ਸਰਹੱਦਾਂ ਕਾਇਮ ਨੇ। ਸਾਨੂੰ ਹਕੀਕਤ ਨੂੰ ਤਸਲੀਮ ਕਰਨਾ ਪਵੇਗਾ। ਬਰਲਿਨ ਕੰਧ ਦੀ ਤਰਜ਼ 'ਤੇ, ਇਨ੍ਹਾਂ ਸਰਹੱਦਾਂ ਨੂੰ ਢਾਹੁਣ ਦੀ ਗੱਲ ਨਾ ਤਾਂ ਸਪਸ਼ਟ ਤੇ ਸਾਫ ਹੈ ਅਤੇ ਨਾ ਹੀ ਸਰਹੱਦਾਂ ਦੇ ਦੋਵੇਂ ਪਾਸੀਂ ਕਾਬਜ਼ ਤਾਕਤਾਂ ਨੂੰ ਮਨਜ਼ੂਰ ਹੋਏਗੀ। ਪਾਕਿਸਤਾਨ ਨੈਸ਼ਨਲ ਅਸੈਂਬਲੀ ਦੇ ਇਕ ਮੈਂਬਰ, ਜਿਸ ਨੂੰ ਅਸੀਂ ਕਸੂਰ ਵਿਚ ਮਿਲੇ ਸਾਂ, ਜਿਥੇ ਅਸੀਂ ਬਾਬਾ ਬੁੱਲ੍ਹੇ ਸ਼ਾਹ ਨੂੰ ਸਿਜਦਾ ਕਰਨ ਗਏ ਸਾਂ, ਨੇ ਇਸੇ ਵਿਚਾਰ ਨੂੰ ਬੜੇ ਢੁਕਵੇਂ ਅੰਦਾਜ਼ ਵਿਚ ਪੇਸ਼ ਕੀਤਾ: "ਬਤੌਰ ਪੰਜਾਬੀ, ਪੰਜਾਬ ਦੇ ਦੋਵੇਂ ਪਾਸੇ ਅੰਮ੍ਰਿਤਸਰ ਤੇ ਕਸੂਰ, ਪਟਿਆਲਾ ਤੇ ਲਾਹੌਰ-ਸਾਨੂੰ ਚੰਗਾ ਲੱਗੇਗਾ ਜੇ ਪੰਜਾਬੀਆਂ ਦੇ ਸਾਂਝੇ ਫਾਇਦੇ ਲਈ ਬਾਰਡਰ ਖੁੱਲ੍ਹ ਜਾਣ ਅਤੇ ਲੋਕਾਂ, ਚੀਜ਼ਾਂ-ਵਸਤਾਂ ਅਤੇ ਸੇਵਾਵਾਂ ਦੇ ਆਦਾਨ-ਪ੍ਰਦਾਨ ਦੀ ਖੁੱਲ੍ਹ ਹੋਵੇ; ਪਰ ਜਿਨ੍ਹਾਂ ਨੂੰ ਇਹ ਗੱਲ ਵਾਰਾ ਨਹੀਂ ਖਾਂਦੀ, ਉਹ ਇਸ ਦਾ ਬੜਾ ਤਿੱਖਾ ਵਿਰੋਧ ਕਰਨਗੇ। ਮੁੰਬਈ, ਕਰਾਚੀ ਅਤੇ ਦੁਬਈ ਵਿਚ ਬੈਠੀਆਂ ਇਹ ਤਾਕਤਾਂ ਜਿਨ੍ਹਾਂ ਨੇ ਆਪਣੇ ਮੁਫ਼ਾਦ ਦੀ ਰਾਖੀ ਕਰਨੀ ਹੈ, ਉਹ ਦਿੱਲੀ ਅਤੇ ਇਸਲਾਮਾਬਾਦ ਲਈ ਨਾਮੁਮਕਿਨ ਨਹੀਂ ਤਾਂ ਮੁਸ਼ਕਿਲ ਤਾਂ ਜ਼ਰੂਰ ਕਰ ਦੇਣਗੇ ਕਿ ਉਹ ਦੁਵੱਲੀ ਇਮਦਾਦ ਤੇ ਉਸਾਰੂ ਮਦਦ ਦੀ ਹਵਾ ਨੂੰ ਵਗਣ ਦੇਵੇ।"

ਪਰਵੇਜ਼ ਇਲਾਹੀ ਦੀ ਸੁਚੇਤ ਰਹਿਣ ਦੀ ਟਿੱਪਣੀ ਸਮਾਜਕ ਜੀਵਨ ਦੇ ਅਹਿਮ ਪਹਿਲੂ ਦੀ ਰੌਸ਼ਨੀ ਵਿਚ ਵੀ ਵੇਖਣੀ ਬਣਦੀ ਹੈ ਜਿਹੜਾ ਅਸੀਂ ਕਾਨਫਰੰਸ ਲਈ ਲਾਹੌਰ ਫੇਰੀ ਦੌਰਾਨ ਵੇਖਿਆ। ਅੰਗਰੇਜ਼ੀਕਰਨ ਦੇ ਸ਼ੌਕੀਨ ਲਾਹੌਰੀਆਂ ਨੇ ਪੁਰਾਣੀ ਗਵਾਲ ਮੰਡੀ ਦਾ ਨਾਂ 'ਫੂਡ ਸਟ੍ਰੀਟ' ਰੱਖ ਲਿਆ ਹੈ, ਪਰ ਹੋਟਲ ਸ਼ਾਹ-ਤਾਜ਼ ਦੀ ਰੀਸੈਪਸ਼ਨਿਸਟ ਨੇ ਸਾਨੂੰ ਸਮਝਾਇਆ ਕਿ ਅਸੀਂ ਪਹਿਲਾਂ ਲਕਸ਼ਮੀ ਚੌਕ ਜਾਈਏ ਤੇ ਫਿਰ ਧਰਮਪੁਰੀ ਦਾ ਰਾਹ ਪੁੱਛੀਏ ਤਾਂ ਗਵਾਲ ਮੰਡੀ ਉਰਫ਼ ਫੂਡ ਸਟ੍ਰੀਟ ਦੀਆਂ ਸਾਰੀ ਰਾਤ ਖੁੱਲ੍ਹੀਆਂ ਰਹਿੰਦੀਆਂ ਖਾਣ-ਪੀਣ ਦੀਆਂ ਦੁਕਾਨਾਂ ਵੇਖ ਸਕੀਏ। ਰਾਹ ਵਿਚ ਕਈ ਇਮਾਰਤਾਂ ਅਤੇ ਸੰਸਥਾਵਾਂ ਵੇਖੀਆਂ ਜਿਨ੍ਹਾਂ ਦੇ ਨਾਂ ਸੰਤਾਲੀ ਤੋਂ ਪਹਿਲਾਂ ਦੇ ਅਤੇ ਗੈਰ-ਮੁਸਲਿਮ ਸਨ। ਮੈਂ ਜਾਣਨ ਲਈ ਉਤਸੁਕ ਸਾਂ ਕਿ ਕੀ ਪੁਰਾਣੇ ਨਾਂਵਾਂ ਨੂੰ ਬਦਲਣ ਦੀ ਕੋਸ਼ਿਸ਼ ਕੀਤੀ ਗਈ ਹੈ? ਮੈਨੂੰ ਦੱਸਿਆ ਗਿਆ ਕਿ ਭਾਵੇਂ ਨਵੇਂ ਇਸਲਾਮੀ ਤਰਜ਼ ਦੇ ਨਾਂ ਰੱਖੇ ਗਏ ਸਨ, ਪਰ ਲੋਕਾਂ ਦੀਆਂ ਆਦਤਾਂ ਤੇ ਚੇਤੇ ਬਦਲਾਓ ਦੇ ਹਾਮੀਆਂ ਤੋਂ ਜ਼ਿਆਦਾ ਮਜ਼ਬੂਤ ਸਾਬਤ ਹੋਏ। ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੈ ਕਿ ਹੱਦ ਦੇ ਇਸ ਪਾਸੇ ਵੀ ਰੋਪੜ ਅਤੇ ਮੁਹਾਲੀ ਦੇ ਨਾਂ ਬਦਲਣ ਦੀ ਕੋਸ਼ਿਸ਼ ਦਾ ਵੀ ਉਹੋ ਹੀ ਹਸ਼ਰ ਹੋਇਆ। ਆਓ, ਉਮੀਦ ਤੇ ਅਰਦਾਸ ਕਰੀਏ ਕਿ ਆਉਂਦੇ ਸਮਿਆਂ ਵਿਚ ਮੁਮਕਿਨ ਹੋ ਜਾਵੇ ਕਿ ਸਾਂਝਾ ਪੰਜਾਬੀ ਵਿਰਸਾ ਅਤੇ ਬਹੁਰੰਗੀ ਸਮੁੱਚਤਾ ਸਾਡੀ ਪਹੁੰਚ ਵਿਚ ਸਾਡੇ ਨਾਲ ਰਹੇ ਤੇ ਸਾਡੇ ਭਵਿੱਖ ਨੂੰ ਸੂਫ਼ੀ ਸੰਤਾਂ ਅਤੇ ਗੁਰੂਆਂ ਵੱਲੋਂ ਦਿੱਤੀ ਸਿੱਖਿਆ ਰਾਹੀਂ ਸਹੀ ਸੇਧ ਦਿੰਦੀ ਰਹੇ।

# ਸ਼ਿਵ ਕੁਮਾਰ ਬਟਾਲਵੀ ਤੋਂ 43 ਵਰ੍ਹੇ ਪਿਛੋਂ

## ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
Sandhugulzar@yahoo.com

ਪੰਜਾਬੀ ਦੇ ਨਾਮਵਰ ਕਵੀ ਸ਼ਿਵ ਕੁਮਾਰ ਨੂੰ 7 ਮਈ ਵਾਲੇ ਦਿਨ ਇਸ ਦੁਨੀਆਂ ਤੋਂ ਕੂਚ ਕੀਤਿਆਂ 43 ਵਰ੍ਹੇ ਹੋ ਗਏ ਹਨ। ਉਹ 36 ਵਰ੍ਹੇ ਦੀ ਅਲਪ ਉਮਰੇ ਤੁਰ ਗਿਆ ਸੀ। ਜੋਬਨ ਰੁੱਤੇ ਮਰ ਕੇ ਫੁੱਲ ਜਾਂ ਤਾਰਾ ਬਣਨ ਦਾ ਹੋਕਾ ਦੇਣ ਵਾਲੇ ਸ਼ਿਵ ਦੇ ਮਨ ਨੂੰ ਅਲਵਿਦਾ ਕਹਿਣ ਦੀ ਅਚਵੀ ਜਿਹੀ ਲੱਗੀ ਹੋਈ ਸੀ। ਸ਼ਾਇਦ ਏਸੇ ਲਈ ਉਸ ਨੇ ਪੀੜਾਂ ਦਾ ਪਰਾਗਾ (1960), ਲਾਜਵੰਤੀ (1961), ਆਟੇ ਦੀਆਂ ਚਿੜੀਆਂ (1962), ਮੈਨੂੰ ਵਿਦਾ ਕਰੋ (1963), ਚਾਰ ਸਾਲਾਂ ਵਿਚ ਚਾਰ ਕਾਵਿ ਸੰਗ੍ਰਿਹ ਤੇ ਇਸ ਤੋਂ ਪਿੱਛੋਂ ਬਿਰਹਾ ਤੂੰ ਸੁਲਤਾਨ ਤੇ ਦਰਦਮੰਦਾਂ ਦੀਆਂ ਆਹੀਂ ਇਕੱਲੇ 1964 ਵਿਚ ਏਸ ਤਰ੍ਹਾਂ ਪੰਜਾਬੀ ਜਗਤ ਦੀ ਝੋਲੀ ਸੁੱਟੇ ਜਿਵੇਂ ਕੋਈ ਰੁਖਸਤ ਲੈਣ ਤੋਂ ਪਹਿਲਾਂ ਸਾਰੇ ਕੰਮ ਮੁਕਾਉਂਦਾ ਹੈ। 1965 ਵਿਚ 'ਲੂਣਾ' ਦੀ ਰਚਨਾ ਕਰਕੇ ਉਸ ਨੇ ਸਮਾਜ ਪ੍ਰਤੀ ਸਾਰੀਆਂ ਜ਼ਿੰਮੇਵਾਰੀਆਂ ਨਿਭਾ ਕੇ ਭਰੇ ਭਰਾਏ ਮੁੜ ਜਾਣ ਦੀ ਤਿਆਰੀ ਕਰ ਲਈ ਸੀ।

ਬਟਾਲਾ ਸ਼ਹਿਰ ਨਾਲ ਜੁੜੇ ਸ਼ਿਵ ਬਟਾਲਵੀ ਨੇ ਆਪਣੇ ਜੀਵਨ ਦਾ ਵਧੇਰੇ ਹਿੱਸਾ ਚੰਡੀਗੜ੍ਹ ਬਿਤਾਇਆ। ਅੱਜ ਚੰਡੀਗੜ੍ਹ ਸਾਹਿਤ ਅਕਾਡਮੀ, ਪੰਜਾਬ ਕਲਾ ਪ੍ਰੀਸ਼ਦ ਤੇ ਹੋਰ ਸੰਸਥਾਵਾਂ ਨੇ ਉਸ ਦੇ ਗੀਤਾਂ ਤੇ ਗਜ਼ਲਾਂ ਦੇ ਗਾਇਨ ਅਤੇ ਸਮੁੱਚੀ ਰਚਨਾ ਉਤੇ ਸੈਮੀਨਾਰ ਰਚਾ ਚੇਤੇ ਕੀਤਾ ਹੈ।

ਮੈਂ ਇਸ ਨਿੱਕੇ ਜਿਹੇ ਲੇਖ ਵਿਚ ਉਸ ਦੀਆਂ ਉਨ੍ਹਾਂ ਧਾਰਨਾਵਾਂ ਨੂੰ ਚੇਤੇ ਕਰਨ ਦਾ ਯਤਨ ਕਰਾਂਗਾ ਜਿਹੜੀਆਂ ਮੈਂ ਉਸ ਦੀ ਕਵਿਤਾ ਵਿਚੋਂ ਫੜੀਆਂ ਹਨ। ਪਹਿਲਾ ਪਿਆਰ ਦਾ ਸੰਕਲਪ:

ਅੱਜ ਦਿਨ ਚੜ੍ਹਿਆ ਤੇਰੇ ਰੰਗ ਵਰਗਾ
ਤੈਨੂੰ ਚੁੰਮਣ ਪਿਛਲੀ ਸੰਗ ਵਰਗਾ।
ਹੈ ਕਿਰਨਾਂ ਦੇ ਵਿਚ ਨਸ਼ਾ ਜਿਹਾ
ਕਿਸੇ ਛੀਂਬੇ ਸੱਪ ਦੇ ਡੰਗ ਵਰਗਾ।

ਦੂਜੀ ਧਾਰਨਾ ਸੀ ਜ਼ਿੰਦਗੀ ਨੂੰ ਰੱਜ ਕੇ ਮਾਣਨ ਦਾ ਚਾਅ:

ਨੀ ਜਿੰਦੇ ਮੈਂ ਕਲ ਨਹੀਂ ਰਹਿਣਾ
ਅੱਜ ਰਾਤੀਂ ਅਸਾਂ ਘੁੱਟ ਸਾਹਾਂ ਵਿਚ
ਗੀਤ ਦਾ ਭਰਿਆ ਚੁੰਮਣ ਲੈਣਾ।
ਕੱਲ ਤੱਕ ਪੀੜ ਮੇਰੀ ਨੂੰ ਸਮਿਆਂ
ਵਰ ਲੈ ਜਾਣਾ ਜ਼ੋਰੀ।



*ਸ਼ਿਵ ਕੁਮਾਰ ਬਟਾਲਵੀ*

ਉਸ ਦੀ ਤੀਜੀ ਧਾਰਨਾ ਦਾ ਆਧਾਰ ਦੂਜੀ ਧਾਰਨਾ ਹੀ ਹੈ:

ਅਸਾਂ ਤਾਂ ਜੋਬਨ ਰੁੱਤੇ ਮਰਨੇ
ਮਰਨੇ ਦੀ ਰੁੱਤ ਸੋਈ
ਜੋਬਨ ਰੁੱਤੇ ਜੋ ਵੀ ਮਰਦਾ
ਫੁੱਲ ਬਣੇ ਜਾਂ ਤਾਰਾ।

ਚੌਥੀ ਧਾਰਨਾ ਉਸ ਦੀ ਸਾਹਿਤ ਅਕਾਡਮੀ ਇਨਾਮ ਜੇਤੂ ਰਚਨਾ 'ਲੂਣਾ' ਦਾ ਮੁੱਖ ਵਿਸ਼ਾ ਹੈ:

ਪਿਤਾ ਜੇ ਧੀ ਦਾ ਰੂਪ ਹੰਢਾਵੇ
ਤਾਂ ਲੋਕਾਂ ਨੂੰ ਲਾਜ ਨਾ ਆਵੇ।
ਜੇ ਲੂਣਾ ਪੂਰਨ ਨੂੰ ਚਾਹਵੇ
ਚਰਿੱਤਰਹੀਣ ਕਿਉਂ ਆਖੇ
ਜੀਭ ਜਹਾਨ ਦੀ।

ਸ਼ਿਵ ਬਟਾਲਵੀ ਦੀ ਪੰਜਾਬੀ ਧਾਰਨਾ ਉਸ ਦੇ ਨਿੱਕੇ ਤੇ ਮਾਣ ਮੱਤੇ ਜੀਵਨ ਦਾ ਨਿਚੋੜ ਸੀ। ਇਕ ਤਰ੍ਹਾਂ ਨਾਲ ਉਸ ਦਾ ਜੀਵਨ ਦਰਸ਼ਨ:

ਪੁਰਾਣੀ ਅੱਖ ਮੇਰੇ ਮੱਥ 'ਚੋਂ ਕੱਢ ਕੇ
ਸੁੱਟ ਦਿਓ ਕਿਧਰੇ
ਇਹ ਅੰਨ੍ਹੀ ਹੋ ਚੁੱਕੀ ਹੈ
ਮੈਨੂੰ ਇਸ ਅੱਖ ਸੰਗ ਹੁਣ
ਆਪਣਾ ਆਪ ਵੀ ਨਹੀਂ ਦਿਸਦਾ
ਤੁਹਾਨੂੰ ਕਿੰਜ ਵੇਖਾਂਗਾ?
ਬਦਲਦੇ ਮੌਸਮਾਂ ਦੀ ਅੱਗ ਸਾਵੀਂ
ਕਿੰਜ ਸੇਕਾਂਗਾ?

ਸ਼ਿਵ ਸਦਾ ਨਵੀਂ ਤੇ ਨਰੋਈ ਗੱਲ ਕਰਨ ਲਈ ਤੜਪਦਾ ਰਹਿੰਦਾ। ਉਸ ਨੇ ਜੋਬਨ ਰੁੱਤੇ ਮਰਨ ਦਾ ਜਿਹੜਾ ਸੰਕਲਪ ਪਾਲ ਰੱਖਿਆ ਸੀ, ਉਪਰੋਕਤ ਕਵਿਤਾ ਵਿਚ ਇਕ ਵੱਖਰਾ ਰੂਪ ਧਾਰ ਕੇ ਪੇਸ਼ ਆਉਂਦਾ ਹੈ। ਕੁਝ ਹੋਰ ਕਵਿਤਾਵਾਂ ਵਿਚ ਵੀ।

ਮੈਂ ਸ਼ਿਵ ਕੁਮਾਰ ਬਟਾਲਵੀ ਦੀਆਂ ਧਾਰਨਾਵਾਂ ਨੂੰ ਸਮੇਟਣ ਤੋਂ ਪਹਿਲਾਂ ਇਕ ਉਹ ਘਟਨਾ ਵੀ ਦੱਸਣੀ ਚਾਹਾਂਗਾ ਜਿਸ ਦਾ ਮੈਂ ਚਸ਼ਮਦੀਦ ਗਵਾਹ ਹਾਂ। ਇਕ ਦਿੱਲੀ ਤੋਂ ਚੰਡੀਗੜ੍ਹ ਫੇਰੀ ਸਮੇਂ ਮੈਂ ਉਸ ਦੇ ਘਰ ਗਿਆ ਤਾਂ ਉਹ ਨਸ਼ੇ ਦੀ ਤੋਟ ਕਾਰਨ ਨਿਢਾਲ ਪਿਆ ਸੀ। ਮੈਂ ਸ਼ਿਮਲੇ ਦੇ ਰਾਹ ਵਿਚ ਢੱਲੀ ਨਾਂ ਦੇ ਉਸ ਸਥਾਨ ਉਤੇ ਲਿਜਾਣ ਦੀ ਪੇਸ਼ਕਸ਼ ਕੀਤੀ ਜਿਥੋਂ ਚੌਵੀ ਘੰਟੇ ਦਾਰੂ ਮਿਲਦੀ ਸੀ। ਉਹ ਉਸੇ ਤਰ੍ਹਾਂ ਉਠ ਕੇ ਮੇਰੀ ਗੱਡੀ ਵਿਚ ਆ ਬੈਠਿਆ। ਪਹਾੜੀ ਸਫਰ ਸ਼ੁਰੂ ਹੋਇਆ ਤਾਂ ਸ਼ਿਵ ਕੁਮਾਰ ਗੁਣਗੁਣਾਉਣ ਲੱਗਾ:

ਚੜ੍ਹ ਆ, ਚੜ੍ਹ ਆ, ਚੜ੍ਹ ਆ
ਧਰਤੀ ਤੇ ਧਰਤੀ ਧਰ ਆ
ਅੱਜ ਸਾਰਾ ਅੰਬਰ ਤੇਰਾ
ਤੈਨੂੰ ਰੋਕਣ ਵਾਲਾ ਕਿਹੜਾ।

ਸ਼ਿਵ ਦੀ ਨਿਗਾਹ ਉਸ ਪਹਾੜਨ ਉਤੇ ਟਿਕੀ ਹੋਈ ਸੀ ਜਿਹੜੀ ਦੂਰ ਪਰੇ ਪਹਾੜੀ ਉਤੇ ਚੜ੍ਹ ਰਹੀ ਸੀ। ਢੱਲੀ ਤੋਂ ਵਾਪਸੀ ਸਮੇਂ ਉਹ ਉਚੀ ਹੇਕ ਵਿਚ ਗਾਉਣ ਲੱਗਾ:

ਅੰਬਰ ਚੜ੍ਹਨਾ ਔਖਾ ਨਾਹੀਂ
ਜੇ ਨਾ ਲੈ ਦਏ ਮੇਰਾ।
ਚੜ੍ਹ ਆ, ਚੜ੍ਹ ਆ, ਚੜ੍ਹ ਆ
ਤੂੰ ਲੈ ਕੇ ਨਾਂ ਅੱਜ ਮੇਰਾ।

ਹੁਣ ਉਹ ਨਸ਼ੇ ਦੇ ਜ਼ੋਰ ਵਿਚ ਸੀ। ਇਸ ਕਵਿਤਾ ਵਿਚਲਾ ਸੱਚ ਮੇਰੇ ਅੱਜ ਤੱਕ ਪੱਲੇ ਨਹੀਂ ਪਿਆ ਪਰ ਮੈਂ ਇਸ ਦੀ ਕਾਵਿਕ ਉਤਮਤਾ ਤੋਂ ਇਨਕਾਰ ਨਹੀਂ ਕਰ ਸਕਦਾ। ਇਹ ਸੀ ਸ਼ਿਵ ਦਾ ਕਾਵਿਕ ਸੱਚ ਜਿਹੜਾ ਅੱਧੀ ਸਦੀ ਬੀਤ ਜਾਣ ਉਤੇ ਵੀ ਮੇਰਾ ਪਿੱਛਾ ਨਹੀਂ ਛੱਡ ਰਿਹਾ।

**ਅੰਤਿਕਾ:** (ਮੀਰ ਤਕੀ ਮੀਰ)
ਸਰਹਾਣੇ ਮੀਰ ਕੇ ਆਹਿਸਤਾ ਬੋਲੋ
ਅਭੀ ਟੁਕ ਰੋਤੇ ਰੋਤੇ ਸੋ ਗਿਆ ਹੈ।

## ਗ਼ਮਾਂ ਦੀ ਰਾਤ ਲੰਮੀ ਏ

*ਸ਼ਿਵ ਕੁਮਾਰ ਬਟਾਲਵੀ*

ਗ਼ਮਾਂ ਦੀ ਰਾਤ ਲੰਮੀ ਏ
ਜਾਂ ਮੇਰੇ ਗੀਤ ਲੰਮੇ ਨੇ।
ਨਾ ਭੈੜੀ ਰਾਤ ਮੁੱਕਦੀ ਏ,
ਨਾ ਮੇਰੇ ਗੀਤ ਮੁੱਕਦੇ ਨੇ।

ਇਹ ਸਰ ਕਿੰਨੇ ਕੁ ਡੂੰਘੇ ਨੇ
ਕਿਸੇ ਨੇ ਹਾਥ ਨਾ ਪਾਈ,
ਨਾ ਬਰਸਾਤਾਂ 'ਚ ਚੜ੍ਹਦੇ ਨੇ
ਤੇ ਨਾ ਔੜਾਂ 'ਚ ਸੁੱਕਦੇ ਨੇ।

ਮੇਰੇ ਹੱਡ ਹੀ ਅਵੱਲੇ ਨੇ
ਜੋ ਅੱਗ ਲਾਇਆਂ ਨਹੀਂ ਸੜਦੇ
ਨਾ ਸੜਦੇ ਹਉਕਿਆਂ ਦੇ ਨਾਲ
ਹਾਵਾਂ ਨਾਲ ਧੁਖਦੇ ਨੇ।

ਇਹ ਫੱਟ ਹਨ ਇਸ਼ਕ ਦੇ ਯਾਰੋ
ਇਹਨਾਂ ਦੀ ਕੀ ਦਵਾ ਹੋਵੇ
ਇਹ ਹੱਥ ਲਾਇਆਂ ਵੀ ਦੁਖਦੇ ਨੇ
ਮਲ੍ਹਮ ਲਾਇਆਂ ਵੀ ਦੁਖਦੇ ਨੇ।

ਜੇ ਗੋਰੀ ਰਾਤ ਹੈ ਚੰਨ ਦੀ
ਤਾਂ ਕਾਲੀ ਰਾਤ ਹੈ ਕਿਸ ਦੀ?
ਨਾ ਲੁਕਦੇ ਤਾਰਿਆਂ ਵਿਚ ਚੰਨ
ਨਾ ਤਾਰੇ ਚੰਨ 'ਚ ਲੁਕਦੇ ਨੇ।

# ਪਾਠਕ ਮਾਂ ਪ੍ਰਕਾਸ਼ਕ ਪਿਓ

***ਐਤਕੀਂ 'ਪਾਠਕ ਮਾਂ ਪ੍ਰਕਾਸ਼ਕ ਪਿਓ' ਨਾਂ ਦੇ ਇਸ ਲੇਖ ਵਿਚ ਕਾਨਾ ਸਿੰਘ ਨੇ ਆਪਣੀ ਅੰਮੀ ਅਤੇ ਭਾਪੇ ਦੇ ਸੁਭਾਅ ਬਾਰੇ ਇਕ ਖਾਸ ਨੁਕਤੇ ਤੋਂ ਗੱਲਾਂ ਸਾਂਝੀਆਂ ਕੀਤੀਆਂ ਹਨ ਅਤੇ ਫਿਰ ਇਨ੍ਹਾਂ ਮਣਕਿਆਂ ਨੂੰ ਸਾਹਿਤ ਦੀ ਮਾਲਾ ਵਿਚ ਪਰੋਂਦਿਆਂ ਪਾਠਕ ਅਤੇ ਪ੍ਰਕਾਸ਼ਕ ਨਾਲ ਮੇਚਿਆ ਹੈ। ਆਪਣੀ ਹਰ ਰਚਨਾ ਵਿਚ ਕਾਨਾ ਸਿੰਘ ਸਹਿਜ ਅਤੇ ਸੁਹਜ ਦਾ ਪੱਲਾ ਘੁੱਟ ਕੇ ਫੜੀ ਰੱਖਦੀ ਹੈ; ਸਿੱਟੇ ਵਜੋਂ ਲਿਖਤ ਵਿਚ ਜੜੇ ਸ਼ਬਦ ਜੁਗਨੂੰਆਂ ਹਾਰ ਜਗਮਗ ਕਰਨ ਲਗਦੇ ਹਨ। -ਸੰਪਾਦਕ***



ਚਿੱਤ ਚੇਤਾ

ਕਾਨਾ ਸਿੰਘ
ਫੋਨ:+91-95019-44944

ਲੇਖਕ, ਕਲਾਕਾਰ ਜਾਂ ਚਿੰਤਕ ਹਿਸਾਬ ਵਿਚ ਕਮਜ਼ੋਰ ਹੁੰਦੇ ਹਨ। ਇਹ ਗੱਲ ਮੈਂ ਅਕਸਰ ਸੁਣਦੀ ਆਈ ਹਾਂ, ਜਦੋਂ ਦੀ ਹੋਸ਼ ਸੰਭਾਲੀ। ਅਜਿਹਾ ਕਿਉਂ? ਇਹ ਸੁਆਲ ਵੀ ਨਾਲੋ-ਨਾਲ ਤੁਰਦਾ ਰਿਹਾ ਹੈ। ਬਚਪਨ ਤੋਂ ਹੀ ਤੁਕਾਂ ਜੋੜ ਜੋੜ ਕੇ ਹਰ ਗੱਲ ਛੰਦ ਵਿਚ ਕਰਨ ਦੀ ਆਦਤ ਸੀ ਮੇਰੀ। ਅਸੀਂ ਭੈਣਾਂ-ਭਰਾ ਛੇੜ-ਛਾੜ, ਤਾਹਨੇ-ਮਿਹਣੇ ਤੇ ਝਈਆਂ ਵੀ ਛੰਦਾਂ ਵਿਚ ਹੀ ਦੇਂਦੇ ਲੈਂਦੇ ਸਾਂ। ਜੇ ਮਾਨਾ ਨੇ ਕਹਿਣਾ, "ਰਵੇਲ ਨੀ ਹੱਟੀ ਤੋਂ ਲਿਆਂਦੀਆਂ ਰੱਸਾਂ/ਗੁੱਡੀ ਤੇਰੀ ਮਰ ਗਈ, ਤੂੰ ਰੋਵੇਂ ਤੇ ਮੈਂ ਹੱਸਾਂ" ਤਾਂ ਮੇਰਾ ਜੁਆਬ ਹੁੰਦਾ, "ਆਰ ਟੋਆ ਪਾਰ ਟੋਆ, ਵਿਚ ਟੋਏ ਨੇ ਡੱਡੂ/ ਗੁੱਡਾ ਤੇਰਾ ਮਰ ਗਿਆ, ਤੇ ਮੈਂ ਵੰਡੇ ਲੱਡੂ।"

ਫਿਰ ਵੀ ਇਹ ਕੋਈ ਸ਼ਾਇਰੀ ਜਾਂ ਕਲਾ ਵਾਲੀ ਗੱਲ ਤਾਂ ਨਹੀਂ ਸੀ ਜੋ ਮੈਨੂੰ ਹਿਸਾਬ ਵਿਚ ਕਮਜ਼ੋਰ ਕਰ ਦੇਵੇ! ਭਗਤ ਵੀਰਾ ਹਿਸਾਬ ਵਿਚ ਬੜਾ ਤੇਜ਼ ਸੀ ਅਤੇ ਓਨਾ ਹੀ ਤੇਜ਼ ਸੀ ਉਹ ਮੈਨੂੰ ਕਬਿਤਾਂ ਵਿਚ ਛੇੜਨ ਅਤੇ ਪਟਾਣ ਵਿਚ ਵੀ, ਲੇਕਿਨ ਮੇਰੇ ਭਾਪਾ ਜੀ ਲਈ ਮੇਰੇ ਹਿਸਾਬ ਵਿਚੋਂ ਕਮਜ਼ੋਰ ਹੋਣ ਦਾ ਮਤਲਬ ਸੀ, ਮੇਰੇ ਹੋਰ ਸਾਰੇ ਗੁਣਾਂ ਦਾ ਸਿਫ਼ਰੋ-ਸਿਫ਼ਰ ਹੋਣਾ।

ਗੁਜਰਖ਼ਾਨ ਦੇ ਇਕੋ ਇਕ ਸਰਕਾਰੀ ਕੰਨਿਆ ਸਕੂਲ ਵਿਚ ਪ੍ਰਾਰਥਨਾ ਦਾ ਵੇਲਾ ਸੀ। ਮੁੱਖ ਅਧਿਆਪਕਾ ਚੰਨਣ ਦਈ ਭੈਣ ਜੀ ਨੇ ਹਮੇਸ਼ਾਂ ਵਾਂਗ ਜਪੁਜੀ ਸਾਹਿਬ ਦੇ ਸਮੂਹਿਕ ਪਾਠ ਮਗਰੋਂ ਅਰਦਾਸ ਕਰਨ ਲਈ ਬੁਲਾਵਾ ਦਿੱਤਾ।

ਸਕੂਲ ਸਰਕਾਰੀ ਸੀ, ਪਰ ਮੁਸਲਮਾਨ ਵਿਦਿਆਰਥਣਾਂ ਦੀ ਵੱਖਰੀ ਪ੍ਰਾਰਥਨਾ ਹੁੰਦੀ ਸੀ। ਫਰਕ ਬਸ ਏਨਾ ਹੀ ਸੀ ਕਿ ਜੇ ਅਸੀਂ ਹਿੰਦੂ-ਸਿੱਖ ਕੁੜੀਆਂ ਗਾਉਂਦੀਆਂ ਸਾਂ, "ਬਣ ਕੇ ਸੇਵਕ ਨਨਕਾਣੇ ਨੂੰ ਜਾਵਾਂਗੀ ਮੈਂ। ਜੋ ਜੋ ਬੀਤੀ 'ਗੁਰਾਂ' ਨੂੰ ਸੁਣਾਵਾਂਗੀ ਮੈਂ" ਤਾਂ ਉਹ ਗਾਉਂਦੀਆਂ ਸਨ, "ਬਣ ਕੇ ਸੇਵਕ ਮਦੀਨੇ ਨੂੰ ਜਾਵਾਂਗੀ ਮੈਂ। ਜੋ ਜੋ ਬੀਤੀ 'ਮੌਲਾ' ਨੂੰ ਸੁਣਾਵਾਂਗੀ ਮੈਂ।" ਖ਼ੈਰ, 8ਵੀਂ, 7ਵੀਂ ਜਾਂ 6ਵੀਂ ਦੀ ਕੋਈ ਵੀ ਕੁੜੀ ਅੱਗੇ ਨਾ ਵਧੀ।

"ਕੋਈ ਹੋਰ ਹੈ, ਨਿੱਕੀਆਂ ਜਮਾਤਾਂ ਵਿਚੋਂ?" ਵੱਡੇ ਭੈਣ ਜੀ ਨੇ ਲਲਕਾਰਿਆ। ਇਕ, ਦੋ, ਤਿੰਨ ਵਾਰ।

ਚੌਥੀ ਜਮਾਤ ਵਿਚ ਸਾਂ ਮੈਂ। ਮੈਂ ਹੱਥ ਉਚਾ ਕੀਤਾ ਤੇ ਬੁਲਾ ਲਈ ਗਈ। ਹੋ ਗਈ ਸ਼ੁਰੂ ਮੈਂ, 'ਪ੍ਰਥਮ ਭਗਉਤੀ ਸਿਮਰ ਕੇ...।' ਚਾਰੇ ਪਾਸੇ ਸੰਨਾਟਾ। ਭੈਣ ਜੀਆਂ ਦੀ ਸ਼ਾਬਾਸ਼ੀ। ਘਰ ਤੱਕ ਖ਼ਬਰ ਪਹੁੰਚਣੀ ਓਦੋਂ ਕੋਈ ਵੱਡੀ ਗੱਲ ਨਹੀਂ ਸੀ ਹੁੰਦੀ। ਰਾਤੀਂ ਭਾਪਾ ਜੀ ਆਏ ਮੰਦ੍ਰਰੇ ਤੋਂ। ਰੋਟੀ ਪਰੋਸਦਿਆਂ ਮਾਂ ਨੇ ਖ਼ੁਸ਼ਖ਼ਬਰੀ ਦਿੱਤੀ। ਮਾਂ ਇਸੇ ਵੇਲੇ ਹੀ ਬੱਚਿਆਂ ਦੀ ਹੋਣਹਾਰੀ ਦਾ ਜ਼ਿਕਰ ਕਰਦੀ ਸੀ। ਅੱਜ ਸੋਚਦੀ ਹਾਂ, ਮਾਂ ਕਿੰਨੀ ਦੂਰਦਰਸ਼ੀ ਸੀ। ਹਮੇਸ਼ਾਂ ਚੰਗੀ ਖ਼ਬਰ ਹੀ ਪਰੋਸਦੀ ਸੀ, ਭੋਜਨ ਦੇ ਨਾਲ। ਇਸ ਤੋਂ ਵੱਧ ਹੋਰ ਕਿਹੜਾ ਭੁੱਖ-ਭੜਕਾਊ ਸਾਧਨ ਹੋ ਸਕਦਾ ਹੈ ਭਲਾ?

"ਅੱਜ ਕਾਨਾ ਕੀ ਸ਼ਾਬਾਸ਼ੀ ਮਿਲੀ ਹੈ, ਸਾਰੇ ਸਕੂਲ ਵਿਚ।" ਮਾਂ ਨੇ ਸਾਰਾ ਪ੍ਰਸੰਗ ਸੁਣਾਇਆ।

"ਪਰ ਹਿਸਾਬ ਵਿਚ ਬੜੀ ਕਮਜ਼ੋਰ ਹੈ।" ਭਾਪਾ ਜੀ ਦਾ ਜੁਆਬ ਸੀ। ਮੈਂ ਵੜ ਗਈ ਅੰਦਰਲੀ ਕੋਠੜੀ ਵਿਚ, ਫੁੱਟ ਫੁੱਟ ਰੋਣ।

ਪੰਜਵੀਂ ਦੇ ਵਜ਼ੀਫ਼ੇ ਦੇ ਇਮਤਿਹਾਨ ਵਿਚੋਂ ਅੱਵਲ ਆਈ ਜਾਂ ਕਵਿਤਾ ਪਾਠ ਦਾ ਇਨਾਮ ਜਿੱਤਿਆ, ਗੁਰਪੁਰਬ ਦੇ ਦੀਵਾਨ ਵਿਚ ਸ਼ਬਦ-ਗਾਇਨ ਕਰ ਕੇ ਵਾਹ ਵਾਹ ਖੱਟੀ ਜਾਂ ਦੌੜ ਦਾ ਮੁਕਾਬਲਾ ਜਿੱਤਿਆ, ਭਾਪਾ ਜੀ ਤਾਂ ਕਦੇ ਵੀ ਨਹੀਂ ਸਨ ਦਿਹਾੜੀ ਘਰ ਹੁੰਦੇ, ਉਹ ਸਰਘੀ ਵੇਲੇ ਹੀ ਚੜ੍ਹ ਜਾਂਦੇ ਰੇਲ ਗੱਡੀ 'ਤੇ ਅਤੇ ਰਾਤੀਂ ਮੁੜਦੇ, ਪਰ ਮੇਰੀ ਕਿਸੇ ਵੀ ਪ੍ਰਾਪਤੀ ਦੀ ਖ਼ਬਰ ਮਿਲਣ 'ਤੇ ਉਨ੍ਹਾਂ ਦੇ ਲਫਜ਼ ਹੁੰਦੇ, "ਪਰ ਹਿਸਾਬ ਵਿਚ ਬੜੀ ਕਮਜ਼ੋਰ ਹੈ।"

ਦਰਅਸਲ ਹਿਸਾਬ ਵਿਚ ਮੈਂ ਕਮਜ਼ੋਰ ਘਟ ਅਤੇ ਲਾਪ੍ਰਵਾਹ ਵੱਧ ਸਾਂ। ਸੁਆਲ ਸੂਦ-ਦਰ-ਸੂਦ ਦਾ ਹੋਵੇ ਜਾਂ ਤਿਜਾਰਤ ਦਾ, ਤਰੀਕਾ ਬਿਲਕੁਲ ਸਹੀ ਹੁੰਦਾ ਸੀ, ਪੌੜੀਓ-ਪੌੜੀ। ਬਸ ਹਮੇਸ਼ਾ ਕਲਪਨਾ ਦੇ ਸੰਸਾਰ ਵਿਚ ਹੋਣ ਕਾਰਨ ਬੇਧਿਆਨੇ ਹੀ ਕਿਸੇ ਸਾਤੇ ਨੂੰ ਨੌਂ ਸਮਝ ਲੈਂਦੀ ਜਾਂ ਛੇ ਨੂੰ ਜ਼ੀਰੋ ਜਾਣ ਕੇ ਅੱਗੇ ਤੁਰ ਜਾਂਦੀ। ਕਦੇ ਵੱਡੇ ਸਾਰੇ ਸਹੀ-ਬਟੇ ਵਿਚ ਆਏ ਠੀਕ ਹੀ ਜੁਆਬ ਨੂੰ ਗਲਤ ਸਮਝ ਕੇ ਵਾਰ ਵਾਰ ਕੱਢਣ ਦੇ ਚੱਕਰ ਵਿਚ ਕੋਈ ਗਲਤੀ ਕਰ ਬੈਠਦੀ।

ਭਾਪਾ ਜੀ ਰਾਤੀਂ ਭੋਜਨ ਕਰਦਿਆਂ ਮੇਰੇ ਪ੍ਰਸ਼ਨ ਪੱਤਰ ਵਿਚ ਸੁਆਲਾਂ ਸਾਹਵੇਂ ਲਿਖੇ ਮੇਰੇ ਜੁਆਬਾਂ ਨੂੰ ਆਪਣੇ ਮੂੰਹ-ਜ਼ੁਬਾਨੀ ਕੱਢੇ ਉਤਰਾਂ ਨਾਲ ਮੇਲਦੇ। ਪੂਰਾ ਤਰੀਕਾ ਸੁਣਦੇ ਜੋ ਠੀਕ ਹੁੰਦਾ ਪਰ ਮੇਰੇ ਦੋ ਤੇ ਦੋ ਕਦੇ ਪੰਜ ਹੋ ਜਾਂਦੇ ਤੇ ਕਦੇ ਤਿੰਨ ਤੇ ਉਨ੍ਹਾਂ ਦਾ ਜੁਮਲਾ ਹੁੰਦਾ, "ਹਿਸਾਬ ਵਿਚ ਬੜੀ ਕਮਜ਼ੋਰ ਹੈ।" ਤੇ ਹਿਸਾਬ ਮੇਰੇ ਲਈ ਹਊਆ ਬਣਿਆ ਰਿਹਾ।

ਮਾਂ ਮੇਰੀ ਹਰ ਸਫ਼ਲਤਾ ਦਾ ਜਸ਼ਨ ਮਨਾਉਂਦੀ। ਹੈ ਤਾਂ ਇਹ ਵੀ ਹੈਰਾਨੀ ਦੀ ਗੱਲ। ਮੈਂ ਪਰਿਵਾਰ ਦਾ ਅੱਠਵਾਂ ਬਾਲਕ ਸਾਂ ਤੇ ਪੰਜਵੀਂ ਧੀ। ਸਭ ਦੀ ਲਾਡਲੀ ਤੇ ਖ਼ਾਸੋ ਖ਼ਾਸ। ਨਾਨਕਿਓਂ-ਦਾਦਕਿਓਂ ਵੀ ਸਿਫ਼ਤਾਂ ਦੇ ਗੱਫ਼ੇ-ਗੱਫ਼ੇ। ਜਿਸ ਦਾ ਕਾਰਨ ਮੈਥੋਂ ਵੱਡੀ ਮਾਨਾ ਦੀ ਘਟ ਹੁਸ਼ਿਆਰੀ ਤੇ ਛੋਟੇ ਭਰਾ ਦੀ ਸੱਤ ਸਾਲ ਦੀ ਉਮਰ ਤਕ ਜਿਗਰ ਦੇ ਵਾਧੇ ਦਾ ਰੋਗੀ ਹੋਣਾ ਅਤੇ ਦੋਹਾਂ ਸਾਹਵੇਂ ਮੇਰੀ ਤ੍ਰਿਖੀ ਸ਼ੋਖ ਤਬੀਅਤ ਵੀ ਹੋ ਸਕਦੀ ਹੈ। ਦੂਜੇ, ਪਿਤਾ ਜੀ ਦੀ ਅਗਾਂਹ-ਵਧੂ ਸੋਚ ਅਤੇ ਉਨ੍ਹਾਂ ਦਾ ਇਸਤਰੀ ਸਤਿਕਾਰ ਵੀ ਜਗ-ਜ਼ਾਹਿਰ ਸੀ। ਤੀਜੇ, ਦਾਦੀ ਨੇ ਆਪ ਕੋਈ ਧੀ ਨਹੀਂ ਸੀ ਜੰਮੀ। ਉਸ ਨੂੰ ਕੁੜੀ ਦੀ ਇਤਨੀ ਸਿੱਕ ਸੀ ਕਿ ਜਦੋਂ ਮੇਰੀ ਮਾਂ ਦੀ ਪਲੇਠੀ ਧੀ, ਮਹਿੰਦਰ ਨੇ ਜਨਮ ਲਿਆ ਤਾਂ ਮਾਂ ਦੱਸਦੀ ਸੀ ਕਿ ਦਾਦੀ ਓਸੇ ਦਿਨ ਦੌੜੀ ਗਈ ਸੁਨਿਆਰੇ ਦੀ ਦੁਕਾਨ 'ਤੇ ਬਾਲੜੀ ਲਈ ਕੰਨਾਂ ਦੀਆਂ ਮੁੰਦਰਾਂ ਬਣਵਾਉਣ। ਦਾਦੀ ਨੂੰ ਸਾਰੀਆਂ ਹੀ ਪੋਤਰੀਆਂ ਪਿਆਰੀਆਂ ਸਨ ਤੇ ਮੈਂ ਸਭ ਤੋਂ ਵੱਧ ਜਿਸ ਦਾ ਇਕ ਕਾਰਨ ਇਹ ਵੀ ਹੋ ਸਕਦਾ ਹੈ ਕਿ ਮੈਂ ਨੈਣ-ਨਕਸ਼, ਡੀਲ-ਡੌਲ ਪੱਖੋਂ ਸਗਵੀ ਦਾਦੀ ਸਾਂ, ਛੁਹਲੀ ਤੇ ਤ੍ਰਿਖੀ ਵੀ ਉਸੇ ਵਾਂਗ।

"ਇਹ ਤੈ ਨਿਰੀ ਦਾਦੀ ਐ।" ਸਦਾ ਇਹੀ ਜੁਮਲਾ ਸੁਣਨ ਨੂੰ ਮਿਲਦਾ ਰਿਹਾ ਮੈਨੂੰ।

ਪੋਠੋਹਾਰ ਦੇ ਪਾਲਣ-ਪੋਸਣ ਵਿਚ ਕੁੜੀਆਂ ਨਾਲ ਬਾਹਲਾ ਵਿਤਕਰਾ ਕਿਉਂ ਨਹੀਂ ਸੀ? ਅੱਜ ਜਦੋਂ ਸੋਚਦੀ ਹਾਂ ਤਾਂ ਲਗਦਾ ਹੈ, ਹੋ ਸਕਦਾ ਹੈ, ਇਸ ਦਾ ਕਾਰਨ ਉਥੋਂ ਦੀ ਆਰਥਿਕਤਾ ਹੋਵੇ। ਬਾਹਲੇ ਵਪਾਰੀ ਜਾਂ ਨੌਕਰੀ-ਪੇਸ਼ਾ ਹੀ ਤਾਂ ਸਨ ਸਾਰੇ ਹਿੰਦੂ-ਸਿੱਖ। ਆਪਣੇ ਕਦਰ ਮੁਤਾਬਕ ਹਰ ਕੋਈ ਵਿਆਹ ਦੇਂਦਾ ਧੀਆਂ ਨੂੰ ਸਰਦਾ-ਪੁਜਦਾ ਦਾਜ ਦੇ ਕੇ; ਤੇ ਜਾਂ ਫਿਰ ਵਿਦਿਅਕ ਸੋਝੀ ਵੀ ਕਾਰਨ ਹੋ ਸਕਦੀ ਹੈ।

ਵੰਡ ਤੋਂ ਪਹਿਲਾਂ ਦੇ ਬਾਹਲੇ ਕਲਾਕਾਰ, ਸਾਹਿਤਕਾਰ, ਫਿਲਮ ਅਦਾਕਾਰ ਕੀ ਓਧਰ ਦੇ ਨਹੀਂ? ਜੇ ਕਦੇ ਮਾਂ ਜਾਂ ਦਾਦੀ ਬਿਮਾਰ ਪੈ ਜਾਂਦੀ ਤਾਂ ਕੋਈ ਪੁੱਤਰ ਪੋਤਰਾ ਤਾਂ ਉਸ ਦੇ ਪੈਰ ਦੱਬਦਾ-ਘੁੱਟਦਾ, ਧੀ ਨਹੀਂ। ਨਾ ਹੀ ਧੀ ਤੋਂ ਭਾਂਡੇ ਮੰਜਵਾਏ ਜਾਂਦੇ। ਧੀ ਦੇ ਘਰ ਦਾ ਪਾਣੀ ਵੀ ਪੀਣਾ ਪਾਪ ਸੀ। ਨਾਨਾ ਜੀ ਜੇ ਪਿੰਡੀਓਂ ਗੁਜਰਖਾਨ ਆਉਂਦੇ ਕਿਸੇ ਦਿਨ-ਦਿਹਾੜੇ ਤਾਂ ਆਪਣਾ ਪਾਣੀ ਵੀ ਨਾਲ ਲਿਆਉਂਦੇ। ਉਹ ਧੀ ਦੇ ਸ਼ਹਿਰ ਦਾ ਵੀ ਪਾਣੀ ਨਾ ਪੀਂਦੇ।

ਹਾਂ, ਗੱਲ ਚਲ ਰਹੀ ਸੀ ਮਾਂ ਦੇ ਜਸ਼ਨ ਮਨਾਉਣ ਦੀ। ਮੈਨੂੰ ਯਾਦ ਹੈ ਉਹ ਵੀ ਦਿਨ, ਜਦੋਂ ਮੇਰੇ ਦਸਵੀਂ ਦੇ ਇਮਤਿਹਾਨ ਤੋਂ ਫਾਰਗ ਹੁੰਦਿਆਂ ਹੀ ਮਾਂ ਮੈਨੂੰ ਸ਼ਾਹਦਰੇ ਆਪਣੀ ਗਲੀ ਦੇ ਹੀ ਪਿਛਵਾੜੇ ਸਥਿਤ ਭਾਈ ਭਾਗ ਸਿੰਘ ਦੇ ਗੁਰਦੁਆਰੇ ਲੈ ਗਈ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਵਿਚ ਬਿਠਾਣ ਦੀ ਰਸਮ ਲਈ।

ਭਾਈ ਜੀ ਦੇ ਅਰਦਾਸੇ ਮਗਰੋਂ ਮੈਂ ਗੁਰਵਾਕ ਲਿਆ ਤੇ ਫੇਰ ਜਪੁਜੀ ਸਾਹਿਬ ਦੇ ਪਾਠ ਦੀ ਸਮਾਪਤੀ ਨਾਲ ਖੁੱਲ੍ਹਾ ਪਾਠ ਅਰੰਭ ਕਰ ਦਿੱਤਾ। ਸੰਗਤ ਵਜੋਂ ਨਾਲ ਆਈਆਂ ਗੁਆਂਢ ਦੀਆਂ ਮਾਸੀਆਂ, ਚਾਚੀਆਂ ਤੇ ਭੂਆ ਜੀਆਂ ਤੋਂ 'ਮੁਆਰਖ਼ਾਂ' ਕਬੂਲ ਕਰਦਿਆਂ ਮਾਂ ਸਭ ਨੂੰ ਪ੍ਰਸ਼ਾਦ ਦੇ ਨਾਲ ਇਕ ਇਕ ਲੱਡੂ ਵੀ ਵਰਤਾਂਦੀ ਗਈ। ਘਰ ਆ ਕੇ ਉਸ ਸਾਰੇ ਮੁਹੱਲੇ ਵਿਚ ਵੀ ਮੇਰੇ 'ਗੁਰ-ਸ਼ਰਣੀ' ਲਗਣ ਦੇ ਸਮਾਚਾਰ ਦੇ ਨਾਲ ਨਾਲ ਕੜਾਹ ਪ੍ਰਸ਼ਾਦ, ਸਣੇ ਬੂੰਦੀ ਦੇ ਭੇਜਿਆ। ਹੋ ਸਕਦੈ ਮੇਰੀ ਸ਼ੋਖ ਤਬੀਅਤ ਨੂੰ ਲਗਾਮ ਦੇਣ ਲਈ ਮਾਂ ਨੇ ਇਹ ਤਰਤੀਬ ਸੋਚੀ ਹੋਵੇ, ਪਰ ਸੁਣਦੀ ਸਾਂ ਕਿ ਹੋਰ ਭੈਣਾਂ-ਭਰਾ ਵੀ ਆਪੋ-ਆਪਣੇ ਵੇਲੇ ਅਤੇ ਵਾਰੀ ਸਿਰ ਇਸੇ ਤਰ੍ਹਾਂ ਗੁਰੂ ਦੀ ਤਾਬਿਆ ਬੈਠੇ ਸਨ। ਹਾਂ, ਆਪੋ-ਆਪਣੀ ਮਰਜ਼ੀ ਨਾਲ ਕੋਈ ਨੇਮ ਨਾਲ ਪਾਠ ਕਰੇ ਜਾਂ ਨਾ ਕਰੇ, ਮਾਂ ਨੇ ਨਹੀਂ ਸੀ ਕਦੇ ਆਖਿਆ, ਟੋਕਿਆ। ਬਸ ਇਕ ਵਾਰ ਰਾਹੇ ਪਾ ਕੇ ਉਹ ਅਟੰਕ ਹੋ ਜਾਂਦੀ।

ਮਾਂ ਘਰ ਦੇ ਕੰਮਾਂ ਵਿਚ ਰੁੱਝੀ ਮੂਲ-ਮੰਤਰ ਦਾ ਸਿਮਰਨ ਕਰਦੀ ਤਾਂ ਦਿਸਦੀ, ਪਰ ਮੈਂ ਮਾਂ ਨੂੰ ਕਦੇ ਵੀ ਕੰਮ-ਕਾਜ ਛੱਡ ਕੇ, ਗੁਟਕਾ ਫੜ ਕੇ ਪਾਠ ਕਰਦਿਆਂ ਜਾਂ ਨੇਮ ਨਾਲ ਗੁਰਦੁਆਰੇ ਜਾਂਦਿਆਂ ਨਹੀਂ ਵੇਖਿਆ। "ਮੇਰਾ ਘਰ ਹੀ ਮੇਰੀ ਧਰਮਸਾਲ ਹੈ ਤੇ ਮੇਰੇ ਬੱਚੇ ਮੇਰਾ ਰੱਬ।" ਮਾਂ ਅਕਸਰ ਕਹਿੰਦੀ।

ਗੁਰਪੁਰਬਾਂ, ਕਵੀ ਦਰਬਾਰਾਂ ਜਾਂ ਜਲੂਸਾਂ ਵਿਚ ਵੀ ਅਸੀਂ ਬੱਚੇ ਹੀ ਸ਼ਾਮਿਲ ਹੁੰਦੇ। ਚਾਈਂ ਚਾਈਂ, ਨਵੀਆਂ ਪੁਸ਼ਾਕਾਂ ਵਿਚ। ਸ਼ੋਖ ਫੁਦਕਦੇ ਸ਼ਾਇਦ ਹਮਉਮਰ ਨੱਢੇ-ਨੱਢੀਆਂ ਨੂੰ ਵੇਖਣ-ਝਾਕਣ ਵਜੋਂ ਵੱਧ, ਤੇ ਧਰਮ ਜਾਂ ਭਗਤੀ-ਭਾਵਨਾ ਵਲੋਂ ਘੱਟ।

ਕਦੇ-ਕਦਾਈਂ ਜਦੋਂ ਦਾਦੀ ਪਿਛੇ ਵਤਨਾਂ ਵਿਚ ਰਹਿ ਗਈਆਂ ਵਸਤਾਂ, ਫੁਲਕਾਰੀਆਂ ਦੀ ਗੱਲ ਛੇੜ ਬਹਿੰਦੀ ਤਾਂ ਮਾਂ ਆਖਦੀ, "ਮੈਂ ਤੈ ਕੁਝ ਨਾ ਯਾਦ ਕਰਨੀ। ਮੇਰੇ ਟੱਬਰ ਨੇ ਜੀ ਸਾਰੇ ਆ ਗਏ ਸਾਲਮ-ਸਬੂਤ। ਰੱਬੇ ਨਾ ਲੱਖ ਲੱਖ ਸ਼ੁਕਰ?"



*ਲਿਖਾਰੀ ਕਾਨਾ ਸਿੰਘ ਦੀ ਮਾਂ ਅਤੇ ਵੱਡੀ ਭੈਣ।*

—

ਦਸਵੀਂ ਦਾ ਨਤੀਜਾ ਨਿਕਲਿਆ। "ਪਹਿਲੇ ਦਰਜੇ 'ਤੇ ਆਈ ਕੁੜੀ ਨੇ ਤੇਰੇ ਨਾਲੋਂ ਸੱਤ ਨੰਬਰ ਹੀ ਤੈ ਜ਼ਿਆਦਾ ਸਨ, ਜੇ ਤੂੰ ਹਿਸਾਬ ਨਾ ਪਰਚਾ ਠੀਕ ਕਰ ਲੈਨੀ ਤਾਂ...।" ਭਾਪਾ ਜੀ ਦਾ ਪ੍ਰਤੀਕਰਮ ਸੀ।

ਹਿਸਾਬ ਮੈਨੂੰ ਅਜਿਹੀ ਮੁਹਿੰਮ ਲੱਗੀ ਜਿਸ ਨੂੰ ਇਸ ਜਨਮ ਵਿਚ ਮੈਂ ਫਤਿਹ ਕਰਨੋਂ ਨਾਕਾਬਿਲ ਸਾਂ। ਮੈਟ੍ਰਿਕ ਪਾਸ ਕਰਨ ਮਗਰੋਂ ਮੈਂ ਹਮੇਸ਼ਾ ਹਮੇਸ਼ਾ ਲਈ ਹਿਸਾਬ ਨੂੰ ਤਿਲਾਂਜਲੀ ਦੇ ਦਿੱਤੀ। ਤਿਲਾਂਜਲੀ ਦੇ ਦਿੱਤੀ ਕਿ ਦੇਣੀ ਪੈ ਗਈ?

ਦਰਅਸਲ ਨੌਵੀਂ ਵਿਚ ਹੀ ਮੈਨੂੰ ਡਾਢਾ ਤਕੜਾ ਇਸ਼ਕ ਹੋ ਗਿਆ ਸੀ। ਚਰਚਾਵਾਨ। ਕੱਚੀ ਉਮਰ ਦਾ ਪਹਿਲਾ ਪਿਆਰ। ਬੇਹਿਸਾਬਾ! 8ਵੀਂ ਵਿਚ ਤਾਂ ਮੈਂ ਬਿਮਾਰ ਸਾਂ ਮਰਨ-ਕੰਢੇ। ਮਰੀ ਮਰੀ। ਤੇ ਨੌਵੀਂ ਵਿਚ ਨੌ-ਬਰ-ਨੌ, ਖਿੜੀ ਖਿੜੀ।

ਮਾਂ ਤੇ ਦਾਦੀ ਵਲੋਂ ਕਾਲਜ ਦੀ ਪੜ੍ਹਾਈ ਲਈ ਮੁੜ ਗੱਡੀਆਂ ਦਾ ਸਫ਼ਰ ਕਰ ਕੇ ਰੋਜ਼ ਸ਼ਾਹਦਰੇ ਤੋਂ ਦਿੱਲੀ ਜਾਣ ਦੀ ਇਜਾਜ਼ਤ ਨਾ ਮਿਲੀ। ਦਸਵੀਂ ਲਈ ਸਾਲ ਭਰ ਪਿਤਾ ਜੀ ਆਪ ਸਕੂਲ ਛੱਡਣ ਜਾਂਦੇ ਤੇ ਪਾਲ ਵੀਰ ਜੀ ਲੈਣ ਜਾਂਦੇ ਰਹੇ। ਸਾਰੇ ਕੁਨਬੇ ਦੀ ਪਹਿਲੀ ਕੁੜੀ ਸਾਂ ਮੈਂ ਦਸਵੀਂ ਪਾਸ, ਜੋ ਸਿਰਫ਼ ਤੇ ਸਿਰਫ਼ ਮੇਰੇ ਪਿਤਾ ਜੀ ਦੇ ਇਰਾਦੇ ਅਤੇ ਜ਼ਫਰ-ਜਾਲ ਕਾਰਨ ਸੰਭਵ ਹੋ ਸਕਿਆ।

ਮੇਰੀਆਂ ਕਈ ਜਮਾਤਣਾਂ ਕਾਲਜ ਚਲੀਆਂ ਗਈਆਂ ਤੇ ਕਈ ਮੰਗੀਆਂ-ਕੁੜਮਾਈਆਂ ਗਈਆਂ। ਮੈਨੂੰ ਘਰ ਦੀ ਚਾਰਦੀਵਾਰੀ ਵਿਚ ਬਹਿਣਾ ਪੈ ਗਿਆ ਤੇ ਇਹ ਮੇਰੇ ਲਈ ਨਿਰੀ ਮੌਤ ਸੀ।

ਉਨ੍ਹਾਂ ਦਿਨਾਂ ਵਿਚ ਹੀ ਸ਼ਾਹਦਰੇ ਵਿਚ ਸਰਕਾਰੀ ਸਿਲਾਈ ਸਕੂਲ ਖੁੱਲ੍ਹ ਗਿਆ। ਮੈਥੋਂ ਦੋ ਸਾਲ ਵੱਡੀ, ਮਿਡਲ ਪਾਸ ਮਾਨਾ ਨੇ ਵਿਆਹ ਤੋਂ ਪਹਿਲਾਂ ਉਥੋਂ ਹੀ ਟ੍ਰੇਨਿੰਗ ਲਈ ਸੀ। ਉਸ ਦੀ ਸਕੀਮ ਦੇ ਕਢਾਈ ਨਮੂਨਿਆਂ ਨੂੰ ਵੇਖ ਵੇਖ ਕੇ ਮੇਰਾ ਵੀ ਜੀ ਕਰੇ ਕਢਾਈ ਸਿੱਖਣ ਨੂੰ। ਦਿੱਲੀ, ਲਾਜਪਤ ਰਾਏ ਮਾਰਕੀਟ ਵਿਚ ਸਾਡੀ ਰੈਡੀਮੇਡ ਕਪੜਿਆਂ ਦੀ ਦੁਕਾਨ ਹੋਣ ਕਾਰਨ ਸਾਰੇ ਮਰਦਾਵੇਂ ਕਪੜੇ ਸੀਤੇ ਸਿਲਾਏ ਹੀ ਮਿਲਦੇ ਸਨ, ਪਿਓ-ਭਰਾਵਾਂ ਨੂੰ। ਤੇ ਮੇਰੇ ਸੂਟ ਮਾਨਾ ਸੀਂ ਦੇਂਦੀ।

ਮੈਂ ਕਢਾਈ ਸਿੱਖਣ ਲੱਗੀ। ਇਹ ਸ਼ੌਕ ਮੇਰਾ ਜਨੂੰਨ ਬਣ ਗਿਆ। ਨਿੱਕੀ ਬਰੀਕ ਸੁਨਹਿਰੀ ਕੁੰਡੇ ਵਾਲੀ ਸੂਈ ਅਤੇ ਸੀਬਾ ਅਰ ਸ਼ਿਫੋਨ ਦੀਆਂ ਬਾਰੀਕ ਰੇਸ਼ਮੀ ਤੰਦਾਂ ਨਾਲ ਮੈਂ ਸ਼ੇਡ, ਪਟੜੀ, ਬੈਗ-ਸਟਿਚ ਤੇ ਕਟ ਵਰਗ ਆਦਿ ਦੇ ਸਾਰੇ ਟਾਂਕੇ ਕੱਢਣ ਲੱਗੀ।

ਸਭ ਤੋਂ ਵੱਧ ਚਹੇਤਾ ਸੀ ਮੇਰਾ ਪਟੜੀ ਟਾਂਕਾ ਸਣੇ ਸ਼ੇਡ ਸਟਿੱਚ ਨਾਲ ਕੱਢੀਆਂ ਕਸ਼ਮੀਰੀ ਟਾਂਕੇ ਵਾਲੀਆਂ ਪਤੀਆਂ ਨਾਲ। ਸਾਰੇ ਦਿਨ ਵਿਚ ਮਸਾਂ ਫੁੱਲ ਦੀ ਇਕ ਪੱਤੀ ਮੁਕੰਮਲ ਹੁੰਦੀ। ਮੈਂ ਕਿਸੇ ਵੀ ਬੂਟੇ ਦਾ ਕੋਈ ਹਰਾ ਪਤਾ ਤੋੜ ਲੈਂਦੀ ਤੇ ਉਸ ਨੂੰ ਵੇਖ ਵੇਖ ਕੇ ਆਪਣੇ ਨਮੂਨੇ ਦੇ ਪਤੇ ਵਿਚ ਸਾਵੇ-ਕਚੂਚ, ਪੀਲੇ ਤੇ ਕਿਧਰੇ ਕਿਧਰੇ ਫਿੱਕੇ ਜਾਂ ਭੂਰੇ ਪੈ ਗਏ ਰੰਗ ਉਂਜ ਦੇ ਉਂਜ ਕੱਢਦੀ, ਭਰਦੀ। ਇਸ ਕੰਮ ਵਿਚ ਮੈਂ ਏਨੀ ਪ੍ਰਬੀਣ ਹੋ ਗਈ ਕਿ ਟ੍ਰੇਨਿੰਗ ਕਰ ਰਹੀਆਂ ਕਈ ਕੁੜੀਆਂ ਆਪਣੀ ਸਕੀਮ ਦੇ ਫੁੱਲਾਂ ਨਾਲ ਲੱਗਦੀਆਂ ਹਰੀਆਂ ਪੱਤੀਆਂ ਦੀ ਹੂ-ਬ-ਹੂ ਸ਼ੇਡ ਦੀ ਕਢਾਈ ਮੈਥੋਂ ਕਰਵਾਉਂਦੀਆਂ।

ਦਿਲਜੀਤ ਦੀ ਮੰਗਣੀ ਬਚਪਨ ਵਿਚ ਹੀ ਨਹੀਂ, ਸਗੋਂ ਉਸ ਦੇ ਜਨਮ ਤੋਂ ਪਹਿਲਾਂ ਹੀ ਹੋ ਗਈ ਸੀ। ਹੁਣ ਦਿਲਜੀਤ ਦੇ ਵਿਆਹ ਦੀ ਤਿਆਰੀ ਸੀ। ਉਸ ਦੇ ਘਰ ਵਿਚ ਹੀ ਵੱਡਾ ਸਾਰਾ ਅੱਡਾ (ਕਢਾਈ ਦਾ ਫਰੇਮ) ਲਗਵਾ ਕੇ ਅਸਾਂ ਉਸ ਦੇ ਦਾਜ ਲਈ ਸ਼ਨੀਲ ਦੇ ਸੂਟ ਉਪਰ ਸਿਲਮੇ ਦੀ ਕਢਾਈ ਸ਼ੁਰੂ ਕਰ ਦਿੱਤੀ। ਓਦੋਂ ਦਾਜ ਵਿਚ ਸ਼ਨੀਲ ਦਾ ਸੂਟ ਲਾਜ਼ਮੀ ਹੁੰਦਾ ਸੀ। ਦਿਲਜੀਤ ਦਾ ਝੁਕਾਅ ਸਿਲਾਈ ਵੱਲ ਸੀ। ਉਸ ਦਾ ਹੱਥ ਕਢਾਈ 'ਤੇ ਜ਼ਿਆਦਾ ਸਾਫ ਨਾ ਹੋਣ ਕਾਰਨ ਉਸ ਤਾਂ ਸਿਰਫ਼ ਡੰਡੀਆਂ ਹੀ ਬਣਾਈਆਂ। ਸਿਲਮੇ ਸਿਤਾਰੇ, ਦਬਕੇ-ਨਕਾਸ਼ੀ ਦਾ ਸਾਰਾ ਕੰਮ ਮੈਂ ਕੀਤਾ। ਅਸੀਂ ਚਾਂਦਨੀ ਚੌਕ ਦੇ ਕਿਨਾਰੀ ਬਾਜ਼ਾਰ 'ਚੋਂ ਸੁੱਚਾ ਤਿੱਲਾ ਤੇ ਸਿਲਮੇ ਦੀਆਂ ਵੰਨਗੀਆਂ ਲੈ ਕੇ ਆਉਂਦੀਆਂ।

ਇਨ੍ਹੀਂ ਦਿਨੀਂ ਹੀ ਮੈਨੂੰ ਪੋਟਰੀ-ਪੇਂਟਿੰਗ ਦਾ ਵੀ ਖ਼ਬਤ ਹੋ ਗਿਆ। ਘੜੇ, ਝੱਜਰਾਂ, ਫੁਲਦਾਨਾਂ ਉਪਰ ਖੁਣੇ ਨਮੂਨਿਆਂ ਵਿਚ ਮੈਂ ਸ਼ੇਡ ਵਾਲੇ ਰੰਗ ਭਰਦੀ। ਤਿਆਰ ਕੀਤੀਆਂ ਵਸਤਾਂ ਵੱਡੀਆਂ ਭੈਣਾਂ, ਮਾਸੀਆਂ, ਮਾਮੀਆਂ, ਚਾਚੀਆਂ ਨੂੰ ਤੋਹਫੇ ਵਜੋਂ ਦੇਂਦੀ। ਇਸ ਵਾਹ ਵਾਹ ਨੇ ਮੈਨੂੰ ਮੁੜ ਜੀਣ ਜੋਗਾ ਕਰ ਦਿੱਤਾ।

ਸ਼ਾਹਦਰੇ ਦੇ ਫਰਸ਼ ਬਾਜ਼ਾਰ ਵਿਚ ਹੀ ਸੰਗੀਤਕਾਰ, ਚਤੁਰਵੇਦੀ ਕੋਲੋਂ ਮੇਰੀਆਂ ਬਹਾਵਲਪੁਰੀ ਗੁਆਂਢਣਾਂ, ਚਾਰੇ ਭੈਣਾਂ ਸੰਗੀਤ ਸਿਖਦੀਆਂ ਸਨ। ਉਨ੍ਹਾਂ ਦੀ ਮਾਂ ਉਨ੍ਹਾਂ ਨਾਲ ਜਾਂਦੀ ਸੀ। ਮੈਨੂੰ ਵੀ ਨਾਲ ਜਾਣ ਦੀ ਇਜਾਜ਼ਤ ਮਿਲ ਗਈ। ਉਹ ਤਾਂ ਸਿਤਾਰ ਤੇ ਨ੍ਰਿਤ ਸਿਖਦੀਆਂ, ਮੈਂ ਸ਼ਾਸਤਰੀ ਸੰਗੀਤ ਅਤੇ ਤਬਲੇ ਵਲ ਰੁਚਿਤ ਹੋਈ।

ਅਲਾਹਾਬਾਦ ਤੋਂ ਆਇਆ ਸੀ ਪ੍ਰੀਖ਼ਿਅਕ ਪ੍ਰੀਖਿਆ ਲੈਣ ਤੇ ਮੈਂ ਸ਼ਾਸਤਰੀ ਸੰਗੀਤ ਦੇ ਵੀ ਦੂਜੇ ਸਾਲ ਦੀ ਸਨਦ ਲੈ ਲਈ।

ਬਸ ਮੈਂ ਇਨ੍ਹਾਂ ਹੀ ਕਲਾਵਾਂ ਵਿਚ ਮੁਹਾਰਤ ਹਾਸਲ ਕਰਾਂਗੀ। ਮੈਂ ਖੁਸ਼ ਸਾਂ ਹੁਣ ਆਪਣੇ ਆਪ ਨਾਲ, ਪਰ ਮੇਰੇ ਭਾਪਾ ਜੀ ਕੁਝ ਹੋਰ ਹੀ ਸੋਚ ਰਹੇ ਸਨ। ਉਨ੍ਹਾਂ ਨੂੰ ਮੇਰੇ ਅੰਦਰ ਦੀ ਪੜ੍ਹਾਕੂ ਕਾਨਾ ਦਾ ਇਹ ਸਮਝੌਤਾ ਮਾਫ਼ਕ ਨਹੀਂ ਸੀ।

ਮੈਟ੍ਰਿਕ ਪਾਸ ਕੀਤਿਆਂ ਹਾਲੇ ਸਾਲ ਵੀ ਨਹੀਂ ਹੋਇਆ ਹੋਣਾ ਜਦੋਂ ਮੈਂ ਇਨ੍ਹਾਂ ਰੁਝੇਵਿਆਂ ਵਿਚ ਲੀਨ ਸਾਂ ਕਿ ਸ਼ਾਹਦਰੇ ਵਿਚ ਗਿਆਨੀ ਲਈ ਪੂਰਬੀ ਪੰਜਾਬ ਕਾਲਜ ਖੁਲ੍ਹ ਗਿਆ। ਭਾਪਾ ਜੀ ਨੂੰ ਕ੍ਰਿਪਾਲ ਸਿੰਘ ਆਜ਼ਾਦ ਦੀ ਖੱਬੇ-ਪੱਖੀ ਸੋਚ ਰਾਸ ਆਈ। ਘਰ ਬੈਠੀ (ਉਨ੍ਹਾਂ ਦੇ ਸ਼ਬਦਾਂ ਵਿਚ ਹੋਣਹਾਰ) ਧੀ ਨੂੰ ਬਾਹਰ ਕੱਢਣ ਦਾ ਇਕੋ ਇਕ ਰਾਹ, ਗਿਆਨੀ ਰਾਹੀਂ ਐਫ਼.ਏ. ਅੰਗਰੇਜ਼ੀ ਤੇ ਫੇਰ ਭਾਗੋ ਭਾਗ ਬੀ.ਏ. ਕਰਾ ਕੇ ਕਾਨੂੰਨ ਦੀ ਪੜ੍ਹਾਈ ਦੀ ਸੇਧ ਵਜੋਂ ਉਨ੍ਹਾਂ ਮੈਨੂੰ ਦਾਖ਼ਲ ਕਰਾ ਦਿੱਤਾ।

ਕ੍ਰਿਪਾਲ ਸਿੰਘ ਆਜ਼ਾਦ ਨੇ ਮੇਰੇ ਅੰਦਰਲੀ ਸਾਹਿਤਕ ਰੁਚੀ ਨੂੰ ਭਾਂਪਦਿਆਂ ਮੇਰੀ ਪੜ੍ਹਾਈ ਵਿਚ ਵਿਸ਼ੇਸ਼ ਦਿਲਚਸਪੀ ਲੈਣੀ ਸ਼ੁਰੂ ਕਰ ਦਿੱਤੀ। ਮੈਨੂੰ ਹੋਰ ਵਿਦਿਆਰਥੀਆਂ ਨਾਲੋਂ ਵੱਖਰਾ ਅਤੇ ਵੱਧ ਹੋਮ ਵਰਕ ਮਿਲਦਾ। ਯਾਦ ਹੈ, ਪਤੰਗਬਾਜ਼ੀ ਦਾ ਲੇਖ ਮੈਂ ਬੱਤੀ ਸਫ਼ਿਆਂ ਦਾ ਲਿਖਿਆ ਸੀ।

ਮੇਰੇ ਨਾਲ ਦੇ ਵਿਦਿਆਰਥੀਆਂ ਦਾ ਆਜ਼ਾਦ ਜੀ ਨੇ ਇਮਤਿਹਾਨ ਲਈ ਦਾਖ਼ਲਾ ਭਰਵਾ ਦਿੱਤਾ, ਪਰ ਮੇਰਾ ਅਗੇਤੇ ਮਤਲਬ ਛੇ ਮਹੀਨੇ ਪਿਛੇ ਪਾ ਦਿੱਤਾ। ਮੈਨੂੰ ਬੜਾ ਵੱਟ ਚੜ੍ਹਿਆ। ਪੁੱਛਣ 'ਤੇ ਉਨ੍ਹਾਂ ਦਾ ਜੁਆਬ ਸੀ ਕਿ ਉਨ੍ਹਾਂ ਵਿਦਿਆਰਥੀਆਂ ਦਾ ਮਕਸਦ ਤਾਂ ਗਿਆਨੀ ਪਾਸ ਕਰ ਕੇ ਕੇਵਲ ਐਫ.ਏ., ਬੀ.ਏ. ਕਰਨਾ ਹੈ ਜਦਕਿ ਤੂੰ ਲੇਖਕ ਬਣਨਾ ਹੈ, ਸਿਰਜਣਹਾਰ। ਮੈਨੂੰ ਬੜੀ ਖੁੰਦਕ ਚੜ੍ਹੀ। ਮੈਂ ਤਾਂ ਭਾਪਾ ਜੀ ਦੀ ਇੱਛਾ ਮੁਤਾਬਕ ਅੱਗਿਉਂ ਕਾਨੂੰਨ ਦੀ ਪੜ੍ਹਾਈ ਕਰਨੀ ਸੀ!

"ਤੇਰੇ 'ਚ ਜਿਰਹਾ ਨਾ ਬੜਾ ਮਾਦਾ ਹੈ, ਤੂੰ ਵਕਾਲਤ ਕਰੀਂ।" ਭਾਪਾ ਜੀ ਅਕਸਰ ਕਹਿੰਦੇ।

ਇਨ੍ਹਾਂ ਦਿਨਾਂ ਵਿਚ ਹੀ ਸ਼ਾਹਦਰੇ ਵਿਚ ਪਬਲਿਕ ਲਾਇਬਰੇਰੀ ਦਾ ਉਦਘਾਟਨ ਕਰਦਿਆਂ ਡਾ. ਐਮ.ਐਸ. ਰੰਧਾਵਾ ਨੇ ਐਲਾਨ ਕੀਤਾ ਕਿ ਲਾਇਬਰੇਰੀ ਵਿਚ ਇਕ ਤੋਂ ਚਾਰ ਦਾ ਸਮਾਂ ਕੇਵਲ ਕੁੜੀਆਂ ਲਈ ਨੀਯਤ ਹੋਵੇਗਾ ਅਤੇ ਇਸ ਦੌਰਾਨ ਲਾਇਬਰੇਰੀਅਨ ਵੀ ਇਸਤਰੀ ਹੀ ਹੋਵੇਗੀ। ਇਹ ਸ਼ਾਹਦਰੇ ਦੀਆਂ ਕੁੜੀਆਂ ਅਤੇ ਖ਼ਾਸ ਕਰ ਕੇ ਮੇਰੇ ਲਈ ਸੁਨਹਿਰੀ ਮੌਕਾ ਸੀ। ਇਸ ਸਮੇਂ ਦੌਰਾਨ ਸਮਾਜਵਾਦੀ ਪਾਰਟੀ ਦੀਆਂ ਇਸਤਰੀ ਲੀਡਰਾਂ ਸਰਲਾ ਗੁਪਤਾ, ਵਿਮਲਾ ਫਾਰੂਖ਼ੀ ਅਤੇ ਅਰੁਣਾ ਆਸਫ਼ੀ ਅਲੀ ਨੂੰ ਮਿਲਦਿਆਂ-ਸੁਣਦਿਆਂ ਅੱਖਾਂ ਖੁੱਲ੍ਹਣ ਲੱਗੀਆਂ। ਮੈਂ ਡਿਬੇਟਾਂ ਅਤੇ ਰਾਜਨੀਤਕ ਗਤੀਵਿਧੀਆਂ ਵਿਚ ਹਿੱਸਾ ਲੈਣ ਲੱਗੀ। ਯਾਦ ਹੈ ਕਿ ਅਮਨ ਦੀ ਮੁਹਿੰਮ ਲਈ ਮੈਂ ਇਕ ਲੱਖ ਦਸਤਖ਼ਤ ਕਰਾਏ। ਕਿਸ਼ੋਰ ਅਵਸਥਾ ਦਾ ਅਥਾਹ ਜੋਸ਼। ਕੁਝ ਵੀ ਅਸੰਭਵ ਨਾ ਲੱਗਦਾ।

ਗਿਆਨੀ ਦੀ ਪੜ੍ਹਾਈ ਦੌਰਾਨ ਹੀ ਮੈਂ ਆਪਣੇ ਪਹਿਲੇ ਪਿਆਰ ਦੀ ਕਹਾਣੀ 'ਪਿਛਲੇ ਜਨਮ ਵਿਚ' ਲਿਖੀ ਜੋ 'ਅਮਰ ਕਹਾਣੀਆਂ' (1954) ਵਿਚ ਛਪੀ। ਮਗਰਲੀਆਂ 'ਤਾਂਡਵ ਨਾਚ', 'ਫੁਲ ਵਾਹ ਵਾਹ ਤਰੇ ਨੇ', 'ਮੌਲੀ ਕੰਬ ਰਹੀ ਸੀ' ਤੇ ਹੋਰ ਕਹਾਣੀਆਂ ਸਣੇ ਨਜ਼ਮਾਂ, ਆਉਂਦੇ ਸੱਤ ਸਾਲਾਂ

***(ਬਾਕੀ ਅਗਲੇ ਸਫੇ 'ਤੇ)***

ਤੱਕ 'ਕਵਿਤਾ', 'ਪੰਜਾਬੀ ਕਵਿਤਾ', 'ਲੋਕ ਸਾਹਿਤ', 'ਅਮਰ ਕਹਾਣੀਆਂ', 'ਪਰਿਵਰਤਨ' ਅਤੇ 'ਜੀਵਨਪ੍ਰੀਤੀ' ਆਦਿ ਮਾਸਿਕ ਪਤਰਾਂ ਵਿਚ ਛਪਦੀਆਂ ਰਹੀਆਂ। 'ਜੀਵਨਪ੍ਰੀਤੀ' ਦਾ ਜ਼ਿਕਰ ਜ਼ਰੂਰ ਕਰਨਾ ਚਾਹਵਾਂਗੀ ਜਿਸ ਦਾ ਡਾਕ ਪਤਾ 'ਮੋਤ ਤੋਪ ਖਾਨਾ, ਪਟਿਆਲਾ' ਮੈਨੂੰ ਅੱਜ ਵੀ ਯਾਦ ਹੈ ਜਿਸ ਦੇ ਸੰਪਾਦਕ ਪ੍ਰੀਤਮ ਸਿੰਘ ਚਾਹਿਲ ਰਚਨਾ ਦਾ ਇਵਜ਼ਾਨਾ ਵੀ ਭੇਜਿਆ ਕਰਦੇ ਸਨ।

ਯਾਦ ਹੈ, ਸੰਨ 1957-58 ਵਿਚ ਮੇਰੇ ਅਧਿਆਪਨ ਦੌਰਾਨ ਸਕੂਲ ਵਿਚ ਹੀ ਸਾਲਾਨਾ ਮਨੀਆਰਡਰ ਆਇਆ ਸੀ, ਕਿਸੇ ਕਹਾਣੀ ਦੇ ਚਾਰ ਰੁਪਏ ਤੇ ਕਿਸੇ ਦੇ ਸੱਤ ਅਤੇ ਕਿਸੇ ਕਵਿਤਾ ਦੇ ਦੋ ਰੁਪਏ ਅਤੇ ਕਿਸੇ ਦੇ ਤਿੰਨ। ਕੁਲ ਰਕਮ ਸੀ ਚਾਲੀ ਰੁਪਏ। ਮੈਂ ਸਾਰੇ ਸਟਾਫ਼ ਨੂੰ ਬਰਫ਼ੀ ਸਮੋਸਿਆਂ ਨਾਲ ਚਾਹ-ਪਾਰਟੀ ਦਿੱਤੀ; ਫਿਰ ਵੀ ਚਾਰ ਰੁਪਏ ਬਚ ਗਏ।

ਮੁੜ ਪਿਛੇ ਪਰਤਦੀ ਹਾਂ। ਸਾਲ ਭਰ ਦੀ ਚੰਗੀ ਮਿਹਨਤ ਅਤੇ ਅਗਵਾਈ ਸਦਕਾ ਗਿਆਨੀ ਦਾ ਇਮਤਿਹਾਨ ਚੰਗਾ ਹੀ ਹੋ ਗਿਆ ਭਾਵੇਂ ਤੀਜੇ ਪਰਚੇ ਲਈ ਮੈਂ ਹਾਲ ਵਿਚ ਅੱਧਾ ਘੰਟਾ ਲੇਟ ਅਪੜੀ ਸਾਂ ਅਤੇ ਇਕ ਸੁਆਲ ਦਾ ਪੂਰਾ ਜੁਆਬ ਨਹੀਂ ਸਾਂ ਦੇ ਸਕੀ। ਦਰਅਸਲ ਕਲਕੱਤੇ ਤੋਂ ਆਏ ਮੇਰੇ ਵੱਡੇ ਜੀਜਾ ਜੀ ਕੈਂਸਰ ਕਰਕੇ ਮੌਤ ਨਾਲ ਲੜ ਰਹੇ ਸਨ। ਭੈਣ ਜੀ ਮਾਂ ਦੀ ਪਲੇਠੀ ਧੀ ਸੀ ਜਿਸ ਦੇ ਵਿਆਹ ਤੋਂ ਬਾਈ ਦਿਨਾਂ ਬਾਅਦ ਮੇਰਾ ਜਨਮ ਹੋਇਆ ਸੀ। ਪਿਤਾ ਸਮਾਨ ਭਾਈਆ ਜੀ (ਜੀਜਾ) ਦੀ ਮੈਂ ਲਾਡਲੀ ਸਾਂ। ਅਸਲ ਵਿਚ ਦੂਜੀ-ਤੀਜੀ ਵਿਚ ਪੜ੍ਹਦਿਆਂ ਹੀ ਮੈਂ ਉਨ੍ਹਾਂ ਨੂੰ ਲੰਮੇ ਲੰਮੇ ਖਤ ਲਿਖਦੀ। ਨਿਰੀ ਸ਼ਰਾਰਤ ਤੇ ਛੰਦਬੰਦੀ ਵਿਚ ਝਈਆਂ-ਲੜਾਈਆਂ। ਮੇਰੇ ਖਤ ਕਲਕੱਤੇ ਵਸਦੀ ਮਾਸੀ ਤੇ ਚਾਚੇ ਦੇ ਪਰਿਵਾਰਾਂ ਵਿਚ ਪੜ੍ਹੇ-ਸੁਣਾਏ ਅਤੇ ਸਲਾਹੇ ਜਾਂਦੇ।

ਸੱਚ ਪੁੱਛੋ ਤਾਂ ਮੈਨੂੰ ਬਾਲ ਵਰੇਸ ਤੋਂ ਹੀ ਪਾਠਕਾਂ-ਸਰੋਤਿਆਂ ਦਾ ਰੱਜਵਾਂ ਹੁੰਗਾਰਾ ਮਿਲਿਆ ਜਿਸ ਦਾ ਮੂਲ ਕਾਰਨ ਸੀ, ਭਾਈਆ ਜੀ ਅਤੇ ਵੀਰ ਜੀ ਦਾ ਮੇਰੇ ਲਈ ਅਥਾਹ ਪਿਆਰ। ਭਾਈਆ ਜੀ ਨੂੰ ਕੈਂਸਰ ਸੀ, ਪਰ ਹਾਲੇ ਪਤਾ ਨਹੀਂ ਸੀ। ਉਹ ਤਾਂ ਅਸਹਿ ਪੇਟ-ਦਰਦ ਕਾਰਨ ਦਿੱਲੀ ਪਾਣੀ ਬਦਲਾਣ ਆਏ ਸਨ। ਜਦੋਂ ਭਾਈਆ ਜੀ ਨੂੰ ਦਰਦ ਦਾ ਦੌਰਾ ਪੈਂਦਾ ਤਾਂ ਉਨ੍ਹਾਂ ਦੀ 'ਹਾਇ ਹਾਇ' ਦੀ ਦਿਲ ਚੀਰਵੀਂ ਕੁਰਲਾਹਟ ਕਾਰਨ ਛੱਤਾਂ 'ਤੇ ਪਏ ਹੋਏ ਮੁਹੱਲੇ ਦੇ ਲੋਕੀਂ ਵੀ ਸੌਂ ਨਾ ਸਕਦੇ। ਖ਼ੂਨ ਦੀਆਂ ਉਲਟੀਆਂ ਦੇ ਛੱਪੜ ਲੱਗ ਜਾਂਦੇ, ਪਰ ਦੌਰਾ ਖ਼ਤਮ ਹੋਣ 'ਤੇ ਉਹ ਫਿਰ ਸਹਿਜ ਹੋ ਕੇ ਹੱਸਣ ਖੇਡਣ ਲੱਗਦੇ।

ਗਿਆਨੀ ਦੇ ਮੇਰੇ ਤੀਜੇ ਪਰਚੇ ਦੇ ਸ਼ੁਰੂ ਹੋਣ ਤੋਂ ਪਹਿਲਾਂ ਭਾਈਆ ਜੀ ਨੂੰ ਦੌਰਾ ਪੈ ਗਿਆ। ਖ਼ੂਨੀ ਉਲਟੀਆਂ ਦਾ ਛੱਪੜ ਤੇ ਬੇਹੋਸ਼ੀ ਦੀ ਹਾਲਤ। ਮੈਂ ਭਾਈਆ ਜੀ ਦੇ ਹੱਥ ਮਲਦੀ ਜਾਵਾਂ। ਵਕਤ ਲੰਘਦਾ ਜਾਵੇ। ਪਰਚਾ ਦੇਣ ਨਾ ਜਾ ਸਕੀ। ਕੁਝ ਠਹਿਰਾਅ ਮਗਰੋਂ ਭਾਈਆ ਜੀ ਨੇ ਅੱਖ ਖੋਲ੍ਹੀ।

"ਤੂੰ ਗਈ ਨਹੀਂ? ਜਲਦੀ ਜਾਹ।" ਉਨ੍ਹਾਂ ਆਖਿਆ। ਮੈਂ ਰੁਕੀ ਰਹੀ।

"ਤੂੰ ਜਾਹ, ਮੈਂ ਠੀਕ ਹਾਂ।" ਭਾਈਆ ਜੀ ਨੇ ਭਬਕ ਮਾਰੀ।

ਉਨ੍ਹਾਂ ਦੀ ਹੁਕਮ ਅਦੂਲੀ ਕਰਨੀ ਨਾਮੁਮਕਿਨ ਸੀ। ਭਗਤ ਵੀਰ ਸਾਈਕਲ 'ਤੇ ਬਿਠਾ ਕੇ ਮੈਨੂੰ ਹਾਲ ਪੁਚਾ ਆਇਆ। ਪਰਚਾ ਸ਼ੁਰੂ ਹੋਇਆਂ ਅੱਧਾ ਘੰਟਾ ਲੰਘ ਚੁੱਕਾ ਸੀ। ਹੋ ਗਈ ਸ਼ੁਰੂ ਪਰਚਾ ਦੇਣ। ਪੰਜ ਸੁਆਲਾਂ ਦੇ ਜੁਆਬ ਦੇ ਹੋਏ, ਛੇਵਾਂ ਅੱਧਾ ਰਹਿ ਹੀ ਗਿਆ। ਏਧਰ ਹਫ਼ਤੇ ਵਿਚ ਮੇਰੇ ਪਰਚੇ ਖ਼ਤਮ ਹੋਏ, ਉਧਰ ਭਾਈਆ ਜੀ ਨੂੰ ਮੁੰਬਈ ਲੈ ਗਏ ਜਿਥੇ ਚੰਦ ਦਿਨਾਂ ਵਿਚ ਹੀ ਉਨ੍ਹਾਂ ਦੀ ਕੈਂਸਰ ਦੇ ਹਸਪਤਾਲ ਵਿਚ ਮੌਤ ਹੋ ਗਈ।

ਘਰ ਦਾ ਮਾਹੌਲ ਅੱਤ ਦਾ ਸੋਗੀ ਸੀ। ਬੱਤੀ-ਪੈਂਤੀ ਵਰ੍ਹਿਆਂ ਦੀ ਭੈਣ ਤੇ ਪੰਜ ਬੱਚਿਆਂ ਦੀ ਮਾਂ। ਉਪਰੋਂ ਪਰਦੇਸ ਵਿਚ ਕੱਲ-ਮੁਕੱਲੀ। ਕਲਕੱਤੇ ਵਿਚ ਹੀ ਸੀ ਭਾਈਆ ਜੀ ਦਾ ਕਾਰੋਬਾਰ। ਮਾਂ ਨੂੰ ਗਸ਼ਾਂ ਪੈਣ ਤੇ ਦਾਦੀ ਵੈਣੋ-ਵੈਣ। ਰਸੋਈ ਦੀ ਸਾਂਭ-ਸੰਭਾਲ ਮੇਰੀ ਮਲੂਕ ਜਿੰਦ 'ਤੇ ਪੈ ਗਈ ਜੋ ਨਾ ਕਦੇ ਰਸੋਈ ਵਿਚ ਵੜੀ ਸੀ ਤੇ ਨਾ ਹੀ ਜਿਸ ਕਦੇ ਅੰਗੀਠੀ ਬਾਲੀ ਸੀ। ਜੂਨ ਦੀ ਅੱਤ ਦੀ ਗਰਮੀ ਤੇ ਅੰਗੀਠੀ ਦਾ ਸੇਕ। ਮੈਨੂੰ ਅਜਿਹੀ ਨਕਸੀਰ ਛੁੱਟਦੀ ਕਿ ਮੁੱਕਦੀ ਹੀ ਨਾਂਹ। ਦੇਹ ਬਾਲਟੀਆਂ ਦੀਆਂ ਬਾਲਟੀਆਂ ਮੇਰੇ ਸਿਰ 'ਤੇ ਪਲਟਦੇ। ਵੈਦ ਆਉਂਦਾ। ਦਵਾਈ ਦੀਆਂ ਪੁੜੀਆਂ ਦੇਂਦਾ ਅਤੇ ਸਿਆਪਾ ਬੰਦ ਕਰਨ ਦੀ ਹਦਾਇਤ ਦੇਂਦਾ।

ਲੰਘ ਗਏ ਦੋ ਤਿੰਨ ਮਹੀਨੇ ਗਮਗੀਨ ਮਾਹੌਲ ਵਿਚ। ਵਕਤ ਨਾਲ ਥੋੜ੍ਹਾ ਟਿਕਾਅ ਆਉਣਾ ਵੀ ਸੁਭਾਵਕ ਹੈ। ਇਮਤਿਹਾਨ ਦੇ ਤੀਜੇ ਪਰਚੇ ਦੇ ਫ਼ਿਕਰ ਕਾਰਨ ਨਤੀਜੇ ਦਾ ਤੌਖ਼ਲਾ ਵੀ ਘਟ ਨਹੀਂ ਸੀ ਭਾਵੇਂ ਪਰਿਵਾਰਕ ਬਿਪਤਾ ਕਾਰਨ ਮਨ ਨੂੰ ਸਮਝਾਂਦੀ ਵੀ ਰਹਿੰਦੀ। ਬੁਖ਼ਾਰ ਨਾਲ ਪਈ ਹੋਈ ਸਾਂ ਅੱਧ-ਸੁੱਤੀ ਜਾਂ ਘੂਕ, ਪਤਾ ਨਹੀਂ। ਸੁਪਨਾ ਆਇਆ। ਦੌੜ ਰਹੀ ਸਾਂ ਮੈਂ ਅੱਗੇ ਅੱਗੇ ਤੇ ਪਿਛੇ ਪਿਛੇ ਮੇਰੇ ਭਾਈਆ ਜੀ। ਹੌਲੀ ਹੌਲੀ ਤੁਰਦੇ, ਪੀਲੇ-ਭੂਕ ਤੇ ਬਾਂਹਾਂ ਫੈਲਾ ਕੇ ਆਖ ਰਹੇ, 'ਰੁਕ ਕਾਨਾ ਰੁਕ। ਕੰਨ ਨੇੜੇ ਕਰ। ਮੈਂ ਤੈਨੂੰ ਹਿੱਕ ਖ਼ੁਸ਼ਖ਼ਬਰੀ ਸੁਣਾਵਾਂ...।' ਤੇ ਮੈਂ ਅਗਿਉਂ ਡਰੀ ਡਰੀ ਜੁਆਬ ਦੇ ਰਹੀ, 'ਨਹੀਂ ਨਹੀਂ, ਮੈਂ ਤੁਸਾਂ ਨੇ ਨੇੜੇ ਨਾ ਆਣੀ... ਜਾਓ ਤੁੱਸ ਤੈ ਮਰ ਚੁੱਕੇ ਹੋ... ਮੇਰੇ ਨੇੜੇ ਨਾ ਆਵੋ...।'

ਚੀਕ ਮਾਰਦੀ ਦੀ ਮੇਰੀ ਜਾਗ ਖੁਲ੍ਹ ਗਈ। ਨਿਰਾ ਖ਼ੌਫ਼ ਤੇ ਤ੍ਰੇਲੀਆਂ!

"ਕੇ ਹੋਇਆ ਈ? ਸਬਰ ਕਰ ਮੇਰੀ ਬੱਚੀ, ਮਾਂ ਸਦਕੇ।" ਅੱਖ ਖੁੱਲ੍ਹੀ ਤਾਂ ਮੈਂ ਮਾਂ ਦੇ ਕਲਾਵੇ ਵਿਚ ਸਾਂ। ਡੁਸਕਦਿਆਂ ਡੁਸਕਦਿਆਂ ਸੁਫ਼ਨਾ ਸੁਣਾ ਹੋ ਗਿਆ।

ਮਾਂ ਮੇਰੇ ਸੁਪਨਿਆਂ ਤੋਂ ਅਕਸਰ ਚੇਤੰਨ ਹੋ ਜਾਂਦੀ ਸੀ। ਮੇਰੇ ਸਰਘੀ ਦੇ ਆਏ ਤੇ ਅਭੜਵਾਹ ਸੁਣਾਏ ਸੁਫ਼ਨੇ ਦਾ ਅਕਸਰ ਹੀ ਕੁਝ ਭਵਿੱਖਾਰਥ ਨਿਕਲਦਾ। ਕੋਈ ਹੋਣੀ ਜੋ ਹੋ ਕੇ ਰਹਿੰਦੀ! ਕਈ ਵੇਰਾਂ ਮੈਂ ਮਨ ਨਾਲ ਪੱਕਾ ਫ਼ੈਸਲਾ ਕਰਦੀ ਕਿ ਇਹ ਸੁਫ਼ਨਾ ਮੈਂ ਮਾਂ ਨੂੰ ਨਹੀਂ ਸੁਣਾਵਾਂਗੀ। ਮੈਨੂੰ ਲਗਦਾ ਕਿ ਸੁਣਾ ਦੇਣ ਨਾਲ ਹੀ ਸੁਪਨਾ ਸੱਚ ਹੋ ਵਾਪਰਦਾ ਹੈ।

'ਨਹੀਂ ਦੱਸਣਾ, ਨਹੀਂ ਦੱਸਣਾ ਮੈਂ ਮਾਂ ਕੀ ਉੱਕਾ ਨਹੀਂ ਦਸਣਾ...।' ਤੇ ਫਿਰ ਵੀ ਪਤਾ ਨਹੀਂ ਕਿਵੇਂ ਆਪਮੁਹਾਰੀ ਉਗਲ ਦੇਂਦੀ। 'ਵਾਹਗੁਰੂ ਵਾਹਗੁਰੂ' ਕਰਦੀ ਮਾਂ ਨੂੰ ਧੁੜਕੂ ਲੱਗ ਜਾਂਦਾ। ਉਹਦੇ ਹੋਠ ਆਪ ਮੁਹਾਰੇ ਮੂਲ ਮੰਤਰ ਦੇ ਪਾਠ ਨਾਲ ਫਰਕਣ ਲੱਗਦੇ।

"ਕੇ ਹੋਇਆ ਈ? ਸਬਰ ਕਰ ਮੇਰੀ ਬੱਚੀ।" ਰੋਂਦੀ ਕੰਬਦੀ ਮੈਂ ਮਾਂ ਦੇ ਕਲਾਵੇ ਵਿਚ ਸਾਂ। ਸੁਫ਼ਨਾ ਆਪੇ ਹੀ ਸੁਣਾ ਹੋ ਗਿਆ।

"ਵਾਹਿਗੁਰੂ ਵਾਹਿਗੁਰੂ... ਰੱਬਾ ਮਿਹਰ ਕਰੀਂ। ਤੱਤੀ ਵਾਅ ਨਾ ਲੱਗੇ ਮੇਰੀ ਬਚੜੀ ਕੀ... ਤਾਤੀ ਵਾਓ ਨਾ ਲਾਗਈ।" ਮਾਂ ਉਚਾ ਉਚਾ ਸਿਮਰਨ ਲੱਗੀ। ਨਾਲੇ ਮੇਰਾ ਮੂੰਹ ਚੁੰਮੀ ਜਾਵੇ, ਨਾਲੇ ਦਿਲਾਸੇ ਦਈ ਜਾਵੇ। ਮੈਨੂੰ ਮੰਜੇ 'ਤੇ ਸਿੱਧਾ ਲਮਿਆਰ ਕੇ ਮਾਂ ਅੰਗੀਠੀ 'ਤੇ ਦੁੱਧ ਗਰਮ ਕਰਨ ਲੱਗੀ। ਗਰਮ ਗਰਮ ਦੁੱਧ ਨਾਲ ਬਦਾਮਾਂ ਦੀਆਂ ਗਿਰੀਆਂ। ਮੇਰੀ ਅੱਖ ਲੱਗ ਗਈ। ਕਦੋਂ? ਕਿੰਨੇ ਵਜੇ? ਕਿਹੜੇ ਵੇਲੇ?

**ਅੱਖ ਖੋਲ੍ਹੀ ਤਾਂ ਮਾਂ ਮੇਰਾ ਸਿਰ ਪਲੋਸ ਰਹੀ ਸੀ। ਗੁਆਂਢੀਆਂ ਦੀ ਭੀੜ ਅਤੇ ਬਾਹਰ ਮੁਨਾਦੀ ਹੋ ਰਹੀ ਸੀ, ਢੋਲ ਨਾਲ: "ਸੁਣੋ ਸੁਣੋ ਸੁਣੋ! ਕਲਿਆਨ ਭਸੀਣ, ਪੂਰਬੀ ਪੰਜਾਬ ਕਾਲਜ ਦੀ ਗਿਆਨੀ ਦੀ ਵਿਦਿਆਰਥਣ, ਸਾਰੇ ਪੰਜਾਬ ਵਿਚੋਂ ਦੂਜੇ ਦਰਜੇ 'ਤੇ ਆਈ ਹੈ ਤੇ ਦਿੱਲੀ ਵਿਚੋਂ ਪਹਿਲੇ ਦਰਜੇ 'ਤੇ, ਅਰ ਕੁੜੀਆਂ ਵਿਚੋਂ ਵੀ ਪਹਿਲੇ ਦਰਜੇ 'ਤੇ।" ਇਹ ਮੁਨਾਦੀ ਪੂਰਬੀ ਪੰਜਾਬ ਕਾਲਜ ਵਲੋਂ ਕਰਵਾਈ ਜਾ ਰਹੀ ਸੀ। ਜ਼ਾਹਿਰ ਹੈ, ਇਹ ਆਜ਼ਾਦ ਜੀ ਦੀ ਆਪਣੀ ਲੋੜ ਸੀ, ਆਪਣੇ ਕਾਲਜ ਦੀ ਮਸ਼ਹੂਰੀ ਲਈ। ਪੂਰੇ ਸ਼ਾਹਦਰੇ ਦੇ ਫਰਸ਼ ਬਾਜ਼ਾਰ ਵਿਚੋਂ ਹੁੰਦੀ ਹੁਣ ਸਾਡੇ ਤੇਲੀਵਾੜੇ ਮੁਹੱਲੇ ਦੀ ਸਾਡੀ ਨਿੱਕੀ ਬੰਦ ਗਲੀ ਦੇ ਬੂਹੇ ਦੇ ਐਨ ਬਾਹਰ ਭੀੜ ਇਕੱਠੀ ਸੀ ਤੇ ਮਾਂ ਵਧਾਈਆਂ ਝੱਲ ਰਹੀ ਸੀ-ਆਜ਼ਾਦ ਜੀ ਤੋਂ, ਮੇਰੇ ਸਹਿਪਾਠੀਆਂ ਤੋਂ, ਗੁਆਂਢੀਆਂ ਤੋਂ, ਜਾਣੂਆਂ-ਪਛਾਣੂਆਂ ਤੋਂ...।**

"ਮੁਆਰਖਾਂ ਮੁਆਰਖਾਂ, ਮਾਸੀ ਜੀ ਮੁਆਰਖਾਂ।"

"ਖੈ਼ਰ ਮੁਆਰਖਾਂ, ਤੁਸਾਂ ਕੀ ਮੁਆਰਖਾਂ...।"

ਅੱਖ ਖੋਲ੍ਹੀ ਤਾਂ ਮਾਂ ਮੇਰਾ ਸਿਰ ਪਲੋਸ ਰਹੀ ਸੀ। ਗੁਆਂਢੀਆਂ ਦੀ ਭੀੜ ਅਤੇ ਬਾਹਰ ਮੁਨਾਦੀ ਹੋ ਰਹੀ ਸੀ, ਢੋਲ ਨਾਲ: "ਸੁਣੋ ਸੁਣੋ ਸੁਣੋ! ਕਲਿਆਨ ਭਸੀਣ, ਪੂਰਬੀ ਪੰਜਾਬ ਕਾਲਜ ਦੀ ਗਿਆਨੀ ਦੀ ਵਿਦਿਆਰਥਣ, ਸਾਰੇ ਪੰਜਾਬ ਵਿਚੋਂ ਦੂਜੇ ਦਰਜੇ 'ਤੇ ਆਈ ਹੈ ਤੇ ਦਿੱਲੀ ਵਿਚੋਂ ਪਹਿਲੇ ਦਰਜੇ 'ਤੇ, ਅਰ ਕੁੜੀਆਂ ਵਿਚੋਂ ਵੀ ਪਹਿਲੇ ਦਰਜੇ 'ਤੇ।"

ਇਹ ਮੁਨਾਦੀ ਪੂਰਬੀ ਪੰਜਾਬ ਕਾਲਜ ਵਲੋਂ ਕਰਵਾਈ ਜਾ ਰਹੀ ਸੀ। ਜ਼ਾਹਿਰ ਹੈ, ਇਹ ਆਜ਼ਾਦ ਜੀ ਦੀ ਆਪਣੀ ਲੋੜ ਸੀ, ਆਪਣੇ ਕਾਲਜ ਦੀ ਮਸ਼ਹੂਰੀ ਲਈ। ਪੂਰੇ ਸ਼ਾਹਦਰੇ ਦੇ ਫਰਸ਼ ਬਾਜ਼ਾਰ ਵਿਚੋਂ ਹੁੰਦੀ ਹੁਣ ਸਾਡੇ ਤੇਲੀਵਾੜੇ ਮੁਹੱਲੇ ਦੀ ਸਾਡੀ ਨਿੱਕੀ ਬੰਦ ਗਲੀ ਦੇ ਬੂਹੇ ਦੇ ਐਨ ਬਾਹਰ ਭੀੜ ਇਕੱਠੀ ਸੀ ਤੇ ਮਾਂ ਵਧਾਈਆਂ ਝੱਲ ਰਹੀ ਸੀ-ਆਜ਼ਾਦ ਜੀ ਤੋਂ, ਮੇਰੇ ਸਹਿਪਾਠੀਆਂ ਤੋਂ, ਗੁਆਂਢੀਆਂ ਤੋਂ, ਜਾਣੂਆਂ-ਪਛਾਣੂਆਂ ਤੋਂ।

ਇਹ ਖ਼ੁਸ਼ੀ ਘਰ ਦੇ ਭਰਪੂਰ ਸੋਗ ਦੇ ਮਾਹੌਲ ਵਿਚ ਸਾਡਾ ਬੂਹਾ ਖੜਕਾਣ ਆਈ ਸੀ ਜਿਵੇਂ ਘੁੱਪ ਹਨੇਰੇ ਬੱਦਲਾਂ ਵਿਚੋਂ ਚਾਨਣੀ ਦਾ ਛੱਟਾ।

ਉਸੇ ਸਾਲ ਤੋਂ ਗਿਆਨੀ ਦਾ ਸੱਤਵਾਂ, ਸੰਸਕ੍ਰਿਤ ਦਾ ਪਰਚਾ ਵੀ ਲਾਗੂ ਹੋਇਆ ਸੀ। ਅਖ਼ਤਿਆਰੀ। ਅੱਵਲ ਆਉਣ ਵਾਲੇ ਵਿਦਿਆਰਥੀ ਨੇ ਸੱਤਵਾਂ ਪਰਚਾ ਵੀ ਹੱਲ ਕੀਤਾ ਸੀ। ਉਸ ਦੇ ਮੇਰੇ ਤੋਂ ਚਾਰ ਅੰਕ ਹੀ ਵੱਧ ਸਨ। ਆਜ਼ਾਦ ਜੀ ਨੂੰ ਆਪਣੀ ਲਾਪ੍ਰਵਾਹੀ ਦਾ ਅਫ਼ਸੋਸ ਸੀ। ਜੇ ਉਹ ਮੈਨੂੰ ਸੰਸਕ੍ਰਿਤ ਦੀ ਵੀ ਤਿਆਰੀ ਕਰਵਾ ਕੇ ਇਮਤਿਹਾਨ ਦੁਆਉਂਦੇ ਤਾਂ ਮੈਂ ਤੇ ਕੇਵਲ ਮੈਂ ਹੀ ਅੱਵਲ ਹੋਣਾ ਸੀ ਸਾਰੇ ਪੰਜਾਬ ਵਿਚੋਂ, ਉਹ ਕਹਿੰਦੇ।

ਮਾਂ ਨੇ ਭਗਤ ਵੀਰ ਨੂੰ ਭੇਜ ਕੇ ਉਸੇ ਵੇਲੇ ਲੱਡੂ ਤੇ ਮੱਠੀਆਂ ਮੰਗਵਾ ਲਈਆਂ। ਉਹ ਚਾਰ ਚਾਰ ਲੱਡੂ ਅਤੇ ਦੋ ਦੋ ਮੱਠੀਆਂ ਪਾ ਕੇ ਲਿਫ਼ਾਫ਼ੇ ਭੇਜਣ ਲੱਗੀ, ਘਰੋ ਘਰ। ਕਿਸੇ ਵੀ ਖ਼ੁਸ਼ੀ ਦਾ ਜਸ਼ਨ ਮਨਾਣ ਦਾ ਮਾਂ ਦਾ ਇਹੀ ਢੰਗ ਸੀ।

ਸ਼ਾਮ ਪੈਣ ਲੱਗੀ ਤੇ ਫਿਰ ਰਾਤ ਵੀ। ਭਾਪਾ ਜੀ ਦੇ ਘਰ ਆਉਣ ਦਾ ਵੇਲਾ ਢੁਕਦਾ ਗਿਆ। ਨੇੜੇ ਹੋਰ ਨੇੜੇ।

ਬੇਸ਼ਕ ਸਾਰੀ ਦੁਨੀਆਂ ਪਈ ਵਾਹ ਵਾਹ ਕਰੇ, ਮੈਨੂੰ ਤਾਂ ਸਿਰਫ਼ ਭਾਪਾ ਜੀ ਦੀ ਸ਼ਾਬਾਸ਼ੀ ਦੀ ਹੀ ਸਿੱਕ ਸੀ। ਡਰ ਸੀ ਕਿ ਹੁਣ ਵੀ ਉਹ ਇਹੋ ਆਖਣਗੇ ਕਿ ਪਹਿਲੇ ਨੰਬਰ 'ਤੇ ਕਿਉਂ ਨਹੀਂ ਆਈ। ਭਾਈਆ ਜੀ ਦੀ ਬਿਮਾਰੀ ਕਾਰਨ ਤੀਜੇ ਪਰਚੇ ਦੇ ਅਧੂਰੇ ਰਹਿ ਜਾਣ ਦੀ ਮਜਬੂਰੀ ਦਾ ਕਾਰਨ ਉਨ੍ਹਾਂ ਨੇ ਨਹੀਂ ਸੀ ਸੁਣਨਾ-ਮੰਨਣਾ, ਮੈਨੂੰ ਤੌਖ਼ਲਾ ਸੀ।

ਸ਼ਾਹਦਰੇ ਸਟੇਸ਼ਨ ਤੋਂ ਘਰ ਤਕ ਫਰਸ਼ ਬਾਜ਼ਾਰ ਵਿਚ ਮਿੱਤਰ, ਲੋਕਾਂ ਦਾ ਮਿਲਣਾ, ਦਿਨ ਭਰ ਦੀ ਸ਼ਾਹਦਰੇ ਦੀ ਖ਼ਬਰ ਲੈਣੀ ਤੇ ਫੇਰ ਘਰ ਵੜਦਿਆਂ ਹੀ ਉਸ ਖ਼ਬਰ ਨੂੰ ਮਾਂ ਨਾਲ ਸਾਂਝਿਆਂ ਕਰਨਾ ਭਾਪਾ ਜੀ ਦਾ ਰੋਜ਼ਾਨਾ ਨੇਮ ਸੀ।

ਮੇਰੇ ਨਤੀਜੇ ਦੀ ਮੁਨਾਦੀ ਦੀ ਖ਼ਬਰ ਵੀ ਭਾਪਾ ਜੀ ਨੂੰ ਸਭ ਕੋਲੋਂ ਤੇ ਖ਼ਾਸ ਕਰ ਕੇ ਬੇਕਰੀ ਵਾਲੇ ਚਾਚਾ ਭਗਵਾਨ ਦਾਸ ਕੋਲੋਂ, ਕਰਿਆਨੇ ਵਾਲੇ ਭਾਈ ਹਰਦਿੱਤ ਕੋਲੋਂ ਅਤੇ ਅਮਰ ਹਲਵਾਈ ਜਾਂ ਹਕੀਮ ਇੰਦਰ ਸਿੰਘ ਬਿੰਦਰਾ ਕੋਲੋਂ ਨਾ ਮਿਲੀ ਹੋਵੇ, ਇਹ ਨਹੀਂ ਸੀ ਹੋ ਸਕਦਾ। ਇਹ ਸਾਰੇ ਹੀ ਅੱਡੇ ਸਨ ਭਾਪਾ ਜੀ ਦੇ ਵਾਰੋ-ਵਾਰ ਠਹਿਰ ਕੇ ਘਰ ਪੁੱਜਣ ਦੇ।

ਭਾਪਾ ਜੀ ਆਏ। ਇਕਦਮ ਖ਼ਾਮੋਸ਼ ਤੇ ਸਹਿਜ ਜਿਵੇਂ ਕੁਝ ਵੀ ਨਾ ਵਾਪਰਿਆ ਹੋਵੇ। ਰੁਕੇ ਸਾਹ ਤੇ ਧੜਕਦੇ ਦਿਲ ਨਾਲ ਮੈਂ ਵੇਖੀ ਗਈ ਉਨ੍ਹਾਂ ਵਲ। ਮਾਂ ਦੀ ਉਤੇਜਨਾ ਵੀ ਸ਼ਾਮਲ ਸੀ ਉਸ ਦੇ ਫੁਲਕਿਆਂ ਦੇ ਵੇਲਣ ਵਿਚ। ਹਮੇਸ਼ਾਂ ਵਾਂਗ ਮੈਂ ਭਾਪਾ ਜੀ ਦੇ ਹੱਥ ਧੁਆਏ। ਉਹ ਮੰਜੀ 'ਤੇ ਬਹਿ ਗਏ। ਅੱਗੇ ਮੇਜ਼ 'ਤੇ ਥਾਲੀ ਪਰੋਸ ਦਿੱਤੀ। ਗਰਾਹੀ ਭੰਨ ਉਹ ਸ਼ੁਰੂ ਹੋ ਗਏ ਚੁੱਪ-ਚਾਪ। ਇਕ ਦੋ ਤਿੰਨ- ਮੈਂ ਰੋਟੀਆਂ ਪਰੋਸਦੀ ਗਈ।

"ਕੁੜੀ ਨਾ ਨਤੀਜਾ ਨਿਕਲਿਐ। ਦੂਜੇ ਦਰਜੇ 'ਤੇ ਆਈ ਐ ਸਾਰੇ ਪੰਜਾਬ ਵਿਚੋਂ।" ਮਾਂ ਨੇ ਕਿਹਾ।

ਭਾਪਾ ਜੀ ਚੁੱਪ।

"ਮੈਂ ਕੇ ਪਈ ਆਖਨੀ ਆਂ। ਸੁਣਨੇ ਕਿਉਂ ਨਾ। ਕਾਨਾ ਕੀ ਸ਼ਾਬਾਸ਼ੀ ਤੈ ਦੇਵੋ। ਹੈਂਡਾ ਸੁਹਣਾ ਨਤੀਜਾ ਕਢਿਆ ਸੂ।" ਮਾਂ ਮੁੜ ਬੋਲੀ। ਥੋੜ੍ਹਾ ਹੋਰ ਉਚੀ।

ਭਾਪਾ ਜੀ ਫਿਰ ਵੀ ਚੁੱਪ।

"ਕੇ ਹੋਇਐ ਤੁਸਾਂ ਕੀ? ਸਾਰੇ ਸ਼ਹਿਰੇ 'ਚ ਮਨਾਦੀ ਹੋਨੀ ਰਹੀ ਹੈ ਸਾਰਾ ਦਿਨ। ਮੁਆਰਖਾਂ ਹੀ ਮੁਆਰਖਾਂ ਝਲਨੀ ਰਹੀ ਹਾਂ। ਤੈਂ ਤੁਸ ਹੋ ਕੇ ਗੋਲਨੇ ਹੀ ਨ ਪਏ।"

"ਕੁੜੀਆਂ ਨਾ ਦਸਤਖ਼ਤ ਸਿਆਣਿਆਂ ਜਾਨੈ। ਐਵੇਂ ਲਿਹਾਜ਼ੀ ਨੰਬਰ ਦੇ ਦਿੱਤੇ ਹੋਸਣ ਨੇ।" ਆਖਦਿਆਂ ਪੱਕੇ ਪੀਢੇ ਮੂੰਹ ਨਾਲ ਭਾਪਾ ਜੀ ਉਸੇ ਤਰ੍ਹਾਂ ਗਰਾਹੀਆਂ ਭੰਨਦੇ ਗਏ। ਮੈਂ ਧਾਅ ਮਾਰ ਕੇ ਆਪਣੇ ਸੁਫ਼ੇ ਵੱਲ ਦੌੜ ਗਈ। ਬਲਿੰਦਨ ਲੱਗੀ ਪਲੰਘ ਉਤੇ ਜਿਵੇਂ ਕਲੇਜਾ ਫਟ ਗਿਆ ਹੋਵੇ, ਲਹੂ ਫੁੱਟ ਪਿਆ ਹੋਵੇ, ਦਰਿਆ ਬਣ ਕੇ।

ਭਾਪਾ ਜੀ ਦੀ ਪ੍ਰਸ਼ੰਸਾ ਦਾ ਏਦਾਂ ਦਾ ਹੀ ਪ੍ਰਗਟਾਵਾ ਸੀ। ਵਕਤ ਤੇ ਤਜਰਬੇ ਨੇ ਬੜਾ ਕੁਝ ਸਿਖਾ ਤੇ ਸਮਝਾ ਦਿੱਤਾ ਹੈ।

ਹਰ ਚੁਣੌਤੀ ਦਾ ਮੁਕਾਬਲਾ ਕਰਦਿਆਂ ਅਤੇ ਹਰ ਮੁਹਿੰਮ ਨੂੰ ਫ਼ਤਿਹ ਕਰਦਿਆਂ ਮਾਂ ਆਣ ਮਿਲਦੀ ਹੈ ਪ੍ਰਸ਼ੰਸਕਾਂ ਦੇ ਮੂੰਹਾਂ 'ਤੇ ਮੁਸ ਮੁਸ ਕਰਦੀ, ਥਾਪੜੀ ਦੇਂਦੀ, ਸ਼ਾਬਾਸ਼ਿਓ-ਸ਼ਾਬਾਸ਼ੀ, ਜਸ਼ਨ ਮਨਾਂਦੀ ਅਤੇ ਹਰ ਆਲੋਚਕ ਦੇ ਸ਼ਬਦਾਂ ਵਿਚ ਭਾਪਾ ਜੀ ਦੇ ਬੋਲ ਆ ਰਲਦੇ ਹਨ, 'ਐਵੇਂ ਹੀ ਵਾਧੂ ਨੰਬਰ ਦੇਣ ਵਾਲੇ' ਪ੍ਰਸ਼ੰਸਕਾਂ ਤੋਂ ਖ਼ਬਰਦਾਰ ਕਰਦੇ ਤੇ ਮੈਨੂੰ ਹੋਰ ਚੰਗਾ-ਚੰਗੇਰਾ ਲਿਖਣ ਲਈ ਪ੍ਰੇਰਦੇ।

ਪਾਠਕਾਂ ਤੋਂ ਰੱਜ ਕੇ ਹੁੰਗਾਰਾ ਮਿਲਦਾ ਹੈ, ਹਰ ਰਚਨਾ ਅਤੇ ਪੁਸਤਕ ਦੇ ਪ੍ਰਕਾਸ਼ਿਤ ਹੋਣ 'ਤੇ, ਪਰ ਪ੍ਰਕਾਸ਼ਕ ਮੇਰਾ ਕਦੇ ਗੌਲਦਾ ਹੀ ਨਹੀਂ...।

ਮੇਰੀ 'ਖ਼ੁਸ਼ਬੂ' ਕਹਾਣੀ 'ਤੇ ਆਧਾਰਿਤ ਦੂਰਦਰਸ਼ਨ ਵੱਲੋਂ ਬਣੀ ਫ਼ਿਲਮ ਦਾ ਪ੍ਰੀਮੀਅਰ ਸੀ। ਪ੍ਰਕਾਸ਼ਕ ਨੂੰ ਉਚੇਚਾ ਸੱਦਾ ਦਿੱਤਾ ਗਿਆ, ਨਹੀਂ ਆਇਆ। ਫ਼ਿਲਮ ਦੀ ਸੀ.ਡੀ. ਦਿੱਤੀ, ਉਹ ਨਹੀਂ ਵੇਖ ਸਕਿਆ, ਉਸ ਦੱਸਿਆ ਸੀ।

ਰੇਡੀਓ, ਟੀ.ਵੀ. ਦੇ ਪ੍ਰੋਗਰਾਮਾਂ ਵਿਚ ਸ਼ਾਮਲ ਹੋਵਾਂ ਜਾਂ ਰਾਸ਼ਟਰੀ ਕਵੀ ਦਰਬਾਰਾਂ ਵਿਚ, ਸਨੇਹੀਆਂ-ਮਿੱਤਰਾਂ ਦਾ ਰੱਜ ਕੇ ਹੁੰਗਾਰਾ ਮਿਲਦਾ ਤੇ ਪ੍ਰਕਾਸ਼ਕ ਵਲੋਂ ਚੁੱਪ। ਹੋਰ ਤਾਂ ਹੋਰ, ਜੇ ਕਿਸੇ ਪੱਜ ਗਈ ਪ੍ਰਕਾਸ਼ਕ ਦੇ ਦਫ਼ਤਰ ਵਿਚ, ਉਸ ਨਾਲ ਗੱਲਾਂ ਕਰਦੀ ਹੋਵਾਂ ਤੇ ਪ੍ਰਵੇਸ਼ ਕਰਦਾ ਕੋਈ ਪਾਠਕ, ਲੇਖਕ ਜਾਂ ਜਾਣੂ ਸਾਹਿਤਕਾਰ ਮਿੱਤਰ ਮੇਰੀ ਕਿਸੇ ਨਵ-ਪ੍ਰਕਾਸ਼ਿਤ ਰਚਨਾ ਦੇ ਹਵਾਲੇ ਨਾਲ ਮੈਨੂੰ ਵਧਾਈ ਦੇਵੇ ਤਾਂ ਪ੍ਰਕਾਸ਼ਕ ਇੰਜ ਵਿਹਾਰ ਕਰਦਾ ਹੈ ਜਿਵੇਂ ਉਸ ਸੁਣਿਆ ਹੀ ਨਾ ਹੋਵੇ। ਉਹ ਆਪਣੀਆਂ ਫ਼ਾਈਲਾਂ ਵਿਚ ਰੁਝੇ ਹੋਣ ਦਾ ਪੂਰਾ ਨਾਟਕ ਕਰਦਾ ਹੈ। ਉਦੋਂ ਮੈਨੂੰ ਉਸ ਵਿਚ ਅਚਾਨਕ ਮੇਰੇ ਭਾਪਾ ਜੀ ਪ੍ਰਵੇਸ਼ ਕਰ ਗਏ ਜਾਪਦੇ ਹਨ, ਮੈਨੂੰ ਹੋਰ ਮਿਹਨਤ ਕਰਨ ਲਈ ਆਖਦੇ, ਹੋਰ ਚੰਗਾ ਤੇ ਚੰਗੇਰਾ ਲਿਖਣ ਲਈ ਪ੍ਰੇਰਦੇ, ਉਕਸਾਂਦੇ।

ਉਂਜ ਅੰਦਰੋ ਅੰਦਰ ਮੈਨੂੰ ਪ੍ਰਕਾਸ਼ਕ ਦੀ ਗੁੱਝੀ ਸਿਫ਼ਤ ਦਾ ਕਿਆਸ ਵੀ ਠੀਕ ਉਸੇ ਤਰ੍ਹਾਂ ਹੀ ਹੁੰਦਾ ਹੈ ਜਿਸ ਤਰ੍ਹਾਂ ਭਾਪਾ ਜੀ ਦੀ ਪੱਕੀ ਪੀਢੀ ਮੁਸਕੜੀ ਤੋਂ ਹੁੰਦਾ ਸੀ।

ਪਾਠਕ ਮੇਰੀ ਮਾਂ ਸਮਾਨ ਹਨ ਤੇ ਪ੍ਰਕਾਸ਼ਕ ਜਾਂ ਆਲੋਚਕ ਪਿਓ ਸਮਾਨ। ਮੈਂ ਦੋਹਾਂ ਹੀ ਧਿਰਾਂ ਦੀ ਬਰਾਬਰ ਸ਼ੁਕਰਗੁਜ਼ਾਰ ਹਾਂ। ਮੇਰੀ ਹੋਂਦ ਤੇ ਪਛਾਣ ਵਿਚ ਦੋਵੇਂ ਹੀ ਸ਼ਾਮਲ ਹਨ, ਨਾਲੋ-ਨਾਲ ਤੁਰਦੇ ਤੁਰਾਂਦੇ, ਡਿਗਦੇ-ਉਠਾਂਦੇ, ਹੌਂਸਲਾ ਉਤਸਾਹੁੰਦੇ। ਦੋਹਾਂ ਨੂੰ ਮੇਰਾ ਨਮਸਕਾਰ!

## ਕਵਿ-ਕਿਆਰੀ

### ਤੁਰਿਆ ਚੱਲ

ਤੁਰਿਆ ਚੱਲ ਤੁਰਿਆ ਚੱਲ,
ਤੁਰਿਆ ਚੱਲ ਤੁਰਿਆ ਚੱਲ।
ਬਿਖੜਾ ਪੰਧ ਬਹੁਤ ਹੈ ਤੇਰਾ,
ਦੂਰ ਬੜੀ ਭਾਵੇਂ ਮੰਜ਼ਿਲ।

ਰਸਤੇ ਵਿਚ ਅੰਗਿਆਰ ਬੜੇ ਨੇ,
ਰਸਤੇ ਵਿਚ ਮੱਕਾਰ ਬੜੇ ਨੇ,
ਤੀਰ ਅਤੇ ਤਲਵਾਰ ਬੜੇ ਨੇ,
ਫੜ ਕੇ ਖੜ੍ਹੇ ਗੱਦਾਰ ਬੜੇ ਨੇ,
ਦੇਖ ਕਿਤੇ ਘਬਰਾ ਨਾ ਜਾਵੀਂ,
ਲਾ ਦੇ ਆਪਣਾ ਸਾਰਾ ਬਲ।
ਤੁਰਿਆ ਚੱਲ...।

ਦਿਲ ਦੇ ਵਿਚ ਅਰਮਾਨ ਨੇ ਤੇਰੇ,
ਪੈਰਾਂ ਵਿਚ ਤੂਫਾਨ ਨੇ ਤੇਰੇ,
ਹੌਸਲੇ ਬੜੇ ਜਵਾਨ ਨੇ ਤੇਰੇ,
ਨਾਲ ਖੜ੍ਹੇ ਬੇਈਮਾਨ ਨੇ ਤੇਰੇ,
ਚਾਰ ਚੁਫੇਰੇ ਤੁਰੀਂ ਵੇਖ ਕੇ,
ਹਰ ਪਾਸੇ ਫਿਰਦੇ ਕਾਤਲ।
ਤੁਰਿਆ ਚੱਲ...।

ਆਪਣੀ ਸਾਰੀ ਹਿੰਮਤ ਲਾ ਦੇ,
ਸੁੱਤੇ ਹੋਏ ਲੋਕ ਜਗਾ ਦੇ,
ਨਸ਼ਿਆਂ ਦੇ ਦਰਿਆ ਸੁਕਾ ਦੇ,
ਝੁਗੀਆਂ ਦੇ ਵਿਚ ਦੀਪ ਜਗਾ ਦੇ,
ਜਰਦੇ ਭੁੱਕੀਆਂ ਚਰਸਾਂ ਅਫ਼ੀਮਾਂ,
ਸਭ ਨਸ਼ਿਆਂ ਨੂੰ ਪਾ ਦੇ ਠੱਲ੍ਹ।
ਤੁਰਿਆ ਚੱਲ...।

ਬੇਈਮਾਨਾਂ ਦੇ ਰਾਜ ਬਦਲ ਦੇ,
ਸਿਰਾਂ ਦੇ ਉਤੋਂ ਤਾਜ ਬਦਲ ਦੇ,
ਮੁਰਦਾ ਜਿਹੇ ਸਮਾਜ ਬਦਲ ਦੇ,
ਭੈੜੇ ਰਸਮ ਰਿਵਾਜ ਬਦਲ ਦੇ,
ਸੱਚ ਦੀ ਪਾਣ ਚੜ੍ਹੀ ਜਦ ਸਭ ਨੂੰ,
ਤਾਂ ਹੋਣੇ ਨੇ ਮਸਲੇ ਹੱਲ।
ਤੁਰਿਆ ਚੱਲ...।

ਜਾਗ ਨੀਂਦ ਤੋਂ ਸੁੱਤਿਆ ਸ਼ੇਰਾ,
ਲੁੱਟਿਆ ਗਿਆ ਪੰਜਾਬ ਹੈ ਤੇਰਾ,
ਨਸ਼ਿਆਂ ਦਾ ਹੁਣ ਤੋੜ ਦੇ ਘੇਰਾ,
ਵਾਪਸ ਲੈ ਆ ਨਵਾਂ ਸਵੇਰਾ,
ਗਰਜ ਤੇਰੀ ਨਾਲ ਧਰਤੀ ਹਿੱਲੇ,
ਹਰ ਪਾਸੇ ਮੱਚ ਜਾਏ ਹਲਚਲ।
ਤੁਰਿਆ ਚੱਲ...।

ਮਾਨਵਤਾ ਦੀ ਪਰੀਤ ਤੂੰ ਬਣ ਜਾ,
ਕੁਦਰਤ ਦਾ ਸੰਗੀਤ ਤੂੰ ਬਣ ਜਾ,
ਹਰ ਥਾਂ ਗੂੰਜੇ ਗੀਤ ਤੂੰ ਬਣ ਜਾ,
ਅੱਗੇ ਵਧ 'ਸੁਰਜੀਤ' ਤੂੰ ਬਣ ਜਾ,
ਭਗਤ ਸਿੰਘ ਤੇ ਊਧਮ ਸਿੰਘ ਬਣ ਕੇ,
ਪਾ ਦੇ ਦੁਨੀਆਂ ਵਿਚ ਤਰਥੱਲ,
ਤੁਰਿਆ ਚੱਲ ਤੁਰਿਆ ਚੱਲ,
ਤੁਰਿਆ ਚੱਲ ਤੁਰਿਆ ਚੱਲ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*

---

### ਇੱਕ ਗ੍ਰੰਥ-ਇੱਕ ਪੰਥ

ਇੱਕੋ ਗੁਰੂ ਗ੍ਰੰਥ ਹੈ ਸਾਡਾ।
ਉਸ ਅਨੁਸਾਰੀ ਪੰਥ ਹੈ ਸਾਡਾ।
ਸਾਡੀ ਰਹਿਤ ਮਰਿਆਦਾ ਇੱਕ ਹੈ।
ਗੁਰੂ ਗ੍ਰੰਥ ਦੇ ਸ਼ਬਦਾਂ ਵਿਚ ਹੈ।
ਗੁਰੂ ਗ੍ਰੰਥ ਤੋਂ ਬਾਹਰ ਨਾ ਜਾਈਏ।
ਹੋਰ ਗ੍ਰੰਥ ਨਾ ਵਿਚ ਰਲਾਈਏ।
ਗੁਰੂ ਗ੍ਰੰਥ ਦੇ ਪਾਠ ਪਿਆਰੇ।
ਸਾਡੇ ਲਈ ਨੇ ਸਿੱਖਿਆ ਸਾਰੇ।

ਗੁਰਬਾਣੀ ਦੇ ਸਭ ਉਪਦੇਸ਼।
ਜੀਵਨ ਲਈ ਸੱਚਾ ਸੰਦੇਸ਼।
ਗੁਰਬਾਣੀ ਦੇ ਜੋ ਸਿਧਾਂਤ।
ਸਾਡੇ ਲਈ ਨੇ ਜੀਵਨ ਜਾਚ।
ਗੁਰ ਹੀ ਨਿੱਤਨੇਮ ਹੈ ਮੇਰਾ।
ਗੁਰ ਹੀ ਮੇਰਾ ਪੰਧ ਦਸੇਰਾ।
ਗੁਰਬਾਣੀ ਨਾ ਮੰਤਰ ਜਾਣੋ।
ਹਰ ਸਿੱਖਿਆ ਜੀਅ ਕੇ ਮਾਣੋ।
ਸਮਝ ਸਮਝ ਗੁਰਬਾਣੀ ਗਾਈਏ।
ਤੋਤੇ ਵਾਂਗ ਨਾ ਰੱਟੇ ਲਾਈਏ।
ਜਦ ਸ਼ਬਦਾਂ ਦੇ ਅਰਥ ਵਿਚਾਰੋ।
ਭਾਵ ਅਰਥ ਵੀ ਨਾਲ ਚਿਤਾਰੋ।

ਜੇਕਰ ਅਰਥ ਸਮਝ ਨਾ ਪਾਈਏ।
ਸੰਗਤ ਨਾਲ ਵਿਚਾਰ ਚਲਾਈਏ।
ਜਿੰਨੀ ਸਮਝ 'ਚ ਆਈ ਜਾਵੇ।
ਜੀਵਨ ਵਿਚ ਅਪਨਾਈ ਜਾਵੇ।
ਸੁਣਦੇ ਜਾਈਏ, ਪੜ੍ਹਦੇ ਜਾਈਏ।
ਪੜ੍ਹ-ਸੁਣ ਧਾਰਨ ਕਰਦੇ ਜਾਈਏ।
ਗੁਰੂ ਗ੍ਰੰਥ ਵਿਚ ਨਾਨਕ ਹੱਸਦਾ।
ਸ਼ਬਦਾਂ ਅੰਦਰ ਓਹ ਹੀ ਵਸਦਾ।

ਗੁਰੂ ਗ੍ਰੰਥ ਤਾਂ ਗੁਰੂ ਹੈ ਪੂਰਾ।
ਕਦੇ ਨਾ ਸਮਝੋ ਕਿਤੋਂ ਅਧੂਰਾ।
ਪੂਰੇ ਗੁਰ ਕੀ ਪੂਰੀ ਦੀਖਿਆ।
ਦੇਖੀ ਕਹਿਣ ਅਧੂਰੀ ਦੀਖਿਆ।
ਗੁਰੂ ਗ੍ਰੰਥ ਵਿਚ ਏਕਾ ਬਾਣੀ।
ਆਪੇ ਗੁਰੂ ਸਥਾਪਤ ਜਾਣੀ।
ਬਾਣੀ ਧੁਰ ਤੋਂ ਗੱਦੀ ਪਾਈ।
ਬਣ ਕੇ ਸਭ ਦਾ ਗੁਰੂ ਸਥਾਈ।


ਗੁਰੂ ਗ੍ਰੰਥ ਸਮਰੱਥ ਗੁਰੂ ਹੈ।
ਗੁਰ ਸ਼ਬਦਾਂ ਦੀ ਮੱਤ ਗੁਰੂ ਹੈ।
ਗੁਰੂ ਗ੍ਰੰਥ ਵਿਚ ਬਾਣੀ ਗੁਰ ਹੈ।
ਇਸ ਬਾਣੀ ਦਾ ਸੋਮਾ ਧੁਰ ਹੈ।
ਧੁਰ ਤੋਂ ਗਿਆਨ ਗੁਰੂ ਹੈ ਬਣਿਆ।
ਬ੍ਰਹਿਮੰਡੀ ਨਿਯਮਾਂ ਦਾ ਜਣਿਆ।
ਜੋਤ ਗੁਰੂ ਦੀ ਗਿਆਨ ਗੁਰੂ ਦਾ।
ਇੱਕੋ ਗਿਆਨ ਪੈਗਾਮ ਗੁਰੂ ਦਾ।
ਸੱਚਾ ਗਿਆਨ ਗੁਰਬਾਣੀ ਸਾਡੀ।
ਇੱਕ ਹੀ ਜੋਤ ਕਹਾਣੀ ਸਾਡੀ।
ਏਕੋ ਹੈ ਭਾਈ ਏਕੋ ਹੈ।
ਸਾਹਿਬੁ ਮੇਰਾ ਏਕੋ ਹੈ।

*-ਡਾ ਗੁਰਮੀਤ ਸਿੰਘ ਬਰਸਾਲ*
*ਕੈਲੀਫੋਰਨੀਆ।*

## ਜੰਗਲਨਾਮਾ-3

**ਬਸਤਰ ਦੇ ਜੰਗਲਾਂ ਵਿਚ**

ਸਤਨਾਮ



### ਤੁਸੀਂ ਪੜ੍ਹ ਚੁੱਕੇ ਹੋ...

*ਗਾਈਡ ਦੀ ਮਦਦ ਨਾਲ ਲੇਖਕ ਤੇ ਉਸ ਦੇ ਸਾਥੀ ਜੰਗਲ ਵੱਲ ਵਧਣਾ ਅਰੰਭ ਕਰਦੇ ਹਨ। ਸਫਰ ਰਾਤ ਦਾ ਹੈ, ਜੰਗਲ ਵਿਚ ਗੁਆਚਣ ਦਾ ਖਦਸ਼ਾ ਵੀ ਹੈ, ਪਰ ਉਹ ਸਾਰੀ ਰਾਤ ਪੈਰਾਂ ਥਾਣੀਂ ਲੰਘਾ ਕੇ ਆਪਣੇ ਪਹਿਲੇ ਪੜਾਅ 'ਤੇ ਅੱਪੜ ਜਾਂਦੇ ਹਨ। ਇਸ ਤੋਂ ਬਾਅਦ ਐਤਕੀਂ ਕੈਂਪ ਦੇ ਅੰਦਰ ਦਾ ਬਿਰਤਾਂਤ ਖਿੱਚਿਆ ਗਿਆ ਹੈ...*

# ਗੁਰੀਲਾ ਕੈਂਪ ਅੰਦਰ

*'ਜੰਗਲਨਾਮਾ' ਉਨ੍ਹਾਂ ਜੰਗਲਾਂ ਦਾ ਬਿਰਤਾਂਤ ਦੱਸਦਾ ਹੈ ਜਿਥੇ ਮਾਓਵਾਦੀ ਆਪਣਾ ਸਿੱਕਾ ਚਲਾ ਰਹੇ ਹਨ। ਇਸ ਰਚਨਾ ਵਿਚ ਮਰਹੂਮ ਸਤਨਾਮ (ਅਸਲ ਨਾਂ ਗੁਰਮੀਤ) ਨੇ ਉਨ੍ਹਾਂ ਲੋਕਾਂ, ਉਨ੍ਹਾਂ ਦੇ ਫਿਕਰਾਂ ਅਤੇ ਉਨ੍ਹਾਂ ਦੇ ਜੁਝਾਰੂ ਜੀਵਨ ਬਾਰੇ ਲੰਮੀ ਬਾਤ ਸੁਣਾਈ ਹੈ। ਇਹ ਬਾਤ ਇਸ ਕਰ ਕੇ ਵਧੇਰੇ ਦਿਲਚਸਪ ਹੋ ਨਿਬੜੀ ਹੈ ਕਿਉਂਕਿ ਪਾਠਕ ਨੂੰ ਇਸ ਵਿਚੋਂ ਵਾਰ-ਵਾਰ ਆਪਣੇ ਹੀ ਜੀਵਨ ਦੇ ਝਲਕਾਰੇ ਦਿਸਦੇ ਹਨ। ਇਹ ਬਾਤ ਸੁਣਾਉਂਦਿਆਂ ਸਤਨਾਮ ਦੀ ਬਿਰਤਾਂਤ-ਜੁਗਤ ਕਮਾਲ ਦੀ ਹੈ। ਇਸ ਬਿਰਤਾਂਤ ਵਿਚੋਂ ਮਾਓਵਾਦੀਆਂ ਦੇ ਘੋਲ ਦੀ ਝਲਕ ਤਾਂ ਮਿਲਦੀ ਹੀ ਹੈ, ਸਾਹਿਤਕ ਪੱਖ ਤੋਂ ਬਹੁਤ ਥਾਈਂ ਰੂਸੀ ਕਲਾਸਿਕ ਰਚਨਾਵਾਂ ਦੇ ਝਉਲੇ ਪੈਂਦੇ ਹਨ। ਪੰਜਾਬੀ ਵਿਚ ਅਜਿਹੀ ਅਨੂਠੀ ਰਚਨਾ ਘੱਟ ਹੀ ਨਜ਼ਰੀਂ ਪੈਂਦੀ ਹੈ। -ਸੰਪਾਦਕ*

ਸਵੇਰ ਦੀ ਸੀਟੀ ਵੱਜਣ ਨਾਲ ਜਦ ਮੇਰੀ ਨੀਂਦ ਉਖੜੀ ਤਾਂ ਬਾਹਰ ਅਜੇ ਹਨੇਰਾ ਹੀ ਸੀ। ਸੋਚਿਆ ਕਿ ਪੰਜ ਮਿੰਟ ਹੋਰ ਸੌਂ ਲਵਾਂਗਾ। ਮੈਂ ਅਜੇ ਅੱਖਾਂ ਬੰਦ ਕੀਤੀਆਂ ਹੀ ਸਨ ਕਿ ਕਿਸੇ ਨੇ ਮੈਨੂੰ ਬਾਂਹ ਤੋਂ ਝੰਜੋੜ ਦਿੱਤਾ।

"ਬਾਹਰ, ਸਾਢੇ ਛੇ ਰੋਲ-ਕਾਲ।" ਇਕ ਤਿਆਰ-ਬਰ-ਤਿਆਰ ਖੜ੍ਹਾ ਗੁਰੀਲਾ ਮੈਨੂੰ ਉਠਾ ਰਿਹਾ ਸੀ। ਉਸ ਨੇ ਆਪਣੀ ਛਾਤੀ ਉਤੇ ਹੱਥ ਰੱਖਿਆ ਤੇ ਬੋਲਿਆ, "ਗਾਰਡ।" ਬਾਅਦ ਦੇ ਦਿਨਾਂ 'ਚ ਮੈਂ ਸਮਝ ਗਿਆ ਕਿ ਗਾਰਡ ਕੀ ਹੁੰਦਾ ਹੈ। ਉਹਨੇ ਮੈਨੂੰ ਅੱਖਾਂ ਤੋਂ ਉਹਲੇ ਨਹੀਂ ਸੀ ਹੋਣ ਦੇਣਾ ਤੇ ਪਰਛਾਵੇਂ ਵਾਂਗ ਮੇਰੇ ਨਾਲ ਹੀ ਰਹਿਣਾ ਸੀ। ਜਦ ਮੈਂ ਉਸ ਨੂੰ ਵਕਤ ਪੁੱਛਿਆ ਤਾਂ ਉਹ ਚੁੱਪ ਰਿਹਾ। ਮੈਂ ਆਪਣੇ ਗੁੱਟ ਵੱਲ ਇਸ਼ਾਰਾ ਕਰ ਕੇ ਫਿਰ ਪੁੱਛਿਆ ਤਾਂ ਉਸ ਨੇ ਇਸ ਤਰ੍ਹਾਂ ਸਿਰ ਹਿਲਾਇਆ ਕਿ ਮੈਂ ਸਮਝ ਗਿਆ ਕਿ ਉਸ ਕੋਲ ਘੜੀ ਨਹੀਂ ਹੈ। ਉਸ ਦੇ ਨਾ ਬੋਲਣ ਕਾਰਨ ਮੈਂ ਉਸ ਨੂੰ ਪੁੱਛਿਆ, "ਗੌਂਡੀ?" ਤਾਂ ਉਹਨੇ ਹਾਂ ਵਿਚ ਸਿਰ ਹਿਲਾਇਆ। ਹਾਂ ਅਤੇ ਨਾਂਹ ਕਹਿਣ ਵਾਸਤੇ ਸ਼ਾਇਦ ਦੁਨੀਆਂ ਭਰ ਵਿਚ ਹੀ ਕਿਸੇ ਜ਼ੁਬਾਨ ਦੀ ਜ਼ਰੂਰਤ ਨਹੀਂ ਪੈਂਦੀ।

ਰੋਲ-ਕਾਲ ਦੇ ਵਕਤ ਕੋਈ ਪੰਜਤਾਲੀ ਜਣੇ ਲਾਈਨਾਂ ਵਿਚ ਖੜ੍ਹੇ ਸਨ। ਇਨ੍ਹਾਂ ਵਿਚ 15 ਕੁ ਔਰਤਾਂ ਸਨ। ਹਰ ਕਿਸੇ ਦਾ ਹਥਿਆਰ ਉਸ ਦੇ ਮੋਢੇ ਉਤੇ ਸੀ। ਲਾਈਨ ਵਿਚ ਮੇਰਾ ਖੜ੍ਹੇ ਹੋਣਾ ਜ਼ਾਬਤੇ ਦਾ ਹਿੱਸਾ ਸੀ। ਮੇਰਾ ਗਾਰਡ ਮੇਰੇ ਪਿਛਲੇ ਨੰਬਰ ਉਤੇ ਖੜ੍ਹਾ ਹੋ ਗਿਆ। ਪਹਿਲਾਂ ਇਕ ਲਾਈਨ ਵਿਚੋਂ ਆਵਾਜ਼ ਸ਼ੁਰੂ ਹੋਈ ਇਕ-ਦੋ-ਤਿੰਨ-ਚਾਰ ਤੇ ਫਿਰ ਗਿਣਤੀ ਵੀਹ ਤੱਕ ਚੱਲਦੀ ਗਈ। ਵੀਹ ਤੋਂ ਬਾਅਦ ਫਿਰ ਨੰਬਰ ਇਕ ਸ਼ੁਰੂ ਹੋਇਆ ਅਤੇ ਵੀਹ ਉਤੇ ਜਾ ਕੇ ਖਤਮ ਹੋ ਗਿਆ। ਇਹ ਅਜੀਬ ਤਜਰਬਾ ਸੀ ਮੇਰੇ ਲਈ। ਰੋਲ-ਕਾਲ ਤੋਂ ਬਾਅਦ ਕਸਰਤ ਮੈਦਾਨ ਵੱਲ ਜਾਂਦੇ ਹੋਏ ਇਕ ਜਣੇ ਤੋਂ ਮੈਂ ਪੁੱਛਿਆ ਕਿ ਅਜਿਹਾ ਕਿਉਂ ਕੀਤਾ ਗਿਆ? ਉਸ ਨੇ ਦੱਸਿਆ ਕਿ ਇਥੇ ਮੌਜੂਦ ਗੌਂਡ ਲੜਕੇ-ਲੜਕੀਆਂ ਵੀਹ ਤੋਂ ਅਗਾਂਹ ਦੀ ਗਿਣਤੀ ਭੁੱਲ ਜਾਂਦੇ ਹਨ, ਸੋ ਵੀਹ ਤੋਂ ਬਾਅਦ ਫਿਰ ਇਕ ਤੋਂ ਸ਼ੁਰੂ ਕਰ ਦਿੱਤਾ ਜਾਂਦਾ ਹੈ। ਬਾਅਦ ਵਿਚ ਇਸ ਨੂੰ ਮੈਂ ਅਸੂਲ ਵਾਂਗ ਸਾਰੇ ਦਸਤਿਆਂ ਵਿਚ ਦੁਹਰਾਏ ਜਾਂਦੇ ਵੇਖਿਆ। ਵੀਹ ਵੀਹ ਦੀਆਂ ਰਕਮਾਂ ਜੋੜਨ ਦਾ ਕੰਮ ਖੇਮੇ ਦੇ ਕਮਾਂਡਰ ਦਾ ਸੀ। ਉਹ ਦਸ ਦਿੰਦਾ ਕਿ ਕਿੰਨੇ ਹਾਜ਼ਰ ਹਨ, ਕਿੰਨੇ ਬਿਮਾਰ ਹਨ, ਕਿੰਨੇ ਪਹਿਰੇਦਾਰੀ ਦੀ ਡਿਊਟੀ 'ਤੇ ਹਨ ਅਤੇ ਕਿੰਨੇ ਅਜੇ ਜੰਗਲ-ਪਾਣੀ ਤੋਂ ਹੀ ਨਹੀਂ ਮੁੜੇ। ਜੰਗਲ-ਪਾਣੀ ਤੋਂ ਮੁੜਨ ਵਾਲਿਆਂ ਦਾ ਥੋੜ੍ਹੀ ਦੇਰ ਇੰਤਜ਼ਾਰ ਕੀਤਾ ਜਾਂਦਾ ਹੈ ਅਤੇ ਕਿਸੇ ਦੇ ਨਾ ਮੁੜਨ ਉਤੇ ਉਸ ਵਾਸਤੇ ਖੋਜ ਟੀਮ ਭੇਜ ਦਿੱਤੀ ਜਾਂਦੀ ਹੈ।

ਜੰਗਲ ਵਿਚ ਗੁੰਮ ਜਾਣ ਦਾ ਡਰ ਹਮੇਸ਼ਾ ਰਹਿੰਦਾ ਹੈ। ਲੀਹਾਂ ਥਾਂ ਥਾਂ ਉਤੇ ਬਣੀਆਂ ਮਹਿਸੂਸ ਹੁੰਦੀਆਂ ਹਨ ਅਤੇ ਸਾਰਾ ਆਲਾ ਦੁਆਲਾ ਇਕੋ ਜਿਹਾ ਪ੍ਰਤੀਤ ਹੁੰਦਾ ਹੈ। ਧਰਤੀ-ਚਿੰਨਾਂ (ਲੈਂਡ ਮਾਰਕ) ਨੂੰ ਪਛਾਨਣਾ ਸਿੱਖਣ ਲਈ ਲੰਬੇ ਤਜਰਬੇ ਵਿਚੋਂ ਲੰਘਣਾ ਪੈਂਦਾ ਹੈ। ਜੰਗਲਵਾਸੀ ਇਸ ਨੂੰ ਛੋਟੀ ਉਮਰ ਤੋਂ ਹੀ ਸਿੱਖ ਜਾਂਦੇ ਹਨ ਪਰ ਜੰਗਲ ਦਾ ਢੰਗ ਹੀ ਕੁਝ ਅਜਿਹਾ ਹੈ ਕਿ ਕਦੇ ਉਹ ਵੀ ਮਾਰ ਖਾ ਜਾਂਦੇ ਹਨ ਅਤੇ ਰਸਤੇ ਭੁੱਲ ਜਾਂਦੇ ਹਨ।

"ਕਸਰਤ ਕਰੋਗੇ?" ਇਕ ਉਚੇ ਲੰਬੇ ਜਵਾਨ ਨੇ ਮੈਨੂੰ ਪੁੱਛਿਆ। ਉਸ ਨੇ ਆਪਣੀ ਐਸ.ਐਲ.ਆਰ. ਇਕ ਰੁੱਖ ਦੇ ਤਣੇ ਨਾਲ ਟਿਕਾਈ ਤੇ ਗਰਮ ਹੋਣ ਲਈ ਲੱਤਾਂ ਬਾਹਵਾਂ ਹਿਲਾਉਣ ਲੱਗਾ। ਜਲਦੀ ਹੀ ਉਹ ਟਰੈਕ ਵਿਚ ਦੌੜਨ ਲੱਗਾ। ਟਰੈਕ ਵਿਚ ਪਹਿਲਾਂ ਹੀ ਕਈ ਜਣੇ ਦੌੜ ਲਗਾ ਰਹੇ ਸਨ। ਮੈਂ ਚੁਫੇਰੇ ਨਜ਼ਰ ਦੌੜਾਈ। ਥਾਂ ਥਾਂ ਉਤੇ ਰਾਈਫਲਾਂ ਦਰੱਖਤਾਂ ਨਾਲ ਟਿਕੀਆਂ ਹੋਈਆਂ ਸਨ। ਇਕ ਵਿਛੇ ਹੋਏ ਦਰੱਖਤ ਉਪਰ ਟਰਾਂਜਿਸਟਰ ਪਿਆ ਸੀ ਜਿਸ ਵਿਚੋਂ ਬੀ.ਬੀ.ਸੀ. ਤੋਂ ਖਬਰਾਂ ਆ ਰਹੀਆਂ ਸਨ। ਦੋ ਤਿੰਨ ਜਣੇ ਮੈਦਾਨ ਤੋਂ ਬਾਹਰ ਖੜ੍ਹੇ ਗੱਲਾਂ ਕਰ ਰਹੇ ਸਨ।

"ਤੁਸੀਂ ਸ਼ਾਮਲ ਨਹੀਂ ਹੋਏ?" ਮੈਂ ਉਨ੍ਹਾਂ ਤੋਂ ਪੁੱਛਿਆ।

ਇਕ ਨੇ ਲੱਕ ਉਤੇ ਹੱਥ ਲਗਾ ਕੇ ਕਿਹਾ, "ਲੱਕ ਦਰਦ ਹੈ।" ਦੂਸਰਿਆਂ ਦੇ ਵੀ ਆਪਣੇ ਆਪਣੇ ਕਾਰਨ ਸਨ। ਇਕ ਜਣਾ ਮੇਰੇ ਹੀ ਤੰਬੂ ਦਾ ਮਲੇਰੀਏ ਦਾ ਭੰਨਿਆ ਮਰੀਜ਼ ਸੀ। ਦੂਸਰਾ ਅਜੇ ਹਫਤਾ ਪੁਰਾਣੇ ਬੁਖ਼ਾਰ ਤੋਂ ਪਿੱਛਾ ਨਹੀਂ ਸੀ ਛੁੜਾ ਪਾਇਆ। ਸੋ, ਉਨ੍ਹਾਂ ਨੂੰ ਅਣਮੰਗੀ ਛੋਟ ਸੀ। ਬਿਮਾਰ ਆਦਮੀ ਜਦ ਵੀ ਤੰਦਰੁਸਤ ਹੋਵੇਗਾ ਉਹ ਖੁਦ-ਬ-ਖੁਦ ਹੀ ਕਸਰਤ ਮੈਦਾਨ ਵਿਚ ਪਹੁੰਚ ਜਾਵੇਗਾ।

ਵਾਰਮ-ਅੱਪ ਹੋਣ ਵਾਲਿਆਂ ਦੀ ਲਾਈਨ ਟਰੈਕ ਵਿਚ ਲੰਬੀ ਹੁੰਦੀ ਗਈ। ਦੋ ਚੱਕਰਾਂ ਤੋਂ ਬਾਅਦ ਤੇਜ਼ ਦੌੜ, ਡੱਡੂ ਛੜੱਪਾ, ਪੁੱਠੀ ਦੌੜ ਆਦਿ ਦਾ ਦੌਰ ਸ਼ੁਰੂ ਹੋਇਆ। ਜਿਹੜਾ ਡਿੱਗ ਪੈਂਦਾ, ਉਹ ਫਿਰ ਉਠ ਪੈਂਦਾ ਤੇ ਮੁੜ ਤੋਂ ਸ਼ਾਮਲ ਹੋ ਜਾਂਦਾ ਜਾਂ ਬਾਹਰ ਹੋ ਜਾਂਦਾ। ਕੁਝ ਜਾਗਿੰਗ ਕਰਨ ਲੱਗ ਪੈਂਦੇ।

ਟਰੈਕ 'ਚ ਮੁੰਡੇ-ਕੁੜੀਆਂ ਸਾਰੇ ਇਕੱਠੇ ਸਨ। ਜਿਹੜਾ ਜਿਸ ਘੜੀ ਜਿਥੋਂ ਟਰੈਕ ਵਿਚ ਸ਼ਾਮਲ ਹੋ ਜਾਂਦਾ, ਉਥੇ ਹੀ ਉਸ ਦਾ ਸਥਾਨ ਬਣ ਜਾਂਦਾ। ਦੌੜ ਤੋਂ ਬਾਅਦ ਅਲੱਗ-ਅਲੱਗ ਟੀਮਾਂ ਬਣ ਗਈਆਂ। ਕੋਈ ਰੁਕਾਵਟ ਦੌੜ ਵਾਲੇ ਟਰੈਕ ਵਿਚ ਚਲਾ ਗਿਆ, ਕੋਈ ਭਾਰ ਚੁੱਕਣ ਵੱਲ ਹੋ ਪਿਆ, ਕਿਸੇ ਨੇ ਮੁਗਦਰ ਨੂੰ ਹੱਥ ਪਾ ਲਿਆ ਅਤੇ ਕੋਈ ਜਿਮਨਾਸਟਿਕ ਸੈਕਸ਼ਨ ਵਿਚ ਪਹੁੰਚ ਗਿਆ। ਉਚੀ ਛਾਲ, ਲੰਬੀ ਛਾਲ, ਡੰਡ-ਬੈਠਕਾਂ, ਪੋਲ ਵਾਲਟ, ਦੀਵਾਰ ਟੱਪਣ ਅਤੇ ਹੋਰ ਜਿੰਨੀ ਵੀ ਤਰ੍ਹਾਂ ਦੀਆਂ ਕਸਰਤਾਂ ਜੰਗਲ ਵਿਚਲੇ ਉਸ ਛੋਟੇ ਜਿਹੇ ਮੈਦਾਨ ਵਿਚ ਹੋ ਸਕਦੀਆਂ ਸਨ, ਉਨ੍ਹਾਂ ਕੀਤੀਆਂ। ਇਹ ਮੈਦਾਨ ਪਹਾੜੀਆਂ ਨਾਲ ਘਿਰਿਆ ਹੋਇਆ ਸੀ ਅਤੇ ਦਰੱਖਤਾਂ ਨੂੰ ਸਾਫ਼ ਕਰ ਕੇ ਬਣਾਇਆ ਗਿਆ ਸੀ। ਵੱਖ ਵੱਖ ਆਕਾਰਾਂ ਦੇ ਮੁਗਦਰ ਤੇ ਭਾਰ, ਤਣਿਆਂ ਨੂੰ ਤਰਾਸ਼ ਕੇ ਬਣਾਏ ਹੋਏ ਸਨ। ਪੋਲ ਵਾਲਟ ਲਈ ਵੰਝ ਬਣਾਉਣ ਵਾਸਤੇ ਬਾਂਸ ਦੀ ਉਥੇ ਕੋਈ ਕਮੀ ਨਹੀਂ ਹੈ। ਇਸੇ ਤਰ੍ਹਾਂ ਹਰਡਲ



*ਇਕ ਲਾਈਨ ਵਿਚੋਂ ਆਵਾਜ਼ ਸ਼ੁਰੂ ਹੋਈ-ਇਕ-ਦੋ-ਤਿੰਨ-ਚਾਰ ਤੇ ਫਿਰ ਗਿਣਤੀ ਵੀਹ ਤੱਕ ਚੱਲਦੀ ਗਈ। ਵੀਹ ਤੋਂ ਬਾਅਦ ਫਿਰ ਨੰਬਰ ਇੱਕ ਸ਼ੁਰੂ ਹੋਇਆ ਅਤੇ ਵੀਹ ਉਤੇ ਜਾ ਕੇ ਖ਼ਤਮ ਹੋ ਗਿਆ। ਇਹ ਅਜੀਬ ਤਜਰਬਾ ਸੀ ਮੇਰੇ ਲਈ। ਰੋਲ-ਕਾਲ ਤੋਂ ਬਾਅਦ ਕਸਰਤ ਮੈਦਾਨ ਵੱਲ ਜਾਂਦੇ ਹੋਏ ਇਕ ਜਣੇ ਤੋਂ ਮੈਂ ਪੁੱਛਿਆ ਕਿ ਅਜਿਹਾ ਕਿਉਂ ਕੀਤਾ ਗਿਆ। ਉਸ ਨੇ ਦੱਸਿਆ ਕਿ ਇਥੇ ਮੌਜੂਦ ਗੌਂਡ ਲੜਕੇ ਲੜਕੀਆਂ ਵੀਹ ਤੋਂ ਅਗਾਂਹ ਦੀ ਗਿਣਤੀ ਭੁੱਲ ਜਾਂਦੇ ਹਨ, ਸੋ ਵੀਹ ਤੋਂ ਬਾਅਦ ਫਿਰ ਇਕ ਤੋਂ ਸ਼ੁਰੂ ਕਰ ਦਿੱਤਾ ਜਾਂਦਾ ਹੈ। ਬਾਅਦ ਵਿਚ ਇਸ ਨੂੰ ਮੈਂ ਅਸੂਲ ਵਾਂਗ ਸਾਰੇ ਦਸਤਿਆਂ ਵਿਚ ਦੁਹਰਾਏ ਜਾਂਦੇ ਵੇਖਿਆ।*

ਦੌੜ ਲਈ ਰੁਕਾਵਟਾਂ ਅਤੇ ਜਿਮਨਾਸਟਿਕ ਵਾਸਤੇ ਸਟੈਂਡਾਂ ਦਾ ਦੇਸੀ ਜੁਗਾੜ ਉਸ ਕਸਰਤ-ਮੈਦਾਨ ਦੀ ਖ਼ਾਸੀਅਤ ਸਨ। ਟਾਹਣ ਅਤੇ ਬਾਂਸ ਗੱਡ ਕੇ ਇਕ ਛੋਟੇ ਕਿਲ੍ਹੇ ਜਾਂ ਗੜ੍ਹੀ ਦਾ ਢਾਂਚਾ ਵੀ ਖੜ੍ਹਾ ਕੀਤਾ ਹੋਇਆ ਸੀ ਤਾਂ ਕਿ ਅਜਿਹੇ ਮੋਰਚੇ ਨੂੰ ਭੰਨਣ ਵਾਸਤੇ ਕਵਾਇਦ ਹੋ ਸਕੇ।

ਜਦ ਤਕ ਉਹ ਕੈਂਪ ਵਿਚ ਰਹਿਣਗੇ, ਸਵੇਰ ਦਾ ਡੇਢ ਘੰਟੇ ਦਾ ਸਮਾਂ ਨੇਮ ਨਾਲ ਕਸਰਤ ਦਾ ਸਮਾਂ ਰਹੇਗਾ। ਥੱਕਣ ਵਾਲਾ ਆਪਣਾ ਸੈਕਸ਼ਨ ਬਦਲ ਲਵੇਗਾ ਅਤੇ ਕਸਰਤ ਦੇ ਕਿਸੇ ਹਲਕੇ-ਫੁਲਕੇ ਰੂਪ ਨੂੰ ਅਪਨਾ ਲਵੇਗਾ। ਜਿਹੜਾ ਜ਼ਿਆਦਾ ਥੱਕ ਜਾਵੇਗਾ, ਉਹ ਆਪਣੀ ਬੰਦੂਕ ਉਠਾਏਗਾ ਅਤੇ ਕਸਰਤ-ਮੈਦਾਨ ਦੇ ਬਾਹਰ ਵਾਲੇ ਹਿੱਸੇ ਵਿਚ ਚਹਿਲਕਦਮੀ ਕਰਨ ਲੱਗੇਗਾ। ਬੰਧੇਜ ਭਾਵੇਂ ਕੋਈ ਨਹੀਂ ਹੈ, ਫਿਰ ਵੀ ਹਰ ਕੋਈ ਓਨਾ ਸਮਾਂ ਉਥੇ ਹੀ ਰਹਿਣ ਨੂੰ ਤਰਜੀਹ ਦਿੰਦਾ ਹੈ। ਜੇ ਤੁਸੀਂ ਕਸਰਤ ਕਰਨ ਵਾਲਿਆਂ ਵਿਚ ਸ਼ਾਮਲ ਨਹੀਂ ਹੋ, ਤਾਂ ਵੀ ਤੁਸੀਂ ਦੂਸਰਿਆਂ ਨੂੰ ਕਸਰਤ ਕਰਦਿਆਂ ਦੇਖਣਾ ਚਾਹੁੰਦੇ ਹੋ। ਇਹ ਸਵੇਰ ਦਾ ਖੁੱਲ੍ਹਾ-ਡੁੱਲ੍ਹਾ, ਸਿਹਤਮੰਦ ਤੇ ਕੁਦਰਤੀ ਮਾਹੌਲ ਹੈ ਜੋ ਤੁਹਾਨੂੰ ਸੁਖਾਵਾਂ ਬਣਾਉਂਦਾ ਹੈ ਤੇ ਖ਼ੁਸ਼ ਰੱਖਦਾ ਹੈ।

ਅੱਠ ਵਜੇ ਰਸੋਈ ਘਰ ਤੋਂ ਸੀਟੀ ਦੀ ਆਵਾਜ਼ ਆਉਂਦੀ ਹੈ ਜਿਹੜੀ ਸਭ ਨੂੰ ਚਾਹ ਤੇ ਨਾਸ਼ਤੇ ਵਾਸਤੇ ਬੁਲਾਵਾ ਦਿੰਦੀ ਹੈ। ਸੀਟੀ ਵੱਜਣ 'ਤੇ ਹਰ ਕਿਸੇ ਨੇ ਆਪਣੇ ਆਪਣੇ ਤੰਬੂ ਦਾ ਰੁਖ ਕੀਤਾ, ਗਲਾਸ ਤੇ ਥਾਲੀ ਉਠਾਏ ਅਤੇ ਲੰਗਰ ਵੱਲ ਹੋ ਤੁਰਿਆ। ਕਸਰਤ-ਮੈਦਾਨ ਛੱਡਣ ਤੋਂ ਪਹਿਲਾਂ ਕੋਈ ਵੀ ਆਪਣੀ ਬੰਦੂਕ ਤੇ ਪੇਟੀ ਉਠਾਉਣੀ ਨਹੀਂ ਭੁੱਲਦਾ।

---

ਸਵੇਰ ਦੇ ਵਕਤ ਰਸੋਈ ਵਿਚ ਡਾਢਾ ਜਮਘਟਾ ਹੁੰਦਾ ਹੈ। ਹਰ ਕੋਈ ਜਲਦੀ ਤੋਂ ਜਲਦੀ ਉਥੇ ਪਹੁੰਚਦਾ ਹੈ ਅਤੇ ਕਤਾਰ ਵਿਚ ਸ਼ਾਮਲ ਹੋ ਜਾਂਦਾ ਹੈ। ਵਾਰੀ ਸਿਰ, ਇਹ ਉਨ੍ਹਾਂ ਦਾ ਅਸੂਲ ਹੈ। ਕੋਈ ਵੱਖਰੀ ਕਤਾਰ ਨਹੀਂ, ਕੋਈ ਕਮਾਂਡਰ ਨਹੀਂ, ਕੋਈ ਰੰਗਰੂਟ ਨਹੀਂ। ਕੋਈ ਬਿਮਾਰ ਹੈ ਤਾਂ ਹਰ ਕੋਈ ਉਸ ਨੂੰ ਪਹਿਲਾਂ ਨਾਸ਼ਤਾ ਲੈਣ ਵਾਸਤੇ ਰਾਹ ਦੇਵੇਗਾ। ਉਂਜ ਹੀ, ਕਿਸੇ ਦੇ ਮੋਢੇ ਉਪਰ ਨਾ ਕੋਈ ਫੀਤੀ ਹੈ, ਨਾ ਸਟਾਰ, ਤੇ ਲੰਗਰ ਵਿਚ ਕੋਈ ਵਖਰੇਵਾਂ ਵੈਸੇ ਹੀ ਖ਼ਤਮ ਹੋ ਜਾਂਦਾ ਹੈ। ਸਾਰੇ ਇਕੋ ਜਿਹੀ ਫ਼ੌਜੀ ਵਰਦੀ ਵਿਚ ਹਨ, ਸਭੇ ਸਿਪਾਹੀ ਹਨ, ਸਭ ਵਾਸਤੇ ਇਕੋ ਪਤੀਲਾ ਹੈ ਅਤੇ ਇਕੋ ਹੀ ਦੇਗ ਹੈ।

ਰਸੋਈ ਘਰ ਦਾ ਵਿਹੜਾ ਹੀ ਲੰਗਰ ਹੈ। ਉਥੇ ਬਾਂਸ ਅਤੇ ਦਰੱਖ਼ਤਾਂ ਦੀਆਂ ਟਾਹਣੀਆਂ ਤੋਂ ਬਣੇ ਲੰਬੇ ਲੰਬੇ ਬੈਂਚ ਤੇ ਮੇਜ਼ ਹਨ ਜਿਹੜੇ ਪੱਕੇ ਤੌਰ 'ਤੇ ਜ਼ਮੀਨ ਵਿਚ ਗੱਡੇ ਹੋਏ ਹਨ। ਤੁਸੀਂ ਚਾਹੋ ਤਾਂ ਇਨ੍ਹਾਂ ਦੀ ਵਰਤੋਂ ਕਰੋ, ਚਾਹੋ ਤਾਂ ਕਿਸੇ ਰੁੱਖ ਨਾਲ ਢੋਅ ਲਾ ਕੇ ਬੈਠ ਜਾਓ ਜਾਂ ਖੜ੍ਹੇ ਰਹੋ, ਚਾਹੋ ਤਾਂ ਕਿਸੇ ਪੱਥਰ ਉਤੇ ਆਸਣ ਕਰੋ ਤੇ ਨਾਸ਼ਤੇ ਦਾ ਸਵਾਦ ਲਓ। ਇਸ ਸਮੇਂ ਥਾਂ ਥਾਂ ਟੋਲੀਆਂ ਲੱਗ ਜਾਂਦੀਆਂ ਹਨ। ਸਵੇਰੇ ਆਈਆਂ ਖ਼ਬਰਾਂ ਉਪਰ ਚਰਚਾ ਹੁੰਦੀ ਹੈ, ਕੋਈ ਕਿਸੇ ਵੱਲ ਮਖ਼ੌਲ ਤਿਲਕਾਉਂਦਾ ਨਜ਼ਰ ਆਉਂਦਾ ਹੈ, ਕੋਈ ਸੰਜੀਦਾ ਬਹਿਸ ਵਿਚ ਹੈ, ਜਾਂ ਕਿਤੇ ਹੋਰ ਕੋਈ ਦੋ ਜਣੇ ਆਪਣੇ ਅੱਜ ਦੇ ਰੁਝੇਵਿਆਂ ਬਾਰੇ ਗੱਲਬਾਤ ਕਰਦੇ ਦਿਖਾਈ ਦਿੰਦੇ ਹਨ। ਸਭ ਤੋਂ ਗਰਮ ਵਿਸ਼ਾ ਅੱਜ ਦੀਆਂ ਖ਼ਬਰਾਂ ਹਨ। ਅਫ਼ਗਾਨਿਸਤਾਨ ਉਪਰ ਅਮਰੀਕੀ ਹਮਲਾ ਜਾਰੀ ਹੈ। ਬਹਿਸ ਚੱਲ ਰਹੀ ਹੈ ਕਿ ਕਾਬਲ ਉਪਰ ਅਮਰੀਕੀ ਹਮਲੇ ਨਾਲ ਉਤਰੀ ਗੱਠਜੋੜ (ਨਾਰਦਰਨ ਅਲਾਇੰਸ) ਦੇ ਤਨਖ਼ਾਹਦਾਰ ਪਿਆਦੇ ਸ਼ਹਿਰ ਵਿਚ ਕਦ ਦਾਖ਼ਲ ਹੋਣਗੇ; ਅਮਰੀਕਾ ਆਪਣੇ ਫ਼ੌਜੀ ਜ਼ਮੀਨੀ ਜੰਗ ਵਾਸਤੇ ਭੇਜੇਗਾ ਕਿ ਨਹੀਂ; ਤਾਲਿਬਾਨ ਗੁਰੀਲਾ ਜੰਗ ਕਦੋਂ ਸ਼ੁਰੂ ਕਰਨਗੇ ਆਦਿ-ਆਦਿ। ਅਮਰੀਕੀ ਹਮਲੇ ਵਿਰੁਧ ਯੂਰਪ ਵਿਚਲੇ ਜੰਗ ਵਿਰੋਧੀ ਮੁਜ਼ਾਹਰੇ ਅਤੇ ਪਾਕਿਸਤਾਨ ਵਿਚਲੀ ਸਿਆਸੀ ਹਲਚਲ ਵੀ ਚਰਚਾ ਦਾ ਵਿਸ਼ਾ ਹਨ। ਦਿੱਲੀ ਵਿਚ ਜੰਗ-ਵਿਰੋਧੀ ਪ੍ਰਚਾਰ ਕਰਨ ਵਾਲੇ ਵਿਦਿਆਰਥੀਆਂ ਦੇ ਫੜੇ ਜਾਣ ਅਤੇ ਫਿਰ ਛੱਡ ਦਿੱਤੇ ਜਾਣ ਦਾ ਜ਼ਿਕਰ ਹੈ। ਜੰਗ ਵਿਰੋਧੀ ਲਹਿਰ ਨੂੰ ਲਾਮਬੰਦ ਕਰਨ ਵਾਸਤੇ ਵਿਚਾਰਾਂ ਹਨ। ਸਵੇਰ ਵੇਲੇ ਦਾ ਰਸੋਈ ਦਾ ਨਜ਼ਾਰਾ, ਕੁੱਲ ਮਿਲਾ ਕੇ, ਸਿਆਸੀ ਵਿਚਾਰ-ਚਰਚਾ ਦਾ ਸਰਗਰਮ ਅਖਾੜਾ ਬਣਿਆ ਹੋਇਆ ਹੈ।

ਮੈਂ ਉਤਸੁਕਤਾ ਵੱਸ ਉਨ੍ਹਾਂ ਨੂੰ ਪੁੱਛਦਾ ਹਾਂ, ਜੰਗਲ ਵਾਸੀ ਜੰਗ ਵਿਰੋਧੀ ਲਹਿਰ ਵਿਚ ਕਿਵੇਂ ਹਿੱਸਾ ਪਾਉਣਗੇ?

ਉਹ ਦੱਸਦੇ ਹਨ ਕਿ ਜੰਗਲ ਵਿਚ ਉਹ ਦੋ ਮਹੀਨੇ ਤੋਂ ਇਸ ਵਿਰੁਧ ਲਾਮਬੰਦੀ ਕਰ ਰਹੇ ਹਨ। ਪਹਿਲਾਂ ਜੰਗ ਦੇ ਖ਼ਤਰੇ ਵਿਰੁਧ ਅਤੇ ਹੁਣ ਜੰਗ ਦੇ ਵਿਰੋਧ ਵਿਚ ਉਹ ਅਨੇਕਾਂ ਸਰਗਰਮੀਆਂ ਕਰ ਚੁੱਕੇ ਹਨ। ਅਨੇਕਾਂ ਮੁਜ਼ਾਹਰੇ ਕੀਤੇ ਗਏ ਹਨ; ਬੁਸ਼ ਤੇ ਵਾਜਪਾਈ ਦੇ ਪੁਤਲੇ ਜਲਾਏ ਗਏ ਹਨ; ਸੈਂਕੜਿਆਂ, ਹਜ਼ਾਰਾਂ ਦੀਆਂ ਕਾਨਫਰੰਸਾਂ ਹੋਈਆਂ ਹਨ। ਮੈਂ ਸੋਚਦਾ ਹਾਂ ਕਿ ਬੁਰਜੂਆ ਅਖ਼ਬਾਰਾਂ ਵਿਚ ਇਨ੍ਹਾਂ ਕਾਰਵਾਈਆਂ ਦੀ ਕੋਈ ਵੀ ਖ਼ਬਰ ਨਹੀਂ ਛਪੀ, ਕਿਤੇ ਵੀ ਕੋਈ ਚਰਚਾ ਨਹੀਂ ਹੋਈ। ਅਖ਼ਬਾਰਾਂ ਉਤੇ ਸਿਵਲ ਸੁਸਾਇਟੀ ਦਾ ਕੰਟਰੋਲ ਹੈ। ਸਭਿਅਕ ਸਮਾਜ ਦੀ ਜੰਗਲ ਦੇ ਵਸਨੀਕਾਂ ਦੀਆਂ ਕਾਰਵਾਈਆਂ ਤੇ ਸਿਆਸੀ ਸਰਗਰਮੀਆਂ ਨੂੰ ਛਾਪਣ ਵਿਚ ਕੋਈ ਦਿਲਚਸਪੀ ਨਹੀਂ ਹੈ। ਅਖ਼ਬਾਰਾਂ ਸਰਕਾਰ ਵੱਲੋਂ ਅਮਰੀਕੀ ਪ੍ਰਸ਼ਾਸਨ ਦੀ ਡੰਡੌਤ ਕਰਦੇ ਬਿਆਨਾਂ ਨੂੰ ਵੱਡੀਆਂ ਸੁਰਖ਼ੀਆਂ ਹੇਠ ਲਾਉਂਦੀਆਂ ਹਨ ਭਾਵੇਂ ਇਹ ਪੜ੍ਹਨ ਵਾਲਿਆਂ ਦੇ ਮਨਾਂ 'ਚ ਘ੍ਰਿਣਾ ਤੇ ਅਕੇਵਾਂ ਹੀ ਪੈਦਾ ਕਰਨ।

ਜੰਗ ਦਾ ਵਿਰੋਧ ਕਰਨ ਵਾਲਿਆਂ ਨੂੰ ਕੌਮ-ਧ੍ਰੋਹੀ ਕਰਾਰ ਦਿੱਤੇ ਜਾਣ ਉਤੇ ਉਹ ਹੱਸਦੇ ਹਨ। ਇਹ ਗੱਲ ਕਿਸੇ ਦੀ ਸਮਝ ਵਿਚ ਨਹੀਂ ਪੈ ਸਕਦੀ ਕਿ ਅਮਰੀਕਾ ਦੀ ਅਫ਼ਗਾਨਿਸਤਾਨ 'ਤੇ ਜੰਗ ਦਾ ਵਿਰੋਧ ਕਰਨਾ ਭਾਰਤ 'ਚ ਦੇਸ਼-ਧ੍ਰੋਹ ਕਿਵੇਂ ਹੈ।

"ਦਰਅਸਲ, ਭਾਰਤੀ ਕੌਮਵਾਦ ਦੀ ਪਰਿਭਾਸ਼ਾ ਬਦਲ ਗਈ ਹੈ। ਹੁਣ ਭਾਰਤੀ ਕੌਮਵਾਦ ਉਹੀ ਹੈ ਜਿਹੜਾ ਅਮਰੀਕੀ ਸਾਮਰਾਜੀ ਹਿੱਤਾਂ ਦੇ ਪੱਖ ਵਿਚ ਭੁਗਤੇ।" ਇਕ ਜਣਾ ਕਹਿੰਦਾ ਹੈ ਜਿਸ ਨਾਲ ਹਾਸਾ ਪੈ ਜਾਂਦਾ ਹੈ। "ਇਹ ਨਵਾਂ ਸੰਸਾਰੀਕਰਨ ਹੈ", ਉਹ ਕਹਿੰਦਾ ਹੈ, "ਜਿੱਥੇ ਭਾਰਤ ਜਿਹੇ ਦੇਸ਼ਾਂ ਦੇ ਕੌਮੀ ਹਿੱਤ ਅਤੇ ਸਾਮਰਾਜਵਾਦ ਦੇ ਹਿੱਤ ਗੁੱਥ-ਮ-ਗੁੱਥਾ ਕਰ ਦਿੱਤੇ ਗਏ ਅਤੇ ਇੱਕੋ ਚੀਜ਼ ਬਣਾ ਦਿੱਤੇ ਗਏ ਹਨ।"

ਜੇ ਪਾਕਿਸਤਾਨੀ ਲੋਕ ਅਮਰੀਕਾ ਦਾ ਵਿਰੋਧ ਕਰਦੇ ਹਨ ਤਾਂ ਉਹ ਮੁਸ਼ੱਰਫ਼ ਵਾਸਤੇ ਦੇਸ਼-ਧ੍ਰੋਹੀ ਹਨ। ਦੋਵਾਂ ਦੇਸ਼ਾਂ ਵਿਚ ਹੀ ਦੇਸ਼ ਭਗਤੀ, ਅਮਰੀਕਾ ਭਗਤੀ ਹੋ ਗਈ ਅਤੇ ਅਮਰੀਕਾ ਵਿਰੋਧ, ਦੇਸ਼ ਵਿਰੋਧ ਹੋ ਗਿਆ। ਸਿਵਲ ਸੁਸਾਇਟੀ ਦੇ ਉਚ ਤਬਕੇ ਨੇ ਇਸ ਸੰਕਲਪ ਨੂੰ ਇਕ ਤਰ੍ਹਾਂ ਨਾਲ ਸਹੀ ਮੰਨ ਲਿਆ ਹੈ; ਸੋ ਜੇ ਜੰਗਲ ਦੀਆਂ ਇਹ ਮਹੱਤਵਪੂਰਨ ਖ਼ਬਰਾਂ ਅਖ਼ਬਾਰਾਂ ਵਿਚ ਨਹੀਂ ਛਪੀਆਂ ਤਾਂ ਇਹ ਸਮਝ ਵਿਚ ਆਉਣ ਵਾਲੀ ਗੱਲ ਸੀ।

ਬਾਅਦ 'ਚ ਆਪਣੀ ਜੰਗਲ-ਉਦਾਸੀ

(ਬਾਕੀ ਅਗਲੇ ਸਫੇ 'ਤੇ)



ਨਾਰਦਰਨ ਅਲਾਇੰਸ ਦੇ ਲੜਾਕੇ ਕਾਬੁਲ ਨੇੜੇ ਸ਼ੋਮਾਲੀ ਵਿਖੇ ਅਗਲੇ ਹੱਲੇ ਲਈ ਵਿਚਾਰਾਂ ਕਰਦੇ ਹੋਏ।

*ਅਫ਼ਗਾਨਿਸਤਾਨ ਉਪਰ ਅਮਰੀਕੀ ਹਮਲਾ ਜਾਰੀ ਹੈ। ਬਹਿਸ ਚੱਲ ਰਹੀ ਹੈ ਕਿ ਕਾਬਲ ਉਪਰ ਅਮਰੀਕੀ ਹਮਲੇ ਨਾਲ ਉਤਰੀ ਗੱਠਜੋੜ (ਨਾਰਦਰਨ ਅਲਾਇੰਸ) ਦੇ ਤਨਖ਼ਾਹਦਾਰ ਪਿਆਦੇ ਸ਼ਹਿਰ ਵਿਚ ਕਦ ਦਾਖ਼ਲ ਹੋਣਗੇ; ਅਮਰੀਕਾ ਆਪਣੇ ਫ਼ੌਜੀ ਜ਼ਮੀਨੀ ਜੰਗ ਵਾਸਤੇ ਭੇਜੇਗਾ ਕਿ ਨਹੀਂ; ਤਾਲਿਬਾਨ ਗੁਰੀਲਾ ਜੰਗ ਕਦੋਂ ਸ਼ੁਰੂ ਕਰਨਗੇ ਆਦਿ-ਆਦਿ। ਅਮਰੀਕੀ ਹਮਲੇ ਵਿਰੁਧ ਯੂਰਪ ਵਿਚਲੇ ਜੰਗ ਵਿਰੋਧੀ ਮੁਜ਼ਾਹਰੇ ਅਤੇ ਪਾਕਿਸਤਾਨ ਵਿਚਲੀ ਸਿਆਸੀ ਹਲਚਲ ਵੀ ਚਰਚਾ ਦਾ ਵਿਸ਼ਾ ਹਨ। ਦਿੱਲੀ ਵਿਚ ਜੰਗਵਿਰੋਧੀ ਪ੍ਰਚਾਰ ਕਰਨ ਵਾਲੇ ਵਿਦਿਆਰਥੀਆਂ ਦੇ ਫੜੇ ਜਾਣ ਅਤੇ ਫਿਰ ਛੱਡ ਦਿੱਤੇ ਜਾਣ ਦਾ ਜ਼ਿਕਰ ਹੈ। ਜੰਗ ਵਿਰੋਧੀ ਲਹਿਰ ਨੂੰ ਲਾਮਬੰਦ ਕਰਨ ਵਾਸਤੇ ਵਿਚਾਰਾਂ ਹਨ। ਸਵੇਰ ਵੇਲੇ ਦਾ ਰਸੋਈ ਦਾ ਨਜ਼ਾਰਾ, ਕੁੱਲ ਮਿਲਾ ਕੇ, ਸਿਆਸੀ ਵਿਚਾਰ ਚਰਚਾ ਦਾ ਸਰਗਰਮ ਅਖਾੜਾ ਬਣਿਆ ਹੋਇਆ ਹੈ।*

# ਸੁਪਨਿਆਂ ਦਾ ਸੰਸਾਰ

ਕਿਰਪਾਲ ਕੌਰ
ਫੋਨ: 815-356-9535

ਸੁਪਨੇ ਕੀ ਹਨ? ਇਹ ਪ੍ਰਸ਼ਨ ਬਹੁਤ ਵਾਰ ਮਨ ਨੂੰ ਉਲਝਾ ਦਿੰਦਾ ਹੈ। ਜਿਵੇਂ ਪਰੀਆਂ ਦਾ ਦੇਸ! ਕਦੀ ਕਿਸੇ ਨੇ ਪਰੀਆਂ ਨਹੀਂ ਦੇਖੀਆਂ, ਨਾ ਕਦੀ ਪਰੀਆਂ ਦਾ ਰਹਿਣ-ਸਹਿਣ ਤੇ ਨਾ ਰੂਪ-ਰੰਗ; ਪਰ ਅਸੀਂ ਬੱਚੀਆਂ ਨੂੰ ਪਰੀ ਵਰਗੀ ਸੋਹਣੀ ਕਹਿ ਦਿੰਦੇ ਹਾਂ। ਸੁਖੀ ਵਸਦੇ ਪਰਿਵਾਰ ਨੂੰ ਕਹੀਦੇ, ਇਹ ਤਾਂ ਕਿਸੇ ਪਰੀ-ਲੋਕ ਦੇ ਸੁੱਖ ਹੰਢਾ ਰਹੇ ਨੇ। ਸਾਰਾ ਕੁਝ ਕਾਲਪਨਿਕ ਹੈ। ਇਸੇ ਤਰ੍ਹਾਂ ਸੁਪਨਿਆਂ ਦੀ ਗੱਲ ਹੈ। ਸੁਪਨਿਆਂ ਵਿਚ ਗੁੰਮ ਜਾਣਾ, ਦਿਨੇ ਸੁਪਨੇ ਦੇਖਣੇ, ਕੋਈ ਚੰਗੀ ਸੁਖਾਵੀਂ ਘਟਨਾ ਨੂੰ ਕਹਿਣਾ, ਇਹ ਤਾਂ ਸੁਪਨਾ ਹੀ ਲਗਦੈ! ਪਲ-ਛਿਣ ਲਈ ਅਸੀਂ ਸੁਪਨੇ ਵਿਚ ਸੰਯੋਗ-ਵਿਯੋਗ, ਦੁਖ-ਸੁਖ ਤੇ ਜੀਵਨ ਦੇ ਕਿਸੇ ਪੱਖ ਨਾਲ ਜੁੜੀ ਕੋਈ ਗੱਲ ਜਾਂ ਘਟਨਾ ਦੇਖਦੇ ਹਾਂ। ਇਹ ਜ਼ਰੂਰੀ ਨਹੀਂ ਕਿ ਜੋ ਅਸੀਂ ਸੁਪਨੇ ਵਿਚ ਦੇਖਦੇ ਹਾਂ, ਉਹ ਸਾਡੇ ਨਾਲ ਜੁੜੀ ਗੱਲ ਹੀ ਹੋਵੇ। ਕਈ ਇਸ ਤਰ੍ਹਾਂ ਦੀਆਂ ਘਟਨਾਵਾਂ ਜਾਂ ਸਥਾਨ ਅਸੀਂ ਸੁਪਨੇ ਵਿਚ ਦੇਖਦੇ ਹਾਂ ਜਿਨ੍ਹਾਂ ਦਾ ਸਾਨੂੰ ਕੋਈ ਗਿਆਨ ਨਹੀਂ ਹੁੰਦਾ।

ਸੁਪਨੇ ਹਰ ਬੱਚਾ, ਬੁੱਢਾ ਤੇ ਜਵਾਨ ਦੇਖਦਾ ਹੈ। ਬੱਚੇ ਜਿਹੜੇ ਦਿਨਾਂ ਜਾਂ ਮਹੀਨਿਆਂ ਦੇ ਹੁੰਦੇ ਹਨ, ਉਹ ਵੀ ਕਈ ਵਾਰ ਸੁੱਤੇ ਪਏ ਮੁਸਕਰਾਉਂਦੇ ਦਿਸਦੇ ਹਨ। ਬੱਚਾ ਕਦੀ ਬੁੱਲ੍ਹ ਗੋਲ ਕਰ ਕੇ ਮਚਾਕੇ ਮਾਰਦਾ ਹੈ ਜਿਵੇਂ ਦੁੱਧ ਚੁੰਘ ਰਿਹਾ ਹੋਵੇ। ਕਦੀ ਅੱਖਾਂ 'ਕੱਠੀਆਂ ਕਰ ਕੇ ਅਤੇ ਬੁੱਲ੍ਹ ਲਟਕਾ ਕੇ ਰੋਣ ਵਾਲੀ ਸੂਰਤ ਬਣਾਉਂਦਾ ਹੈ। ਲਗਦਾ ਹੈ ਜਿਵੇਂ ਬੱਚਾ ਸੁਪਨੇ ਵਿਚ ਰੋਂਦਾ, ਹੱਸਦਾ ਜਾਂ ਦੁੱਧ ਚੁੰਘਦਾ ਹੋਵੇ।

ਸੁਪਨੇ ਕੀ ਹਨ? ਇਸ ਦਾ ਉਤਰ ਅਜੇ ਤੱਕ ਵਿਗਿਆਨੀ ਵੀ ਠੀਕ ਨਹੀਂ ਭਾਲ ਸਕੇ। ਕਈ ਕਹਿੰਦੇ ਹਨ, ਜੋ ਕੁਝ ਦਿਨੇ ਵਾਪਰਦਾ ਹੈ, ਉਸ ਦੀ ਕੋਈ ਝਲਕ ਰਾਤ ਨੂੰ ਸਾਡੇ ਸਾਹਮਣੇ ਆ ਜਾਂਦੀ ਹੈ। ਕਈਆਂ ਮੁਤਾਬਕ, ਮਨ ਦੀਆਂ ਕਈ ਪਰਤਾਂ ਹਨ, ਇਨ੍ਹਾਂ ਪਰਤਾਂ ਥੱਲੇ ਸਾਡੇ ਸੁੱਖ-ਦੁੱਖ, ਆਸ-ਨਿਰਾਸ਼, ਕੁਝ ਕਰਨ ਜਾਂ ਪ੍ਰਾਪਤੀ ਦੀ ਚਾਹ ਤੇ ਸਾਡੀਆਂ ਸਫਲਤਾਵਾਂ ਤੇ ਹਾਰਾਂ, ਸਾਰਾ ਕੁਝ ਇਨ੍ਹਾਂ ਪਰਤਾਂ ਥੱਲੇ ਦੱਬਿਆ ਰਹਿੰਦਾ ਹੈ। ਸੁੱਤੇ ਪਿਆਂ ਕਦੀ ਕੋਈ ਤੇ ਕਈ ਕੋਈ ਪਰਤ ਉਘੜ ਕੇ ਸਾਹਮਣੇ ਆ ਜਾਂਦੀ ਹੈ।

ਕਦੀ ਬੜੇ ਸੁਖਾਵੇਂ ਸੁਪਨੇ ਦੇਖੀਦੇ ਹਨ ਅਤੇ ਕਦੀ ਬੜੇ ਡਰਾਵਣੇ, ਚਿੰਤਾ ਵਾਲੇ। ਕਈ ਸੁਪਨੇ ਦੇਖ ਕੇ ਆਪਣੇ ਭਵਿੱਖ ਦੀ ਚਿੰਤਾ ਤਕ ਹੋਣ ਲੱਗ ਪੈਂਦੀ ਹੈ। ਕਈ ਵਹਿਮੀ-ਭਰਮੀ ਲੋਕ ਤਾਂ ਪੰਡਤਾਂ ਕੋਲ ਉਪਾਅ ਪੁੱਛਣ ਵੀ ਤੁਰ ਪੈਂਦੇ ਹਨ। ਅਗਲੇ ਵੀ ਫਿਰ ਮਨ ਆਇਆ ਉਪਾਅ ਦੱਸ ਕੇ ਮਾਇਆ ਇਕੱਠੀ ਕਰਦੇ ਹਨ।


ਹਾਂ, ਬਹੁਤੇ ਸੁਪਨੇ ਸਾਡੀਆਂ ਭਾਵਨਾਵਾਂ, ਇੱਛਾਵਾਂ ਜੋ ਅਸੀਂ ਮਨ ਵਿਚ ਹੰਢਾਉਂਦੇ ਹਾਂ, ਨਾਲ ਜੁੜੇ ਹੁੰਦੇ ਹਨ। ਸਾਡੇ ਆਪਣੇ ਵਿਛੜੇ ਕਈ ਵਾਰ ਸੁਪਨੇ ਵਿਚ ਮਿਲ ਜਾਂਦੇ ਹਨ। ਇਸ ਮਿਲਣੀ ਲਈ ਹੀ ਭਾਈ ਵੀਰ ਸਿੰਘ ਨੇ ਸੁਪਨੇ ਨੂੰ 'ਸੁਲਤਾਨ' ਦਾ ਦਰਜਾ ਦਿੱਤਾ ਹੈ:

ਸੁਪਨਿਆਂ ਤੂੰ ਸੁਲਤਾਨ ਹੈਂ,
ਉਤਮ ਤੇਰੀ ਜਾਤ।
ਸੌ ਵਰ੍ਹਿਆਂ ਦੇ ਵਿਛੜੇ,
ਆਣ ਮਿਲਾਵੇਂ ਰਾਤ।

ਹੁਣ ਤਾਂ ਸੁਣਿਆ ਹੈ, ਵਿਗਿਆਨੀ ਸੁਪਨਿਆਂ ਦੀਆਂ ਤਸਵੀਰਾਂ ਲੈਣ ਲਈ ਕੋਈ ਯਤਨ ਕਰ ਰਹੇ ਹਨ। ਸੱਚੀਂ, ਜੇ ਅਜਿਹੀ ਕੋਈ ਤਸਵੀਰ ਲਈ ਜਾ ਸਕੇ ਤਾਂ ਸਭ ਤੋਂ ਵੱਧ ਖੁਸ਼ ਰਾਮੂ ਹੋਵੇਗਾ। ਰਾਮੂ, ਲਾਲਾ ਰੁਲਦੂ ਰਾਮ ਦਾ ਨੌਕਰ ਹੈ। ਸਰਦੀ ਦੀ ਰਾਤ ਨੂੰ ਫਟਿਆ ਕੰਬਲ ਲੈ ਕੇ ਬਰਸਾਤੀ ਵਿਚ ਸੌਂਦਾ ਹੈ। ਰੋਜ਼ ਰਾਤ ਨੂੰ ਉਹ ਲਾਲਾ ਜੀ ਦਾ ਬਿਸਤਰਾ ਵਿਛਾਉਂਦਾ ਉਨ੍ਹਾਂ ਦੇ ਭਾਰੇ, ਨਿੱਘੇ ਤੇ ਨਰਮ ਕੰਬਲ 'ਤੇ ਕਈ ਵਾਰ ਹੱਥ ਫੇਰ ਕੇ ਦੇਖਦਾ ਹੈ। ਕਿਸੇ ਭਾਗਾਂ ਵਾਲੀ ਰਾਤ ਨੂੰ ਸੁਪਨੇ ਵਿਚ ਆਪਣੇ ਆਪ ਨੂੰ ਉਸ ਨਰਮ ਨਿੱਘੇ ਕੰਬਲ ਵਿਚ ਸੁੱਤਾ ਪਿਆ ਦੇਖਦਾ ਹੈ। ਉਸ ਦੀ ਖੁਸ਼ੀ ਦੀ ਕੋਈ ਹੱਦ ਨਹੀਂ ਰਹਿੰਦੀ... ਦੂਜੇ ਪਾਸੇ ਇਕ ਦਿਨ ਲਾਲਾ ਜੀ ਸੁਪਨਾ ਦੇਖਦੇ ਹਨ-ਉਨ੍ਹਾਂ ਦੇ ਸਾਰੇ ਕਰਜ਼ਦਾਰ ਕਰਜ਼ਾ ਮੋੜਨ ਤੋਂ ਇਨਕਾਰੀ ਹੋ ਗਏ ਹਨ। ਹੱਟੀ ਲੋਕਾਂ ਨੇ ਲੁੱਟ-ਪੁੱਟ ਲਈ ਹੈ। ਲੋਕ ਕੰਬਲ ਉਤਾਰਨ ਲਗਦੇ ਹਨ, ਲਾਲਾ ਜੀ ਉਚੀ ਉਚੀ ਰੋਣ ਲੱਗ ਪੈਂਦੇ ਹਨ। ਆਪਣੇ ਕੰਬਲ ਨੂੰ ਦੋਹਾਂ ਹੱਥਾਂ ਨਾਲ ਫੜ ਕਹਿੰਦੇ ਹਨ, "ਇਹ ਤਾਂ ਰਹਿਣ ਦਿਓ।" ਜਾਗ ਖੁੱਲ੍ਹਣ 'ਤੇ ਫਿਕਰ ਹੋਣ ਲਗਦਾ ਹੈ, ਜੇ ਕਿਤੇ ਇਹ ਸੁਪਨਾ ਸੱਚ ਹੋ ਗਿਆ! ਇਹ ਸੁਪਨੇ ਦੀ ਹੀ ਖੇਡ ਹੈ ਕਿ ਬਰਸਾਤੀ ਵਿਚ ਫਟੇ ਕੰਬਲ ਵਿਚ ਪਏ ਰਾਮੂ ਨੇ ਨਰਮ ਕੰਬਲ ਦਾ ਅਨੰਦ ਮਾਣ ਲਿਆ ਅਤੇ ਲਾਲਾ ਆਪਣਾ ਸਭ ਕੁਝ ਗੁਆ, ਡਰ ਜਾਂਦਾ ਹੈ।

ਜਾਪਦਾ ਹੈ, ਸੁਪਨੇ ਦੋ ਤਰ੍ਹਾਂ ਦੇ ਹੁੰਦੇ ਹਨ। ਇਕ, ਜਿਨ੍ਹਾਂ ਬਾਰੇ ਮੈਂ ਲਿਖ ਰਹੀ ਹਾਂ ਅਤੇ ਦੂਸਰੇ ਉਹ ਜੋ ਅਸੀਂ ਖੁੱਲ੍ਹੀਆਂ ਅੱਖਾਂ ਨਾਲ ਦੇਖਦੇ ਹਾਂ। ਉਸ ਵੇਲੇ ਦੇਖਣ ਵਾਲੇ ਦੀਆਂ ਅੱਖਾਂ ਜ਼ਰੂਰ ਖੁੱਲ੍ਹੀਆਂ ਹੁੰਦੀਆਂ ਹਨ, ਪਰ ਉਨ੍ਹਾਂ ਨੂੰ ਦਿਸਦਾ ਕੁਝ ਨਹੀਂ ਹੁੰਦਾ। ਉਹ ਅੱਖਾਂ ਕਿਸੇ ਹੋਰ ਸੰਸਾਰ ਵਿਚ ਕੁਝ ਹੋਰ ਦੇਖ ਰਹੀਆਂ ਹੁੰਦੀਆਂ ਹਨ। ਜਿਵੇਂ ਰੋਟੀ ਪਕਾ ਰਹੀ ਮਾਂ ਨੂੰ ਪਰਦੇਸੀ ਗਏ ਪੁੱਤ ਦੀ ਯਾਦ ਆ ਗਈ। ਛੋਟਾ ਹੁੰਦਾ ਪੁੱਤ ਦਿਸਣ ਲੱਗ ਪਿਆ। ਸਾਰਾ ਧਿਆਨ ਉਸ ਵੱਲ ਚਲਾ ਗਿਆ। ਤਵੇ ਉਤੇ ਪਈ ਰੋਟੀ ਸੜ ਗਈ। ਹੋਸ਼ ਉਸ ਵੇਲੇ ਆਈ ਜਦ ਧੀ ਨੇ ਕਿਹਾ, "ਮੰਮੀ! ਕੀ ਕਰਦੇ ਹੋ? ਰੋਟੀ ਸੜ ਗਈ।" ਤੇ ਮੰਮੀ ਨੇ ਆਪਣੇ ਮੱਥੇ 'ਤੇ ਹੱਥ ਮਾਰਿਆ।

ਇਸ ਤਰ੍ਹਾਂ ਕਈ ਵਾਰ ਕਿਸੇ ਨਾਲ ਗੱਲ ਕਰਦੇ ਹਾਂ, ਉਹ ਉਤਰ ਕੁਝ ਨਹੀਂ ਦਿੰਦਾ। ਜਵਾਬ ਨਾ ਮਿਲਣ ਉਤੇ ਅਸੀਂ ਨਾਲ ਵਾਲੇ ਨੂੰ ਕਹਿੰਦੇ ਹਾਂ, "ਕਿਥੇ ਹੋ? ਕਿਹੜੇ ਸੁਪਨੇ ਦੇਖਣ ਲੱਗ ਪਏ?" ਇਹ ਸੁਪਨੇ ਜੋ ਅਸੀਂ ਖੁੱਲ੍ਹੀਆਂ ਅੱਖਾਂ ਹੋਣ 'ਤੇ ਵੀ ਅੰਦਰ ਦੀਆਂ ਅੱਖਾਂ ਨਾਲ ਦੇਖਦੇ ਹਾਂ, ਸਾਡੇ ਜੀਵਨ ਦੇ ਭੂਤ, ਵਰਤਮਾਨ ਤੇ ਭਵਿੱਖ ਦੀਆਂ ਅਸਲੀ ਘਟਨਾਵਾਂ ਬਾਰੇ ਸਾਡੇ ਫਿਕਰ ਹੁੰਦੇ ਹਨ। ਜਿਹੜੇ ਸੁਪਨੇ ਅਸੀਂ ਨੀਂਦ ਵਿਚ ਦੇਖਦੇ ਹਾਂ, ਉਹ ਇਸ ਤਰ੍ਹਾਂ ਦੇ ਵੀ ਹੁੰਦੇ ਹਨ ਤੇ ਨਾਲ ਹੀ ਬਹੁਤ ਅਣਜਾਣ ਅਣ-ਸੋਚੇ ਵੀ।



ਸੁਪਨ-ਸੰਸਾਰ ਬਾਰੇ ਬੇਸ਼ੁਮਾਰ ਚਿੱਤਰ ਬਣਾਉਣ ਵਾਲੇ ਪੋਲੈਂਡ ਦੇ ਸੰਸਾਰ ਪ੍ਰਸਿੱਧ ਚਿੱਤਰਕਾਰ ਜੈਸਿਕ ਯਰਕਾ ਦਾ ਇਕ ਚਿੱਤਰ।

ਇਕ ਸੁਪਨੇ ਅਸੀਂ ਸਿਰਜਦੇ ਹਾਂ ਜਾਗਦੇ, ਪੂਰੇ ਹੋਸ਼ ਨਾਲ। ਇਨ੍ਹਾਂ ਸੁਪਨਿਆਂ ਵਿਚ ਅਸੀਂ ਆਪਣੇ ਭਵਿੱਖ ਦੀ ਰੂਪ-ਰੇਖਾ ਦਾ ਭਾਵੀ ਖਾਕਾ ਬਣਾਉਂਦੇ ਹਾਂ ਜੋ ਬਹੁਤ ਜ਼ਰੂਰੀ ਵੀ ਹੈ। ਫਿਰ ਸਾਨੂੰ ਉਸ ਦੀ ਪੂਰਤੀ ਲਈ ਲੱਕ ਬੰਨ੍ਹ ਕੇ ਲੱਗ ਜਾਣਾ ਚਾਹੀਦਾ ਹੈ। ਜੋ ਇਸ ਕਾਰਜ ਵਿਚ ਸਫਲ ਹੋ ਗਿਆ, ਉਸ ਨੇ ਸਮਝੋ ਜ਼ਿੰਦਗੀ ਦੀ ਬਾਜ਼ੀ ਜਿੱਤ ਲਈ।

ਕਈ ਵਾਰ ਅਸੀਂ ਕੋਈ ਸੁਪਨਾ ਦੇਖਣਾ ਚਾਹੁੰਦੇ ਹਾਂ... ਕੋਈ ਬਹੁਤ ਪਿਆਰਾ ਵਿਛੜ ਗਿਆ ਹੈ। ਉਸ ਨੂੰ ਸੌਣ ਲੱਗੇ ਯਾਦ ਕਰਦੇ ਹਾਂ, ਪਰ ਸੁਪਨੇ ਵਿਚ ਕਦੀ ਨਹੀਂ ਆਉਂਦਾ। ਗੱਲ ਤਾਂ ਬਹੁਤ ਪੁਰਾਣੀ ਹੈ, ਮੇਰੇ ਦਿਮਾਗ ਵਿਚ ਹਮੇਸ਼ਾ ਉਸ ਦੀ ਯਾਦ ਤਾਜ਼ੀ ਹੋ ਕੇ ਆਉਂਦੀ ਹੈ- ਇਕ ਲੜਕੀ ਮੇਰੀ ਰੂਮ ਮੇਟ ਸੀ ਹੋਸਟਲ ਵਿਚ। ਉਸ ਦੀ ਮਾਂ ਵਿਛੋੜਾ ਦੇ ਗਈ। ਉਹ ਰੋਜ਼ ਰਾਤ ਮਾਂ ਨੂੰ ਯਾਦ ਕਰਦੀ ਰੋਂਦੀ। ਉਸ ਦੀ ਫੋਟੋ ਆਪਣੇ ਸਿਰਹਾਣੇ ਥੱਲੇ ਰੱਖ ਕੇ ਸੌਂਦੀ, ਪਰ ਮਾਂ ਕਦੀ ਸੁਪਨੇ ਵਿਚ ਨਾ ਦਿਖੀ। ਇਸ ਲਈ ਸਵੇਰੇ ਉਠ ਕੇ ਫਿਰ ਰੋਂਦੀ।

ਸੁਪਨੇ ਕੀ ਹਨ? ਇਹ ਵੱਡਾ ਤੇ ਗੁੰਝਲਦਾਰ ਸਵਾਲ ਹੈ। ਸੁਪਨੇ ਟੈਲੀਵਿਜ਼ਨ ਦੇ ਸ਼ੋਅ ਨਹੀਂ ਜਿਨ੍ਹਾਂ ਨੂੰ ਆਪਣੀ ਇੱਛਾ ਅਨੁਸਾਰ ਦੇਖਿਆ ਜਾ ਸਕਦਾ ਹੈ। ਨਾ ਹੀ ਇਨ੍ਹਾਂ ਦਾ ਕੋਈ ਸਵਿੱਚ ਹੈ ਜਿਸ ਨੂੰ ਸੌਣ ਲੱਗੇ ਆਨ-ਆਫ ਕਰ ਸਕਦੇ ਹਾਂ। ਹਾਂ, ਰਾਤ ਨੂੰ ਡਰਨ ਵਾਲਿਆਂ ਲਈ ਤਾਂ ਮੇਰੇ ਬੇ ਜੀ ਦਾ ਦੱਸਿਆ ਹੱਲ ਹੈ ਕਿ ਸੌਣ ਵੇਲੇ ਪਾਠ ਕਰ ਕੇ ਸ਼ਾਂਤ ਮਨ ਹੋ ਕੇ ਸੌਣਾ ਚਾਹੀਦਾ ਹੈ। ਡਰ ਤਾਂ ਐਨਾ ਡਰਿਆ ਹੋਇਆ ਹੈ ਕਿ ਰਾਤ ਜਾਂ ਦਿਨ ਵੇਲੇ ਕਦੀ ਨੇੜੇ ਨਹੀਂ ਆਇਆ। ਸੁਪਨੇ ਮਰਜ਼ੀ ਦੇ ਮਾਲਕ ਹਨ, ਮੌਜੀ ਹਨ। ਜਦ ਕਦੀ ਦਿਲ ਕਰੇ, ਆ ਹੀ ਜਾਂਦੇ ਹਨ। ਇਸ ਗੱਲ ਦੀ ਸਮਝ ਆਈ ਹੈ ਕਿ ਸੱਚੀਆਂ-ਸੁੱਚੀਆਂ ਪ੍ਰਭੂ ਰੰਗ ਵਿਚ ਰੰਗੀਆਂ ਰੂਹਾਂ ਦੇ ਸੁਪਨੇ ਵੀ ਘਟ-ਘਟ ਵਿਆਪੀ ਸੱਚੀ ਜੋਤ ਦੇ ਹੋ ਸਕਦੇ ਹਨ। ਮੁੜ ਮੇਰੇ ਸਾਹਮਣੇ ਭਾਈ ਵੀਰ ਸਿੰਘ ਆਣ ਖੜ੍ਹੇ ਹਨ। ਉਨ੍ਹਾਂ ਦਾ ਸੁਪਨਾ ਸੁਣੋ:

ਸੁਪਨੇ ਵਿਚ ਤੁਸੀਂ ਮਿਲੇ ਅਸਾਂ ਨੂੰ,
ਅਸਾਂ ਧਾ ਗਲਵੱਕੜੀ ਪਾਈ,
ਨਿਰਾ ਨੂਰ ਤੁਸੀਂ ਹੱਥ ਨਾ ਆਏ,
ਸਾਡੀ ਕੰਬਦੀ ਰਹੀ ਕਲਾਈ।

ਇਸ ਸੁਪਨੇ ਦੀ ਕਲਪਨਾ ਕਰ ਕੇ ਹੀ ਮਨ ਆਨੰਦਿਤ ਹੋ ਜਾਂਦਾ ਹੈ। ਕਿੰਨਾ ਸੱਚਾ, ਸੋਹਣਾ ਤੇ ਮਿੱਠਾ ਪਿਆਰਾ ਸੁਪਨਾ ਹੈ, ਰੱਬੀ ਨੂਰ ਤੇ ਉਸ ਨੂਰ ਨਾਲ ਇਕ-ਮਿੱਕ ਹੋਣਾ, ਉਸ ਨੂਰ ਨੂੰ ਗਲਵੱਕੜੀ ਵਿਚ ਲੈਣਾ। ਕੀ ਹੋਇਆ, ਜੇ ਹੱਥ ਵਿਚ ਘੁੱਟ ਕੇ ਨਾ ਰੱਖ ਸਕੇ! ਪਲ ਛਿਣ ਦੀ ਏਕਮਤਾ, ਉਸ ਕੰਬਦੀ ਕਲਾਈ ਲਈ ਬਹੁਤ ਹੈ।

ਇਸ ਛੋਹ ਦਾ ਅਨੰਦ ਜੋ ਭਾਈ ਸਾਹਿਬ ਨੇ ਮਾਣਿਆ, ਉਸੇ ਅਨੰਦ ਵਿਚੋਂ ਉਹ ਫੁੱਲ ਕੋਲੋਂ ਕਹਾਉਂਦੇ ਹਨ ਕਿ ਜਿਨ੍ਹਾਂ ਹੱਥਾਂ ਨੇ ਫੁੱਲ ਨੂੰ ਟਾਹਣੀ ਨਾਲੋਂ ਤੋੜਿਆ, ਸੁੰਘਿਆ ਤੇ ਸੀਨੇ ਲਾਇਆ, ਅੰਤ ਸਿੱਟ ਕੇ ਪੈਰਾਂ ਹੇਠ ਮਧੋਲ ਦਿੱਤਾ, ਪਰ ਉਨ੍ਹਾਂ ਹੱਥਾਂ ਦੀ ਛੋਹ ਨਹੀਂ ਭੁੱਲਦੀ। ਕਹਿੰਦੇ ਹਨ, ਮਹਾਰਾਜਾ ਅਸ਼ੋਕ ਜਿਸ ਦਿਨ ਕਾਲਿੰਗਾ ਦੀ ਲੜਾਈ ਜਿੱਤ ਕੇ ਰਾਤ ਨੂੰ ਸੁੱਤੇ, ਉਨ੍ਹਾਂ ਨੂੰ ਸੁਪਨੇ ਵਿਚ ਕਿਸੇ ਨੇ ਕਿਹਾ ਕਿ ਤੂੰ ਐਨਾ ਕਤਲੇਆਮ ਕੀਤਾ ਹੈ, ਤੇਰੀ ਮੌਤ ਹੁਣ ਅਤਿ ਦੀ ਦੁਖਦਾਈ ਹੋਵੇਗੀ। ਉਹ ਬਹੁਤ ਡਰ ਗਿਆ। ਪਾਪ ਬਖਸ਼ਾਉਣ ਲਈ ਰਾਜ ਤਿਆਗ ਕੇ ਬੁੱਧ ਧਰਮ ਅਪਨਾ ਲਿਆ।

ਮੈਂ ਫਿਰ ਆਪਣੇ ਪ੍ਰਸ਼ਨ ਉਤੇ ਹੀ ਖੜ੍ਹੀ ਹਾਂ। ਐਨਾ ਸੁੱਖ ਤੇ ਦੁੱਖ ਦੇਣ ਵਾਲਾ ਸੁਪਨਾ ਆਖਰ ਹੈ ਕੀ?

ਸੁਪਨਾ ਤਾਂ ਸੁਪਨਾ ਹੀ ਹੈ ਜਿਸ ਦਾ ਕੋਈ ਵਜੂਦ ਨਹੀਂ। ਪਲ-ਛਿਣ ਵਿਚ ਮਿਟ ਜਾਣ ਵਾਲਾ। ਇਹ ਸੰਸਾਰ ਜਿਸ ਵਿਚ ਅਸੀਂ ਡੂੰਘੀਆਂ ਨੀਂਹਾਂ ਪੁੱਟ ਕੇ ਪੱਕੇ ਬਸੇਰੇ ਬਣਾ ਕੇ ਬੈਠੇ ਹਾਂ, 'ਮੇਰੀ ਮੇਰੀ' ਦੀਆਂ ਝੋਲੀਆਂ ਭਰਦੇ ਹਾਂ, ਹੈ ਇਹ ਵੀ ਸੁਪਨੇ ਸਮਾਨ ਹੈ। ਅੱਖ ਖੁੱਲ੍ਹੀ, ਸੁਪਨਾ ਗਿਆ; ਅੱਖ ਬੰਦ ਹੋਈ, ਸਵਾਸ ਰੁਕੇ ਤੇ ਸੰਸਾਰ ਗਿਆ!

ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਬਚਨ ਹੈ:

ਜਿਉ ਸੁਪਨਾ ਅਰੁ ਪੇਖਨਾ
ਐਸੇ ਜਗ ਕਉ ਜਾਨਿ॥
ਇਨ ਮੈ ਕਛੁ ਸਾਚੋ ਨਹੀ
ਨਾਨਕ ਬਿਨੁ ਭਗਵਾਨ॥ (ਪੰਨਾ 1427)

ਸੰਸਾਰ ਦੀ ਨਾਸ਼ਵਾਨਤਾ ਦਾ ਗਿਆਨ ਕਰਵਾਉਣ ਲਈ ਹੀ ਸ਼ਾਇਦ ਸੁਪਨੇ ਆਉਂਦੇ ਹਨ। ਕੁਝ ਵੀ ਹੋਵੇ, ਸੁਪਨੇ ਹੈਨ ਅਜੀਬ ਸ਼ੈਅ। ਇਹ ਤਾਂ ਕਹਿੰਦੇ ਨੇ, ਸੂਲੀ 'ਤੇ ਟੰਗਿਆਂ ਵੀ ਆ ਜਾਂਦੇ ਹਨ! ਕਿਥੋਂ ਆਉਂਦੇ, ਕਿਵੇਂ ਆਉਂਦੇ ਤੇ ਕਿਉਂ ਆਉਂਦੇ ਇਹ ਸੁਪਨੇ, ਇਹ ਉਤਸੁਕਤਾ ਸਭ ਦੀ ਹੈ।

# ਗੁਰੀਲਾ ਕੈਂਪ ਅੰਦਰ

*(ਪਿਛਲੇ ਸਫੇ ਦੀ ਬਾਕੀ)*

ਦੌਰਾਨ ਮੈਨੂੰ ਪਤਾ ਲੱਗਾ ਕਿ ਬਹੁਤੇ ਜੰਗਲ ਨਿਵਾਸੀਆਂ ਨੇ ਪਹਿਲੀ ਵਾਰ ਬੁਸ਼, ਵਾਜਪਾਈ, ਮੁਸ਼ੱਰਫ ਅਤੇ ਅਫਗਾਨਿਸਤਾਨ ਦਾ ਨਾਮ ਸੁਣਿਆ ਹੈ। ਜੰਗ ਨੇ ਉਨ੍ਹਾਂ ਨੂੰ ਇਨ੍ਹਾਂ ਨਾਂਵਾਂ ਤੋਂ ਜਾਣੂੰ ਕਰਵਾ ਦਿੱਤਾ ਅਤੇ ਨਾਲ ਹੀ 'ਦੇਸ਼-ਧ੍ਰੋਹੀਆਂ' ਦੀ ਕਤਾਰ ਵਿਚ ਖੜ੍ਹੇ ਕਰ ਦਿੱਤਾ। ਦਰਅਸਲ, ਜੰਗਲ ਦੇ ਲੋਕ ਦੇਸ਼-ਧ੍ਰੋਹ ਦੇ ਸੰਕਲਪ ਤੋਂ ਹੀ ਵਾਕਫ਼ ਨਹੀਂ ਹਨ। ਉਹ ਐਨਾ ਕੁ ਹੀ ਜਾਣਦੇ ਹਨ ਕਿ ਪੁਲਿਸ ਤੇ ਠੇਕੇਦਾਰ ਦੋਨੋਂ ਮਿਲ ਕੇ ਉਨ੍ਹਾਂ ਦੇ ਜੰਗਲ ਲੁੱਟਦੇ ਹਨ ਅਤੇ ਸਰਕਾਰ ਉਨ੍ਹਾਂ ਦੀ ਪਿੱਠ ਉਤੇ ਹੈ। ਉਨ੍ਹਾਂ ਵਾਸਤੇ ਅਮਰੀਕਾ ਅਜਿਹੀ ਹਸਤੀ ਹੈ ਜੋ ਇਥੋਂ ਦੀ ਸਰਕਾਰ ਦੀ ਪਿੱਠ ਠੋਕਦੀ ਹੈ ਅਤੇ ਇਸੇ ਕਾਰਨ ਇਹ ਹਸਤੀ ਵੀ ਉਨ੍ਹਾਂ ਦੀ ਇਥੋਂ ਦੀ ਸਰਕਾਰ ਵਾਂਗ ਹੀ ਦੁਸ਼ਮਣ ਹੈ।

ਦੇਸ਼ ਦੀ ਸਿਵਲ ਸੁਸਾਇਟੀ ਕਬਾਇਲੀਆਂ ਦੇ ਇਸ ਸਿੱਧੇ-ਸਾਦੇ ਮੰਤਕ ਨੂੰ ਸਮਝਣ ਦੇ ਅਸਮਰੱਥ ਹੈ। ਉਹ ਸਮੱਸਿਆਵਾਂ ਨੂੰ ਗੁੰਝਲਦਾਰ ਬਣਾ ਕੇ ਪੇਸ਼ ਕਰਨ ਨੂੰ ਤਰਜੀਹ ਦਿੰਦੀ ਹੈ ਅਤੇ ਇਸ ਪੇਚੀਦਗੀ ਵਿਚ ਖੁਦ ਨੂੰ ਉਲਝਾ ਲੈਂਦੀ ਹੈ। ਦੇਸ਼-ਪ੍ਰੇਮ, ਦੇਸ਼-ਧ੍ਰੋਹ, ਵਲਦਾਰ ਲੱਫ਼ਾਜ਼ੀ, ਉਲਝੇ ਹੋਏ ਵੱਡੇ ਵੱਡੇ ਭਾਸ਼ਣ ਅਤੇ ਗੁੰਝਲਦਾਰ ਮਸ਼ੀਨਾਂ ਕਬਾਇਲੀ ਲੋਕਾਂ ਦੀ ਸਾਦ-ਮੁਰਾਦੀ ਤੇ ਸਿੱਧੀ-ਪੱਧਰੀ ਜ਼ਿੰਦਗੀ ਤੋਂ ਪਰੇ ਹਨ ਅਤੇ ਉਨ੍ਹਾਂ ਦੀ ਸਮਝ ਤੋਂ ਬਾਹਰ ਦੀਆਂ ਗੱਲਾਂ ਹਨ। ਉਨ੍ਹਾਂ ਦਾ ਸਿੱਧਾ-ਸਾਦਾ ਤਰਕ ਹੈ: ਜੰਗਲ ਸਾਡਾ ਹੈ ਕਿ ਸਾਡਾ ਨਹੀਂ ਹੈ? ਇਸ ਚੀਜ਼ ਨੂੰ ਸਿੱਧੇ-ਸਾਦੇ ਤਰੀਕੇ ਨਾਲ ਹੀ ਉਹ ਨਜਿੱਠਣਾ ਵੀ ਚਾਹੁੰਦੇ ਹਨ: ਹੰਨੇ ਜਾਂ ਬੰਨੇ। ਕੋਈ ਮਾਨਸਿਕ ਉਲਝਾ ਨਹੀਂ, ਗੋਲ-ਗੁੰਬਦ ਦਲੀਲਬਾਜ਼ੀ ਨਹੀਂ ਅਤੇ ਜੰਜਾਲਾਂ ਭਰਿਆ ਤਰੀਕਾ ਨਹੀਂ। ਸਭ ਕੁਝ ਸਿੱਧਾ-ਸਾਦਾ ਤੇ ਸਪਾਟ, ਬਿਲਕੁਲ ਉਵੇਂ ਜਿਵੇਂ ਉਨ੍ਹਾਂ ਦੀ ਆਪਣੀ ਜ਼ਿੰਦਗੀ ਹੈ।

ਕਸਰਤ-ਮੈਦਾਨ ਵਿਚ ਮੁਗਦਰ ਫੇਰਨ ਵਾਲੇ ਤਕੜੇ ਡੀਲ-ਡੌਲ ਦੇ ਗੁਰੀਲੇ ਨੂੰ ਮੈਂ ਕਿਹਾ ਕਿ ਜੰਗਲ ਵਿਚਲੀਆਂ ਇਨ੍ਹਾਂ ਸਿਆਸੀ ਸਰਗਰਮੀਆਂ ਬਾਰੇ ਉਹ ਦੁਨੀਆਂ ਨੂੰ ਜਾਣੂੰ ਕਿਉਂ ਨਹੀਂ ਕਰਵਾਉਂਦੇ? ਜੰਗ ਦਾ ਐਨਾ ਵਿਰੋਧ ਤਾਂ ਸ਼ਹਿਰਾਂ ਵਿਚ ਵੀ ਨਹੀਂ ਸੀ ਹੋ ਰਿਹਾ।

"ਪਰ ਇਸ ਦਾ ਕੀ ਅਸਰ ਪਵੇਗਾ?" ਸਵਾਲ ਕਰਨ ਲੱਗਿਆਂ ਉਸ ਨੇ ਕੋਈ ਵਲ-ਫੇਰ ਨਹੀਂ ਪਾਇਆ। ਮੈਂ ਵੀ ਸਿੱਧਾ ਜਿਹਾ ਹੀ ਜਵਾਬ ਦਿੱਤਾ ਕਿ ਦੁਨੀਆਂ ਵਿਚ ਗੁਰੀਲਿਆਂ ਦੀ ਖ਼ਬਰ ਉਦੋਂ ਹੀ ਪਹੁੰਚਦੀ ਹੈ ਜਦ ਸੁਰੰਗ ਨਾਲ ਪੁਲਿਸ ਦੀ ਕੋਈ ਗੱਡੀ ਉਡਦੀ ਹੈ, ਜਾਂ ਫਿਰ ਉਸ ਸਮੇਂ ਜਦੋਂ ਕੋਈ ਝੜਪ ਹੁੰਦੀ ਹੈ ਤੇ ਗੋਲੀਆਂ ਚਲਦੀਆਂ ਹਨ। ਕਿਸੇ ਨੂੰ ਪਤਾ ਹੀ ਨਹੀਂ ਹੈ ਕਿ ਤਾੜ-ਤਾੜ ਤੋਂ ਬਿਨਾਂ ਜੰਗਲ ਵਿਚ ਕੁਝ ਹੋਰ ਵੀ ਹੁੰਦਾ ਹੈ।

ਮੈਨੂੰ ਇਹ ਪੁੱਛਣ ਦੀ ਜ਼ਰੂਰਤ ਨਹੀਂ ਸੀ ਕਿ ਜੰਗ-ਵਿਰੋਧੀ ਮੁਜ਼ਾਹਰਿਆਂ ਬਾਰੇ ਦੁਨੀਆਂ ਭਰ ਦੀਆਂ ਖ਼ਬਰਾਂ ਸੁਣ ਕੇ ਉਹ ਖੁਸ਼ ਹੁੰਦੇ ਸਨ ਕਿ ਨਹੀਂ! ਜਦ ਜੰਗਲ ਵਿਚ ਫੈਲ ਰਹੀ ਸਿਆਸੀ ਚੇਤਨਾ ਸ਼ਹਿਰੀ ਲੋਕਾਂ ਤਕ ਪਹੁੰਚੇਗੀ ਤਾਂ ਇਹ ਲਾਜ਼ਮੀ ਹੀ ਲੋਕਾਂ ਵਿਚ ਚਰਚਾ ਛੇੜੇਗੀ। ਸਵਾਲ ਉਠੇਗਾ ਕਿ ਜਿਨ੍ਹਾਂ ਕੋਲ ਗਿਆਨ ਤੇ ਜਾਣਕਾਰੀ ਹਾਸਲ ਕਰਨ ਦੇ ਸਾਰੇ ਵਸੀਲੇ ਮੌਜੂਦ ਹਨ, ਉਹ ਜੰਗਲ ਦੇ ਅਨਪੜ੍ਹ ਤੇ ਵਸੀਲਿਆਂ ਵਿਹੂਣੇ ਆਦਿਵਾਸੀਆਂ ਦੇ ਮੁਕਾਬਲੇ ਐਨੇ ਪਛੜੇ ਕਿਉਂ ਹਨ? ਤਦੇ ਛੋਟੇ ਕੱਦ ਦਾ ਗੁਰੀਲਾ ਸਾਡੀ ਗੱਲਬਾਤ ਵਿਚ ਆਣ ਸ਼ਾਮਲ ਹੋਇਆ।

"ਜੰਗਲ ਵਿਚ ਹੋਏ ਇੱਕਾ-ਦੁੱਕਾ ਵਿਰੋਧ-ਮੁਜ਼ਾਹਰਿਆਂ ਨੇ ਸ਼ਹਿਰੀ ਜ਼ਿੰਦਗੀ ਉਤੇ ਕੋਈ ਜ਼ਿਆਦਾ ਅਸਰ ਨਹੀਂ ਪਾਉਣਾ, ਇਹ ਸਹੀ ਹੈ, ਫਿਰ ਵੀ ਇਨ੍ਹਾਂ ਮੁਜ਼ਾਹਰਿਆਂ ਦੇ ਹੋਣ ਅਤੇ ਚਰਚਾ ਛੇੜਨ ਦਾ ਮਹੱਤਵ ਹੈ। ਭਾਰਤੀ ਹਾਕਮਾਂ ਨੇ ਅਫਗਾਨਿਸਤਾਨ ਉਤੇ ਹੋਏ ਹਮਲੇ ਦੀ ਖੁਸ਼ੀ ਮਨਾਈ ਹੈ ਅਤੇ ਇਸ ਜੰਗ ਨੂੰ ਉਹ ਕਸ਼ਮੀਰ ਅੰਦਰਲੀ ਆਜ਼ਾਦੀ ਦੀ ਲੜਾਈ ਨੂੰ ਕੁਚਲਣ ਦੀ ਮੁਹਿੰਮ ਨਾਲ ਜੋੜਨਾ ਚਾਹੁੰਦੇ ਹਨ। ਸਭਿਅਕ ਸਮਾਜ ਦੇ ਸਮੁੱਚੇ ਪ੍ਰਚਾਰ-ਤੰਤਰ ਨੇ ਕਸ਼ਮੀਰ ਦੀ ਲਹਿਰ ਦੀ ਤਬਾਹੀ ਅਤੇ ਅਫਗਾਨਿਸਤਾਨ ਵਿਰੁਧ ਜੰਗ ਨੂੰ ਇਕਮਿਕ ਹੋਇਆ ਦੇਖਣ ਲਈ ਇਕ ਤਰ੍ਹਾਂ ਨਾਲ ਪ੍ਰਚਾਰ ਮੁਹਿੰਮ ਹੀ ਵਿੱਢ ਰੱਖੀ ਹੈ। ਹਿੰਦੂ ਫਿਰਕਾਪ੍ਰਸਤਾਂ ਦਾ ਅੰਨ੍ਹਾ ਜਨੂੰਨੀ ਪ੍ਰਚਾਰ ਮੁਸਲਿਮ ਲੋਕਾਂ ਅਤੇ ਦੇਸ਼ਾਂ ਵਿਰੁਧ ਅਮਰੀਕੀ ਮੁਹਿੰਮ ਦੇ ਕੁਕਰਮਾਂ ਨੂੰ ਤਾਲਿਬਾਨ ਅਤੇ ਅਲ-ਕਾਇਦਾ ਵਿਰੋਧੀ ਸ਼ੋਰ ਹੇਠ ਦਬਾ ਦੇਣ ਦੀ ਪੂਰੀ ਕੋਸ਼ਿਸ਼ ਵਿਚ ਹੈ। ਸ਼ਹਿਰੀ ਮਨ ਕੱਟੜਵਾਦੀ ਅਤੇ ਅੰਨ੍ਹੇ ਕੌਮਵਾਦੀ ਪ੍ਰਚਾਰ ਦੀ ਹਨੇਰੀ ਦਾ ਸ਼ਿਕਾਰ ਬਣ ਰਿਹਾ ਹੈ। ਬਸਤਰ ਦੀ ਜੰਗ-ਵਿਰੋਧੀ ਆਵਾਜ਼ ਦਾ ਸ਼ਹਿਰੀ ਆਵਾਜ਼ ਉਪਰ ਭਾਵੇਂ ਬਹੁਤਾ ਅਸਰ ਨਹੀਂ ਪੈਣਾ, ਫਿਰ ਵੀ ਸਾਨੂੰ ਆਪਣੇ ਪ੍ਰਚਾਰ ਨੂੰ ਦੇਸ਼ ਦੇ ਹਰ ਹਿੱਸੇ ਵਿਚ ਲੈ ਕੇ ਜਾਣਾ ਚਾਹੀਦਾ ਹੈ।"

**ਖਾਣਾ ਖਾਣ ਤੋਂ ਬਾਅਦ ਹਰ ਕੋਈ ਆਪਣਾ ਗਲਾਸ ਤੇ ਥਾਲੀ ਆਪ ਹੀ ਮਾਂਜਦਾ, ਧੋਂਦਾ ਤੇ ਸਾਂਭਦਾ ਹੈ। ਤੀਸਰਾ ਕੋਈ ਬਰਤਨ ਕਿਸੇ ਕੋਲ ਨਹੀਂ ਹੈ। ਕਈ ਅਜਿਹੇ ਹਨ ਜਿਨ੍ਹਾਂ ਨੇ ਗਲਾਸ ਤੋਂ ਵੀ ਪਿੱਛਾ ਛੁਡਾਇਆ ਹੋਇਆ ਹੈ। ਚਾਹ ਉਹ ਥਾਲੀ ਨਾਲ ਹੀ ਪੀ ਲੈਂਦੇ ਹਨ ਅਤੇ ਇਸ ਤਰ੍ਹਾਂ ਆਪਣੀ ਕਿਟ ਨੂੰ ਭਾਰੀ ਹੋਣ ਤੋਂ ਬਚਾਉਂਦੇ ਹਨ।**

ਨਿੱਕੇ ਕਦ ਤੇ ਇਕਹਿਰੇ ਸਰੀਰ ਦਾ ਪਤਲਾ ਜਿਹਾ ਇਹ ਬੰਦਾ ਦੇਖਣ ਨੂੰ ਗੁਰੀਲਾ ਲੱਗਦਾ ਹੀ ਨਹੀਂ ਸੀ। ਮੈਂ ਹੈਰਾਨ ਹੋਇਆ ਕਿ ਉਹ ਕਦੇ ਬੰਦੂਕ ਚਲਾਉਂਦਾ ਵੀ ਹੋਵੇਗਾ ਕਿ ਉਂਜ ਹੀ ਮੋਢੇ ਉਪਰ ਲਟਕਾਈ ਹੋਈ ਹੈ, ਪਰ ਉਹ ਤੇਜ਼ ਤਰਾਰ ਆਦਮੀ ਸੀ। ਪਹਿਲੀ ਨਜ਼ਰੇ ਉਹ ਕਿਸੇ ਨੂੰ ਵੀ ਗੁਰੀਲਾ ਨਹੀਂ ਲੱਗਿਆ ਹੋਵੇਗਾ।

ਖਾਣਾ ਖਾਣ ਤੋਂ ਬਾਅਦ ਹਰ ਕੋਈ ਆਪਣਾ ਗਲਾਸ ਤੇ ਥਾਲੀ ਆਪ ਹੀ ਮਾਂਜਦਾ, ਧੋਂਦਾ ਤੇ ਸਾਂਭਦਾ ਹੈ। ਤੀਸਰਾ ਕੋਈ ਬਰਤਨ ਕਿਸੇ ਕੋਲ ਨਹੀਂ ਹੈ। ਕਈ ਅਜਿਹੇ ਹਨ ਜਿਨ੍ਹਾਂ ਨੇ ਗਲਾਸ ਤੋਂ ਵੀ ਪਿੱਛਾ ਛੁਡਾਇਆ ਹੋਇਆ ਹੈ। ਚਾਹ ਉਹ ਥਾਲੀ ਨਾਲ ਹੀ ਪੀ ਲੈਂਦੇ ਹਨ ਅਤੇ ਇਸ ਤਰ੍ਹਾਂ ਆਪਣੀ ਕਿਟ ਨੂੰ ਭਾਰੀ ਹੋਣ ਤੋਂ ਬਚਾਉਂਦੇ ਹਨ।

ਮੇਰਾ ਗਾਰਡ ਨਾਸ਼ਤੇ ਦੀ ਕਤਾਰ 'ਚ ਵੀ ਮੇਰੇ ਨਾਲ ਸੀ ਅਤੇ ਖਾਣਾ ਖਾਂਦੇ ਹੋਏ ਵੀ। ਉਹ ਹਿੰਦੀ ਦੇ ਕੁਝ ਕੁ ਸ਼ਬਦ ਹੀ ਸਮਝ ਤੇ ਬੋਲ ਸਕਦਾ ਸੀ, ਪਰ ਗੱਲਬਾਤ ਨਾ ਕਰ ਸਕਦਾ ਸੀ, ਨਾ ਹੀ ਸਮਝ ਸਕਦਾ ਸੀ। ਅਸੀਂ ਭਾਵੇਂ ਆਪਸ ਵਿਚ ਕੋਈ ਵੀ ਗੱਲ ਨਹੀਂ ਸਾਂ ਕਰ ਸਕਦੇ, ਪਰ ਉਨ੍ਹਾਂ ਨੂੰ ਯਕੀਨ ਸੀ ਕਿ ਉਹ ਮੇਰੀ ਚੰਗੀ ਹਿਫਾਜ਼ਤ ਕਰੇਗਾ। ਜਦ ਮੈਂ ਉਸ ਨੂੰ ਕੁਝ ਕਹਿਣ ਦੀ ਕੋਸ਼ਿਸ਼ ਕਰਦਾ ਤਾਂ ਉਹ ਇਕੋ ਹੀ ਲਫ਼ਜ਼ ਮੂੰਹੋਂ ਬੋਲਦਾ: "ਇੱਲਾ।" ਯਾਨਿ "ਨਹੀਂ।" ਜਦ ਮੈਂ ਉਹਨੂੰ ਕਿਹਾ ਕਿ ਉਹ ਹਿੰਦੀ ਸਿੱਖ ਲਵੇ ਤਾਂ ਉਸ ਨੇ ਕਿਹਾ, "ਹਿੰਦੀ, ਇੱਲਾ।"

ਸ਼ਾਮ ਹੋਈ ਤਾਂ ਉਹ ਹਿੰਦੀ ਦਾ ਕਾਇਦਾ ਲੈ ਕੇ ਆ ਗਿਆ ਤੇ ਮੇਰੇ ਕੋਲ ਬੈਠ ਗਿਆ।

"ਹਿੰਦੀ।" ਕਹਿੰਦਿਆਂ ਉਸ ਨੇ ਕਾਇਦਾ ਮੇਰੇ ਅੱਗੇ ਕਰ ਦਿੱਤਾ।

ਮੈਂ ਉਸ ਦਾ ਹੱਥ ਘੁੱਟਿਆ ਤੇ ਅਸੀਂ ਪੜ੍ਹਨ ਬੈਠ ਗਏ।

(ਚਲਦਾ)

# ਔਰਤ ਦੀ ਹੂਕ: ਗੁਲਜ਼ਾਰ ਦੀ ਮੀਰਾ




ਆਵਾਜ਼ ਦੇ ਕਹਾਂ ਹੈ... -47-



ਕੁਲਦੀਪ ਕੌਰ
ਫੋਨ: +91-98554-04330

ਮੀਰਾ ਹੋਣਾ ਸਿਰਫ ਪਿਆਰ ਹੋਣਾ ਹੈ। ਫਿਲਮ 'ਮੀਰਾ' ਵਿਚ ਜਦੋਂ ਮੀਰਾ ਤੈਅ ਸਮਾਜਿਕ ਕਾਇਦਿਆਂ ਅਨੁਸਾਰ ਬੱਚਾ ਪੈਦਾ ਕਰਨ ਤੋਂ ਮੁਨਕਰ ਹੋ ਜਾਂਦੀ ਹੈ ਤਾਂ ਕਾਰਨ ਪੁੱਛੇ ਜਾਣ 'ਤੇ ਉਹ ਆਖਦੀ ਹੈ, "ਮੈਂ ਆਤਮਾ ਹੂੰ, ਸਰੀਰ ਨਹੀਂ। ਮੈਂ ਭਾਵਨਾ ਹੂੰ, ਕਿਸੀ ਸਮਾਜ ਕਾ ਵਿਚਾਰ ਨਹੀਂ। ਮੈਂ ਪ੍ਰੇਮੀ ਹੂੰ, ਪ੍ਰੇਮਿਕਾ ਹੂੰ, ਕੇਵਲ ਪ੍ਰੇਮ ਨਾਮ ਕੀ ਜੋਗਨ। ਕਿਸੀ ਸਬੰਧ ਕੀ ਕੜੀ ਨਹੀਂ। ਕਿਸੀ ਪਰਿਵਾਰ ਕੀ ਖੂੰਟੀ ਸੇ ਬੰਧੀ ਸਾਂਕਲ ਨਹੀਂ।" ਇਸ ਕਥਨ ਰਾਹੀਂ ਉਹ ਉਸ ਸਮਾਜਿਕ ਬਿਰਤਾਂਤ ਦੀ ਨਿਸ਼ਾਨਦੇਹੀ ਕਰਦੀ ਹੈ ਜਿਥੇ ਹਰ ਰਿਸ਼ਤਾ ਪਿਆਰ ਦੁਆਲੇ ਘੁੰਮਦਾ ਜਾਪਦਾ ਹੈ, ਪਰ ਅਸਲ ਵਿਚ ਪਿਆਰ ਕਿਤੇ ਵੀ ਨਹੀਂ। 'ਸਿਰਫ ਪਿਆਰ ਕਰਨ' ਨੂੰ ਨਾ ਸਿਰਫ ਸਮਾਜਿਕ ਤੌਰ 'ਤੇ ਅਵਿਹਾਰਕ ਮੰਨਿਆ ਜਾਂਦਾ ਹੈ, ਸਗੋਂ ਅਜਿਹੇ ਪਿਆਰ ਵਿਚ ਪੈ ਗਏ ਲੋਕਾਂ ਨੂੰ ਸਮਾਜਿਕ ਨੇਮਾਂ ਤੇ ਰੀਤਾਂ ਲਈ ਖਤਰਨਾਕ ਮੰਨਦਿਆਂ ਉਨ੍ਹਾਂ ਨੂੰ ਸਮਾਜਿਕ ਨਫਰਤ ਅਤੇ ਸਮੂਹਿਕ ਸਜ਼ਾ ਦੇਣ ਦੀ ਗੈਰਮਾਨਵੀ ਪ੍ਰਥਾ ਵੀ ਮੌਜੂਦ ਹੈ। ਮੀਰਾ ਇਸ ਵਰਤਾਰੇ ਦੀ ਪ੍ਰਤੱਖ ਮਿਸਾਲ ਹੈ। ਮੀਰਾ ਦਾ ਕਿਰਦਾਰ ਕਈ ਪੱਖਾਂ ਤੋਂ ਮਹੱਤਵਪੂਰਨ ਹੈ। ਉਹ ਭਗਤੀ ਲਹਿਰ ਦੀ ਉਪਜ ਹੈ। ਇਸ ਲਹਿਰ ਨੇ ਥੋੜ੍ਹੇ-ਬਹੁਤੇ ਫਰਕ ਨਾਲ ਸਾਰੇ ਭਾਰਤ ਵਿਚ ਆਵਾਮ ਦੀ ਸਮਾਜਿਕ ਚੇਤਨਾ, ਧਾਰਮਿਕ ਮਾਨਤਾਵਾਂ, ਸਾਹਿਤਕ ਰੁਚੀਆਂ ਅਤੇ ਸਿਆਸੀ ਵਿਚਾਰਾਂ 'ਤੇ ਅਸਰ ਪਾਇਆ। ਇਸ ਲਹਿਰ ਦਾ ਧੁਰਾ ਇਹ ਸੀ ਕਿ ਰੱਬ ਇੱਕ ਹੈ ਤੇ ਇਹ ਸਾਰਿਆਂ ਵਿਚ ਵੱਸਦਾ ਹੈ। ਮੀਰਾ ਦੀ ਕਲਪਨਾ ਵਿਚ ਕ੍ਰਿਸ਼ਨ ਦੇਵਤਾ ਨਹੀਂ, ਬਲਿਕ ਉਸ ਦਾ ਸਾਥੀ ਹੈ ਜਿਸ ਨੂੰ ਉਹ ਆਪਣੇ ਨਾਲ ਹੋਲੀ ਖੇਲਣ ਦਾ ਸੱਦਾ ਦਿੰਦੀ ਹੈ। ਇਸ ਤਰ੍ਹਾਂ ਉਹ 'ਬੰਦਾ, ਇਸ਼ਕ ਤੇ ਅੱਲ੍ਹਾ ਇਕ ਹਨ' ਦਾ ਹੋਕਾ ਦਿੰਦੀ ਹੈ। ਉਸ ਲਈ ਇਸ ਸੱਦੇ ਦੇ ਅਰਥ ਤੇ ਨਤੀਜੇ ਹੋਰ ਵੀ ਗੁੰਝਲਦਾਰ ਹਨ। ਉਹ ਰਾਜਸੀ ਪਰਿਵਾਰ ਦੀ ਧੀ ਹੈ ਤੇ ਰਾਜਪੂਤ ਪਤੀ ਦੀ ਬੀਵੀ। ਜਦੋਂ ਉਹ ਭਗਵੇ ਕੱਪੜਿਆਂ ਵਿਚ 'ਮੇਰੋ ਤੋ ਗਿਰਧਰ ਗੋਪਾਲ, ਦੂਸਰਾ ਨਾ ਕੋਏ' ਮੰਦਿਰਾਂ ਵਿਚ ਗਾਉਂਦੀ ਫਿਰਦੀ ਹੈ ਤਾਂ ਉਸ ਦਾ ਔਰਤ ਦੀ ਸਮਾਜਿਕ ਭੂਮਿਕਾ ਬਾਰੇ ਬਣੀਆਂ ਧਾਰਨਾਵਾਂ ਨਾਲ ਸਿੱਧਾ ਟਕਰਾਉ ਸਾਹਮਣੇ ਆਉਂਦਾ ਹੈ। ਕੀ ਇਸ ਨੂੰ ਇੰਦਾਂ ਨਹੀਂ ਪੜ੍ਹਿਆ ਜਾ ਸਕਦਾ ਕਿ ਔਰਤ ਦੀ ਲਿੰਗਕ ਆਜ਼ਾਦੀ ਤੇ ਸਮਾਜਿਕ ਕੰਟਰੋਲ ਇੰਨਾ ਪੀਡਾ ਹੈ ਕਿ ਉਸ ਲਈ ਕਲਪਨਾ ਵਿਚ ਵੀ ਕਿਸੇ ਦੂਸਰੇ ਮਰਦ ਦਾ ਤਸਵੱਰ ਕਰਨਾ ਵੀ ਉਸ ਦੀ ਜਾਨ ਦਾ ਖੌਅ ਬਣ ਸਕਦਾ ਹੈ!... ਇਹ ਦੂਸਰਾ ਮਰਦ ਭਾਵੇਂ ਦੇਵਤਾ ਹੀ ਹੋਵੇ। ਅਜਿਹਾ ਹੀ ਮੀਰਾ ਨਾਲ ਹੁੰਦਾ ਹੈ। ਦਿਲਚਸਪ ਤੱਥ ਹੈ ਕਿ ਜਿਥੇ ਸਾਰੇ ਧਰਮ ਜ਼ੋਰ-ਸ਼ੋਰ ਨਾਲ ਰੱਬ ਦੀ ਭਗਤੀ ਵਿਚ ਵਿਲੀਨ ਹੋ ਜਾਣ ਦਾ ਹੋਕਾ ਦਿੰਦੇ ਹਨ, ਉਥੇ ਕਿਸੇ ਔਰਤ ਦੇ ਆਪਣੀ ਭਗਤੀ ਉਤੇ ਹੁਨਰ ਦੇ ਦਾਅਵੇ ਵਿਚੋਂ ਉਨ੍ਹਾਂ ਨੂੰ ਨਾਸਤਿਕਤਾ ਅਤੇ ਪਾਗਲਪਣ ਦੀ ਗੰਧ ਆਉਂਦੀ ਹੈ!

ਫਿਲਮ 'ਮੀਰਾ' ਵਿਚ ਗੁਲਜ਼ਾਰ ਮੀਰਾ




ਸਿਰਜਦੇ ਸਮੇਂ ਕਿਤੇ ਵੀ ਮੀਰਾ ਦੇ ਬੋਲਾਂ ਦਾ ਪੱਲਾ ਨਹੀਂ ਛੱਡਦੇ, ਕਿਉਂਕਿ ਮੀਰਾ ਦੇ ਜਜ਼ਬਾਤ ਨੂੰ ਹੋਰ ਕੋਈ ਕਲਮ ਜਾਂ ਕਲਾਮ ਆਵਾਜ਼ ਨਹੀਂ ਦੇ ਸਕਦਾ। ਉਸ ਦੇ ਇਹ ਬੋਲ ਨਿਜੀ ਤੋਂ ਸਮੂਹਿਕਤਾ ਤੱਕ ਫੈਲਦੇ ਹਨ। ਇਨ੍ਹਾਂ ਬੋਲਾਂ ਵਿਚ ਹਵਸ ਨੂੰ ਰੱਦ ਕਰਦੀ ਦਲੀਲ ਹੈ। ਇਹ ਦਲੀਲ ਮੀਰਾ ਦੇ ਔਰਤ ਹੋਣ ਕਾਰਨ ਹੋਰ ਵੀ ਜ਼ਰੂਰੀ ਬਣ ਜਾਂਦੀ ਹੈ। ਇਥੇ ਇਕ ਨੁਕਤਾ ਇਹ ਵੀ ਬਣਦਾ ਹੈ ਕਿ ਭਗਤੀ ਦੌਰ ਦੇ ਜ਼ਿਆਦਾਤਰ ਸਾਹਿਤ ਵਿਚ ਭਗਤ ਆਪਣੇ-ਆਪ ਨੂੰ ਔਰਤ ਦੇ ਰੂਪ ਵਿਚ ਚਿਤਵਦੇ ਹਨ ਅਤੇ ਰੱਬ ਨੂੰ ਆਪਣੇ ਖਸਮ ਦੇ ਰੂਪ ਵਿਚ। ਮੀਰਾ ਇਸ ਰਿਸ਼ਤੇ ਨੂੰ ਦੁੱਖ-ਸੁੱਖ ਵੰਡਣ ਵਾਲੇ ਸਾਥੀ ਦਾ ਰੂਪ ਦਿੰਦੀ ਹੈ। ਉਸ ਦੇ ਦੋਹਿਆਂ ਵਿਚ ਮਰਦ ਦੇ ਰੂਪ ਦਾ ਖੁੱਲ੍ਹੇ ਦਿਲ ਨਾਲ ਵਰਣਨ ਹੈ। ਉਸ ਦੇ ਭਜਨ 'ਵਸੋ ਮੋਰੇ ਨੈਨਣ ਮੇਂ ਨੰਦ ਲਾਲ, ਮੋਹਨੀ ਮੂਰਤ ਸਾਂਵਲੀ ਸੂਰਤ, ਨੈਨਾ ਬਨੇ ਵਿਸ਼ਾਲ' ਵਿਚ ਇਹ ਰੰਗ ਦੇਖਿਆ ਜਾ ਸਕਦਾ ਹੈ। ਇਥੇ ਖੋਜ ਦਾ ਵਿਸ਼ਾ ਇਹ ਵੀ ਹੋ ਸਕਦਾ ਹੈ ਕਿ ਔਰਤ ਦੇ ਜਿਸਮ ਸਬੰਧੀ ਲਿਖੇ ਤੇ ਚਿਤਰੇ ਮਣਾਂ-ਮੂੰਹੀਂ ਸਾਹਿਤ ਤੇ ਕਲਾ ਦੇ ਉਲਟ ਮਰਦ ਸਰੀਰ ਦਾ ਇਹ ਤਸਵੱਰ ਹੀ ਤਾਂ ਕਿਤੇ ਮੀਰਾ ਨੂੰ ਜ਼ਹਿਰ ਦਿੱਤੇ ਜਾਣ ਦਾ ਕਾਰਨ ਤਾਂ ਨਹੀਂ ਬਣਿਆ? ਇਸ ਬਾਰੇ ਇਹ ਨੁਕਤਾ ਵੀ ਧਿਆਨ ਮੰਗਦਾ ਹੈ ਕਿ ਜਿਥੇ ਉਸ ਦੌਰ ਦੇ ਬਹੁਤੇ ਸੰਤਾਂ ਨੂੰ ਮੰਨਣ ਵਾਲੇ ਭਗਤਾਂ ਦੀ ਵੱਡੀ ਗਿਣਤੀ ਦਾ ਜ਼ਿਕਰ ਆਉਂਦਾ ਹੈ, ਮੀਰਾ ਬਾਰੇ ਕਿਤੇ ਅਜਿਹਾ ਵਰਣਨ ਨਹੀਂ ਮਿਲਦਾ।

ਫਿਲਮ 'ਮੀਰਾ' ਵਿਚ ਸੰਤ ਮੀਰਾ 'ਤੇ ਇਹ ਇਲਜ਼ਾਮ ਵੀ ਲਗਦਾ ਹੈ ਕਿ ਉਸ ਨੇ ਆਪਣੇ ਪਤੀ ਤੋਂ ਬਿਨਾਂ ਹੋਰ ਮਰਦਾਂ ਨਾਲ ਰੱਬ, ਸਮਾਜ ਅਤੇ ਜ਼ਿੰਦਗੀ ਬਾਰੇ ਬਹਿਸਾਂ-ਗੋਸ਼ਟੀਆਂ ਵਿਚ ਹਿੱਸਾ ਲਿਆ ਹੈ। ਉਸ ਨੂੰ ਜ਼ਹਿਰ ਇਸ ਲਈ ਵੀ ਪਿਲਾਇਆ ਗਿਆ ਕਿ ਉਸ ਨੇ ਜਾਤ-ਪਾਤ ਅਤੇ ਊਚ-ਨੀਚ ਦੀਆਂ ਰਸਮਾਂ ਨੂੰ ਦਰਕਿਨਾਰ ਕਰਦਿਆਂ ਹਰ ਤਬਕੇ ਨੂੰ ਆਪਣੀ ਧੁਨ ਸੁਣਾਈ। ਉਸ ਦਾ ਸਭ ਤੋਂ ਵੱਡਾ ਗੁਨਾਹ ਇਹ ਮੰਨਿਆ ਗਿਆ ਕਿ ਉਸ ਨੇ ਸਾਰੀਆਂ ਬੀਵੀਆਂ ਵਾਂਗ ਆਪਣੇ ਪਤੀ ਦਾ ਧਰਮ ਸਵੀਕਾਰ ਨਹੀਂ ਕੀਤਾ। ਉਸ ਨੂੰ ਸਜ਼ਾ ਸੁਣਾਉਂਦਿਆ ਧਰਮ ਗੁਰੂ ਇਸ ਨੂੰ ਦੇਸ਼-ਧ੍ਰੋਹ ਕਰਾਰ ਦਿੰਦਾ ਹੈ। ਫਿਲਮ ਨੇ ਭਾਵੇਂ ਬਾਕਸ ਆਫਿਸ 'ਤੇ ਘੱਟ ਕਮਾਈ ਕੀਤੀ, ਪਰ ਇਹ ਮੀਰਾ ਦਾ ਪੱਖ ਜ਼ੋਰਦਾਰ ਢੰਗ ਨਾਲ ਦਰਸ਼ਕਾਂ ਅੱਗੇ ਰੱਖਣ ਵਿਚ ਕਾਮਯਾਬ ਰਹੀ।

# 'ਬੁੱਧਾ ਇਨ ਏ ਟਰੈਫਿਕ ਜਾਮ' ਦੀ ਹਕੀਕਤ

ਲੇਖਕ ਨਿਰਦੇਸ਼ਕ ਵਿਵੇਕ ਅਗਨੀਹੋਤਰੀ ਦਾ ਦਾਅਵਾ ਹੈ ਕਿ ਉਸ ਦੀ ਫਿਲਮ 'ਬੁੱਧਾ ਇਨ ਏ ਟਰੈਫਿਕ ਜਾਮ' ਉਸ ਦੀ ਆਪਣੀ ਜ਼ਿੰਦਗੀ ਉਤੇ ਆਧਾਰਿਤ ਹੈ ਅਤੇ ਇਸ ਵਿਚ ਸੱਚੀਆਂ ਕਹਾਣੀਆਂ ਜੋੜ ਕੇ ਹੀ ਕਹਾਣੀ ਬਿਆਨ ਕੀਤੀ ਗਈ ਹੈ, ਪਰ ਫਿਲਮ ਦੇਖ ਕੇ ਪਤਾ ਲੱਗਦਾ ਹੈ ਕਿ ਇਹ ਫਿਲਮ ਮਿਥ ਕੇ ਮਾਓਵਾਦੀਆਂ ਦੇ ਘੋਲ ਦੇ ਖਿਲਾਫ ਬਣਾਈ ਗਈ ਹੈ। ਫਿਲਮ ਇਕ ਵਿਦਿਆਰਥੀ ਕਾਰਕੁਨ ਦੁਆਲੇ ਘੁੰਮਦੀ ਹੈ ਅਤੇ ਇਸ ਦੇ ਬਹਾਨੇ ਸਮਾਜਵਾਦ ਤੇ ਪੂੰਜੀਵਾਦ ਬਾਰੇ ਬਹਿਸ ਕਰਨ ਦਾ ਯਤਨ ਕੀਤਾ ਗਿਆ ਹੈ। ਫਿਲਮ ਵਿਚ ਬਾਕਾਇਦਾ ਮਾਓਵਾਦੀਆਂ ਦੇ ਆਗੂ ਦਾ ਕਿਰਦਾਰ ਵੀ ਘੜਿਆ ਗਿਆ ਹੈ। ਇਹ ਫਿਲਮ ਭਾਵੇਂ ਕਾਫੀ ਚਿਰ ਪਹਿਲਾਂ ਤਿਆਰ ਕਰ ਲਈ ਗਈ ਸੀ ਅਤੇ ਇਹ ਕਈ ਫਿਲਮ ਮੇਲਿਆਂ ਵਿਚ ਵੀ ਭੇਜੀ ਗਈ ਸੀ, ਪਰ ਰਿਲੀਜ਼ ਨਹੀਂ ਸੀ ਕੀਤੀ ਗਈ। ਉਂਜ ਜਦੋਂ ਦਿੱਲੀ ਵਿਚ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦਾ ਮਾਮਲਾ ਭਖਿਆ ਤਾਂ ਉਥੇ ਇਹ ਬੜੇ ਉਚੇਚ ਤੇ ਤਰੱਦਦ ਨਾਲ ਦਿਖਾਈ ਗਈ ਅਤੇ ਮਗਰੋਂ 13 ਮਈ 2016 ਨੂੰ ਇਹ ਫਿਲਮ ਬਾਕਾਇਦਾ ਰਿਲੀਜ਼ ਵੀ ਕਰ ਦਿੱਤੀ ਗਈ। ਇਸ ਫਿਲਮ ਵਿਚ ਅਦਾਕਾਰ ਅਨੁਪਮ ਖੇਰ ਨੇ ਪ੍ਰੋਫੈਸਰ ਦਾ ਅਹਿਮ ਕਿਰਦਾਰ ਨਿਭਾਇਆ ਹੈ। ਯਾਦ ਰਹੇ, ਅਨੁਪਮ ਖੇਰ ਨੇ ਮੋਦੀ ਸਰਕਾਰ ਖਿਲਾਫ ਉਠੇ ਲੇਖਕਾਂ ਦੇ ਰੋਹ ਦਾ ਸਖਤ ਵਿਰੋਧ ਕੀਤਾ ਸੀ ਅਤੇ ਕਿਹਾ ਸੀ ਕਿ ਇਹ ਵਿਰੋਧ ਕਾਂਗਰਸ ਦੀ ਸ਼ਹਿ 'ਤੇ ਕੀਤਾ ਜਾ ਰਿਹਾ ਹੈ। ਉਨ੍ਹਾਂ ਸਾਫ ਦੋਸ਼ ਲਾਇਆ ਸੀ ਕਿ ਉਨ੍ਹਾਂ ਕਰ ਕੇ ਹੀ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਵਿਚ ਇਹ ਫਿਲਮ ਨਹੀਂ ਸੀ ਦਿਖਾਈ ਜਾ ਰਹੀ। ਵਰਣਨਯੋਗ ਹੈ ਕਿ ਅਨੁਪਮ ਖੇਰ ਦੀ ਪਤਨੀ ਚੰਡੀਗੜ੍ਹ ਲੋਕ ਸਭਾ ਹਲਕੇ ਤੋਂ ਭਾਰਤੀ ਜਨਤਾ ਪਾਰਟੀ ਦੀ ਮੈਂਬਰ ਹੈ ਅਤੇ ਇਸ ਸਾਲ ਮੋਦੀ ਸਰਕਾਰ ਨੇ ਅਨੁਪਮ ਖੇਰ ਨੂੰ ਪਦਮ ਪੁਰਸਕਾਰ ਨਾਲ ਵੀ ਨਿਵਾਜਿਆ ਹੈ। ਇਹ ਪੁਰਸਕਾਰ ਭਾਵੇਂ ਅਨੁਪਮ ਖੇਰ ਨੂੰ ਉਨ੍ਹਾਂ ਦੀ ਕਲਾ-ਪ੍ਰਤਿਭਾ ਕਰ ਕੇ ਦਿੱਤਾ ਗਿਆ ਹੈ ਅਤੇ ਉਨ੍ਹਾਂ ਦੀ ਕਲਾ-ਪ੍ਰਤਿਭਾ ਬਾਰੇ ਕਿਸੇ ਨੂੰ ਕੋਈ ਸ਼ੱਕ ਵੀ ਨਹੀਂ ਹੈ, ਪਰ ਮਸਲਾ ਇਹ ਹੈ ਕਿ ਇਹ ਪੁਰਸਕਾਰ ਉਸ ਵੇਲੇ ਦਿੱਤਾ ਗਿਆ ਜਦੋਂ ਕਲਾਕਾਰ ਮੁਲਕ ਵਿਚ ਅਸਹਿਣਸ਼ੀਲਤਾ ਵਰਗੇ ਅਹਿਮ ਮੁੱਦੇ 'ਤੇ ਘੋਲ ਚਲਾ ਰਹੇ ਸਨ, ਤੇ ਇਸ ਮਾਮਲੇ ਵਿਚ ਅਨੁਪਮ ਖੇਰ ਨੇ ਮੋਦੀ ਸਰਕਾਰ ਦਾ ਸਾਥ ਦਿੱਤਾ ਸੀ। ਉਨ੍ਹਾਂ ਤਾਂ ਸਗੋਂ ਘੋਲ ਕਰ ਰਹੇ ਲੇਖਕਾਂ ਦੇ ਖਿਲਾਫ ਦਿੱਲੀ ਵਿਚ ਮਾਰਚ ਵੀ ਕੱਢਿਆ ਸੀ। ਇਹ ਵੱਖਰੀ ਗੱਲ ਹੈ ਕਿ ਇਸ ਮਾਰਚ ਨੂੰ ਬਹੁਤਾ ਹੁੰਗਾਰਾ ਨਹੀਂ ਸੀ ਮਿਲਿਆ।

ਫਿਲਮ 'ਬੁੱਧਾ ਇਨ ਏ ਟਰੈਫਿਕ ਜਾਮ' ਵਿਚ ਮੁੱਖ ਕਿਰਦਾਰ ਅਰੁਣਉਦੈ ਸਿੰਘ ਨੇ ਨਿਭਾਇਆ ਹੈ। ਉਸ ਤੋਂ ਇਲਾਵਾ ਫਿਲਮ ਵਿਚ ਮਾਹੀ ਗਿੱਲ, ਪੱਲਵੀ ਜੋਸ਼ੀ ਅਤੇ ਆਂਚਲ ਦਿਵੇਦੀ ਨੇ ਵੀ ਅਹਿਮ ਭੂਮਿਕਾ ਨਿਭਾਈ ਹੈ। ਨਿਰਦੇਸ਼ਕ ਵਿਵੇਕ ਅਗਨੀਹੋਤਰੀ ਮੁਤਾਬਕ, ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਵਿਚ ਜੋ ਵਾਪਰਿਆ, ਉਹ ਉਹਨੇ ਚਿਰ ਪਹਿਲਾਂ ਆਪਣੀ ਇਸ ਫਿਲਮ ਵਿਚ ਪੇਸ਼ ਵੀ ਕਰ ਦਿੱਤਾ ਸੀ।

*-ਸਿਮਰਨ ਕੌਰ*








*ਫਿਲਮ 'ਬੁੱਧਾ ਇਨ ਏ ਟਰੈਫਿਕ ਜਾਮ' ਦੇ ਇਕ ਦ੍ਰਿਸ਼ ਵਿਚ ਅਨੁਪਮ ਖੇਰ ਅਤੇ ਅਰੁਣਉਦੈ ਸਿੰਘ ਅਤੇ (ਸੱਜੇ) ਫਿਲਮਸਾਜ਼ ਵਿਵੇਕ ਅਗਨੀਹੋਤਰੀ।*

GO SOLAR PUNJAB

GREEN POWER REVOLUTION

# WORLD'S LARGEST

## Single Roof Top Solar Power Plant 11.5 MW in PUNJAB

By RSSB Educational and Environmental Society



S. Parkash Singh Badal

Chief Minister, Punjab

## INDIA'S LARGEST 19.5 MW

Solar Power Roof Top Plants

(Including 11.5 MW World's Largest )

on Multiple Roofs In One Campus

Total Roof Top 82 Acres | Project Cost ₹139 Crores

at DERA BABA JAIMAL SINGH, BEAS, AMRITSAR (PUNJAB)

"FROM GREEN REVOLUTION TO GREEN POWER REVOLUTION"

BIKRAM SINGH MAJITHIA

NEW AND RENEWABLE ENERGY MINISTER, PUNJAB

## ENVIRONMENTAL BENEFITS

4 Lac ton $CO_2$ abatement in the next 25 years

Equivalent to planning of 2 Lac trees

GOVERNMENT OF PUNJAB

ੴ ਸਤਿਗੁਰ ਪ੍ਰਸਾਦਿ

ਸੰਤ ਕਾ ਮਾਰਗ ਧਰਮੁ ਕੀ ਪੌੜੀ ਕੋ ਵਡਭਾਗੀ ਪਾਵੈ॥

# ਗੁਰਦੁਆਰਾ ਸਾਹਿਬ ਐਲ-ਸਬਰਾਂਟੇ, ਕੈਲੀਫੋਰਨੀਆ

## 66ਵੀਂ ਬਰਸੀ

# ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇਵਾਲੇ

## 12 ਜੂਨ 2016, ਦਿਨ ਐਤਵਾਰ



ਸੰਤ ਬਾਬਾ ਪ੍ਰੇਮ ਸਿੰਘ ਜੀ

ਗੁਰੂ ਪਿਆਰੀ ਸਾਧ ਸੰਗਤ ਜੀਓ,
ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥
ਆਪ ਜੀ ਦੀ ਸੇਵਾ ਵਿਚ ਬੇਨਤੀ ਹੈ ਕਿ ਪੰਥ ਦੇ ਮਹਾਨ ਤਪੱਸਵੀ, ਗੁਰਮਤਿ ਪ੍ਰਚਾਰਕ, ਸਮਾਜ ਸੇਵਕ, ਵਿਦਿਆ-ਦਾਨੀ ਅਤੇ ਪੰਜਾਬ ਵਿਧਾਨ ਸਭਾ ਦੇ ਮੈਂਬਰ ਰਹੇ ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇਵਾਲਿਆਂ (ਬੇਗੋਵਾਲ, ਜ਼ਿਲ੍ਹਾ ਕਪੂਰਥਲਾ) ਦੀ ਸਾਲਾਨਾ ਬਰਸੀ ਗੁਰਦੁਆਰਾ ਸਾਹਿਬ, ਐਲ-ਸਬਰਾਂਟੇ ਵਿਖੇ ਬੜੇ ਪਿਆਰ ਸਤਿਕਾਰ ਅਤੇ ਸ਼ਰਧਾ ਭਾਵਨਾ ਨਾਲ ਮਨਾਈ ਜਾ ਰਹੀ ਹੈ। ਇਸ ਸਬੰਧ ਵਿਚ ਪ੍ਰੋਗਰਾਮ ਹੇਠ ਲਿਖੇ ਅਨੁਸਾਰ ਹਨ।

### ਪ੍ਰੋਗਰਾਮ

ਅਰੰਭ ਸ੍ਰੀ ਅਖੰਡ ਪਾਠ ਸਾਹਿਬ
10 ਜੂਨ 2016 ਦਿਨ ਸ਼ੁੱਕਰਵਾਰ, ਸਵੇਰੇ 10 ਵਜੇ
ਭੋਗ ਸ੍ਰੀ ਅਖੰਡ ਪਾਠ ਸਾਹਿਬ
12 ਜੂਨ 2016 ਦਿਨ ਐਤਵਾਰ, ਸਵੇਰੇ 9:30 ਵਜੇ

**ਫਰੀ ਮੈਡੀਕਲ ਕੈਂਪ:** ਇਸ ਮੌਕੇ ਡਾ. ਸੁਰਿੰਦਰ ਸਿੰਘ ਕੋਹਲ ਆਪਣੀ ਮੈਡੀਕਲ ਟੀਮ ਨਾਲ ਲੋੜਵੰਦ ਸੰਗਤ ਮੈਂਬਰਾਂ ਲਈ ਫਰੀ ਮੈਡੀਕਲ ਕੈਂਪ ਲਾਉਣਗੇ।

**Free Medical Camp:**
On this occasion, Dr. Surinder Singh Kohal along with his medical team will set up a free medical camp to serve the needy Sangat members of Gurdwara Sahib.

ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ 2 ਵਜੇ ਤੱਕ ਕਥਾ-ਕੀਰਤਨ ਦਾ ਪਰਵਾਹ ਚੱਲੇਗਾ। ਉਪਰੰਤ 2 ਵਜੇ ਅਰਦਾਸ ਹੋਵੇਗੀ। ਸਮੂਹ ਸਾਧ ਸੰਗਤ ਦੀ ਸੇਵਾ ਵਿਚ ਬੇਨਤੀ ਹੈ ਕਿ ਪਰਿਵਾਰਾਂ ਸਮੇਤ, ਸਮੇਂ ਸਿਰ ਗੁਰਦੁਆਰਾ ਸਾਹਿਬ ਪਹੁੰਚ ਕੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ। ਗੁਰੂ ਕਾ ਲੰਗਰ 11 ਵਜੇ ਤੋਂ ਅਤੁੱਟ ਵਰਤੇਗਾ ਜੀ। ਲੰਗਰ ਦੀ ਸੇਵਾ ਸੰਤ ਜੀ ਦੇ ਸ਼ਰਧਾਲੂਆਂ ਵਲੋਂ ਹੋਵੇਗੀ ਜੀ।

*66th Barsi of Sant Baba Prem Singh Ji Muralewale (Begowal, Distt. Kapurthala) is being celebrated at Gurudwara Sahib. El-Sobrante from June 10 to June 12, 2016. All are requested to participate to pay homage to the great Saint of the 20th Century & Seek God's blessings.*

**For More Info. Please Contact:**
Paramjit S. Gahra 510-334-0255, Puran S. Ghotra 707-704-6915, Jagir Singh Multani 510-502-5580
Dr. Surinder Singh Kohal 925-324-1012, Harjit Singh 707-334-7514, Jit Singh 650-823-0597
Malkit Singh 510-860-7811, Daljit Singh 650-826-1357, Surinder Singh 510-472-3571

Ad space sponsored by

**Law Office of Manpreet Singh Gahra**
Berkeley Office : 2161, Shattuck Ave., Suite#304, Berkeley, CA 94704
Phone: 510-841-4582, Sacramento Office : Ph. 916-924-1617

**Bobby's Driving School**
1197 A Street #11, Hayward, CA 94541
Ph: 510-472-3571 And 510-813-8631